ਕੌਮਾਂਤਰੀ ਅੰਮ੍ਰਿਤਸਰ ਟਾਈਮਜ਼

QUOMANTRY AMRITSAR TIMES

West/East Coast Edition | Volume 20 | Issue 119| 17 to 23 April, 2024 | Ph.: (510) 240-5949 | Email: asrtimes@gmail.com




# ਪੰਜਾਬੀਆਂ ਅੱਗੇ ਵੱਡਾ ਸਵਾਲ, ਕਿਸ ਨੂੰ ਚੁਣੀਏ ਸੱਤਾ ਦਾ ਸਰਦਾਰ ?

## ਪੰਜਾਬ ਦੀਆਂ ਸਿਆਸੀ ਪਾਰਟੀਆਂ ਦਾ ਭਵਿੱਖ ਲੱਗਿਆ ਦਾਅ 'ਤੇ

ਬਲਰਾਜ ਪੰਨੂੰ







ਇਸ ਸਾਲ ਸੰਸਾਰ ਦੇ 61 ਮੁਲਕ ਨੇ, ਜਿਨ੍ਹਾਂ 'ਚ ਚੋਣਾਂ ਹੋ ਰਹੀਆਂ ਨੇ,ਤੇ ਸਾਰੀਆਂ ਧਿਰਾਂ ਹੀ ਸੱਤਾ ਭਾਲ ਰਹੀਆਂ ਨੇ। ਸਿਆਸੀ ਪਾਰਾ ਦਿਨੋਂ ਦਿਨ ਵੱਧ ਰਿਹਾ ਹੈ, ਪੰਜਾਬ 'ਚ ਇਕ ਜੂਨ ਨੂੰ ਵੋਟਾਂ ਪੈਣੀਆਂ ਨੇ, ਨੇਤਾਵਾਂ ਦੇ ਬਿਆਨ, ਵਾਅਦੇ, ਉਹਨਾਂ ਦੀ ਢੀਠਤਾ ਸਭ ਤੁਹਾਡੇ ਸਾਹਮਣੇ ਹੈ, ਬੀਜੇਪੀ ਕਹਿ ਰਹੀ ਹੈ ਕਿ ਅਸੀਂ 400 ਤੋਂ ਵੱਧ ਸੀਟਾਂ ਲਵਾਂਗੇ, ਪੰਜਾਬ ਵਿੱਚ ਆਮ ਆਦਮੀ ਪਾਰਟੀ ਕਹਿ ਰਹੀ ਹੈ ਕਿ ਅਸੀਂ 13 ਦੀਆਂ 13 ਸੀਟਾਂ ਜਿੱਤਾਂਗੇ। ਹੈਰਾਨੀ ਦੀ ਗੱਲ ਹੈ ਕਿ ਕਾਹਦੇ ਸਿਰ 'ਤੇ ਜਿੱਤੋਂਗੇ ? ਲੰਘੇ ਦਿਨਾਂ ਦੇ ਵਿੱਚ ਭਗਵੰਤ ਮਾਨ ਨੇ ਤਿਹਾੜ ਜੇਲ੍ਹ 'ਚ ਕੇਜਰੀਵਾਲ ਨਾਲ ਮੁਲਾਕਾਤ ਕੀਤੀ, ਬਾਹਰ ਆ ਕੇ ਕਿਹਾ ਕਿ ਕੇਜਰੀਵਾਲ ਨਾਲ ਅੱਤਵਾਦੀਆਂ ਵਾਲਾ ਸਲੂਕ ਕੀਤਾ ਜਾ ਰਿਹਾ ਹੈ। ਜੈਸੀ ਕਰਨੀ ਵੈਸੀ ਭਰਨੀ ਵਾਲੀ ਕਹਾਵਤ ਨੂੰ ਧਿਆਨ ਨਾਲ ਵੇਖੀਏ ਤਾਂ ਭਗਵੰਤ ਮਾਨ ਨੇ ਸ਼ਾਂਤਮਈ ਪ੍ਰਚਾਰ ਕਰ ਰਹੇ ਅੰਮ੍ਰਿਤਪਾਲ ਨੂੰ ਸਾਥੀਆਂ ਸਮੇਤ ਡਿਬਰੂਗੜ੍ਹ ਜੇਲ੍ਹ ਵਿੱਚ ਅੱਤਵਾਦੀ ਕਹਿ ਕੇ ਹੀ ਡਕਿਆ ਸੀ। ਸਾਨੂੰ ਨਹੀਂ ਪਤਾ ਕਿ ਅੰਮ੍ਰਿਤਪਾਲ ਅੰਦਰਖਾਤੇ ਕੀ ਕਰ ਰਿਹਾ ਸੀ, ਪਰ ਪੰਜਾਬ ਦੇ ਲੋਕਾਂ ਸਾਹਮਣੇ ਉਹ ਸਿੱਖ ਧਰਮ ਦੀ ਖ਼ੁਸ਼ਬੂ ਨੂੰ ਫੈਲਾ ਰਿਹਾ ਸੀ। ਨੌਜਵਾਨਾਂ ਨੂੰ ਧਰਮ ਦੇ ਨਾਲ ਜੋੜ ਰਿਹਾ ਸੀ। ਬਾਰੀਕੀ ਨਾਲ ਤਾਂ ਮੁੱਖ ਮੰਤਰੀ ਸਾਹਿਬ ਹੀ ਜਾਣਦੇ ਹੋਣਗੇ।

ਇਕੱਲੀ ਅਕਾਲੀ ਪਾਰਟੀ ਕਹਿ ਰਹੀ ਹੈ ਕਿ ਅਸੀਂ ਤਾਂ ਭਾਈ ਲੋਕਾਂ ਦੇ ਦਿਲ ਜਿੱਤਾਂਗੇ। ਸਾਨੂੰ ਅਸੂਲ ਪਿਆਰੇ ਨੇ, ਸੀਟਾਂ ਦੀ ਕੋਈ ਗੱਲ ਨਹੀਂ। ਜੇ ਇਹ ਗੱਲ ਵਾਕਿਆ ਹੀ ਸੱਚ ਹੈ ਤਾਂ ਇਹ ਹੈ ਅਕਾਲੀ ਪਾਰਟੀ ਦੇ ਪੁਰਾਤਨ ਅਮੀਰ ਫ਼ਲਸਫ਼ੇ ਦੀ ਨਿਸ਼ਾਨੀ। ਕਦੇ ਪੰਜਾਬ ਦੀ ਨੰਬਰ ਵੰਨ ਖੇਤਰੀ ਪਾਰਟੀ ਸੀ ਅਕਾਲੀ ਦਲ ਪਰ ਸਮਾਂ ਪਿਆ ਆਪਣੇ ਪੈਰਾਂ 'ਤੇ ਆਪੇ ਕੁਹਾੜਾ ਮਾਰ ਬੈਠੇ, ਇਤਿਹਾਸ ਨੂੰ ਵਿਗਾੜਿਆ, ਬੇਸ ਛੱਡਿਆ, ਬ੍ਰਾਹਮਣਵਾਦ ਦੀਆਂ ਤੋਹਮਤਾਂ ਖੱਟੀਆਂ, ਗੁਰਬਾਣੀ ਤੋਂ ਬੇਮੁੱਖ ਹੋਏ, ਪੰਥਕ ਸਫ਼ਾ ਨੂੰ ਅਣਦੇਖਿਆ ਕੀਤਾ, ਤੇ ਇਹ ਵੱਡਾ ਘਾਟਾ ਅਕਾਲੀ ਦਲ ਦੀਆਂ ਜੜ੍ਹਾਂ ਖੋਖਲੀਆਂ ਕਰ ਗਿਆ। ਇੱਥੋਂ ਤੱਕ ਕਿ ਸਿਆਸਤ ਦਾ ਬੋਹੜ ਕਹਾਉਣ ਵਾਲਾ ਪ੍ਰਕਾਸ਼ ਸਿੰਘ ਬਾਦਲ ਰਾਜਨੀਤੀ ਦੇ ਸਾਰੇ ਪੱਤੇ ਹਾਰ ਕੇ ਦੁਨੀਆਂ ਤੋਂ ਰੁਖ਼ਸਤ ਹੋਇਆ। ਕਦੀ ਕਿਸੇ ਨੇ ਸੋਚਿਆ ਵੀ ਨਹੀਂ ਸੀ, ਕਿ ਅਕਾਲੀਆਂ ਨੂੰ ਪੰਜਾਬ ਦੇ ਵਿਚੋਂ ਕੋਈ ਖਦੇੜ ਸਕੇਗਾ। ਇਸ ਗੱਲ ਦੇ ਵਿੱਚ ਕੋਈ ਦੋ ਰਾਏ ਨਹੀਂ ਹੈ ਕਿ ਅਕਾਲੀਆਂ ਨੂੰ ਹਰਾ ਤਾਂ ਦਿੱਤਾ ਦੂਜੀਆਂ ਪਾਰਟੀਆਂ ਨੇ ਪਰ ਅਕਾਲੀਆਂ ਦੀ ਖਾਲੀ ਜਗ੍ਹਾ ਨਾ ਕਾਂਗਰਸ ਭਰ ਸਕੀ ਤੇ ਨਾ ਹੀ 'ਆਪ' ਪਾਰਟੀ। ਤੇ ਹੁਣ ਖਾਲੀ ਥਾਂ ਭਰਨ ਦੇ ਲਈ ਅਕਾਲੀ ਪਾਰਟੀ ਨੇ ਸਹੀ ਦਿਸ਼ਾ ਵੱਲ ਕਦਮ ਪੁੱਟ ਲਿਆ ਜਾਪਦਾ ਹੈ।

ਪੰਜਾਬ ਦੀ ਜੇ ਕਾਂਗਰਸ ਪਾਰਟੀ ਦੀ ਗੱਲ ਕਰੀਏ ਤਾਂ ਇਹ ਬਾਹਰਲੀ ਕਾਂਗਰਸ ਦੇ ਨਾਲੋਂ ਵੱਖਰੀ ਜਿਹੀ ਨਜ਼ਰ ਆਉਂਦੀ ਹੈ। ਬਿਨਾਂ ਰਣਨੀਤੀ ਤੋਂ ਰੌਲਾ ਰੱਪਾ ਪਾਉਂਦੀ ਕਾਂਗਰਸ ਪ੍ਰਚਾਰ ਕਰ ਰਹੀ ਹੈ ਪਰ ਪ੍ਰਚਾਰ ਕਾਹਦਾ ਕਰਨਾ ਪੰਜਾਬ ਦੀ ਕਾਂਗਰਸ ਨੂੰ ਇਹ ਵੀ ਕੋਈ ਥਹੁ ਪਤਾ ਨਹੀਂ। ਕਾਂਗਰਸ ਦਾ ਚੋਣ ਮੈਨੀਫ਼ੈਸਟੋ ਕਾਫ਼ੀ ਪ੍ਰਭਾਵਸ਼ਾਲੀ ਹੈ, ਪਰ ਪੰਜਾਬ ਕਾਂਗਰਸ ਨੂੰ ਇਹ ਪਤਾ ਨਹੀਂ ਹੋਣਾਂ ਕਿ ਚੋਣ ਮੈਨੀਫ਼ੈਸਟੋ ਵਿੱਚ ਹੈ ਕੀ ? ਚੋਣ ਮੈਨੀਫ਼ੈਸਟੋ ਵਾਲੀਆਂ ਗੱਲਾਂ ਦਾ ਜ਼ਿਕਰ ਪ੍ਰਚਾਰ ਵਿੱਚ ਹੋ ਨਹੀਂ ਰਿਹਾ। ਜੋ ਰਾਹੁਲ ਗਾਂਧੀ ਕਹਿ ਰਿਹਾ ਰਾਜਾ ਵੜਿੰਗ ਦੀ ਸਮਝ ਦੇ ਵਲੇਂਵੇਂ ਵਿੱਚ ਹੀ ਨਹੀਂ ਆ ਰਿਹਾ। ਪੰਜਾਬ ਦੀ ਕਾਂਗਰਸ ਸਿਰਫ਼ ਸੀਟਾਂ ਦੀ ਗੱਲ ਕਰ ਰਹੀ ਹੈ। ਰਾਹੁਲ ਗਾਂਧੀ ਆਪਣੀਆਂ ਯਾਤਰਾਵਾਂ ਦੇ ਵਿੱਚ ਜਨਤਾ ਦੀਆਂ ਮੁਸ਼ਕਿਲਾਂ ਦੀ ਗੱਲ ਕਰ ਰਿਹਾ ਹੈ, ਪਿਛੜੇ ਵਰਗਾਂ ਦੀ, ਲੋਕਤੰਤਰ ਨੂੰ ਬਚਾਉਣ ਦੀ ਗੱਲ ਕਰ ਰਿਹਾ ਹੈ। ਇੱਥੋਂ ਤੱਕ ਕਿ ਉਹ ਅੰਬਾਨੀ ਦੀ ਸਰਕਾਰ ਲਫ਼ਜ਼ ਵਰਤ ਰਿਹਾ। ਉਹ ਸਾਫ਼ ਕਹਿ ਰਿਹਾ ਕਿ ਜੋ ਆਰ.ਐਸ.ਐਸ. ਦੇ ਚਹੇਤੇ ਨੇ ਮੇਰੀ ਪਾਰਟੀ ਵਿਚੋਂ ਜਾ ਸਕਦੇ ਨੇ,ਪਰ ਪੰਜਾਬ ਦੇ ਕਾਂਗਰਸੀ ਲਾਕੜੀ ਚੌਧਰੀ ਰਾਹੁਲ ਗਾਂਧੀ ਦੀ ਰਮਜ਼ ਨੂੰ ਸਮਝ ਨਹੀਂ ਰਹੇ। ਰਾਹੁਲ ਦੇ ਹੈਲੀਕਾਪਟਰ ਦੀ ਤਲਾਸ਼ੀ ਹੁੰਦੀ ਹੈ, ਕੋਈ ਮੁੱਦਾ ਭਾਲਣ ਦੇ ਲਈ। ਮੇਰਾ ਖ਼ਿਆਲ ਹੈ ਕਿ ਪੰਜਾਬ ਵਾਲਿਆਂ ਨੂੰ ਪਤਾ ਵੀ ਨਹੀਂ ਹੋਣਾ।

ਭਾਵੇਂ ਕਿ ਸਾਰੀਆਂ ਪਾਰਟੀਆਂ ਨੂੰ ਹਰ ਪਿੰਡ ਦੀ ਜੂਹ ਤੋਂ ਸੱਖਣਾ ਮੁੜਨਾ ਪੈ ਰਿਹਾ, ਪਰ ਕਿਸਾਨ ਅੰਦੋਲਨ -2 ਸਮੇਂ ਹਾਕਮ ਸਰਕਾਰ ਦੀਆਂ ਵਧੀਕੀਆਂ ਨੇ ਪੰਜਾਬ ਵਿੱਚ ਬੀਜੇਪੀ ਦੇ ਅੱਗੇ ਉਸੇ ਤਰ੍ਹਾਂ ਦੇ ਕਿੱਲ ਗੱਡ ਦਿੱਤੇ ਹਨ, ਜਿਸ ਤਰ੍ਹਾਂ ਦੇ ਸ਼ੰਭੂ ਤੇ ਖਨੌਰੀ ਬਾਰਡਰਾਂ 'ਤੇ ਕਿਸਾਨਾਂ ਦੇ ਲਈ ਸਰਕਾਰ ਨੇ ਗੱਡੇ ਸਨ। ਪੰਜਾਬ ਵਿੱਚ ਉਮੀਦਵਾਰਾਂ ਦੀ ਅਦਲਾ ਬਦਲੀ ਰੁਕਣ ਦਾ ਨਾਂਅ ਨਹੀਂ ਲੈ ਰਹੀ। ਤਾਜ਼ਾ ਬਿਆਨ ਆਇਐ ਕਿ 'ਇੱਕ ਰਸਤਾ ਬੰਦ ਹੁੰਦਾ ਹੈ ਤਾਂ ਰੱਬ ਕਈ ਹੋਰ ਰਸਤੇ ਖੋਲ੍ਹ ਦਿੰਦਾ ਹੈ।' ਇਹ ਅਨਮੋਲ ਵਿਚਾਰ ਵਿਜੇ ਸਾਂਪਲਾ ਦੇ ਨੇ। ਟਿਕਟ ਨਾ ਮਿਲਣ ਤੋਂ ਨਾਰਾਜ਼ ਵਿਜੈ ਸਾਂਪਲਾ ਨੇ ਸ਼ੋਸਲ ਮੀਡੀਆ 'ਤੇ ਪੋਸਟ ਪਾਈ ਤੇ ਗੁੱਸੇ ਵਿੱਚ ਲਾਲੋਲਾਲ ਹੋਏ ਨੇ 'ਮੋਦੀ ਦਾ ਪਰਿਵਾਰ' ਵਾਲਾ ਟੈਗ ਡਿਲੀਟ ਕਰ ਦਿੱਤਾ ਹੈ। ਹੁਣ ਰਸਤਾ ਅੱਗੋਂ ਕਿਹੜਾ ਨਿਕਲਦਾ ਹੈ, ਰੱਬ ਦੀਆਂ ਰੱਬ ਜਾਣੇ। ਢੀਂਡਸਾ ਪਰਿਵਾਰ ਜਿਸ ਸ਼ਾਨੋਸ਼ੌਕਤ ਦੇ ਨਾਲ ਅਕਾਲੀ ਪਾਰਟੀ ਵਿੱਚ ਸ਼ਾਮਲ ਹੋਇਆ ਸੀ, ਉਹ ਵੀ ਕੱਚੀ ਲੱਸੀ ਵਾਂਗ ਠੇਲ ਮੁਠੇਲੇ ਹੁੰਦੇ ਫਿਰ ਰਹੇ ਨੇ। ਵੈਸੇ ਸਿਆਸੀ ਸਫ਼ਾਂ ਦੇ ਵਿੱਚ ਇਹ ਕਿਹਾ ਜਾ ਰਿਹਾ ਹੈ ਕਿ ਢੀਂਡਸਾ ਪਰਿਵਾਰ ਦੇ ਨਾਲ ਧੱਕਾ ਹੋਇਆ ਹੈ। ਬੀਬੀ ਜਗੀਰ ਕੌਰ ਵੀ ਨਾਰਾਜ਼ ਜਾਪੇ, ਉਨ੍ਹਾਂ ਕਿਹਾ ਕਿ ਅਸੀਂ ਸਾਰੇ ਪਾਰਟੀ ਦੀ ਸ਼ਕਤੀ ਵਧਾਉਣ ਲਈ ਆਏ ਸੀ, ਪਰ ਪਤਾ ਨਹੀਂ ਪ੍ਰਧਾਨ ਸਾਹਿਬ ਨੇ ਕੀ ਸੋਚ ਕੇ ਢੀਂਡਸਾ ਸਾਹਿਬ ਨੂੰ ਪਹਿਲੀ ਲਿਸਟ ਤੋਂ ਬਾਹਰ ਰੱਖਿਆ ਹੈ।

ਰਾਜਨੀਤੀ ਦੀਆਂ ਕਈ ਪਰਤਾਂ ਨੇ, ਤੇ ਇਹਨਾਂ ਚੋਣਾਂ ਦੇ ਦੌਰਾਨ ਸਿਆਸਤਦਾਨ ਆਪਣੀਆਂ ਪਰਤਾਂ ਖੋਲ੍ਹ ਕੇ ਲੋਕਾਂ ਨੂੰ ਹੈਰਾਨ ਕਰ ਦੇਣਾ ਚਾਹੁੰਦੇ ਨੇ ਪਰ ਲੋਕ ਸਿਆਸਤਦਾਨਾਂ ਦੇ ਪੋਤੜਿਆਂ ਤੋਂ ਵਾਕਫ਼ ਨੇ ਤੇ ਅਗਲਾ ਪੱਤਾ ਕਿਹੜੀ ਪਾਰਟੀ ਕਿਵੇਂ ਦਾ ਸੁੱਟੇਗੀ, ਜਨਤਾ ਭਲੀਭਾਂਤੀ ਜਾਣਦੀ ਹੈ।

14 ਅਪ੍ਰੈਲ ਨੂੰ ਭਾਜਪਾ ਨੇ ਆਪਣਾ ਚੋਣ ਮੈਨੀਫ਼ੈਸਟੋ ਜਾਰੀ ਕਰ ਦਿੱਤਾ ਹੈ, ਜਿਸ ਨੂੰ ਉਨ੍ਹਾਂ ਨੇ 'ਸੰਕਲਪ ਪੱਤਰ' ਦਾ ਨਾਂਅ ਦਿੱਤਾ ਹੈ। ਭਾਜਪਾ ਦੇ ਲਈ ਨਰਿੰਦਰ ਮੋਦੀ ਲਗਾਤਾਰ ਤੀਜੀ ਵਾਰ ਚੋਣ ਲੜ ਰਹੇ ਹਨ, ਨਰਿੰਦਰ ਮੋਦੀ ਦੇ ਨਾਮ ਦਾ ਪੁਆਂਇਟ ਸਾਇਜ਼ ਹੁਣ ਭਾਜਪਾ ਤੋਂ ਵੀ ਵੱਡਾ ਹੋ ਗਿਆ ਹੈ ਕਿਉਂਕਿ ਉਨ੍ਹਾਂ ਦੀ ਫੋਟੋ ਦਾ ਅਕਾਰ ਪਾਰਟੀ ਦੇ ਚੋਣ ਨਿਸ਼ਾਨ 'ਕਮਲ' ਤੋਂ ਵੱਡਾ ਦਰਸ਼ਾਇਆ ਜਾ ਰਿਹਾ ਹੈ। ਕਹਿਣ ਵਾਲੇ ਤਾਂ ਇਹ ਵੀ ਕਹਿ ਰਹੇ ਨੇ ਕਿ ਇੱਕ ਵਿਅਕਤੀ ਨੂੰ ਸੰਸਥਾ ਤੋਂ ਵੱਡਾ ਕਰ ਦੇਣਾ ਸੰਘ ਪਰਿਵਾਰ ਇੱਕ ਪ੍ਰਬੰਧਕੀ ਗਲਤੀ ਕਰ ਰਿਹਾ ਹੈ। ਖ਼ੈਰ ਭਾਜਪਾ ਦੇ ਚੋਣ ਮੈਨੀਫ਼ੈਸਟੋ ਦੀ ਗੱਲ ਕਰੀਏ ਤਾਂ ਉਸ ਅਨੁਸਾਰ 2047 ਤੱਕ ਵਿਕਸਤ ਭਾਰਤ ਦੇ ਦਰਸ਼ਨ ਕਰਵਾਂਵਾਂਗੇ। ਆਯੂਸ਼ਮਾਨ ਯੋਜਨਾ, ਨਮੋ ਡਰੋਨ ਦੀਦੀ ਯੋਜਨਾ, ਵਿਗਿਆਨਿਕ ਖੋਜਾਂ ਦੇ ਲਈ 1 ਲੱਖ ਕਰੋੜ ਦਾ ਨਿਵੇਸ਼, ਕਿਸਾਨ ਸਨਮਾਨ ਨਿਧੀ, 30 ਮਿਲੀਅਨ ਨਵੇਂ ਘਰ, ਤੇ ਤਿੰਨ ਹੋਰ ਬੁਲੇਟ ਟ੍ਰੇਨਾਂ ਆਦਿ ਆਦਿ ਆਦਿ....। ਸਮਝ ਨਹੀਂ ਆਉਂਦੀ ਕਿ ਭਾਰਤ ਦੇ ਲੋਕਾਂ ਨੇ ਬੁਲੇਟ ਟ੍ਰੇਨਾਂ 'ਤੇ ਚੜ੍ਹਕੇ ਜਾਣਾ ਕਿੱਥੇ ਹੈ। ਬੇਚਾਰੇ ਨੌਜਵਾਨ ਤਾਂ ਬੇਰੁਜ਼ਗਾਰੀ ਦੀ ਮਾਰ ਝੱਲਦੇ ਹੋਏ ਹਰ ਚੌਂਕ ਚੁਰਾਹੇ 'ਤੇ ਧਰਨੇ ਦੇ ਰਹੇ ਹਨ, ਜਿਹੜੀ ਡਿਗਰੀ ਲੈਣ ਸਮੇਂ ਉਨ੍ਹਾਂ ਦੇ ਚਿਹਰੇ 'ਤੇ ਜਲੌਅ ਦਿਖਾਉਂਦੀ ਸੀ, ਉਹੀ ਡਿਗਰੀ ਉਹਨਾਂ ਦੀ ਰਾਤ ਦੀ ਨੀਂਦ ਖੋਹ ਰਹੀ ਹੈ।



ਪੰਜਾਬ ਦੇ ਵਿੱਚ ਬੀਜੇਪੀ ਦੇ ਆਧਾਰ ਦੀ ਗੱਲ ਕਰੀਏ ਤਾਂ ਥਾਂ ਥਾਂ ਵਿਰੋਧ ਹੋਣ ਦੇ ਬਾਵਜੂਦ ਵੀ ਬੀਜੇਪੀ ਨੇ ਬਿਸਾਤ ਸੋਹਣੀ ਵਿਛਾ ਲਈ ਹੈ, ਭਾਵੇਂ ਕਿ ਦਲਿਤ ਪੱਤਾ ਬੀਜੇਪੀ ਖੇਡ ਗਈ ਹੈ, ਪਰ ਸਭ ਪੰਜਾਬ ਵਿੱਚ ਬੀਜੇਪੀ ਲਈ ਵਧੀਆ ਹੈ, ਇਹ ਆਖਣਾ ਨਾਮੁਮਕਿਨ ਹੈ। ਅਸਲ ਵਿੱਚ ਬੀਜੇਪੀ ਦਾ ਹੋਮ ਵਰਕ ਬਾਕੀ ਸਾਰੀਆਂ ਪਾਰਟੀਆਂ ਦੇ ਨਾਲੋਂ ਅਲੱਗ ਹੀ ਝਲਕਦਾ ਹੁੰਦਾ ਹੈ ਤੇ ਪੰਜਾਬ ਦੇ ਵਿੱਚ ਆਪਣਾ ਆਧਾਰ ਬਣਾ ਕੇ 2027 ਦੀਆਂ ਵਿਧਾਨ ਸਭਾ ਚੋਣਾਂ ਦੇ ਲਈ ਬੀਜੇਪੀ ਰਸਤਾ ਸਾਫ਼ ਕਰ ਰਹੀ ਹੈ। ਮੁਕਦੀ ਗੱਲ ਪੰਜਾਬ ਇਤਿਹਾਸਿਕ ਤਰੀਕੇ ਦੇ ਨਾਲ ਪੂਰੇ ਦੇਸ਼ ਦੇ ਨਾਲੋਂ ਵੱਖਰਾ ਹੈ। ਪੰਜਾਬ ਦੀ ਜ਼ਰਖ਼ੇਜ਼ ਧਰਤੀ 'ਤੇ ਰਾਜਨੀਤੀ ਦੇ ਬੀਜ ਆਰਥਿਕਤਾ ਦੇ ਬੀਜ, ਹਾਲੇ ਵੀ ਲਹਿ ਲਹਿ ਕਰਦੇ ਉਗ ਸਕਦੇ ਨੇ ਪਰ ਸਵਾਲ ਇਹ ਹੈ ਕਿ ਕਮਾਂਡ ਕਰਨ ਵਾਲਾ ਕੌਣ ਹੈ ? ਦਿਲ ਕਰਦਾ ਹੈ ਕਿ ਪੰਜਾਬ ਦੀ ਸਿਆਸਤ ਵਿਚੋਂ ਕਿਰਦਾਰਾਂ ਦੀ ਗੱਲ ਕਰੀਏ, ਵਫ਼ਾਦਾਰਾਂ ਦੀ ਗੱਲ ਕਰੀਏ ਪਰ ਗੱਦਾਰੀ ਦੀ ਪਾਨ ਚੜ੍ਹੀ ਤੰਦ ਤੋਂ ਇਲਾਵਾ ਹੱਥ ਕੁਝ ਨਹੀਂ ਲੱਗ ਰਿਹਾ। ਪੰਜਾਬ ਦੇ ਲੋਕ ਰਾਜਨੀਤੀ ਵਿੱਚ ਪਾਰਖੂ ਤੇ ਵਿਸ਼ਾਲ ਨਜ਼ਰ ਰੱਖਦੇ ਨੇ ਪਰ ਪਾਰਟੀ ਦੇ ਆਗੂਆਂ ਦੀਆਂ ਸੋਚਾਂ ਨੂੰ ਤਾਲੇ ਲੱਗੇ ਹੋਏ ਹਨ। ਜਨਤਾ ਨੇ ਆਪਣੀ ਆਜ਼ਾਦੀ ਆਪ ਚੁਣਨੀ ਹੈ, ਸਮਝ ਨਹੀਂ ਆਉਂਦਾ ਕਿ ਪੰਜਾਬ ਕਿਹੜੀ ਪਾਰਟੀ ਦੇ ਪਿੱਛੇ ਲੱਗੇ, ਵੱਡਾ ਸਵਾਲ ਹੈ।

# ਸਟਾਕਟਨ ਕੈਲੀ.ਫੋਰਨੀਆ ਦੇ ਇਤਿਹਾਸਿਕ ਗੁਰਦੁਆਰਾ ਸਾਹਿਬ ਵਿਖੇ ਵਿਸ਼ਾਲ ਨਗਰ ਕੀਰਤਨ ਸਜਾਇਆ





ਸੈਕਰਾਮੈਂਟੋ, ਕੈਲੀਫੋਰਨੀਆ/ ਹੁਸਨ ਲੜੋਆ ਬੰਗਾ : ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਗਦਰੀ ਬਾਬਿਆਂ ਦੀ ਇਤਿਹਾਸਿਕ ਧਰਤੀ ਸਟਾਕਟਨ ਕੈਲੀ.ਫੋਰਨੀਆ ਵਿਖੇ ਵਿਸ਼ਾਲ ਨਗਰ ਕੀਰਤਨ ਦਾ ਆਯੋਜਨ ਕੀਤਾ ਗਿਆ, ਜਿਸ ਵਿੱਚ ਵੱਖ-ਵੱਖ ਦੀਵਾਨ ਸਜਾਏ ਗਏ ਜਿਨ੍ਹਾਂ ਦਾ ਪ੍ਰਬੰਧ ਕਈ ਹਫਤਿਆਂ ਤੋਂ ਗੁਰਦੁਆਰਾ ਪ੍ਰਬੰਧਕ ਕਮੇਟੀ ਤੇ ਸੇਵਾਦਾਰਾਂ ਵੱਲੋਂ ਚੱਲ ਰਿਹਾ ਸੀ। ਇਸ 25 ਵੇਂ ਮਹਾਨ ਨਗਰ ਕੀਰਤਨ ਤੇ ਗੁਰਦੁਆਰਾ ਸਾਹਿਬ ਸਟਾਕਟਨ ਵਿਖੇ 5 ਅਪ੍ਰੈਲ ਤੋਂ 14 ਅਪ੍ਰੈਲ ਤੱਕ ਸ਼ਾਮਾਂ ਦੇ ਦੀਵਾਨ ਸਜਾਏ ਗਏ ਇਹਨਾਂ ਸਜਾਏ ਗਏ ਦੀਵਾਨਾਂ ਦੇ ਵਿੱਚ ਭਾਈ ਸਰਬਜੀਤ ਸਿੰਘ ਜੀ ਹਜ਼ੂਰੀ ਰਾਗੀ ਸ੍ਰੀ ਦਰਬਾਰ ਸਾਹਿਬ ਭਾਈ ਰਵਿੰਦਰ ਸਿੰਘ ਜੀ ਹਜ਼ੂਰੀ ਰਾਗੀ ਸ੍ਰੀ ਦਰਬਾਰ ਸਾਹਿਬ ਗਿਆਨੀ ਪਿੰਦਰਪਾਲ ਸਿੰਘ, ਭਾਈ ਮਹਿਲ ਸਿੰਘ ਕਵੀਸਰੀ ਜੱਥੇ ਨੇ ਸੰਗਤਾਂ ਨੂੰ ਗੁਰਬਾਣੀ ਨਾਲ ਜੋੜੀ ਰੱਖਿਆ। ਇਸ ਦੌਰਾਨ 13 ਅਪ੍ਰੈਲ ਸਵੇਰੇ 9 ਵਜੇ ਗੁਰਦੁਆਰਾ ਸਾਹਿਬ ਵਿੱਚ ਅੰਮ੍ਰਿਤ ਸੰਚਾਰ ਹੋਇਆ।

ਸ਼ਨੀਵਾਰ ਰਾਤ ਨੂੰ ਦੀਵਾਨ ਸਜਾਏ ਗਏ ਜਿਸ ਵਿੱਚ ਸਥਾਨਕ ਸਿੱਖ ਆਗੂਆਂ ਨੇ ਆਪਣੇ ਆਪਣੇ ਵਿਚਾਰ ਰੱਖੇ। ਐਤਵਾਰ ਸਵੇਰੇ ਜਿੱਥੇ ਵੱਖ- ਵੱਖ ਸਿੱਖ ਆਗੂਆਂ ਨੇ ਤਕਰੀਰਾਂ ਕੀਤੀਆਂ ਉਸ ਦੇ ਨਾਲ ਹੀ ਅਮਰੀਕਨ ਆਫੀਸਲਜ ਨੇ ਆਪਣੇ ਆਪਣੇ ਵਿਚਾਰ ਰੱਖੇ ਉਹਨਾਂ ਵਿੱਚ ਸੈਨੇਟਰਜ ਦੇ ਨੁਮਾਇੰਦਿਆਂ, ਕਾਂਗਰਸਮੈਨ, ਮੇਅਰ ਤੇ ਸਿਟੀ ਕੌਂਸਲ ਨੇ ਆਪਣੇ ਆਪਣੇ ਵਿਚਾਰ ਰੱਖੇ, ਇਸ ਤੋਂ ਇਲਾਵਾ ਵੋਟਾਂ ਵਿੱਚ ਖੜੇ ਨਵੇਂ ਨੁਮਾਇੰਦਿਆਂ ਨੇ ਵੀ ਸੰਖੇਪ ਵਿਚਾਰ ਰੱਖੇ। ਸਿੱਖ ਭਾਈਚਾਰੇ 'ਚੋਂ ਡਾ. ਪ੍ਰਿਤਪਾਲ ਸਿੰਘ, ਮੇਅਰ ਲੈਥਰੋਪ ਸੁਖਮਿੰਦਰ ਸਿੰਘ ਧਾਲੀਵਾਲ, ਮੇਅਰ ਮਨਟੀਕਾ ਗੈਰੀ ਸਿੰਘ, ਮੁਖਤਾਰ ਚੀਮਾ, ਹਰਪ੍ਰੀਤ ਸਿੰਘ ਸੰਧੂ, ਕੁਲਜੀਤ ਸਿੰਘ ਨਿੱਝਰ,ਮਨਜੀਤ ਸਿੰਘ ਉਪਲ, ਬਿਜਲੀਨ ਕੌਰ ਖਾਲਸਾ ਆਦਿ ਨੇ ਸੰਬੋਧਨ ਕੀਤਾ। ਇਹਨਾਂ ਭਾਰੀ ਦੀਵਾਨਾਂ ਤੋਂ ਬਾਅਦ ਪੰਜਾਂ ਪਿਆਰਿਆਂ ਦੀ ਰਹਿਨੁਮਾਈ ਹੇਠ ਸ਼੍ਰੀ ਗੁਰੂ ਗ੍ਰੰਥ ਸਾਹਿਬ, ਜੋ ਕਿ ਬਹੁਤ ਹੀ ਖੂਬਸੂਰਤ ਫਲੋਟ ਵਿੱਚ ਸੁਸ਼ੋਭਿਤ ਸੀ, ਦੀ ਛਤਰ ਛਾਇਆ ਹੇਠ ਨਗਰ ਕੀਰਤਨ ਸਜਾਇਆ ਗਿਆ। ਇਸ ਤੋਂ ਇਲਾਵਾ ਵੱਖ- ਵੱਖ ਫਲੋਟਾਂ ਦੇ ਵਿੱਚ ਪੰਜਾਬ ਦੀ ਇਤਿਹਾਸਿਕ ਤਰਾਸਦੀ ਨੂੰ ਦਿਖਾਇਆ ਗਿਆ। ਇਸ ਵੇਰਾਂ ਵੀ ਇਸ ਵਿਸ਼ਾਲ ਨਗਰ ਕੀਰਤਨ ਵਿੱਚ ਸੰਗਤਾਂ ਦਾ ਭਾਰੀ

ਇਕੱਠ ਵੇਖਣ ਨੂੰ ਮਿਲਿਆ। ਵੱਖ-ਵੱਖ ਲੱਗੀਆਂ ਦੁਕਾਨਾਂ ਤੋਂ ਲੋਕਾਂ ਨੇ ਖਰੀਦਦਾਰੀ ਵੀ ਕੀਤੀ ਤੇ ਵੱਖ-ਵੱਖ ਲੰਗਰਾਂ ਤੋਂ ਸੰਗਤਾਂ ਨੇ ਖਾਣਿਆਂ ਦੇ ਵੱਖ ਵੱਖ ਸਵਾਦ ਚੱਖੇ। ਇਸ ਵੇਰਾਂ ਵੀ ਸਿਕਿਉਰਟੀ ਦਾ ਤੇ ਸੈਰਫ ਡਿਪਾਰਟਮੈਂਟ ਪੁਲਿਸ ਡਿਪਾਰਟਮੈਂਟ ਤੇ ਲਾਅ ਇਨਫੋਰਸਮੈਂਟ ਦਾ ਕਾਫੀ ਪ੍ਰਬੰਧ ਸੀ। ਵਰਨਣ ਯੋਗ ਹੈ ਕਿ ਇਹ ਇਤਿਹਾਸਿਕ ਗਦਰੀ ਬਾਬਿਆਂ ਦੀ ਧਰਤੀ ਸਟਾਕਟਨ, ਜਿੱਥੋਂ ਦੇਸ਼ ਨੂੰ ਆਜ਼ਾਦ ਕਰਾਉਣ ਲਈ ਪੰਜਾਬੀਆਂ ਨੇ ਖਾਸ ਕਰ ਸਿੱਖਾਂ ਨੇ ਸਹੁੰਆਂ ਖਾਧੀਆਂ ਸੀ ਤੇ ਭਾਰਤ ਨੂੰ ਆਜ਼ਾਦ ਕਰਵਾਇਆ ਸੀ, ਉਨ੍ਹਾਂ ਦੇਸ਼ ਭਗਤ ਗਦਰੀ ਬਾਬਿਆਂ ਦਾ ਇਤਿਹਾਸ ਅੱਜ ਵੀ ਇਸ ਗੁਰਦੁਆਰਾ ਸਾਹਿਬ ਦੇ ਮਿਊਜ਼ੀਅਮ ਵਿੱਚ ਸੰਭਾਲਿਆ ਹੋਇਆ ਹੈ।

## ਕੈਲੀ.ਫੋਰਨੀਆ ਦੇ ਸ਼ਹਿਰ ਸੈਲਮਾ ਵਿਖੇ 30ਵੇਂ ਸਲਾਨਾ ਨਗਰ ਕੀਰਤਨ ਨੇ ਸਿਰਜਿਆ ਖ਼ਾਲਸਾਈ ਰੰਗ

ਫਰਿਜ਼ਨੋ/ਕੁਲਵੰਤ ਧਾਲੀਆਂ / ਨੀਟਾ ਮਾਛੀਕੇ : ਕੈਲੀਫੋਰਨੀਆ ਵਿੱਚ ਫਰਿਜ਼ਨੋ ਦੇ ਨਜ਼ਦੀਕੀ ਸ਼ਹਿਰ ਸੈਲਮਾ ਦੇ ਗੁਰਦੁਆਰਾ 'ਸਿੱਖ ਸੈਂਟਰ ਆਫ ਪੈਸ਼ੀਫਿਕ ਕੌਸਟ' ਵਿਖੇ ਸੈਂਟਰਲ ਵੈਲੀ ਵਿਖੇ ਵਿਸਾਖੀ ਨੂੰ ਸਮਰਪਿਤ 30ਵਾਂ ਵਿਸ਼ਾਲ ਨਗਰ ਕੀਰਤਨ ਹੋਇਆ। ਇਸ ਮੌਕੇ ਸਿੱਖ ਸੰਗਤਾਂ ਅਤੇ ਰਾਗੀ-ਢਾਡੀ, ਕਥਾ ਵਾਚਕ, ਕੀਰਤਨੀ ਜੱਥਿਆ ਨੇ ਸ਼ਿਰਕਤ ਕੀਤੀ। ਇਸੇ ਤਰ੍ਹਾਂ ਇਲਾਕੇ ਦੇ ਸੰਬੰਧਿਤ ਅਧਿਕਾਰੀਆਂ ਅਤੇ ਰਾਜਨੀਤਿਕ ਪ੍ਰਤੀਨਿਧੀਆਂ ਨੇ ਹਾਜ਼ਰੀ ਭਰੀ। ਸਵੇਰ ਸਮੇਂ ਗੁਰੂ ਘਰ ਵਿਖੇ ਕੀਰਤਨ ਅਤੇ ਗੁਰਮਤਿ ਵਿਚਾਰਾਂ ਆਦਿਕ ਤੋਂ ਇਲਾਵਾ ਇਲਾਕੇ ਅਧਿਕਾਰੀਆਂ ਅਤੇ ਗੁਰੂ ਘਰ ਦੇ ਮੁੱਖ ਪ੍ਰਬੰਧਕਾਂ ਨੇ ਵਿਚਾਰਾਂ ਦੀ ਸਾਂਝ ਪਾਈ। ਨਗਰ ਕੀਰਤਨ ਦੀ ਸ਼ੁਰੂਆਤ ਅਰਦਾਸ ਕਰਨ ਉਪਰੰਤ ਅਮਰੀਕਾ ਦੇ ਰਾਸ਼ਟਰੀ ਝੰਡੇ




ਅਤੇ ਕੈਲੀ.ਫੋਰਨੀਆ ਸਟੇਟ ਦੇ ਝੰਡੇ ਮਗਰ ਪੰਜਾਂ ਪਿਆਰਿਆਂ ਦੀ ਅਗਵਾਈ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸਜੇ ਫਲੋਟ ਮਗਰ ਅਨੇਕਾਂ ਸਿੱਖ ਧਰਮ ਨਾਲ ਸੰਬੰਧਿਤ ਝਾਕੀਆਂ ਇੱਕ ਨਵੇਂ ਵਸੇ ਅਮੈਰੀਕਨ ਪੰਜਾਬ ਦੀ ਤਸਵੀਰ ਪੇਸ਼ ਕਰ ਰਹੀਆਂ ਸਨ। ਜਿਸ ਦੌਰਾਨ ਜ਼ੈਕਾਰਿਆ ਦੀ ਗੂੰਜ ਵਿੱਚ ਨਗਰ ਕੀਰਤਨ ਦੀ ਗੁਰੂਘਰ ਤੋਂ ਰਵਾਨਗੀ ਹੋਈ। ਇਸੇ ਤਰ੍ਹਾਂ ਨਗਰ ਕੀਰਤਨ ਦੌਰਾਨ ਪ੍ਰਫੁੱਲਿਤ ਹੋਈ ਸਿੱਖੀ ਦੀ ਮੂੰਹ ਬੋਲਦੀ ਤਸਵੀਰ ਚਾਰ ਚੁਫੇਰੇ ਲਿਸ਼ਕਦੀਆਂ ਕੇਸਰੀ ਅਤੇ ਰੰਗ-ਬਰੰਗੀਆਂ ਪੱਗਾਂ ਅਤੇ ਚੁੰਨੀਆਂ ਦੁਆਰਾ ਆਮ ਦਿਸ ਰਹੀ ਸੀ। ਜਿਸ ਵਿੱਚ ਬੱਚਿਆਂ, ਬਜ਼ੁਰਗਾਂ ਤੋਂ ਇਲਾਵਾ ਸਮੂਹ ਧਰਮਾਂ ਦੀਆਂ ਸੰਗਤਾਂ ਨੇ ਰਲ ਕੇ ਹਾਜ਼ਰੀ ਭਰੀ। ਨਗਰ ਕੀਰਤਨ ਦਾ ਦ੍ਰਿਸ਼ ਬਹੁਤ ਹੀ ਅਲੌਕਿਕ ਅਤੇ ਰੂਹਾਨੀ ਭਰਿਆ ਸੀ। ਸੰਗਤਾਂ ਪਾਲਕੀ ਸਾਹਿਬ ਦੇ ਮਗਰ ਵਾਹਿਗੁਰੂ ਸਿਮਰਨ ਅਤੇ ਸ਼ਬਦ ਗਾਇਨ ਕਰਦੀਆਂ ਜਾ ਰਹੀਆਂ ਸਨ। ਇਸੇ ਤਰ੍ਹਾਂ ਸਿੱਖ ਕੌਂਸਲ ਆਫ ਸੈਂਟਰਲ ਕੈਲੇ.ਫੋਰਨੀਆਂ ਨੇ ਪਹਿਲੀ ਵਾਰ ਆਪਣਾ ਫਲੋਟ ਵੀ ਸ਼ਾਮਲ ਕੀਤਾ ਸੀ। ਜਦ ਕਿ ਨਗਰ ਕੀਰਤਨ ਦੇ ਨਾਲ ਹੋਰ ਵੀ ਬਹੁਤ ਸਾਰੇ ਫਲੋਟ ਚੱਲ ਰਹੇ ਸਨ।

ਨਗਰ ਕੀਰਤਨ ਦੌਰਾਨ ਹਲਕਾ ਮੀਂਹ ਵੀ ਪੈ ਰਿਹਾ ਸੀ, ਪਰ ਸੰਗਤਾਂ ਵਿੱਚ ਭਾਰੀ ਉਤਸ਼ਾਹ ਹੋਣ ਕਰਕੇ ਨਗਰ ਕੀਰਤਨ ਵਿੱਚ ਭਾਰੀ ਇਕੱਤਰਤਾ ਜੁੜੀ ਹੋਈ ਸੀ। ਨਗਰ ਕੀਰਤਨ ਦੌਰਾਨ ਗੁਰੂਘਰ ਅੰਦਰ ਵੱਖ ਵੱਖ ਸੁਆਦਿਸ਼ਟ ਖਾਣਿਆਂ ਦੇ ਸਟਾਲ ਲੱਗੇ ਹੋਏ ਸਨ। ਜਿੰਨ੍ਹਾਂ ਦਾ ਸੰਗਤਾਂ ਨੇ ਖੂਬ ਅਨੰਦ ਮਾਣਿਆ। ਗੁਰੂਘਰ ਅੰਦਰ ਸਿੱਖ ਕੌਂਸਲ ਆਫ ਸੈਂਟਰਲ ਕੈਲੇ.ਫੋਰਨੀਆ ਅਤੇ ਹੋਰ ਅਨੇਕਾਂ ਬੂਥ ਲੱਗੇ ਹੋਏ ਸਨ।

ਇਸ ਤੋਂ ਇਲਾਵਾ ਬਸਤਾ ਅਤੇ ਰਸਤਾ ਦੀਆਂ ਦੁਕਾਨਾਂ ਵੀ ਭਾਰਤੀ ਮੇਲੇ ਦੀ ਤਸਵੀਰ ਪੇਸ਼ ਕਰ ਰਹੀਆਂ ਸਨ। ਇਸ ਸਮੁੱਚੇ ਨਗਰ ਕੀਰਤਨ ਵਿੱਚ ਸੰਗਤਾ ਦੇ ਹਜ਼ਾਰਾ ਦੀ ਗਿਣਤੀ ਵਿੱਚ ਸੰਗਤਾਂ ਦੇ ਭਾਰੀ ਇਕੱਠ ਨੇ ਆਪਣੇ ਸਰਧਾ ਦੇ ਫੁੱਲ ਭੇਟ ਕਰਦੇ ਹੋਏ ਹਾਜ਼ਰੀਆਂ ਭਰੀਆਂ। ਨਗਰ ਕੀਰਤਨ ਦੌਰਾਨ ਸਥਾਨਿਕ ਪੁਲੀਸ, ਸ਼ੈਰਫ ਡਿਪਾਰਟਮੈਂਟ ਅਤੇ ਪ੍ਰਾਈਵੇਟ ਸਕਿਉਰਟੀ ਦੁਆਰਾ ਸੁਰੱਖਿਆ ਦੇ ਪ੍ਰਬੰਧ ਬਹੁਤ ਵਧੀਆ ਅਤੇ ਮਜ਼ਬੂਤ ਕੀਤੇ ਗਏ ਸਨ।

## ਨਿਊਯਾਰਕ ਸਟੇਟ ਅਸੈਂਬਲੀ 'ਚ ਅਲਬਨੀ ਵਿਖੇ ਮਨਾਇਆ ਗਿਆ ਖ਼ਾਲਸਾ ਸਾਜਨਾ ਦਿਵਸ

### ਟਰਾਂਸ ਨੈਸ਼ਨਲ ਰਿਪਰੈਸ਼ਨ ਦਾ ਮੁੱਦਾ ਵੀ ਜ਼ੋਰ ਸ਼ੋਰ ਨਾਲ ਚੁੱਕਿਆ ਗਿਆ

ਸੈਕਰਾਮੈਂਟੋ, ਕੈਲੀ.ਫੋਰਨੀਆ/ ਹੁਸਨ ਲੜੋਆ ਬੰਗਾ : ਨਿਊਯਾਰਕ ਸਟੇਟ ਦੀ ਅਸੈਂਬਲੀ ਵਿੱਚ ਵਿਸਾਖੀ ਅਤੇ ਖ਼ਾਲਸਾ ਸਾਜਨਾ ਦਿਵਸ ਨੂੰ ਸਮਰਪਿਤ ਇੱਕ ਬਹੁਤ ਹੀ ਪ੍ਰਭਾਵਸ਼ਾਲੀ ਪ੍ਰੋਗਰਾਮ ਕੀਤਾ ਗਿਆ। ਇਸ ਸਮਾਗਮ ਦੀ ਮੇਜ਼ਬਾਨੀ ਕਰਨ ਵਿੱਚ ਖਾਸ ਤੌਰ 'ਤੇ ਅਸੈਂਬਲੀ-ਮੈਂਬਰ ਜੋਹਰਾਨ ਮਮਦਾਨੀ (ਡਿਸਟ੍ਰਿਕਟ 36), ਅਤੇ ਉਨ੍ਹਾਂ ਦੇ ਨਾਲ ਹੋਰ ਅਸੈਂਬਲੀ-ਮੈਂਬਰ ਗਰੇਸ ਲੀ (ਡਿਸਟ੍ਰਿਕਟ 65), ਖਲੀਲ ਐਂਡਰਸਨ (ਡਿਸਟ੍ਰਿਕਟ 31), ਸਟੀਵਨ ਰਾਗਾ (ਡਿਸਟ੍ਰਿਕਟ 30), ਜੈਫਰੀਅਨ ਔਰਬੀ (ਡਿਸਟ੍ਰਿਕਟ 35), ਜੈਸੀਕਾ ਗੌਨਜਾਲੇਜ (ਡਿਸਟ੍ਰਿਕਟ 34), ਕੈਟਲੀਨਾ ਕਰੂਜ (ਡਿਸਟ੍ਰਿਕਟ 39) ਸ਼ਾਮਲ ਸਨ। ਅਮਰੀਕਾ ਦੀਆਂ ਵੱਖ ਵੱਖ ਸਟੇਟਾਂ ਵਿੱਚ ਜਿਵੇਂ ਵਿਸਾਖੀ ਨੂੰ ਨੈਸ਼ਨਲ ਸਿੱਖ ਡੇਅ ਵਜੋਂ ਅਤੇ ਅਪ੍ਰੈਲ ਨੂੰ ਸਿੱਖ ਐਪਰੀਸੀਏਸ਼ਨ ਅਤੇ ਅਵੇਅਰਨੈਸ ਮੰਥ ਵਜੋਂ ਮਨਾਇਆ ਜਾਂਦਾ ਹੈ। ਉਸੇ ਤਰਾਂ ਹੀ ਨਿਊਯਾਰਕ ਸਟੇਟ ਦੀ ਅਸੈਂਬਲੀ ਵਿੱਚ ਵਿਸਾਖੀ ਨੂੰ ਸਮਰਪਿਤ ਇਹ ਪ੍ਰੋਗਰਾਮ ਕੀਤਾ ਗਿਆ, ਜਿੱਥੇ ਕਿ ਵਰਲਡ ਸਿੱਖ ਪਾਰਲੀਮੈਂਟ ਵੱਲੋਂ 2015 ਵਿੱਚ ਹੋਏ ਸਰਬੱਤ ਖ਼ਾਲਸਾ ਦੇ ਮਤੇ ਅਤੇ ਜਥੇਦਾਰ ਭਾਈ ਜਗਤਾਰ ਸਿੰਘ ਜੀ ਹਵਾਰਾ ਦੇ ਹੁਕਮਾਂ ਅਨੁਸਾਰ ਹੋਂਦ ਵਿੱਚ ਆਉਣ ਤੋਂ ਬਾਅਦ ਚੱਲ ਰਹੇ ਕੰਮਾਂ ਦੀ ਰੱਜਵੀਂ ਸ਼ਲਾਘਾ ਕੀਤੀ ਗਈ। ਜਿਸ ਤਰ੍ਹਾਂ ਕਿ ਵਰਲਡ ਸਿੱਖ



ਪਾਰਲੀਮੈਂਟ ਵੱਲੋਂ ਕੋਵਿਡ-19 ਦੇ ਸਮੇਂ ਨਿਊਯਾਰਕ ਤੇ ਹੋਰ ਥਾਵਾਂ 'ਤੇ ਲੱਖਾਂ ਹੀ ਲੋਕਾਂ ਨੂੰ ਭੋਜਨ ਪਹੁੰਚਾਇਆ ਗਿਆ। ਪੰਜਾਬ ਵਿੱਚ 2019 ਵਿੱਚ ਆਏ ਹੜ੍ਹਾਂ ਤੋ ਬਾਅਦ ਕੀਤੀ ਮਦਦ ਅਤੇ ਯੂਕਰੇਨ ਵਿੱਚ ਚੱਲ ਰਹੇ ਮੌਜੂਦਾ ਸੰਕਟ ਦੇ ਸਮੇਂ ਯੂਨਾਈਟਡ ਸਿਖਸ ਨਾਲ ਰਲ ਕੇ ਰਾਹਤ ਕਾਰਜ ਕੀਤੇ ਗਏ। ਇਸ ਤੋਂ ਇਲਾਵਾ ਵਰਲਡ ਸਿੱਖ ਪਾਰਲੀਮੈਂਟ ਵੱਲੋਂ ਸਿੱਖਿਆ, ਮਨੁੱਖੀ ਅਧਿਕਾਰਾਂ ਹੋਰ ਚੱਲ ਰਹੇ ਕੰਮਾਂ ਦਾ ਵੀ ਅਸੈਂਬਲੀ ਦੇ ਪਰੋਕਲੇਮੇਸ਼ਨ (ਘੋਸ਼ਣਾ ਪੱਤਰ) ਵਿੱਚ ਜ਼ਿਕਰ ਕੀਤਾ ਗਿਆ।ਅਸੈਂਬਲੀ-ਮੈਂਬਰ ਜੋਹਰਾਨ ਮਮਦਾਨੀ ਨੇ ਹੋਰ ਅਸੈਂਬਲੀ-ਮੈਂਬਰਾਂ ਦੇ ਸਹਿਯੋਗ ਨਾਲ ਪਿਛਲੇ ਸਮੇਂ ਤੋਂ ਟਰਾਂਸ ਨੈਸ਼ਨਲ ਰਿਪਰੈਸ਼ਨ ਦੇ ਮੁੱਦੇ ਨੂੰ ਵੀ ਜ਼ੋਰ ਨਾਲ ਚੁੱਕਿਆ ਜਾ ਰਿਹਾ ਹੈ, ਜਿਸ ਤਹਿਤ ਭਾਰਤ ਸਰਕਾਰ ਵੱਲੋਂ ਵਿਦੇਸ਼ਾਂ ਵਿੱਚ ਸਿੱਖ ਆਗੂਆਂ ਭਾਈ ਹਰਦੀਪ ਸਿੰਘ ਨਿੱਝਰ, ਭਾਈ ਪਰਮਜੀਤ ਸਿੰਘ ਪੰਜਵੜ, ਭਾਈ ਅਵਤਾਰ ਸਿੰਘ ਖੰਡਾ ਦੇ ਕਤਲ ਕਰਨ ਅਤੇ ਨਾਲ ਹੀ ਵਕੀਲ਼ ਗੁਰਪਤਵੰਤ ਸਿੰਘ ਪੰਨੂ ਤੇ ਹੋਰ ਵੀ ਆਗੂਆਂ ਕਤਲਾਂ ਦੀ ਸਾਜ਼ਿਸ਼ ਵਿੱਚ ਸ਼ਾਮਲ ਹੋਣ ਦਾ ਪਰਦਾਫਾਸ਼ ਹੋਇਆ ਸੀ। ਉਸ ਤੋਂ ਬਾਅਦ ਇਹਨਾਂ ਅਸੈਂਬਲੀ-ਮੈਂਬਰਾਂ ਵੱਲੋਂ ਸਟੇਟ ਅਸੈਂਬਲੀ ਤੋਂ ਲੈ ਕੇ ਗਵਰਨਰ ਅਤੇ ਪ੍ਰੈਜ਼ੀਡੈਂਟ ਤੱਕ ਇਸ ਮਸਲੇ ਨੂੰ ਪੁਚਾਉਣ ਵਿੱਚ ਅਹਿਮ ਰੋਲ ਨਿਭਾਇਆ ਜਾ ਰਿਹਾ ਹੈ।

ਪ੍ਰੋਗਰਾਮ ਵਿੱਚ ਸ਼ਾਮਲ ਨੁਮਾਇੰਦਿਆਂ ਵਿੱਚ ਕੋਆਰਡੀਨੇਟਰ ਸ. ਹਿੰਮਤ ਸਿੰਘ, ਸੈਲਫ ਡਿਟਰਮੀਨੇਸ਼ਨ ਕਾਊਂਸਿਲ ਦੇ ਸ. ਬਲਜਿੰਦਰ ਸਿੰਘ, ਸ. ਮੱਖਣ ਸਿੰਘ ਰੌਚੈਸਟਰ, ਸ. ਸੁਖਜਿੰਦਰ ਸਿੰਘ ਬਾਜਵਾ, ਸ. ਬਲਜੀਤ ਸਿੰਘ, ਸ. ਚਰਨਜੀਤ ਸਿੰਘ ਸਮਰਾ, ਸ. ਵਰਿੰਦਰ ਸਿੰਘ ਵਿਕੀ, ਬੀਬੀ ਜਸਲੀਨ ਕੌਰ, ਸ. ਮਨਵੀਰ ਸਿੰਘ, ਸ. ਜਗਪ੍ਰੀਤ ਸਿੰਘ ਅਤੇ ਹੋਰ ਪਤਵੰਤੇ ਹਾਜ਼ਰ ਸਨ।

# ਲੋਕ ਸਭਾ ਚੋਣਾਂ 'ਚ ਭਾਜਪਾ ਨੇ ਸ਼ਾਹੀ ਪਰਿਵਾਰਾਂ ਦੇ 10 ਮੈਂਬਰਾਂ ਨੂੰ ਬਣਾਇਆ ਉਮੀਦਵਾਰ

## ਪੁਰਾਤਨ ਰਿਆਸਤਾਂ ਦੀ ਤਾਜ਼ਾ ਸਿਆਸਤ ਕਿੰਨਾ ਕੁ ਲਾਭ ਪਹੁੰਚਾਏਗੀ ਭਾਜਪਾ ਨੂੰ ?



ਜਲੰਧਰ/ਏ.ਟੀ.ਨਿਊਜ਼ : ਭਾਜਪਾ ਵੱਲੋਂ ਅਕਸਰ ਕਾਂਗਰਸ ਅਤੇ ਹੋਰਨਾਂ ਵਿਰੋਧੀ ਸਿਆਸੀ ਪਾਰਟੀਆਂ ਤੇ ਦੋਸ਼ ਲਗਾਏ ਜਾਂਦੇ ਹਨ ਕਿ ਉਨ੍ਹਾਂ ਪਾਰਟੀਆਂ ਵੱਲੋਂ ਦੇਸ਼ ਦੇ ਆਜ਼ਾਦ ਹੋਣ ਤੋਂ ਬਾਅਦ ਵੀ ਦੇਸ਼ ਦੇ ਪੁਰਾਤਨ ਸ਼ਾਹੀ ਪਰਿਵਾਰਾਂ ਨੂੰ ਉਭਾਰਿਆ ਜਾ ਰਿਹਾ ਹੈ, ਹੁਣ ਇਸੇ ਤਰ੍ਹਾਂ ਦੇ ਦੋਸ਼ ਭਾਜਪਾ ਵਿਰੋਧੀ ਪਾਰਟੀਆਂ ਭਾਜਪਾ 'ਤੇ ਲਗਾ ਰਹੀਆਂ ਹਨ ਕਿਉਂਕਿ ਭਾਜਪਾ ਵੱਲੋਂ ਲੋਕ ਸਭਾ ਚੋਣਾਂ ਦੌਰਾਨ ਸ਼ਾਹੀ ਪਰਿਵਾਰਾਂ ਨਾਲ ਸਬੰਧਿਤ 10 ਉਮੀਦਵਾਰ ਮੈਦਾਨ ਵਿੱਚ ਉਤਾਰੇ ਹਨ, ਜਿਸ ਕਾਰਨ ਦੇਸ਼ ਵਿੱਚ ਨਵੀਂ ਚਰਚਾ ਛਿੜ ਗਈ ਹੈ। ਹੁਣ ਸਿਆਸੀ ਪਾਰਟੀਆਂ ਇੱਕ ਦੂਜੇ 'ਤੇ ਪਰਿਵਾਰਵਾਦ, ਭਾਈ-ਭਤੀਜਾਵਾਦ ਅਤੇ ਵੰਸ਼ਵਾਦ ਦੇ ਦੋਸ਼ ਲਗਾਉਣ ਲੱਗ ਪਈਆਂ ਹਨ। ਇੱਕ ਮੀਡੀਆ ਰਿਪੋਰਟ ਮੁਤਾਬਕ ਸਾਬਕਾ ਸ਼ਾਹੀ ਪਰਿਵਾਰਾਂ ਦੇ 10 ਤੋਂ ਵੱਧ ਵੰਸ਼ਜ ਭਾਜਪਾ ਦੀ ਟਿਕਟ 'ਤੇ ਚੋਣ ਲੜ ਰਹੇ ਹਨ, ਜਿਨ੍ਹਾਂ 'ਚੋਂ ਕੁਝ ਆਪਣੀ ਸਿਆਸੀ ਸ਼ੁਰੂਆਤ ਕਰ ਰਹੇ ਹਨ। ਇਸ ਤਰਾਂ ਆਮ ਚੋਣਾਂ ਵਿੱਚ ਜਿੱਤ ਪ੍ਰਾਪਤ ਕਰਨ ਲਈ ਭਾਜਪਾ ਵੱਲੋਂ ਸ਼ਾਹੀ ਪੱਤਾ ਵੀ ਖੇਡਿਆ ਗਿਆ ਹੈ। ਸ਼ਾਹੀ ਪਰਿਵਾਰਾਂ ਦੇ ਵੰਸ਼ਜ਼ ਨੂੰ ਚੋਣਾਂ ਲੜਾਉਣ ਦਾ ਭਾਜਪਾ ਨੂੰ ਕਿੰਨਾ ਕੁ ਲਾਭ ਹੁੰਦਾ ਹੈ, ਇਸ ਦਾ ਪਤਾ ਤਾਂ ਚੋਣ ਨਤੀਜਿਆਂ ਤੋਂ ਲੱਗੇਗਾ ਪਰ ਸਾਬਕਾ ਸ਼ਾਹੀ ਪਰਿਵਾਰਾਂ ਦੇ ਸਿਆਸਤ ਵਿੱਚ ਆਉਣ ਕਾਰਨ ਭਾਰਤੀ ਸਿਆਸਤ ਵਿੱਚ ਨਵੀਂ ਕਿਸਮ ਦਾ ਕੁਝ ਕੁ ਬਦਲਾਓ ਆਉਣ ਦੀ ਸੰਭਾਵਨਾ ਬਣ ਗਈ ਹੈ। ਪੁਰਾਤਨ ਰਿਆਸਤਾਂ ਦੀ ਤਾਜ਼ਾ ਸਿਆਸਤ ਭਾਜਪਾ ਦੀ ਬੇੜੀ ਨੂੰ ਬੰਨੇ ਲਗਾਉਣ ਵਿੱਚ ਕਿੰਨਾ ਕੁ ਸਹਾਰਾ ਦਿੰਦੀ ਹੈ, ਇਹ ਤਾਂ ਆਉਣ ਵਾਲਾ ਸਮਾਂ ਹੀ ਦਸੇਗਾ।

**ਪੰਜਾਬ :** ਪੰਜਾਬ ਦੇ ਸਾਬਕਾ ਸ਼ਾਹੀ ਪਰਿਵਾਰ ਤੋਂ ਇਸ ਵਾਰ ਭਾਜਪਾ ਨੇ ਸਾਬਕਾ ਸੀ. ਐੱਮ. ਕੈਪਟਨ ਅਮਰਿੰਦਰ ਸਿੰਘ ਦੀ ਪਤਨੀ 79 ਸਾਲਾ ਪਰਨੀਤ ਕੌਰ ਨੂੰ ਪਟਿਆਲਾ ਸੀਟ ਤੋਂ ਉਮੀਦਵਾਰ ਬਣਾਇਆ ਹੈ। ਅਮਰਿੰਦਰ ਸਿੰਘ ਦੇ ਕਾਂਗਰਸ ਤੋਂ ਭਾਜਪਾ ਵਿੱਚ ਚਲੇ ਜਾਣ ਤੋਂ ਬਾਅਦ ਪਰਨੀਤ ਕੌਰ ਮੌਜੂਦਾ ਲੋਕ ਸਭਾ ਦੇ ਅੰਤ ਤੱਕ ਕਾਗਜ਼ਾਂ 'ਤੇ ਕਾਂਗਰਸ ਦੀ ਸੰਸਦ ਮੈਂਬਰ ਬਣੀ ਰਹੀ।

**ਓਡਿਸ਼ਾ :** ਓਡਿਸ਼ਾ ਵਿੱਚ ਬੀਜੂ ਜਨਤਾ ਦਲ (ਬੀਜਦ) ਵੱਲੋਂ ਲੰਬੇ ਅਰਸੇ ਤੋਂ ਸ਼ਾਸਤ ਸੂਬੇ ਓਡਿਸ਼ਾ ਦੀ ਗੱਲ ਕਰੀਏ ਤਾਂ ਇਥੇ ਭਾਜਪਾ ਨੇ ਸ਼ਾਹੀ ਵੰਸ਼ ਦੇ ਦੋ ਮੈਂਬਰ ਸੰਗੀਤਾ ਕੁਮਾਰੀ ਸਿੰਘ ਦੇਵ ਅਤੇ ਮਾਲਵਿਕਾ ਕੇਸ਼ਰੀ ਦੇਵ ਨੂੰ ਚੋਣ ਮੈਦਾਨ ਵਿੱਚ ਉਤਾਰਿਆ ਹੈ, ਜੋ ਕਿ ਪੁਰਾਣੀਆਂ ਪਟਨਾਗੜ੍ਹ-ਬੋਲਾਂਗੀਰ ਅਤੇ ਕਾਲਾਹਾਂਡੀ ਰਿਆਸਤਾਂ ਨਾਲ ਸਬੰਧਿਤ ਹਨ। ਸੰਗੀਤਾ ਬੋਲਾਂਗੀਰ ਤੋਂ ਭਾਜਪਾ ਦੀ ਮੌਜੂਦਾ ਸੰਸਦ ਮੈਂਬਰ ਹੈ।

**ਰਾਜਸਥਾਨ :** ਰਾਜਸਥਾਨ ਵਿੱਚ ਵੀ ਭਾਜਪਾ ਨੇ ਸ਼ਾਹੀ ਸਬੰਧਾਂ ਵਾਲੇ 2 ਉਮੀਦਵਾਰ ਮੈਦਾਨ ਵਿੱਚ ਉਤਾਰੇ ਹਨ। ਇਨ੍ਹਾਂ ਵਿੱਚ ਰਾਜਸਥਾਨ ਦੇ ਸਾਬਕਾ ਸੀ. ਐੱਮ. ਵਸੁੰਧਰਾ ਰਾਜੇ ਦੇ ਪੁੱਤਰ ਦੁਸ਼ਯੰਤ ਸਿੰਘ ਅਤੇ ਮਹਿਮਾ ਸਿੰਘ ਹਨ, ਜਿਨ੍ਹਾਂ ਦਾ ਵਿਆਹ ਮੇਵਾੜ ਦੇ ਸ਼ਾਹੀ ਪਰਿਵਾਰ ਵਿੱਚ ਹੋਇਆ ਹੈ। 50 ਸਾਲਾਂ ਦੇ ਦੁਸ਼ਯੰਤ ਝਾਲਾਵਾੜ-ਬਾਰਾਂ ਤੋਂ ਚਾਰ ਵਾਰ ਭਾਜਪਾ ਸੰਸਦ ਮੈਂਬਰ ਰਹਿ ਚੁੱਕੇ ਹਨ। ਮਹਿਮਾ ਨੂੰ ਭਾਜਪਾ ਨੇ ਰਾਜਸਮੰਦ ਦੀ ਮੌਜੂਦਾ ਸੰਸਦ ਮੈਂਬਰ ਦੀਆ ਕੁਮਾਰੀ ਦੀ ਥਾਂ 'ਤੇ ਮੈਦਾਨ 'ਚ ਉਤਾਰਿਆ ਹੈ, ਜਿਨ੍ਹਾਂ ਨੇ ਭਾਜਪਾ ਦੀ ਟਿਕਟ 'ਤੇ ਵਿਧਾਨ ਸਭਾ ਚੋਣਾਂ ਜਿੱਤੀਆਂ ਸਨ।

**ਮੱਧ ਪ੍ਰਦੇਸ਼ :** ਮੱਧ ਪ੍ਰਦੇਸ਼ ਦੀ ਗੁਨਾ ਸੀਟ 'ਤੇ ਭਾਜਪਾ ਨੇ ਕਾਂਗਰਸ ਛੱਡ ਕੇ ਪਾਰਟੀ ਵਿੱਚ ਸ਼ਾਮਲ ਹੋਏ ਸਿੰਧੀਆ ਵੰਸ਼ ਦੇ ਨੇਤਾ ਜੋਤੀਰਾਦਿੱਤਿਆ ਸਿੰਧੀਆ ਨੂੰ ਟਿਕਟ ਦਿੱਤੀ ਹੈ। 2019 ਵਿੱਚ ਸਿੰਧੀਆ ਕਾਂਗਰਸ ਦੀ ਟਿਕਟ 'ਤੇ ਗੁਨਾ ਸੀਟ ਤੋਂ ਚੋਣ ਹਾਰ ਗਏ ਸਨ। ਉਹ ਇਸ ਸਮੇਂ ਰਾਜ ਸਭਾ ਮੈਂਬਰ ਹਨ।

**ਪੱਛਮੀ ਬੰਗਾਲ :** ਭਾਜਪਾ ਨੇ ਟੀ. ਐੱਮ. ਸੀ. ਦੀ ਮੋਹੂਆ ਮੋਇਤਰਾ ਨੂੰ ਟੱਕਰ ਦੇਣ ਲਈ ਕ੍ਰਿਸ਼ਨਾਨਗਰ ਦੇ ਸਾਬਕਾ ਸ਼ਾਹੀ ਪਰਿਵਾਰ ਦੀ ਰਾਜਮਾਤਾ ਅੰਮ੍ਰਿਤਾ ਰਾਏ ਨੂੰ ਚੁਣਿਆ ਗਿਆ ਹੈ। ਮੋਇਤਰਾ ਨੂੰ ਕੈਸ਼ ਫਾਰ ਕਵੇਰੀ ਘਪਲੇ ਵਿੱਚ ਸੰਸਦ ਮੈਂਬਰ ਦੇ ਅਹੁਦੇ ਤੋਂ ਕੱਢ ਦਿੱਤਾ ਗਿਆ ਸੀ ਅਤੇ ਉਹ ਇਸ ਮਾਮਲੇ ਵਿੱਚ ਸੀ. ਬੀ ਆਈ. ਅਤੇ ਮਨੀ ਲਾਂਡਰਿੰਗ ਜਾਂਚ ਦਾ ਸਾਹਮਣਾ ਕਰ ਰਹੀ ਹੈ।

**ਕਰਨਾਟਕ :** ਕਰਨਾਟਕ ਦੀ ਮੈਸੂਰ ਲੋਕ ਸਭਾ ਸੀਟ ਲਈ ਭਾਜਪਾ ਨੇ ਮੌਜੂਦਾ ਸੰਸਦ ਮੈਂਬਰ ਪ੍ਰਤਾਪ ਸਿਮਹਾ ਦੀ ਥਾਂ ਸਾਬਕਾ ਸ਼ਾਹੀ ਪਰਿਵਾਰ ਦੇ 32 ਸਾਲਾ ਯਦੂਵੀਰ ਕ੍ਰਿਸ਼ਨਦੱਤ ਚਾਮਰਾਜਾ ਵਾਡਿਆਰ ਨੂੰ ਟਿਕਟ ਦਿੱਤੀ ਹੈ। ਪ੍ਰਤਾਪ ਸਿਮਹਾ ਉਹੀ ਸੰਸਦ ਮੈਂਬਰ ਹਨ ਜਿਨ੍ਹਾਂ ਦੇ ਵਿਜ਼ਿਟਰ ਪਾਸ 'ਤੇ ਦਸੰਬਰ 2023 'ਚ ਘੁਸਪੈਠੀਆਂ ਨੂੰ ਸਦਨ ਵਿੱਚ ਐਂਟਰੀ ਮਿਲੀ ਸੀ।

**ਉੱਤਰਾਖੰਡ :** ਸੂਬੇ ਦੇ ਟਿਹਰੀ-ਗੜ੍ਹਵਾਲ ਤੋਂ ਭਾਜਪਾ ਨੇ ਮੌਜੂਦਾ ਸੰਸਦ ਮੈਂਬਰ ਅਤੇ ਪੁਰਾਣੇ ਟਿਹਰੀ-ਗੜ੍ਹਵਾਲ ਸਮਰਾਜ ਦੀ ਰਾਣੀ, 73 ਸਾਲਾ ਮਾਲਾ ਰਾਜ ਲਕਸ਼ਮੀ ਸ਼ਾਹ ਨੂੰ ਫਿਰ ਤੋਂ ਮੈਦਾਨ ਵਿੱਚ ਉਤਾਰਿਆ ਹੈ। ਉਨ੍ਹਾਂ ਦਾ ਜਨਮ ਕਾਠਮੰਡੂ ਵਿੱਚ ਹੋਇਆ ਸੀ ਅਤੇ ਉਹ ਇੱਕ ਦਹਾਕੇ ਤੋਂ ਵੱਧ ਸਮੇਂ ਤੋਂ ਇਸ ਹਲਕੇ ਤੋਂ ਸੰਸਦ ਮੈਂਬਰ ਰਹੇ ਹਨ।

**ਤ੍ਰਿਪੁਰਾ :** ਪੂਰਬੀ ਤ੍ਰਿਪੁਰਾ ਲੋਕ ਸਭਾ ਸੀਟ ਵਿੱਚ ਭਾਜਪਾ ਨੇ ਮਹਾਰਾਣੀ ਕਿਰਤੀ ਸਿੰਘ ਦੇਬ ਬਰਮਾ ਨੂੰ ਮੈਦਾਨ ਵਿੱਚ ਉਤਾਰਿਆ ਹੈ, ਜੋ ਤ੍ਰਿਪੁਰਾ ਦੇ ਮਾਣਿਕਯ ਰਾਜਵੰਸ਼ ਤੋਂ ਹੈ ਅਤੇ ਉਸ ਦਾ ਵਿਆਹ ਛੱਤੀਸਗੜ੍ਹ ਦੇ ਕਵਰਧਾ ਦੇ ਸ਼ਾਹੀ ਪਰਿਵਾਰ ਵਿੱਚ ਹੋਇਆ ਹੈ। ਉਸ ਦਾ ਪਤੀ ਯੋਗੇਸ਼ਵਰ ਰਾਜ ਸਿੰਘ ਸਾਬਕਾ ਕਾਂਗਰਸ ਨੇਤਾ ਹੈ। ਉਹ ਟਿਪਰਾ ਮੋਥਾ ਪਾਰਟੀ ਦੇ ਨੇਤਾ ਪ੍ਰਧੋਤ ਕਿਸ਼ੋਰ ਮਨਿਯਾ ਦੇਬ ਬਰਮਾ ਦੀ ਭੈਣ ਹੈ ਅਤੇ ਚੋਣ ਵਿੱਚ ਸ਼ੁਰੂਆਤ ਕਰ ਰਹੀ ਹੈ।

# ਫਲਸਤੀਨ ਦੀ ਅਜ਼ਾਦੀ ਲਈ ਅਮਰੀਕਾ 'ਚ ਪ੍ਰਦਰਸ਼ਨਕਾਰੀਆਂ ਵੱਲੋਂ ਮੁਜ਼ਾਹਰੇ




ਸ਼ਿਕਾਗੋ/ਏ.ਟੀ.ਨਿਊਜ਼ : ਅਮਰੀਕਾ ਦੇ ਇਲਿਨੋਇਸ, ਕੈਲੀਫੋਰਨੀਆ, ਨਿਊਯਾਰਕ ਤੇ ਦਿ ਪੈਸਿਫਿਕ ਨੌਰਥਵੈਸਟ ਵਿੱਚ ਫਲਸਤੀਨ ਪ੍ਰਦਰਸ਼ਨਕਾਰੀਆਂ ਨੇ ਬੀਤੇ ਦਿਨੀਂ ਸੜਕਾਂ ਜਾਮ ਕਰ ਦਿੱਤੀਆਂ ਜਿਸ ਨਾਲ ਦੇਸ਼ ਦੇ ਪ੍ਰਮੁੱਖ ਹਵਾਈ ਅੱਡਿਆਂ, ਗੋਲਡਨ ਗੇਟ ਤੇ ਬਰੁਕਲਿਨ ਪੁਲਾਂ ਅਤੇ ਹਮੇਸ਼ਾ ਵਿਅਸਤ ਰਹਿਣ ਵਾਲੇ ਵੈਸਟ ਕੋਸਟ ਸ਼ਾਹਰਾਹਾਂ 'ਤੇ ਅਸਥਾਈ ਤੌਰ 'ਤੇ ਆਵਾਜਾਈ ਬੰਦ ਹੋ ਗਈ। ਫਲਸਤੀਨ ਦੇ ਸਮਰਥਨ ਵਿੱਚ ਪ੍ਰਦਰਸ਼ਨਾਂ ਦੀ ਅਗਵਾਈ ਕਰ ਰਹੇ ਰਿਫਕਾ ਫਲਾਨੇਹ ਮੁਤਾਬਕ ਸ਼ਿਕਾਗੋ ਵਿੱਚ ਪ੍ਰਦਰਸ਼ਨਕਾਰੀਆਂ ਨੇ ਓਹਾਰੇ ਕੌਮਾਂਤਰੀ ਹਵਾਈ ਅੱਡੇ ਵੱਲ ਜਾਣ ਵਾਲੇ ਅੰਤਰਰਾਜੀ ਰਾਜਮਾਰਗਾਂ ਨੂੰ ਬੰਦ ਕਰ ਕੇ ਉੱਥੇ ਵਿਰੋਧ ਪ੍ਰਦਰਸ਼ਨ ਕੀਤਾ। ਪ੍ਰਦਰਸ਼ਨਕਾਰੀਆਂ ਵਿਚੋਂ ਫਲਾਨੇਹ ਨੇ ਇਹ ਵੀ ਕਿਹਾ ਕਿ ਇਹ ਫਲਸਤੀਨ ਨੂੰ ਮੁਕਤ ਕਰਵਾਉਣ ਲਈ ਆਲਮੀ ਆਰਥਿਕ ਨਾਕੇਬੰਦੀ ਦਾ ਹਿੱਸਾ ਸੀ। ਪ੍ਰਦਰਸ਼ਨਕਾਰੀਆਂ ਨੇ ਸਾਂ ਫਰਾਂਸਿਸਕੋ ਖੇਤਰ ਦੇ ਗੋਲਡਨ ਗੇਟ ਬ੍ਰਿਜ 'ਤੇ ਸਾਰੇ ਵਾਹਨਾਂ, ਪੈਦਲ ਜਾ ਰਹੇ ਲੋਕਾਂ ਨੂੰ ਅੱਗੇ ਜਾਣ ਤੋਂ ਰੋਕ ਦਿੱਤਾ, ਜਿਸ ਕਰ ਕੇ ਇੱਥੇ ਕਈ ਘੰਟੇ ਆਵਾਜਾਈ ਠੱਪ ਰਹੀ। ਇਸੇ ਤਰ੍ਹਾਂ ਪ੍ਰਦਰਸ਼ਨਕਾਰੀਆਂ ਨੇ ਔਕਲੈਂਡ ਵਿੱਚ ਇੰਟਰਸਟੇਟ 880 'ਤੇ ਪ੍ਰਦਰਸ਼ਨ ਕੀਤਾ।

# ਅੰਮ੍ਰਿਤਪਾਲ ਸਿੰਘ ਮਾਮਲੇ ਵਿੱਚ ਰਾਸ਼ਟਰੀ ਸੁਰੱਖਿਆ ਕਾਨੂੰਨ ਮੁੜ ਲਗਾਉਣ ਨੂੰ ਦਿੱਤੀ ਚੁਣੌਤੀ

## ਇੱਕ ਪ੍ਰਤੀਨਿਧ ਕੇਂਦਰ ਸਰਕਾਰ ਅਤੇ ਸਲਾਹਕਾਰ ਬੋਰਡ ਨੂੰ ਭੇਜਿਆ

ਅੰਮ੍ਰਿਤਸਰ/ਏ.ਟੀ.ਨਿਊਜ਼ : ਵਾਰਿਸ ਪੰਜਾਬ ਦੇ ਜਥੇਬੰਦੀ ਦੇ ਮੁਖੀ ਭਾਈ ਅੰਮ੍ਰਿਤਪਾਲ ਸਿੰਘ ਤੇ ਉਸ ਦੇ ਸਾਥੀਆਂ 'ਤੇ ਲਗਾਏ ਗਏ ਰਾਸ਼ਟਰੀ ਸੁਰੱਖਿਆ ਕਾਨੂੰਨ ਦੇ ਮਾਮਲੇ ਵਿੱਚ ਅੰਮ੍ਰਿਤਪਾਲ ਸਿੰਘ ਅਤੇ ਉਸਦੇ ਸਾਥੀਆਂ ਦੇ ਵੱਲੋਂ ਐਨ.ਐਸ.ਏ. ਨੂੰ ਚੁਣੌਤੀ ਦਿੱਤੀ ਗਈ ਹੈ। ਇਸ ਸਬੰਧੀ ਇੱਕ ਪ੍ਰਤੀਨਿਧ ਕੇਂਦਰ ਸਰਕਾਰ ਅਤੇ ਸਲਾਹਕਾਰ ਬੋਰਡ ਨੂੰ ਭੇਜ ਦਿੱਤਾ ਗਿਆ ਹੈ।



ਇਹ ਗੱਲ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਵਿੱਚ ਇਸ ਮਾਮਲੇ ਨਾਲ ਸਬੰਧਤ ਕੇਸ ਦੀ ਸੁਣਵਾਈ ਦੌਰਾਨ ਮੁਲਜ਼ਮਾਂ ਦੇ ਵਕੀਲ ਨੇ ਕਹੀ। ਹੁਣ ਸਲਾਹਕਾਰ ਬੋਰਡ ਨੇ ਛੇ ਹਫ਼ਤਿਆਂ ਵਿੱਚ ਇਸ ਸਬੰਧ ਵਿੱਚ ਫੈਸਲਾ ਲੈਣਾ ਹੈ। ਇਸ ਦੇ ਨਾਲ ਹੀ ਉਹ ਇਸ ਤੋਂ ਬਾਅਦ ਅਗਲੀ ਕਾਰਵਾਈ ਕਰਨਗੇ। ਜੇਕਰ ਲੋੜ ਪਈ ਤਾਂ ਇਸ ਨੂੰ ਹਾਈ ਕੋਰਟ ਵਿੱਚ ਚੁਣੌਤੀ ਦਿੱਤੀ ਜਾਵੇਗੀ।

ਦਰਅਸਲ, 18 ਮਾਰਚ 2024 ਨੂੰ ਅੰਮ੍ਰਿਤਪਾਲ ਸਿੰਘ ਅਤੇ ਉਸ ਦੇ ਸਾਥੀਆਂ 'ਤੇ ਲਗਾਏ ਗਏ ਐਨ.ਐਸ.ਏ. ਦੀ ਮਿਆਦ ਖਤਮ ਹੋ ਗਈ ਸੀ। ਇਸ ਤੋਂ ਬਾਅਦ ਉਨ੍ਹਾਂ 'ਤੇ ਇਹ ਐਕਟ ਦੁਬਾਰਾ ਲਾਗੂ ਕੀਤਾ ਗਿਆ। ਇਹ ਤੱਥ ਵੀ ਇਸ ਮਾਮਲੇ ਦੀ ਸੁਣਵਾਈ ਦੌਰਾਨ ਹੀ ਸਾਹਮਣੇ ਆਇਆ, ਜਦੋਂ ਕੇਂਦਰ ਅਤੇ ਪੰਜਾਬ ਤੋਂ ਇਸ ਸਬੰਧੀ ਮਾਮਲੇ ਵਿੱਚ ਜਵਾਬ ਮੰਗਿਆ ਗਿਆ। ਇਸ ਦੇ ਨਾਲ ਹੀ ਅੰਮ੍ਰਿਤਪਾਲ ਸਿੰਘ ਅਤੇ ਉਸਦੇ ਸਾਥੀਆਂ ਦੀ ਤਰਫ਼ੋਂ ਵੀ ਨੁਮਾਇੰਦਗੀ ਭੇਜੀ ਗਈ ਹੈ।

ਸਲਾਹਕਾਰ ਬੋਰਡ ਸੇਵਾਮੁਕਤ ਜੱਜ ਦੀ ਅਗਵਾਈ ਹੇਠ ਕੰਮ ਕਰਦਾ ਹੈ। ਇਸ ਨੁਮਾਇੰਦਗੀ ਵਿੱਚ ਦੱਸਿਆ ਗਿਆ ਹੈ ਕਿ ਯੂਏਪੀਏ ਐਕਟ ਕਾਰਨ ਮੁਲਜ਼ਮਾਂ 'ਤੇ ਮੁੜ ਐਨਐਸਏ ਲਾਇਆ ਗਿਆ ਹੈ। ਜਦੋਂ ਕਿ ਮੁੱਖ ਮਾਮਲਿਆਂ ਵਿੱਚ ਮੁਲਜ਼ਮਾਂ ਦੀ ਗ੍ਰਿਫ਼ਤਾਰੀ ਨਹੀਂ ਹੋਈ ਹੈ। ਉਪਰੋਕਤ ਲੋਕ ਸਾਰੇ ਕੇਸਾਂ ਵਿੱਚ ਦੋਸ਼ੀ ਨਹੀਂ ਹਨ। ਅਜਿਹੀ ਸਥਿਤੀ ਵਿੱਚ ਆਮ ਕਾਨੂੰਨ ਸਹੀ ਹੈ। ਇਸ ਐਕਟ ਦੀ ਕੋਈ ਲੋੜ ਨਹੀਂ ਹੈ।

# ਅਮਰੀਕਾ 'ਚ ਭਾਰਤੀ ਵਿਦਿਆਰਥੀਆਂ ਨੂੰ ਬਿਹਤਰ ਮਾਹੌਲ ਮੁਹੱਈਆ ਕਰਵਾਉਣ ਲਈ ਕੋਸ਼ਿਸ਼ਾਂ ਜਾਰੀ : ਭਾਰਤੀ-ਅਮਰੀਕੀ ਅਕਾਦਮਿਕ

ਵਾਸ਼ਿੰਗਟਨ: ਭਾਰਤ ਤੋਂ ਆਉਣ ਵਾਲੇ ਵਿਦਿਆਰਥੀਆਂ ਨੂੰ ਬਿਹਤਰ ਮਾਹੌਲ ਮੁਹੱਈਆ ਕਰਵਾਉਣ ਅਮਰੀਕਾ ਲਈ ਅਪਣੀਆਂ ਕੋਸ਼ਿਸ਼ਾਂ ਜਾਰੀ ਰੱਖ ਰਿਹਾ ਹੈ। ਇਕ ਪ੍ਰਮੁੱਖ ਭਾਰਤੀ-ਅਮਰੀਕੀ ਅਕਾਦਮਿਕ ਨੇ ਸੋਮਵਾਰ ਨੂੰ ਇਹ ਗੱਲ ਉਨ੍ਹਾਂ ਰੀਪੋਰਟਾਂ ਦੇ ਵਿਚਕਾਰ ਕਹੀ ਕਿ ਇਸ ਸਾਲ ਭਾਰਤੀ ਮੂਲ ਦੇ ਜਾਂ ਭਾਰਤ ਤੋਂ ਆਏ 11 ਵਿਦਿਆਰਥੀਆਂ ਦੀ ਮੌਤ ਹੋ ਗਈ ਹੈ। ਅਮਰੀਕਾ ਵਿਚ ਭਾਰਤੀਆਂ 'ਤੇ ਹਮਲਿਆਂ ਦੀਆਂ ਘਟਨਾਵਾਂ ਨੇ ਭਾਰਤੀ ਭਾਈਚਾਰੇ ਅਤੇ ਭਾਰਤ ਵਿਚ ਰਹਿ ਰਹੇ ਵਿਦਿਆਰਥੀਆਂ ਦੇ ਪਰਵਾਰਾਂ ਵਿਚ ਚਿੰਤਾ ਪੈਦਾ ਕਰ ਦਿਤੀ ਹੈ।

ਅਮਰੀਕਾ ਵਿਚ ਹੋਈਆਂ ਮੌਤਾਂ ਪਿੱਛੇ ਹਮਲਾਵਰਾਂ ਦਾ ਮਕਸਦ ਤੁਰਤ ਸਪੱਸ਼ਟ ਨਹੀਂ ਹੋ ਸਕਿਆ ਹੈ ਅਤੇ ਭਾਰਤੀ ਡਿਪਲੋਮੈਟਿਕ ਮਿਸ਼ਨਾਂ ਨੇ ਵਿਦਿਆਰਥੀਆਂ ਤਕ ਪਹੁੰਚ ਕਰਨੀ ਸ਼ੁਰੂ ਕਰ ਦਿਤੀ ਹੈ।

ਇਸ 'ਚ ਵਿਦਿਆਰਥੀ ਯੂਨੀਅਨਾਂ ਨਾਲ ਸੰਪਰਕ ਕਰਨਾ ਅਤੇ ਵਿਦਿਆਰਥੀਆਂ ਨੂੰ ਸਮੇਂ-ਸਮੇਂ 'ਤੇ ਜਾਰੀ ਕੀਤੀਆਂ ਹਦਾਇਤਾਂ ਤੋਂ ਜਾਣੂ ਕਰਵਾਉਣਾ ਸ਼ਾਮਲ ਹੈ। ਵਰਜੀਨੀਆ ਦੀ ਜਾਰਜ ਮੇਸਨ ਯੂਨੀਵਰਸਿਟੀ ਦੇ ਸਕੂਲ ਆਫ ਕੰਪਿਊਟਿੰਗ ਦੇ ਡਿਵੀਜ਼ਨਲ ਡੀਨ ਗੁਰਦੀਪ ਸਿੰਘ ਨੇ ਇਕ ਇੰਟਰਵਿਊ ਵਿਚ ਕਿਹਾ, "ਇਹ ਮੰਦਭਾਗਾ ਹੈ ਕਿ ਇਸ ਸਾਲ ਇੰਨੀ ਵੱਡੀ ਗਿਣਤੀ ਵਿਚ ਅਜਿਹੀਆਂ ਘਟਨਾਵਾਂ ਵਾਪਰੀਆਂ ਹਨ। ਇਸ ਲਈ ਮਾਪਿਆਂ ਦਾ ਚਿੰਤਤ ਹੋਣਾ ਸੁਭਾਵਕ ਹੈ।

(ਬਾਕੀ ਸਫ਼ਾ 30 'ਤੇ)

# ਅਮਰੀਕਾ ਦੀ ਰਾਈਟ ਸਟੇਟ ਯੂਨੀਵਰਸਿਟੀ 'ਚ ਮਨਾਈ ਗਈ ਵਿਸਾਖੀ, ਸਜਾਈਆਂ ਗਈਆਂ ਦਸਤਾਰਾਂ





ਸੈਕਰਾਮੈਂਟੋ, ਕੈਲੀਫ਼ੋਰਨੀਆ/ਹੁਸਨ ਲੜੋਆ ਬੰਗਾ : ਅਮਰੀਕਾ ਦੇ ਸੂਬੇ ਓਹਾਇਓ ਦੇ ਵਿਸ਼ਵ ਪ੍ਰਸਿੱਧ ਸ਼ਹਿਰ ਡੇਟਨ ਸਥਿਤ ਰਾਈਟ ਸਟੇਟ ਯੂਨੀਵਰਸਿਟੀ ਦੀ ਸਿੱਖ ਸਟੂਡੈਂਟਸ ਐਸੋਸੀਏਸ਼ਨ ਵੱਲੋਂ ਸਿੱਖਾਂ ਦੇ ਨਵੇਂ ਸਾਲ, ਖ਼ਾਲਸਾ ਸਾਜਨਾ ਦਿਵਸ ਅਤੇ ਵਾਢੀ ਦੇ ਤਿਉਹਾਰ ਵਿਸਾਖੀ ਨੂੰ ਸਮਰਪਿਤ ਇੱਕ ਵਿਸ਼ੇਸ਼ ਸਮਾਗਮ ' ਸਿੱਖ ਨਿਊ ਯੀਅਰ ਐਂਡ ਹਾਰਵੈਸਟ ਫ਼ੈਸਟੀਵਲ – ਵਿਸਾਖੀ' ਆਯੋਜਿਤ ਕੀਤਾ ਗਿਆ। ਇਸ ਦੇ ਆਯੋਜਨ ਵਿੱਚ ਯੂਨੀਵਰਸਿਟੀ ਦੇ ਸਾਬਕਾ ਸਿੱਖ ਵਿਦਿਆਰਥੀਆਂ, ਸਿੱਖ ਸੁਸਾਇਟੀ ਆਫ਼ ਡੇਟਨ ਅਤੇ ਸਿਨਸਿਨਾਟੀ ਦੇ ਸਿੱਖ ਭਾਈਚਾਰੇ ਨੇ ਸਹਿਯੋਗ ਕੀਤਾ ਅਤੇ ਵੱਡੀ ਗਿਣਤੀ ਵਿੱਚ ਸ਼ਮੂਲੀਅਤ ਕੀਤੀ। ਯੂਨੀਵਰਸਿਟੀ ਦੇ ਇੰਜਨੀਅਰਿੰਗ ਵਿਭਾਗ ਦੇ ਪ੍ਰੋਫ਼ੈਸਰ ਅਤੇ ਸਿੱਖ ਸਟੂਡੈਂਟ ਐਸੋਸੀਏਸ਼ਨ ਦੇ ਸਲਾਹਕਾਰ ਡਾ. ਕੁਲਦੀਪ ਸਿੰਘ ਰਤਨ ਨੇ ਮਹਿਮਾਨਾਂ ਦਾ ਉਦਘਾਟਨੀ ਭਾਸ਼ਨ ਨਾਲ ਨਿੱਘਾ ਸੁਆਗਤ ਕੀਤਾ ਅਤੇ ਯੂਨੀਵਰਸਿਟੀ ਵਿੱਚ ਸੱਭਿਆਚਾਰਕ ਜਾਗਰੂਕਤਾ ਅਤੇ ਵਿਭਿੰਨਤਾ ਨੂੰ ਉਤਸ਼ਾਹਿਤ ਕਰਨ ਲਈ ਇਸ ਸਮਾਗਮ ਦੇ ਆਯੋਜਨ ਲਈ ਪ੍ਰਧਾਨ ਹਰਸ਼ਦੀਪ ਸਿੰਘ ਦੀ ਅਗਵਾਈ ਵਿੱਚ ਐਸੋਸੀਏਸ਼ਨ ਦੇ ਵਿਦਿਆਰਥੀਆਂ ਦੇ ਯਤਨਾਂ ਦੀ ਸ਼ਲਾਘਾ ਕੀਤੀ।

ਉਹਨਾਂ ਦੱਸਿਆ ਕਿ ਸਿੱਖ ਕੈਲੰਡਰ 'ਚ ਨਵੇਂ ਸਾਲ ਦੀ ਸ਼ੁਰੂਆਤ 14 ਮਾਰਚ ਨੂੰ ਚੇਤ ਮਹੀਨੇ ਨਾਲ ਹੋਈ। ਇਸੇ ਤਰਾਂ ਸਿੱਖ ਕੈਲੰਡਰ ਦੇ ਸਭ ਤੋਂ ਮਹੱਤਵਪੂਰਨ ਦਿਨਾਂ ਵਿੱਚੋਂ ਵਿਸਾਖੀ, ਦੂਜੇ ਮਹੀਨੇ ਵੈਸਾਖ ਦੇ ਪਹਿਲੇ ਦਿਨ (13 ਅਪ੍ਰੈਲ 2024) ਨੂੰ ਮਨਾਈ ਗਈ। ਇਹ ਪੰਜਾਬ ਵਿੱਚ ਵਾਢੀ ਦਾ ਤਿਉਹਾਰ ਹੈ ਅਤੇ 1699 ਦੀ ਵਿਸਾਖੀ ਵਾਲੇ ਦਿਨ ਗੁਰੂ ਗੋਬਿੰਦ ਸਿੰਘ ਜੀ ਨੇ ਖ਼ਾਲਸੇ ਦੀ ਸਾਜਨਾ ਕੀਤੀ ਸੀ। ਸਮਾਗਮ ਦੇ ਮੁੱਖ ਬੁਲਾਰੇ ਯੂਨੀਵਰਸਿਟੀ ਵਿੱਚ ਧਰਮ ਦੇ ਵਿਸ਼ੇ ਦੇ ਪ੍ਰੋਫ਼ੈਸਰ ਡਾ. ਵੈਲਰੀ ਸਟੋਕਰ ਨੇ ਸਿੱਖ ਧਰਮ, ਇਤਿਹਾਸ ਅਤੇ ਵਿਸਾਖੀ ਦੀ ਮਹੱਤਤਾ ਬਾਰੇ ਗਿਆਨ ਭਰਪੂਰ ਜਾਣਕਾਰੀ ਦਿੱਤੀ ਜਿਸ ਵਿੱਚ ਗੁਰੂ ਗ੍ਰੰਥ ਸਾਹਿਬ, ਗੁਰਦੁਆਰਾ ਸਾਹਿਬ, ਗੁਰਬਾਣੀ ਕੀਰਤਨ, ਖ਼ਾਲਸੇ ਦੀ ਸਾਜਨਾ, ਪੰਜ ਪਿਆਰੇ, ਕਕਾਰ ਅਤੇ ਲੰਗਰ ਵਰਗੇ ਵਿਸ਼ੇ ਸ਼ਾਮਲ ਸਨ। ਉਹਨਾਂ ਮੋਂਟਰੀਅਲ ਕੈਨੇਡਾ ਦੇ ਗੁਰਦੁਆਰੇ ਵਿੱਚ ਲੰਗਰ ਛਕਣ ਦਾ ਆਪਣਾ ਨਿੱਜੀ ਤਜਰਬਾ ਸਾਂਝਾ ਕਰਦੇ ਹੋਏ ਸਿੱਖ ਜੀਵਨ ਢੰਗ ਵਿੱਚ ਸਮਾਨਤਾ ਅਤੇ ਸੇਵਾ ਦੇ ਮਹੱਤਵ ਨੂੰ ਉਜਾਗਰ ਕੀਤਾ। ਉਹਨਾਂ ਕਿਹਾ ਕਿ ਸਿੱਖਾਂ ਵੱਲੋਂ ਦਰਬਾਰ ਸਾਹਿਬ ਅੰਮ੍ਰਿਤਸਰ ਸਣੇ ਦੁਨੀਆਂ ਭਰ 'ਚ ਮੁਫ਼ਤ ਭੋਜਨ (ਲੰਗਰ) ਦੀ ਸੇਵਾ ਕਰਕੇ ਹਰ ਰੋਜ਼ ਲੱਖਾਂ ਲੋਕਾਂ ਨੂੰ ਖਾਣਾ ਖਵਾਇਆ ਜਾ ਰਿਹਾ ਹੈ।

ਯੂਨੀਵਰਸਿਟੀ ਦੇ ਸਾਬਕਾ ਵਿਦਿਆਰਥੀ ਸਮੀਪ ਸਿੰਘ ਗੁੰਮਟਾਲਾ ਅਨੁਸਾਰ ਅਮਰੀਕਾ ਵਿੱਚ 11 ਸਤੰਬਰ (9/11) ਦੇ ਹਮਲਿਆਂ ਤੋਂ ਬਾਅਦ ਇਹ ਸਮਾਗਮ ਪਹਿਲੀ ਵਾਰ ਅਪ੍ਰੈਲ 2003 ਵਿੱਚ ਯੂਨੀਵਰਸਿਟੀ ਵਿਖੇ ਆਯੋਜਿਤ ਕੀਤਾ ਗਿਆ ਸੀ। ਅਜਿਹੇ ਸਮਾਗਮਾਂ ਦਾ ਉਦੇਸ਼ ਵਿਦਿਆਰਥੀਆਂ, ਅਧਿਆਪਕਾਂ ਅਤੇ ਹੋਰਨਾਂ ਆਏ ਹੋਏ ਮਹਿਮਾਨਾਂ ਨੂੰ ਸਿੱਖਾਂ ਅਤੇ ਇਹਨਾਂ ਦੀ ਵੱਖਰੀ ਪਛਾਣ ਬਾਰੇ

ਜਾਗਰੂਕ ਕਰਨ ਸਣੇ ਸਿੱਖਾਂ ਦੇ ਗੌਰਵਮਈ ਵਿਰਸੇ ਤੋਂ ਜਾਣੂ ਕਰਾਉਣਾ ਹੈ। ਯੂਨੀਵਰਸਿਟੀ ਦੇ ਵਿਦਿਆਰਥੀ ਹਰਸ਼ਦੀਪ ਸਿੰਘ, ਜੈਸਮੀਨ ਕੌਰ, ਗੁਰਲੀਨ ਕੌਰ, ਹਰਸੀਰਤ ਕੌਰ, ਗਗਨ ਕੌਰ ਅਤੇ ਹਿਮਾਨੀ ਨਾਰੰਗ ਨੇ ਹਰਿਮੰਦਰ ਸਾਹਿਬ, ਕੇਸ਼ ਦੀ ਮਹੱਤਤਾ ਅਤੇ ਸਿੱਖ ਕੈਲੰਡਰ ਅਤੇ ਸਿੱਖ ਧਰਮ ਸੰਬੰਧੀ ਵੱਖ-ਵੱਖ ਵਿਸ਼ਿਆਂ ਬਾਰੇ ਜਾਣਕਾਰੀ ਸਾਂਝੀ ਕੀਤੀ।

ਇਸ ਮੌਕੇ ਗੁਰੂ ਸਾਹਿਬਾਨ ਦੀਆਂ ਸਿੱਖਿਆਵਾਂ, ਸਿੱਖ ਇਤਿਹਾਸ, ਸਿੱਖ ਸਮਾਜ ਵਿੱਚ ਔਰਤ ਦਾ ਸਥਾਨ, ਸੇਵਾ ਦਾ ਸੰਕਲਪ, ਭਾਰਤ ਦੀ ਅਜ਼ਾਦੀ, ਵਿਸ਼ਵ ਜੰਗਾਂ ਤੇ ਅਮਰੀਕਾ ਦੀ ਫ਼ੌਜ 'ਚ ਸਿੱਖਾਂ ਦਾ ਯੋਗਦਾਨ ਅਤੇ ਵਿਆਹ ਤੇ ਤਿਉਹਾਰਾਂ ਨੂੰ ਦਰਸਾਉਂਦੀ ਹੋਈ ਇਕ ਪ੍ਰਦਰਸ਼ਨੀ ਲਗਾਈ ਗਈ। ਇਸ ਵਿੱਚ ਤਸਵੀਰਾਂ ਤੇ ਪੋਸਟਰਾਂ ਤੋਂ ਇਲਾਵਾ ਸਿੱਖ ਇਤਿਹਾਸ ਅਤੇ ਵਿਰਸੇ ਨਾਲ ਸਬੰਧਿਤ ਪੁਸਤਕਾਂ, ਕੜੇ, ਹਾਰਮੋਨੀਅਮ, ਦਿਲਰੁਬਾ, ਰਬਾਬ ਅਤੇ ਤਬਲੇ ਸਣੇ ਸੰਗੀਤ ਦੇ ਸਾਜ਼ ਵੀ ਪ੍ਰਦਰਸ਼ਿਤ ਕੀਤੇ ਗਏ।

## ਵਿਪਰੋ ਵੱਲੋਂ ਭਾਰਤੀ ਸਰਿਨੀ ਪਲੀਆ ਨਵੇਂ ਸੀ ਈ ਓ ਤੇ ਐਮ ਡੀ ਨਿਯੁਕਤ, ਨਿਊਜਰਸੀ ਤੋਂ ਕਰਨਗੇ ਕੰਮ



ਸੈਕਰਾਮੈਂਟੋ, ਕੈਲੀਫ਼ੋਰਨੀਆ/ਹੁਸਨ ਲੜੋਆ ਬੰਗਾ : ਪ੍ਰਸਿੱਧ ਆਈ.ਟੀ. ਕੰਪਨੀ ਵਿਪਰੋ ਵੱਲੋਂ ਭਾਰਤੀ ਸਰਿਨੀ ਪਾਲੀਆ ਨੂੰ ਆਪਣਾ ਨਵਾਂ ਸੀ.ਈ.ਓ. ਤੇ ਐਮ.ਡੀ. ਨਿਯੁਕਤੀ ਕੀਤਾ ਗਿਆ ਹੈ। ਪਾਲੀਆ ਥੀਰੀ ਡੈਲਾਪੋਰਟ ਦੀ ਜਗਾ ਲੈਣਗੇ। ਜਾਰੀ ਇੱਕ ਬਿਆਨ ਵਿੱਚ ਕੰਪਨੀ ਨੇ ਕਿਹਾ ਹੈ ਕਿ ਵਿਪਰੋ ਦੇ ਚੇਅਰਮੈਨ ਰਿਸ਼ਦ ਪ੍ਰੇਮਜੀ ਨੇ ਪਾਲੀਆ ਦੀਆਂ ਸਮਰਥਾਵਾਂ ਵਿਚ ਵਿਸ਼ਵਾਸ਼ ਪ੍ਰਗਟਾਇਆ ਹੈ। ਪਾਲੀਆ ਨੂੰ ਕੰਪਨੀ ਵਿਚ ਕੰਮ ਕਰਨ ਦਾ ਲੰਬਾ ਤਜਰਬਾ ਹੈ ਤੇ ਉਹ ਪਿਛਲੇ 3 ਦਹਾਕੇ ਦੇ ਵੀ ਵਧ ਸਮੇ ਤੋਂ ਵਿਪਰੋ ਨਾਲ ਜੁੜੇ ਹੋਏ ਹਨ। ਉਹ 1992 ਵਿੱਚ ਪ੍ਰੋਡਕਟ ਮੈਨੇਜਰ ਵਜੋਂ ਵਿਪਰੋ ਵਿੱਚ ਨਿਯੁਕਤ ਹੋਏ ਸਨ। ਆਪਣੇ ਕੈਰੀਅਰ ਦੌਰਾਨ ਉਨਾਂ ਨੇ ਮੈਨੇਜਿੰਗ ਐਂਡ ਬਰੈਂਡ ਮੈਨੇਜਰ, ਜਨਰਲ ਮੈਨੇਜਰ ਆਫ ਯੂ ਐਸ ਸੈਂਟਰਲ ਆਪਰੇਸ਼ਨ ਸਮੇਤ ਕਈ ਅਹਿਮ ਅਹੁੱਦਿਆਂ ਉਪਰ ਕੰਮ ਕੀਤਾ। ਉਹ ਨਿਊਜਰਸੀ ਤੋਂ ਕੰਮ ਕਰਨਗੇ।

## ਆਂਧਰਾ ਪ੍ਰਦੇਸ਼ ਦੇ ਗੋਪੀ ਥੋਟਾਕੁਰ ਪੁਲਾੜ ਦਾ ਦੌਰਾ ਕਰਨ ਵਾਲੇ ਪਹਿਲੇ ਭਾਰਤੀ ਪੁਲਾੜ ਯਾਤਰੀ ਹੋਣਗੇ





ਵਾਸ਼ਿੰਗਟਨ/ਏ.ਟੀ.ਨਿਊਜ਼ : ਇਸ ਸਮੇਂ ਭਾਰਤੀ ਮੂਲ ਦੇ ਗੋਪੀ ਥੋਟਾਕੁਰ ਦਾ ਨਾਮ ਕਾਫੀ ਚਰਚਾ ਵਿੱਚ ਹੈ। ਉਹ ਪੁਲਾੜ ਦੀ ਯਾਤਰਾ ਕਰਨ ਵਾਲੇ ਪਹਿਲੇ ਭਾਰਤੀ ਸੈਲਾਨੀ ਬਣਨ ਜਾ ਰਹੇ ਹਨ। ਗੋਪੀ ਥੋਟਾਕੁਰਾ ਦਾ ਨਾਮ ਜੈਫ ਬੇਜੋਸ ਦੇ ਬਲੂ ਓਰਿਜਿਨ ਦੇ ਨਿਊ ਸ਼ੈਫਰਡ-25 ਮਿਸ਼ਨ ਦੇ ਵਿਸ਼ੇਸ਼ ਅਮਲੇ ਵਿੱਚ ਵੀ ਸ਼ਾਮਲ ਕੀਤਾ ਗਿਆ ਹੈ। ਖਬਰਾਂ ਦੇ ਮੁਤਾਬਕ ਗੋਪੀ ਥੋਟਾਕੁਰਾ ਦੇ ਨਾਲ 5 ਹੋਰ ਲੋਕ ਜਾ ਰਹੇ ਹਨ। ਸਾਰੇ ਮੈਂਬਰ ਆਪਣੇ ਨਾਲ ਇੱਕ ਪੋਸਟਕਾਰਡ ਲੈ ਕੇ ਜਾਣਗੇ, ਜੋ ਕਿ ਦੁਨੀਆਂ ਭਰ ਦੇ ਨੌਜਵਾਨਾਂ ਦੇ ਸੁਪਨਿਆਂ ਦੀ ਪ੍ਰਤੀਨਿਧਤਾ ਕਰਦਾ ਨਜ਼ਰ ਆਵੇਗਾ। ਗੋਪੀ ਥੋਟਾਕੁਰਾ ਦਾ ਜਨਮ ਆਂਧਰਾ ਪ੍ਰਦੇਸ਼ ਦੇ ਵਿਜੇਵਾੜਾ ਜ਼ਿਲ੍ਹੇ ਵਿੱਚ ਹੋਇਆ ਸੀ। ਉਹ ਇੱਕ ਉਦਯੋਗਪਤੀ ਅਤੇ ਪਾਇਲਟ ਵੀ ਹੈ। ਇਸ ਦੇ ਨਾਲ, ਉਹ ਸਿਹਤ ਖੇਤਰ ਨਾਲ ਜੁੜੀ ਪ੍ਰੀਜ਼ਰਵ ਲਾਈਫ ਕਾਰਪੋਰੇਸ਼ਨ ਦੇ ਸਹਿ-ਸੰਸਥਾਪਕ ਹਨ। ਗੋਪੀ ਨੇ ਏਮਬਰੀ-ਰਿਡਲ ਐਰੋਨਾਟਿਕਸ ਯੂਨੀਵਰਸਿਟੀ ਤੋਂ ਐਰੋਨਾਟਿਕਲ ਸਾਇੰਸ ਵਿੱਚ ਬੈਚਲਰ ਆਫ਼ ਸਾਇੰਸ ਦੀ ਡਿਗਰੀ ਵੀ ਹਾਸਲ ਕੀਤੀ ਹੈ। ਦੱਸ ਦੇਈਏ ਕਿ ਜੁਲਾਈ, 2021 ਤੋਂ ਲੈ ਕੇ ਹੁਣ ਤੱਕ ਬਲੂ ਓਰਿਜਿਨ ਨੇ ਚਾਲਕ ਦਲ ਦੇ ਨਾਲ 6 ਉਡਾਣਾਂ ਭਰੀਆਂ ਹਨ। ਸੀਈਓ ਜੈਫ ਬੇਜੋਸ ਨੇ ਵੀ ਇਸ ਦੀ ਪਹਿਲੀ ਉਡਾਣ ਵਿੱਚ ਹਿੱਸਾ ਲਿਆ। ਇਹ ਸਪੇਸ ਅੰਤਰਰਾਸ਼ਟਰੀ ਪੱਧਰ 'ਤੇ ਮਾਨਤਾ ਪ੍ਰਾਪਤ ਹੈ, ਜੋ ਕਿ ਧਰਤੀ ਦੀ ਸਤ੍ਹਾ ਤੋਂ 100 ਕਿਲੋਮੀਟਰ ਉੱਪਰ ਹੈ। ਇਸ ਦਾ ਨਿਊ ਸ਼ੇਪਾਰਡ ਰਾਕੇਟ ਕੇਰਮਨ ਲਾਈਨ ਦੇ ਉੱਪਰ 6 ਦਾ ਅਮਲਾ ਲੈ ਕੇ ਜਾਂਦਾ ਹੈ।

## ਰੇਗਿਸਤਾਨ 'ਚ ਆਇਆ ਹੜ੍ਹ ! ਯੂ.ਏ.ਈ. ਵਿੱਚ ਭਾਰੀ ਮੀਂਹ ਅਤੇ ਤੇਜ਼ ਹਵਾਵਾਂ ਕਾਰਨ ਸਥਿਤੀ ਹੋਈ ਗੰਭੀਰ

### ਏਅਰਪੋਰਟ-ਮੈਟਰੋ ਸਟੇਸ਼ਨਾਂ ਅੰਦਰ ਵੜਿਆ ਪਾਣੀ



ਦੁਬਈ/ਏ.ਟੀ.ਨਿਊਜ਼ : ਖਾੜੀ ਦੇਸ਼ਾਂ 'ਚੋਂ ਇੱਕ ਸੰਯੁਕਤ ਅਰਬ ਅਮੀਰਾਤ (ਯੂ. ਏ. ਈ.) 'ਚ ਭਾਰੀ ਮੀਂਹ ਕਾਰਨ ਲੋਕਾਂ ਨੂੰ ਕਾਫੀ ਪਰੇਸ਼ਾਨੀ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਯੂ.ਏ.ਈ. ਖਾਸ ਤੌਰ 'ਤੇ ਇਸਦੇ ਸੁੱਕੇ ਮੌਸਮ ਅਤੇ ਰੇਤ ਦੇ ਟਿੱਬਿਆਂ ਲਈ ਜਾਣਿਆ ਜਾਂਦਾ ਹੈ। ਇੱਥੇ ਬਾਰਿਸ਼ ਬਹੁਤ ਘੱਟ ਹੁੰਦੀ ਹੈ। ਅਜਿਹੇ 'ਚ ਬਾਰਿਸ਼ ਇੱਕ ਆਫਤ ਵਾਂਗ ਸ਼ੁਰੂ ਹੋ ਗਈ ਹੈ। ਯੂ.ਏ.ਈ. ਵਿੱਚ ਭਾਰੀ ਮੀਂਹ ਅਤੇ ਤੇਜ਼ ਹਵਾਵਾਂ ਕਾਰਨ ਸਥਿਤੀ ਬਹੁਤ ਗੰਭੀਰ ਹੋ ਗਈ ਹੈ। ਦੁਬਈ ਮੈਟਰੋ ਸਟੇਸ਼ਨਾਂ ਦੇ ਅੰਦਰ ਬਾਰਿਸ਼ ਦਾ ਪਾਣੀ ਜਮ੍ਹਾ ਹੋਣ ਅਤੇ ਸੜਕਾਂ ਟੁੱਟਣ ਦੀਆਂ ਵੀਡੀਓਜ਼ ਸਾਹਮਣੇ ਆਈਆਂ ਹਨ। ਦੁਬਈ ਏਅਰਪੋਰਟ 'ਤੇ ਵੀ ਪਾਣੀ ਭਰ ਗਿਆ ਹੈ। ਰੇਗਿਸਤਾਨ ਵਰਗੇ ਦੇਸ਼ ਵਿੱਚ ਹੜ੍ਹ ਆ ਗਿਆ ਹੈ।

ਮੌਸਮ ਵਿਗਿਆਨ ਕੇਂਦਰ ਨੇ ਬਰਸਾਤੀ ਸਥਿਤੀਆਂ ਵਿੱਚ ਵਾਹਨ ਚਲਾਉਂਦੇ ਸਮੇਂ ਸਾਵਧਾਨ ਰਹਿਣ ਅਤੇ ਪਾਣੀ ਭਰੇ ਇਲਾਕਿਆਂ ਤੋਂ ਦੂਰ ਰਹਿਣ ਦੀ ਸਲਾਹ ਦਿੱਤੀ ਹੈ। ਮਨੁੱਖੀ ਸੰਸਾਧਨ ਅਤੇ ਅਮੀਰੀਕਰਣ ਮੰਤਰਾਲੇ ਨੇ ਨਿੱਜੀ ਖੇਤਰ ਦੀਆਂ ਕੰਪਨੀਆਂ ਨੂੰ ਮੌਸਮ ਦੇ ਹਾਲਾਤਾਂ ਦੌਰਾਨ ਸਾਰੇ ਪੇਸ਼ੇਵਰ ਸੁਰੱਖਿਆ ਉਪਾਵਾਂ ਨੂੰ ਲਾਗੂ ਕਰਨ ਲਈ ਕਿਹਾ ਸੀ। ਮੌਜੂਦਾ ਮੀਂਹ ਅਤੇ ਮੌਸਮ ਦੀ ਸਥਿਤੀ ਨੂੰ ਦੇਖਦੇ ਹੋਏ ਦੁਬਈ ਲਈ ਕਈ ਉਡਾਣਾਂ ਪ੍ਰਭਾਵਿਤ ਹੋਣ ਦੀ ਸੰਭਾਵਨਾ ਹੈ।.

**ਮੈਟਰੋ ਸਟੇਸ਼ਨਾਂ 'ਚ ਪਾਣੀ ਹੋਇਆ ਦਾਖਲ**

ਖਲੀਜ਼ ਟਾਈਮਜ਼ ਮੁਤਾਬਕ ਦੁਬਈ ਦੀ ਮੈਟਰੋ ਸੇਵਾ ਵੀ ਮੀਂਹ ਕਾਰਨ ਪ੍ਰਭਾਵਿਤ ਹੋਈ। ਸੋਸ਼ਲ ਮੀਡੀਆ 'ਤੇ ਪੋਸਟ ਕੀਤੀ ਗਈ ਵੀਡੀਓ 'ਚ ਦੇਖਿਆ ਜਾ ਰਿਹਾ ਹੈ ਕਿ ਮੈਟਰੋ ਸਟੇਸ਼ਨਾਂ ਦੇ ਅੰਦਰ ਮੀਂਹ ਦਾ ਪਾਣੀ ਦਾਖਲ ਹੋ ਗਿਆ ਹੈ।

ਦੁਬਈ ਵਿੱਚ ਸੜਕ ਅਤੇ ਆਵਾਜਾਈ ਅਥਾਰਟੀ ਨੇ ਇੱਕ ਘੋਸ਼ਣਾ ਵਿੱਚ ਕਿਹਾ ਕਿ ਓਨਪਾਸ ਮੈਟਰੋ ਸਟੇਸ਼ਨ ਤੋਂ ਜੇਬੇਲ ਅਲੀ ਮੈਟਰੋ ਸਟੇਸ਼ਨ ਤੱਕ ਮੈਟਰੋ ਸੇਵਾਵਾਂ ਪ੍ਰਭਾਵਿਤ ਹੋਈਆਂ ਹਨ।

**ਲੋਕਾਂ ਨੂੰ ਘਰੋਂ ਕੰਮ ਕਰਨ ਦੀ ਸਲਾਹ**

ਖਰਾਬ ਮੌਸਮ ਦੇ ਮੱਦੇਨਜ਼ਰ ਯੂ.ਏ.ਈ. ਵਿੱਚ ਸਰਕਾਰੀ ਕਰਮਚਾਰੀਆਂ ਨੂੰ ਘਰੋਂ ਕੰਮ ਕਰਨ ਦੇ ਨਿਰਦੇਸ਼ ਦਿੱਤੇ ਗਏ ਹਨ। ਇਹ ਐਡਵਾਈਜ਼ਰੀ ਉੱਥੋਂ ਦੀ ਸਰਕਾਰ ਨੇ ਦੇਸ਼ ਭਰ 'ਚ ਖਰਾਬ ਮੌਸਮ ਨੂੰ ਦੇਖਦੇ ਹੋਏ ਜਾਰੀ ਕੀਤੀ ਹੈ।

ਕੌਮਾਂਤਰੀ ਅੰਮ੍ਰਿਤਸਰ ਟਾਈਮਜ਼
QUOMANTRY AMRITSAR TIMES

Editor: Malkeet Singh Manager: Pardeep Singh Sub: Editor: Balwinderpal Singh, Dr. Sarbjeet Kaur Jang Online Interview Host: Balraj Pannu

Designer: A.K.V. Content Composer: S. Jagmohan Singh US Distributor: Amritsar Times Inc. Owner: Amritsar Times Pvt Ltd.

Quomantry Amritsar Times is owned by Amritsar Times Pvt Ltd, a company based in India. It owns the content of the Newspaper and hereby does not authorize anyone to redistribute without prior consent. The opinions expressed in this publication are those of the authors unless written by AT Bureau. They do not purport to reflect the opinions or views of the Owner or its members.

All legal disputes must be handled in the courts of State of Punjab in India.

# ਸੰਯੁਕਤ ਰਾਸ਼ਟਰ ਨਾਕਾਮ, ਤੀਜੇ ਵਿਸ਼ਵ ਯੁੱਧ ਵੱਲ ਵਧੀ ਦੁਨੀਆਂ

## ਇਰਾਨ ਨੇ ਇਜ਼ਰਾਈਲ ’ਤੇ ਕੀਤਾ ਹਮਲਾ, 300 ਤੋਂ ਵੱਧ ਡਰੋਨ ਅਤੇ ਮਿਜ਼ਾਈਲਾਂ ਦਾਗੀਆਂ

ਕੀ ਸੰਸਾਰ ਤੀਜੇ ਵਿਸ਼ਵ ਯੁੱਧ ਵੱਲ ਵਧ ਰਿਹਾ ਹੈ? ਇਜ਼ਰਾਈਲ ਅਤੇ ਇਰਾਨ ਵਿਚਾਲੇ ਚੱਲ ਰਹੇ ਤਣਾਅ ਨੇ ਇਸ ਦੀਆਂ ਚਰਚਾਵਾਂ ਤੇਜ਼ ਕਰ ਦਿੱਤੀਆਂ ਹਨ। 79 ਸਾਲਾਂ ਬਾਅਦ ਵਿਸ਼ਵ ਯੁੱਧ ਸਬੰਧੀ ਇਸ ਚਰਚਾ ਦੇ ਤਿੰਨ ਅਹਿਮ ਕਾਰਨ ਹਨ। ਪਹਿਲਾ ਕਾਰਨ ਮੱਧ ਪੂਰਬ ਅਤੇ ਯੂਰਪ ਵਿੱਚ ਪੂਰੀ ਤਰ੍ਹਾਂ ਨਾਲ ਅਸ਼ਾਂਤੀ ਹੈ। ਦੂਜਾ ਕਾਰਨ ਸੰਯੁਕਤ ਰਾਸ਼ਟਰ ਦੀ ਨਾਕਾਮੀ ਹੈ, ਜਦਕਿ ਤੀਜਾ ਅਤੇ ਮਹੱਤਵਪੂਰਨ ਕਾਰਨ ਇਹ ਹੈ ਕਿ ਜ਼ਿਆਦਾਤਰ ਵੱਡੇ ਦੇਸ਼ ਸਿੱਧੇ ਜਾਂ ਅਸਿੱਧੇ ਤੌਰ ’ਤੇ ਯੁੱਧ ਵਿੱਚ ਸ਼ਾਮਲ ਹਨ। ਸੰਸਾਰ ਵਿੱਚ ਆਖਰੀ ਵਿਸ਼ਵ ਯੁੱਧ 1945 ਵਿੱਚ ਲੜਿਆ ਗਿਆ ਸੀ। ਇਸ ਜੰਗ ਵਿੱਚ ਤਕਰੀਬਨ 6 ਕਰੋੜ ਲੋਕ ਮਾਰੇ ਗਏ ਸਨ।

ਇਰਾਨ ਅਤੇ ਇਜ਼ਰਾਈਲ ਵਿਚਾਲੇ ਕੀ ਹੈ ਵਿਵਾਦ?

ਇਜ਼ਰਾਈਲ ਅਕਸਰ ਇਰਾਨ ’ਤੇ ਪ੍ਰੌਕਸੀ ਯੁੱਧ ਦਾ ਦੋਸ਼ ਲਗਾਉਂਦਾ ਹੈ। ਅਕਤੂਬਰ ਵਿੱਚ ਜਦੋਂ ਹਮਾਸ ਨੇ ਇਜ਼ਰਾਈਲ ਉੱਤੇ ਹਮਲਾ ਕੀਤਾ ਸੀ ਤਾਂ ਇਜ਼ਰਾਈਲ ਨੇ ਵੀ ਇਸ ਦੇ ਪਿੱਛੇ ਇਰਾਨ ਨੂੰ ਜ਼ਿੰਮੇਵਾਰ ਠਹਿਰਾਇਆ ਸੀ। ਦੋਵਾਂ ਵਿਚਾਲੇ ਤਾਜ਼ਾ ਵਿਵਾਦ 1 ਅਪ੍ਰੈਲ ਨੂੰ ਐਬੈਂਸੀ ’ਤੇ ਹਵਾਈ ਹਮਲਾ ਹੈ। ਇਸ ਦਿਨ, ਇਜ਼ਰਾਈਲੀ ਫੌਜ ਨੇ ਸੀਰੀਆ ਵਿੱਚ ਇਰਾਨੀ ਦੂਤਾਵਾਸ ਦੇ ਨੇੜੇ ਇੱਕ ਹਵਾਈ ਹਮਲਾ ਕੀਤਾ। ਇਸ ਵਿੱਚ ਇਰਾਨ ਦੇ ਦੋ ਚੋਟੀ ਦੇ ਸੈਨਾ ਕਮਾਂਡਰਾਂ ਸਮੇਤ 13 ਲੋਕ ਮਾਰੇ ਗਏ ਸਨ। ਉਦੋਂ ਤੋਂ ਇਰਾਨ ਭੜਕਿਆ ਹੋਇਆ ਸੀ। ਇਰਾਨੀ ਸੁਪ੍ਰੀਮ ਲੀਡਰ ਆਇਤੁੱਲ੍ਹਾ ਅਲੀ ਖ਼ਮਨੇਈ ਨੇ ਐਲਾਨ ਕੀਤਾ ਸੀ ਕਿ ਇਜ਼ਰਾਈਲ ਨੂੰ ਇਸ ਦੀ ‘ਸਜ਼ਾ’ ਮਿਲੇਗੀ।



ਇਰਾਨ ਨੇ ਬੀਤੇ ਹਫਤੇ ਇਜ਼ਰਾਈਲ ’ਤੇ ਮਿਜ਼ਾਈਲਾਂ ਅਤੇ ਡਰੋਨਾਂ ਨਾਲ ਹੱਲਾ ਬੋਲ ਦਿੱਤਾ ਸੀ। ਇਜ਼ਰਾਇਲੀ ਫ਼ੌਜ ਬੁਲਾਰੇ ਰਿਅਰ ਐਡਮਿਰਨ ਡੈਨਿਅਲ ਹਗਾਰੀ ਨੇ ਕਿਹਾ ਕਿ 300 ਤੋਂ ਵੱਧ ਡਰੋਨ, ਕਰੂਜ਼ ਮਿਜ਼ਾਈਲਾਂ ਅਤੇ ਬੈਲਿਸਟਿਕ ਮਿਜ਼ਾਈਲਾਂ ’ਚੋਂ 99 ਫ਼ੀਸਦੀ ਨੂੰ ਦੇਸ਼ ਦੀਆਂ ਸਰਹੱਦਾਂ ਦੇ ਬਾਹਰ ਤਬਾਹ ਕਰ ਦਿੱਤਾ ਸੀ, ਜਹਾਜ਼ ਨੇ 10 ਤੋਂ ਵੱਧ ਕਰੂਜ਼ ਮਿਜ਼ਾਈਲਾਂ ਨੂੰ ਰੋਕ ਦਿੱਤਾ ਸੀ। ਇਰਾਨ ਦੇ ਇਸ ਹਮਲੇ ਨੇ ਪੱਛਮੀ ਏਸ਼ੀਆ ਨੂੰ ਖੇਤਰੀ ਜੰਗ ਦੇ ਨੇੜੇ ਧੱਕ ਦਿੱਤਾ ਹੈ। ਦੂਜੇ ਪਾਸੇ ਇਜ਼ਰਾਈਲ ਦਾ ਦਾਅਵਾ ਸੀ ਕਿ ਉਨ੍ਹਾਂ ਇਰਾਨ ਦਾ ਹਮਲਾ ‘ਨਾਕਾਮ’ ਕਰ ਦਿੱਤਾ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਅਮਰੀਕਾ, ਇੰਗਲੈਂਡ ਤੇ ਹੋਰਨਾਂ ਸਾਥੀਆਂ ਦੀ ਮਦਦ ਨਾਲ ਸੈਂਕੜੇ ਮਿਜ਼ਾਈਲਾਂ ਤੇ ਡਰੋਨ ਹਵਾ ਵਿੱਚ ਹੀ ਤਬਾਹ ਕਰ ਦਿੱਤੇ ਗਏ ਹਨ। ਇਜ਼ਰਾਈਲ ਮੁਤਾਬਕ ਇਸ ਬੰਬਾਰੀ ਵਿੱਚ 12 ਜਣੇ ਫੱਟੜ ਹੋਏ ਹਨ ਜਿਨ੍ਹਾਂ ਵਿਚ ਸੱਤ ਸਾਲ ਦਾ ਬੱਚਾ ਵੀ ਸ਼ਾਮਲ ਹੈ। ਹਵਾਈ ਸੈਨਾ ਦੇ ਇੱਕ ਟਿਕਾਣੇ ਦਾ ‘ਹਲਕਾ ਨੁਕਸਾਨ’ ਵੀ ਹੋਇਆ ਹੈ।

ਵਿਸ਼ਵ ਜੰਗ ਦਾ ਖ਼ਤਰਾ ਕਿਉਂ?

ਹੁਣ ਜੇ ਕਿਤੇ ਅਮਰੀਕਾ ਨੇ ਇਰਾਨ ’ਤੇ ਹੱਲਾ ਬੋਲ ਦਿੱਤਾ, ਤਾਂ ਰੂਸ ਸਿੱਧੇ ਤੌਰ ’ਤੇ ਆਪਣੇ ਮਿੱਤਰ ਦੇਸ਼ ਇਰਾਨ ਦੇ ਹੱਕ ਵਿੱਚ ਆ ਡਟੇਗਾ। ਇੰਝ ਜਿਹੜੇ ਤੀਜੇ ਵਿਸ਼ਵ ਯੁੱਧ ਵਰਗੇ ਹਾਲਾਤ ਬਣਨਗੇ, ਤਾਂ ਉਸ ਤੋਂ ਸਮੁੱਚੀ ਮਨੁੱਖਤਾ ਨੂੰ ਕੋਈ ਨਹੀਂ ਬਚਾ ਸਕੇਗਾ। ਕੌਮਾਂਤਰੀ ਮਾਹਿਰਾਂ ਅਨੁਸਾਰ ਇਰਾਨ ਦਾ ਇਹ ਤਾਜ਼ਾ ਹਮਲਾ ਕੋਈ ਬਹੁਤਾ ਵਧੀਆ ਸੰਕੇਤ ਨਹੀਂ ਹੈ ਕਿਉਂਕਿ ਜੇ ਕਿਤੇ ਹੋਰ ਇਸਲਾਮਿਕ ਦੇਸ਼ ਇਸ ਜੰਗ ਵਿੱਚ ਕੁੱਦ ਪਏ, ਤਾਂ ਕੌਮਾਂਤਰੀ ਪੱਧਰ ’ਤੇ ਇਸ ਦਾ ਬਹੁਤ ਭੈੜਾ ਅਸਰ ਪਵੇਗਾ। ਉਂਜ ਵੀ ਇਜ਼ਰਾਇਲੀ ਹਮਲਿਆਂ ਨਾਲ ਹੁਣ ਤੱਕ ਲੈਬਨਾਨ ਤੇ ਸੀਰੀਆ ਸਿੱਧੇ ਤੌਰ ’ਤੇ ਪ੍ਰਭਾਵਿਤ ਹੋਏ ਹਨ। ਯੂਰਪ ਵਿੱਚ ਚੱਲ ਰਹੀ ਜੰਗ ਦੇ ਵਿਚਕਾਰ ਮੱਧ ਪੂਰਬ ਵਿੱਚ ਵੀ ਧੂੰਆਂ ਨਿਕਲਣਾ ਸ਼ੁਰੂ ਹੋ ਗਿਆ ਹੈ।

(ਬਾਕੀ ਸਫ਼ਾ 31 ’ਤੇ)

### ਰੂਸ ਵੱਲੋਂ ਪਰਮਾਣੂ ਜੰਗ ਦੀ ਤਿਆਰੀ !

ਰੂਸੀ ਪ੍ਰੋਫ਼ੈਸਰ ਦਮਿਤਰੀ ਇਵਸਟਾਫ਼ੀਏਵ ਦੇ ਅਨੁਸਾਰ ਰੂਸ ਪਰਮਾਣੂ ਹਮਲਿਆਂ ਨਾਲ ਲਗਭਗ 25 ਕਰੋੜ ਯੂਰਪੀਅਨਾਂ ਦਾ ਸਫਾਇਆ ਕਰਨ ਜਾ ਰਿਹਾ ਹੈ। ਰੂਸੀ ਪ੍ਰੋਫ਼ੈਸਰ ਦਮਿਤਰੀ ਇਵਸਟਾਫ਼ੀਏਵ ਨੇ ਇਸ ਹਫ਼ਤੇ ਦੇਸ਼ ਦੇ ਸਰਕਾਰੀ ਮਾਲਕੀ ਵਾਲੇ ਰੋਸੀਆ 1 ਟੀ ਵੀ ਚੈਨਲ ’ਤੇ ਇੱਕ ਬਿਆਨ ਜਾਰੀ ਕੀਤਾ, ਜਿਸ ਵਿੱਚ ਦਾਅਵਾ ਕੀਤਾ ਸੀ ਕਿ ਇਹ ਅਟੱਲ ਹੈ ਕਿ ਵਲਾਦੀਮੀਰ ਪੁਤਿਨ ਪਰਮਾਣੂ ਹਥਿਆਰਾਂ ਨਾਲ ਯੂਰਪ ਨੂੰ ਨਿਸ਼ਾਨਾ ਬਣਾਏਗਾ। ਇਵਸਟਾਫ਼ੀਏਵ ਨੂੰ ਨਹੀਂ ਲੱਗਦਾ ਕਿ ਅਮਰੀਕਾ ਫਾਇਰਿੰਗ ਲਾਈਨ ਵਿੱਚ ਹੋਵੇਗਾ, ਪਰ ਉਸ ਦੇ ਅਨੁਸਾਰ, ਬਦਕਿਸਮਤੀ ਨਾਲ ਯੂਰਪੀਅਨਾਂ ਦੇ ਮਨਾਂ ਨੂੰ ਉਤੇਜਿਤ ਕਰਨ ਦੀਆਂ ਸਾਰੀਆਂ ਕੋਸ਼ਿਸ਼ਾਂ ਅਸਫਲ ਰਹੀਆਂ ਹਨ।ਉਹ ਮਹਿਸੂਸ ਕਰਦੇ ਹਨ ਕਿ ਅਮਰੀਕਾ ਨੂੰ ਆਪਣੀਆਂ ਝੂਠੀਆਂ ਸੰਵੇਦਨਾਵਾਂ ਨੂੰ ਪਾਸੇ ਰੱਖਣਾ ਚਾਹੀਦਾ ਹੈ ਕਿ ਕੋਈ ਯੂਰਪੀਅਨ ਪਰਮਾਣੂ ਯੁੱਧ ਨਹੀਂ ਹੋਵੇਗਾ। ਇਹ ਹੋਵੇਗਾ ਅਤੇ ਇਸ ਨੂੰ ਸਿੱਧੇ ਤੌਰ ’ਤੇ ਦੱਸਿਆ ਜਾਣਾ ਚਾਹੀਦਾ ਹੈ।

### ਇਜ਼ਰਾਈਲ ’ਤੇ ਇਰਾਨੀ ਹਮਲੇ ਕਾਰਨ ਭਾਰਤ ਦੇ 1.1 ਲੱਖ ਕਰੋੜ ਰੁਪਏ ਦੇ ਕਾਰੋਬਾਰ ਦਾ ਵਧਿਆ ਸੰਕਟ

ਇਰਾਨ ਨੇ ਇਜ਼ਰਾਈਲ ’ਤੇ ਹਮਲੇ ਵਿੱਚ ਦੂਜੇ ਦੇਸ਼ਾਂ ਸ਼ਾਮਲ ਹੁੰਦੇ ਹਨ ਤਾਂ ਭਾਰਤ ’ਤੇ ਇਸ ਦਾ ਡੂੰਘਾ ਪ੍ਰਭਾਵ ਪੈ ਸਕਦਾ ਹੈ। ਇਸ ਦਾ ਕਾਰਨ ਇਹ ਹੈ ਕਿ ਦੋਵਾਂ ਦੇਸ਼ਾਂ ਨਾਲ ਭਾਰਤ ਦੇ ਵਪਾਰਕ ਸਬੰਧ ਹਨ। ਦੋਵਾਂ ਦੇਸ਼ਾਂ ਨਾਲ ਭਾਰਤ ਦਾ ਵਪਾਰ ਪਿਛਲੇ ਸਾਲ ਕਰੀਬ 1.1 ਲੱਖ ਕਰੋੜ ਰੁਪਏ ਦਾ ਸੀ। ਇਨ੍ਹਾਂ ਵਿੱਚੋਂ ਇਰਾਨ ਨਾਲ ਲਗਭਗ 20,800 ਕਰੋੜ ਰੁਪਏ ਦਾ ਕਾਰੋਬਾਰ ਸ਼ਾਮਲ ਹੈ। ਭਾਰਤ ਇਰਾਨ ਨੂੰ ਚਾਹ, ਕੌਫੀ ਅਤੇ ਖੰਡ ਭੇਜਦਾ ਹੈ। ਪਿਛਲੇ ਸਾਲ ਇਰਾਨ ਨੂੰ ਲਗਭਗ 15,300 ਕਰੋੜ ਰੁਪਏ ਦਾ ਨਿਰਯਾਤ ਕੀਤਾ ਗਿਆ ਸੀ। ਇਸ ਦੇ ਨਾਲ ਹੀ ਅਸੀਂ ਇਰਾਨ ਤੋਂ ਪੈਟਰੋਲੀਅਮ ਕੋਕ, ਨਟਸ ਅਤੇ ਏਸਾਈਕਲ ਅਲਕੋਹਲ ਸਮੇਤ 5500 ਕਰੋੜ ਰੁਪਏ ਦੀਆਂ ਵਸਤਾਂ ਦੀ ਦਰਾਮਦ ਕੀਤੀ। ਭਾਰਤ ਇਰਾਨ ਦੀ ਚਾਬਹਾਰ ਬੰਦਰਗਾਹ ਅਤੇ ਇਸ ਦੇ ਨਾਲ ਲੱਗਦੇ ਚਾਬਹਾਰ ਸਪੈਸ਼ਲ ਇੰਡਸਟਰੀਅਲ ਜ਼ੋਨ ਵਿੱਚ ਵੀ ਭਾਈਵਾਲ ਹੈ। ਸਰਕਾਰੀ ਅੰਕੜਿਆਂ ਮੁਤਾਬਕ ਭਾਰਤ ਨੇ 2023 ’ਚ ਇਜ਼ਰਾਈਲ ਨਾਲ ਕਰੀਬ 89 ਹਜ਼ਾਰ ਕਰੋੜ ਰੁਪਏ ਦਾ ਕਾਰੋਬਾਰ ਕੀਤਾ ਸੀ। ਇਸ ਵਿੱਚੋਂ ਕਰੀਬ 70 ਹਜ਼ਾਰ ਕਰੋੜ ਰੁਪਏ ਦੀ ਬਰਾਮਦ ਸ਼ਾਮਲ ਹੈ। ਇਸ ਤੋਂ ਇਲਾਵਾ ਦੋਵਾਂ ਦੇਸ਼ਾਂ ਵਿੱਚ ਭਾਰਤ ਦੇ ਲੋਕ ਵੱਡੀ ਗਿਣਤੀ ਵਿੱਚ ਰਹਿ ਰਹੇ ਹਨ। ਇਰਾਨ ਵਿੱਚ ਲਗਭਗ 4000 ਭਾਰਤ ਦੇ ਲੋਕ ਰਹਿ ਰਹੇ ਹਨ। ਇਸ ਦੇ ਨਾਲ ਹੀ ਇਜ਼ਰਾਈਲ ਵਿੱਚ 18500 ਪ੍ਰਵਾਸੀ ਭਾਰਤੀ ਰਹਿ ਰਹੇ ਹਨ।




## ਹਜ਼ਾਰੋਂ ਜਵਾਬੋਂ ਸੇ ਅੱਛੀ ਹੈ ਮੇਰੀ ਖ਼ਾਮੋਸ਼ੀ...

# ਡਾ. ਮਨਮੋਹਨ ਸਿੰਘ





ਬਲਰਾਜ ਪੰਨੂੰ

ਡਾ. ਮਨਮੋਹਨ ਸਿੰਘ ਆਜ਼ਾਦ ਹਿੰਦੁਸਤਾਨ ਦੇ ਉਹ ਪ੍ਰਧਾਨ ਮੰਤਰੀ ਹੋਏ ਨੇ, ਜਿਨ੍ਹਾਂ ਨੂੰ ਅਮਰੀਕਾ ਦੇ ਰਾਸ਼ਟਰਪਤੀ ਓਬਾਮਾ ਨੇ ਆਪਣਾ ਗੁਰੂ ਦੱਸਿਆ। 33 ਸਾਲ ਸਾਂਸਦ ਰਹਿਣ ਤੋਂ ਬਾਅਦ 91 ਸਾਲ ਦੀ ਉਮਰ ਵਿੱਚ ਡਾ. ਮਨਮੋਹਨ ਸਿੰਘ ਰਾਜਨੀਤੀ ਤੋਂ ਰਿਟਾਇਰ ਹੋ ਗਏ ਹਨ। ਸ਼ਾਇਦ ਹੀ ਕੋਈ ਅਜਿਹਾ ਰਾਜਨੇਤਾ ਹੋਵੇਗਾ, ਜਿਸ ਕੋਲ ਉਨ੍ਹਾਂ ਜਿੰਨਾ ਤਜਰਬਾ ਹੋਵੇ, ਤੇ ਉਨ੍ਹਾਂ ਜਿੰਨਾ ਦੇਸ਼ ਨੂੰ ਯੋਗਦਾਨ ਦਿੱਤਾ ਹੋਵੇ। ਉਹ ਮੁੱਖ ਆਰਥਿਕ ਸਲਾਹਕਾਰ ਰਹੇ, 1982 ਤੋਂ 1985 ਤੱਕ ਰਿਜ਼ਰਵ ਬੈਂਕ ਦੇ ਗਵਰਨਰ ਰਹੇ, 1991 ਵਿੱਚ ਵਿੱਤ ਮੰਤਰੀ ਵੀ ਰਹੇ, ਯੂ.ਜੀ.ਸੀ. ਦੇ ਮੁਖੀ ਵੀ ਰਹੇ, ਤੇ ਫੇਰ 2004 ਦੇ ਵਿੱਚ ਦੇਸ਼ ਦੇ ਪ੍ਰਧਾਨ ਮੰਤਰੀ ਬਣ ਗਏ। ਏਨੀ ਵੱਡੀ ਪ੍ਰਸ਼ਾਸਨਿਕ ਤੇ ਰਾਜਨੀਤਿਕ ਯਾਤਰਾ ਦੇ ਬਾਅਦ ਵੀ ਉਹ ਉਸੇ ਤਰ੍ਹਾਂ ਹੀ ਬੇਦਾਗ ਸ਼ਖਸੀਅਤ ਨੇ, ਜਿਸ ਤਰ੍ਹਾਂ ਉਹ ਰਾਜਨੀਤਿਕ ਯਾਤਰਾ ਸ਼ੁਰੂ ਕਰਨ ਸਮੇਂ ਦੁੱਧ ਧੋਤੇ ਸਨ। ਇਹ ਉਹ ਪ੍ਰਧਾਨ ਮੰਤਰੀ ਸਨ ਜਿਨ੍ਹਾਂ ਨੇ ਭਾਰਤ ਨੂੰ ਸਭ ਤੋਂ ਮੁਸ਼ਕਿਲ ਆਰਥਿਕ ਸੰਕਟ ਦੇ ਦੌਰ ਵਿੱਚ ਇੱਕ ਵਾਰ ਨਹੀਂ ਸਗੋਂ ਦੋ ਦੋ ਵਾਰ ਉਭਾਰਿਆ। ਉਨ੍ਹਾਂ ਦੇ ਕਾਰਜਕਾਲ ਵਿੱਚ ਨਾ ਸਿਰਫ਼ ਦੇਸ਼ ਦੀ ਅਰਥ ਵਿਵਸਥਾ ਵਧੀ ਫੁਲੀ,



ਸਗੋਂ ਉਦਯੋਗ ਵਧੇ, ਨੌਕਰੀਆਂ ਦੇ ਵਿੱਚ ਵਾਧਾ ਹੋਇਆ, ਨਵੇਂ ਰੁਜ਼ਗਾਰ ਸਿਰਜੇ ਗਏ, ਰਿਪੋਰਟਾਂ ਮੁਤਾਬਿਕ ਉਨ੍ਹਾਂ ਨੇ ਕਰੀਬ 27 ਕਰੋੜ ਲੋਕਾਂ ਨੂੰ ਗ਼ਰੀਬੀ ਤੋਂ ਉਭਾਰਿਆ। ਉਨ੍ਹਾਂ ਦੀ ਸਾਦਗੀ ਇੱਥੋਂ ਝਲਕਦੀ ਹੈ ਕਿ ਕਹਿੰਦੇ ਨੇ ਕਿ ਇੱਕ ਵਾਰ ਵਿੱਤ ਮੰਤਰੀ ਹੁੰਦੇ ਹੋਇਆ ਅਚਾਨਕ ਮਹਿਮਾਨ ਜ਼ਿਆਦਾ ਆ ਗਏ ਤਾਂ ਉਨ੍ਹਾਂ ਨੂੰ ਖੁਦ ਕੁਰਸੀਆਂ ਉਠਾ ਕੇ ਰੱਖਦਿਆਂ ਵੇਖਿਆ ਗਿਆ। ਦੇਸ਼ਾਂ ਵਿਦੇਸ਼ਾਂ ਦੇ ਵਿੱਚ ਉਨ੍ਹਾਂ ਦੀ ਯੋਗਤਾ ਦਾ ਸਨਮਾਨ ਕੀਤਾ ਜਾਂਦਾ ਸੀ, ਪਰ ਭਾਰਤ 'ਚ ਉਨ੍ਹਾਂ ਦੇ ਵਿਰੋਧੀ 'ਮੋਨ ਸਿੰਘ' ਕਹਿਕੇ ਮਜ਼ਾਕ ਵੀ ਉਡਾਉਂਦੇ ਸੀ ਪਰ ਉਨ੍ਹਾਂ ਦਾ ਜਵਾਬ ਸੀ
" ਹਜ਼ਾਰੋਂ ਜਵਾਬੋਂ ਸੇ ਅੱਛੀ ਹੈ ਮੇਰੀ ਖ਼ਾਮੋਸ਼ੀ,
ਨਾ ਜਾਨੇ ਕਿਤਨੇ ਸਵਾਲੋਂ ਕੀ ਆਬਰੂ ਰਖ ਲੀ।"

ਭਾਰਤ 'ਚ ਉਨ੍ਹਾਂ ਦੇ ਵਿਰੋਧੀਆਂ ਨੇ ਭਾਵੇਂ ਡਾ. ਸਾਹਿਬ ਦੇ ਸਾਹਮਣੇ ਮਰਿਆਦਾ ਦੀ ਵਾਰ ਵਾਰ ਉਲੰਘਣਾ ਕੀਤੀ ਪਰ ਉਨ੍ਹਾਂ ਨੇ ਕਦੇ ਵੀ ਵਿਰੋਧੀਆਂ ਵਰਗੀ ਜ਼ਲੀਲ ਭਾਸ਼ਾ ਨਹੀਂ ਵਰਤੀ। ਇੱਕ ਸਮੇਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਕਿਹਾ ਸੀ ਕਿ ਡਾ. ਮਨਮੋਹਨ ਸਿੰਘ ਰੇਨਕੋਟ ਪਾ ਕੇ ਨਹਾਉਂਦੇ ਹਨ ਪਰ ਪ੍ਰਧਾਨ ਮੰਤਰੀ ਮਨਮੋਹਨ ਸਿੰਘ ਵੀ ਰਿਹਾ ਪਰ ਉਨ੍ਹਾਂ ਨੇ ਮੋਦੀ ਵਰਗੀ ਟਿੱਪਣੀ ਕਦੇ ਵੀ ਕਿਸੇ ਨੂੰ ਨਹੀਂ ਸੀ ਕੀਤੀ। ਹਾਂ, ਇੱਕ ਗੱਲ ਵਿੱਚ ਉਹਨਾਂ ਦੀ ਦੂਰਦ੍ਰਿਸ਼ਟੀ ਹੀ ਕਹਿ ਸਕਦੇ ਹਾਂ ਜਦੋਂ ਉਨ੍ਹਾਂ ਨੇ ਨੋਟਬੰਦੀ ਬਾਰੇ 'Organised loot' ਅਤੇ 'Legalised Plunder' ਕਹਿ ਕੇ ਉਸ ਦੇ ਬੁਰੇ ਪ੍ਰਭਾਵਾਂ ਦੀ ਚਿਤਾਵਨੀ ਦਿੱਤੀ ਸੀ।

ਜਦੋਂ 1991 ਦੇ ਵਿੱਚ ਮਨਮੋਹਨ ਸਿੰਘ ਨੇ ਵਿੱਤ ਮੰਤਰੀ ਦੇ ਤੌਰ 'ਤੇ ਪਹਿਲਾ ਬਜਟ ਰੱਖਿਆ ਤਾਂ ਭਾਰਤ ਨੂੰ "ਉਭਰ ਰਹੀ ਆਰਥਿਕ ਸ਼ਕਤੀ" ਦੱਸਦੇ ਹੋਏ ਉਨ੍ਹਾਂ ਨੇ ਕਿਹਾ ਕਿ "ਸਾਰੀ ਦੁਨੀਆਂ ਧਿਆਨ ਨਾਲ ਸੁਣ ਲਏ, ਭਾਰਤ ਹੁਣ ਜਾਗ ਗਿਆ ਹੈ ਤੇ ਉਹ ਜਿੱਤ ਪ੍ਰਾਪਤ ਕਰੇਗਾ।" ਹੈਰਾਨੀ ਦੀ ਗੱਲ ਇਹ ਹੈ ਕਿ ਉਸ ਸਮੇਂ ਮਨਮੋਹਨ ਸਿੰਘ ਦੇ ਕਹੇ ਸ਼ਬਦ ਅੱਜ ਦੁਹਰਾਏ ਜਾ ਰਹੇ ਹਨ ਅਤੇ ਉਸ ਵੱਲੋਂ ਬਣਾਈਆਂ ਨੀਤੀਆਂ ਦਾ ਫ਼ਾਇਦਾ ਅੱਜ ਵੀ ਉਠਾਇਆ ਜਾ ਰਿਹਾ ਹੈ ਪਰ ਜਿੱਤ ਦਾ ਸਿਹਰਾ ਮਨਮੋਹਨ ਸਿੰਘ ਨੂੰ ਨਹੀਂ ਦਿੱਤਾ ਜਾ ਰਿਹਾ। ਇਸ ਤਰ੍ਹਾਂ ਦਾ ਮਾਹੌਲ ਬਣਾ ਦਿੱਤਾ ਹੈ ਹਾਕਮ ਸਰਕਾਰ ਨੇ, ਕਿ ਮਨਮੋਹਨ ਸਿੰਘ ਨੂੰ ਕੇਵਲ ਕਮਜ਼ੋਰੀਆਂ ਤੇ ਨਾ ਕਾਮਯਾਬੀਆਂ ਦੇ ਤੌਰ 'ਤੇ ਹੀ ਲੋਕਾਂ ਦੇ ਸਾਹਮਣੇ ਪੇਸ਼ ਕਰ ਰਹੇ ਹਨ। ਜਦੋਂ ਕਿ ਆਧਾਰ, ਮਨਰੇਗਾ, ਸਿੱਖਿਆ ਦਾ ਅਧਿਕਾਰ, ਕਿਸਾਨਾਂ ਦੀ ਕਰਜ਼ ਮਾਫ਼ੀ ਦੇ ਵਿੱਚ ਰਾਹਤ ਦੇ ਕੇ ਦੇਸ਼ ਦੇ ਵਿੱਚ ਹੱਕ ਦੀ ਕ੍ਰਾਂਤੀ ਦਾ ਆਰੰਭ ਕੀਤਾ ਤੇ ਆਰ.ਟੀ.ਆਈ. ਵਰਗੇ ਮਹੱਤਵਪੂਰਨ ਕਾਨੂੰਨ ਤੇ ਕਦਮ ਉਨ੍ਹਾਂ ਵੱਲੋਂ ਹੀ ਸ਼ੁਰੂ ਕੀਤੇ ਗਏ ਸਨ। ਕੇਵਲ ਆਰਥਿਕ ਨੀਤੀ ਲਈ ਹੀ ਨਹੀਂ, ਵਿਦੇਸ਼ ਨੀਤੀ ਦੇ ਵਿੱਚ ਵੀ ਉਨ੍ਹਾਂ ਨੇ ਅਜਿਹਾ ਕਦਮ ਉਠਾਇਆ ਕਿ ਦਿਸ਼ਾ ਬਦਲ ਕੇ ਰੱਖ ਦਿੱਤੀ। ਸਾਲ 2008 ਦੇ ਵਿੱਚ ਅਮਰੀਕਾ ਦੇ ਨਾਲ ਪਰਮਾਣੂ ਸਮਝੌਤਾ ਕਰਨ ਦੇ ਲਈ ਉਨ੍ਹਾਂ ਨੇ ਆਪਣੀ ਸਰਕਾਰ ਨੂੰ ਵੀ ਦਾਅ 'ਤੇ ਲਗਾ ਦਿੱਤਾ ਸੀ। ਰਾਸ਼ਟਰ ਸਮੂਹਾਂ ਦੀ ਮੀਟਿੰਗ ਦੇ ਵਿੱਚ ਉਨ੍ਹਾਂ ਨੂੰ ਸੁਣਨ ਦੇ ਲਈ ਰਾਸ਼ਟਰ ਮੁਖੀ ਤੱਕ ਬੇਤਾਬ ਰਹਿੰਦੇ ਸਨ। ਆਪਣੀ ਕਿਤਾਬ 'A Promised Land' ਵਿੱਚ ਰਾਸ਼ਟਰਪਤੀ ਓਬਾਮਾ ਲਿਖਦੇ ਨੇ "ਡਾ. ਮਨਮੋਹਨ ਸਿੰਘ ਬੁੱਧੀਮਾਨ, ਰਾਜਨੀਤਿਕ ਤੇ ਵਿਚਾਰਕ ਰੂਪ ਵਿੱਚ ਇਮਾਨਦਾਰ ਵਿਅਕਤੀ ਹਨ, ਪ੍ਰਧਾਨ ਮੰਤਰੀ ਬਣਨ ਤੋਂ ਪਹਿਲਾਂ ਹੀ ਉਨ੍ਹਾਂ ਨੇ ਭਾਰਤ ਦੇ ਲਈ ਕਈ ਵੱਡੇ ਕੰਮ ਕੀਤੇ ਹਨ, ਮੈਂ ਉਨ੍ਹਾਂ ਨੂੰ ਭਾਰਤ ਦੇ ਆਰਥਿਕ ਕਾਇਆ ਕਲਪ ਦੇ ਵਿੱਚ ਚੀਫ਼ ਆਰਕੀਟੈਕਟ ਦੇ ਰੂਪ ਵਿੱਚ ਵੇਖਦਾ ਹਾਂ।"



ਆਪਣੀ ਮਾਂ ਨੂੰ ਬਹੁਤ ਘੱਟ ਉਮਰ ਦੇ ਵਿੱਚ ਗੁਆ ਦੇਣਾ, ਦੇਸ਼ ਦੀ ਵੰਡ ਦਾ ਦੁੱਖ, ਛੋਟੇ ਜਿਹੇ ਪਿੰਡ ਤੋਂ ਪ੍ਰਧਾਨ ਮੰਤਰੀ ਬਣਨ ਤੱਕ ਦਾ ਸਫ਼ਰ, ਏਸ ਰਸਤੇ 'ਤੇ ਉਸ ਨੇ ਬਹੁਤ ਸਾਰੀਆਂ ਕਠਿਨਾਈਆਂ ਵੇਖੀਆਂ, ਗ਼ਰੀਬੀ ਵੇਖੀ ਪਰ ਜਨਤਕ ਸਭਾ ਦੇ ਵਿੱਚ ਅੱਜ ਦੇ ਪ੍ਰਧਾਨ ਮੰਤਰੀ





ਦੀ ਤਰ੍ਹਾਂ ਕਦੇ ਰੋਇਆ ਨਹੀਂ। ਦੁੱਖ ਦੀ ਗੱਲ ਇਹ ਹੈ ਕਿ ਡਾ. ਸਾਹਿਬ ਨੇ ਇਹਨਾਂ ਗੁਣਾਂ ਦੇ ਬਾਵਜੂਦ ਕਦੇ ਵੀ ਆਪਣੀ ਆਜ਼ਾਦ ਹਸਤੀ ਕਾਇਮ ਕਰਨ ਦੀ ਬਹੁਤੀ ਕੋਸ਼ਿਸ਼ ਨਹੀਂ ਕੀਤੀ। ਕਿਤਾਬ 'ਦ ਐਕਸੀਡੈਂਟਲ ਪ੍ਰਾਈਮ ਮਨਿਸਟਰ' ਵਿੱਚ ਡਾ. ਮਨਮੋਹਨ ਸਿੰਘ ਦੇ ਮੀਡੀਆ ਸਲਾਹਕਾਰ ਰਹੇ ਸੰਜੇ ਬਾਰੂ ਨੇ ਇਹ ਕਹਿੰਦੇ ਦੱਸਿਆ ਹੈ ਕਿ " ਦੇਖੋ, ਤੁਹਾਨੂੰ ਇੱਕ ਚੀਜ਼ ਸਮਝਣੀ ਚਾਹੀਦੀ ਹੈ ਕਿ ਮੈਂ ਸਮਝੌਤਾ ਕਰ ਲਿਆ ਹੈ, ਸੱਤਾ ਦੇ ਦੋ ਕੇਂਦਰ ਨਹੀਂ ਹੋ ਸਕਦੇ।" ਇਹ ਲਾਈਨਾਂ ਕਿਸੇ ਪ੍ਰਧਾਨ ਮੰਤਰੀ ਦੁਆਰਾ ਕਹੀਆਂ ਗਈਆਂ ਸਭ ਤੋਂ ਦੁੱਖ ਵਾਲੀ ਟਿੱਪਣੀ ਹੈ, ਜਿਸ ਦੇ ਵਿਚੋਂ ਜ਼ਾਹਿਰ ਹੈ ਕਿ ਸੱਤਾ ਦਾ ਕੇਂਦਰ ਉਹ ਨਹੀਂ ਸਗੋਂ ਕੋਈ ਹੋਰ ਹੈ।

ਡਾ. ਮਨਮੋਹਨ ਸਿੰਘ ਨੇ ਭਾਰਤ ਦੇ ਵਿੱਤ ਮੰਤਰੀ ਹੁੰਦਿਆਂ ਜਦੋਂ ਬਜਟ ਪੇਸ਼ ਕੀਤਾ ਤਾਂ ਉਹਨਾਂ ਨੇ ਕਈ ਸ਼ੇਅਰ ਵੀ ਸੁਣਾਏ, ਜਿਸ ਕਰਕੇ ਡਾ. ਮਨਮੋਹਨ ਸਿੰਘ ਨੂੰ ਅਨੇਕਾਂ ਲੋਕ ਆਰਥਿਕ ਮਾਹਿਰ ਦੇ ਨਾਲ ਸ਼ਾਇਰ ਵੀ ਕਹਿਣ ਲੱਗ ਪਏ। ਜਦੋਂ ਪੂਰੇ ਸੰਸਾਰ ਵਿੱਚ ਆਰਥਿਕ ਮੰਦੀ ਛਾ ਗਈ ਸੀ, ਉਸ ਸਮੇਂ ਪ੍ਰਧਾਨ ਮੰਤਰੀ ਹੁੰਦਿਆਂ ਡਾ. ਮਨਮੋਹਨ ਸਿੰਘ ਨੇ ਆਪਣੀਆਂ ਮਜ਼ਬੂਤ ਆਰਥਿਕ ਨੀਤੀਆਂ ਕਾਰਨ ਭਾਰਤ 'ਤੇ ਆਰਥਿਕ ਮੰਦੀ ਦਾ ਪ੍ਰਭਾਵ ਨਹੀਂ ਸੀ ਪੈਣ ਦਿੱਤਾ ਸਗੋਂ ਭਾਰਤ ਦੀ ਅਰਥ ਵਿਵਸਥਾ ਪਹਿਲਾਂ ਨਾਲੋਂ ਵੀ ਮਜ਼ਬੂਤ ਹੋ ਗਈ ਸੀ।

ਜਦੋਂ ਡਾ. ਮਨਮੋਹਨ ਸਿੰਘ ਨੇ ਪ੍ਰਧਾਨ ਮੰਤਰੀ ਦਾ ਅਹੁਦਾ ਛੱਡਿਆ ਤਾਂ ਸਾਰੀ ਦੁਨੀਆਂ ਨੇ ਉਹਨਾਂ ਦੀ ਸ਼ਰਾਫ਼ਤ, ਉਹਨਾਂ ਦੀ ਉਦਾਰਤਾ ਅਤੇ ਉਹਨਾਂ ਦੀ ਸੂਝ ਬੂਝ ਦੇ ਲਈ ਵਾਹ ਵਾਹ ਕੀਤੀ, ਕੇਵਲ ਉਹਨਾਂ ਦਾ ਆਪਣਾ ਦੇਸ਼ ਖ਼ਾਮੋਸ਼ ਰਿਹਾ। ਨੀਲੀ ਦਸਤਾਰ, ਚਿਹਰੇ 'ਤੇ ਮੁਸਕਾਨ, ਸੰਜਮ ਤੇ ਮਰਿਆਦਾ ਵਾਲੀ ਭਾਸ਼ਾ, ਅਥਾਹ ਗਿਆਨ ਦੇ ਲਈ ਡਾ. ਮਨਮੋਹਨ ਸਿੰਘ 33 ਸਾਲ ਬਾਅਦ ਰਾਜ ਸਭਾ ਦੇ ਵਿਚੋਂ ਵਿਦਾ ਹੋ ਗਏ ਨੇ। ਆਪਣੇ ਕਾਰਜਕਾਲ ਵਿੱਚ 17 ਪ੍ਰੈਸ ਕਾਨਫ਼ਰੰਸਾਂ ਕਰਨ ਵਾਲੇ ਡਾ. ਮਨਮੋਹਨ ਸਿੰਘ ਨੇ ਜਨਵਰੀ 2014 ਦੇ ਵਿੱਚ ਬਿਲਕੁਲ ਠੀਕ ਕਿਹਾ ਸੀ ਕਿ "History will be Kinder to him'।



# ਸਿੱਖਾਂ ਤੇ ਹਿੰਦੂਆਂ ਦੀਆਂ ਨਿੱਜੀ ਜ਼ਮੀਨਾਂ ਅਤੇ ਜਾਇਦਾਦਾਂ ਹੁਣ ਵਾਪਸ ਕਰੇਗਾ ਤਾਲਿਬਾਨ

## ਘੱਟ ਗਿਣਤੀਆਂ ਲਈ ਚੁੱਕਿਆ ਵੱਡਾ ਕਦਮ, ਨਿਗਰਾਨੀ ਲਈ ਕਮਿਸ਼ਨ ਵੀ ਬਣਾਏ

### ਸਿੱਖਾਂ ਦਾ ਇਤਿਹਾਸਕ ਨਾਤਾ ਰਿਹਾ ਹੈ ਅਫ਼ਗਾਨਿਸਤਾਨ ਨਾਲ

ਅਫ਼ਗਾਨਿਸਤਾਨ ਦੇ ਸਿੱਖਾਂ ਤੇ ਹਿੰਦੂਆਂ ਲਈ ਸ਼ਾਇਦ ਪਹਿਲੀ ਵਾਰ ਚੰਗੀ ਖ਼ਬਰ ਆਈ ਹੈ। ਤਾਲਿਬਾਨ ਨੇ ਅਫ਼ਗਾਨਿਸਤਾਨ ਦੀਆਂ ਘੱਟ ਗਿਣਤੀਆਂ ਦੇ ਹਿੱਤ ਵਿੱਚ ਇੱਕ ਵੱਡਾ ਫ਼ੈਸਲਾ ਲੈਂਦਿਆਂ ਉੱਥੇ ਰਹਿੰਦੇ ਹਿੰਦੂਆਂ ਅਤੇ ਸਿੱਖਾਂ ਦੀਆਂ ਨਿੱਜੀ ਜ਼ਮੀਨਾਂ ਅਤੇ ਜਾਇਦਾਦਾਂ ਹੁਣ ਵਾਪਸ ਕਰਨ ਦਾ ਫ਼ੈਸਲਾ ਕੀਤਾ ਹੈ। ਇੰਨਾ ਹੀ ਨਹੀਂ ਤਾਲਿਬਾਨ ਕੁਝ ਹਿੰਦੂ-ਸਿੱਖ ਪਰਿਵਾਰਾਂ ਦੀ ਦੇਸ਼ ਵਾਪਸੀ ਦੀਆਂ ਤਿਆਰੀਆਂ ਵੀ ਕਰ ਰਿਹਾ ਹੈ। ਇਨ੍ਹਾਂ ਕੰਮਾਂ ਦੀ ਨਿਗਰਾਨੀ ਲਈ ਕਮਿਸ਼ਨ ਵੀ ਬਣਾ ਲਏ ਗਏ ਹਨ।

ਤਾਲਿਬਾਨ ਦੀ ਸਰਕਾਰ ਬਣਨ ਮਗਰੋਂ ਜਿਹੜੇ ਹਿੰਦੂ ਤੇ ਸਿੱਖ ਅਫ਼ਗਾਨਿਸਤਾਨ ਛੱਡ ਗਏ ਸੀ, ਉਨ੍ਹਾਂ ਨੂੰ ਵੀ ਸੁੱਖ ਦਾ ਸਾਹ ਆਇਆ ਹੈ। ਉਸ ਸਮੇਂ ਇਹ ਜ਼ਮੀਨਾਂ ਉਨ੍ਹਾਂ ਕੋਲੋਂ ਪਹਿਲਾਂ ਗ਼ਲਤ ਢੰਗ ਨਾਲ ਖੋਹੀਆਂ ਗਈਆਂ ਸਨ, ਜੋ ਹੁਣ ਵਾਪਸ ਕੀਤੀਆਂ ਜਾ ਰਹੀਆਂ ਹਨ।

ਤਾਲਿਬਾਨ ਦੇ ਸਿਆਸੀ ਦਫ਼ਤਰ ਦੇ ਮੁਖੀ ਸੁਹੇਲ ਸ਼ਾਹੀਨ ਨੇ ਦੱਸਿਆ ਹੈ ਕਿ ਕਾਬੁਲ ਵਿੱਚ ਤਾਲਿਬਾਨ ਦੇ 'ਨਿਆਂ ਮੰਤਰਾਲੇ' ਨੇ ਹਿੰਦੂ ਅਤੇ ਸਿੱਖ ਭਾਈਚਾਰਿਆਂ ਦੇ ਵਿਸਥਾਪਿਤ ਮੈਂਬਰਾਂ ਨੂੰ ਜਾਇਦਾਦ ਵਾਪਸ ਕਰਨੀ ਸ਼ੁਰੂ ਕਰ ਦਿੱਤੀ ਹੈ। ਸੁਹੇਲ ਮੁਤਾਬਕ ਪਿਛਲੀ ਸਰਕਾਰ ਦੌਰਾਨ ਹੜੱਪੀਆਂ ਗਈਆਂ ਸਾਰੀਆਂ ਜਾਇਦਾਦਾਂ ਉਨ੍ਹਾਂ ਦੇ ਮਾਲਕਾਂ ਨੂੰ ਵਾਪਸ ਕਰਨ ਲਈ ਨਿਆਂ ਮੰਤਰੀ ਦੀ ਪ੍ਰਧਾਨਗੀ ਹੇਠ ਇੱਕ ਕਮਿਸ਼ਨ ਬਣਾਇਆ ਗਿਆ ਹੈ। ਸੁਹੇਲ ਸ਼ਾਹੀਨ ਨੇ ਦੱਸਿਆ ਹੈ ਕਿ ਅਫ਼ਗਾਨਿਸਤਾਨ ਦੀ ਆਰਥਿਕਤਾ ਵਿੱਚ ਇਤਿਹਾਸਿਕ ਭੂਮਿਕਾ ਨਿਭਾਉਣ ਵਾਲੇ ਹਿੰਦੂ ਅਤੇ ਸਿੱਖ ਪਰਿਵਾਰਾਂ ਦੀ ਵਾਪਸੀ ਨੂੰ ਯਕੀਨੀ ਬਣਾਉਣ ਲਈ ਇੱਕ ਕਮਿਸ਼ਨ ਵੀ ਬਣਾਇਆ ਗਿਆ ਹੈ। ਉਨ੍ਹਾਂ ਯਾਦ ਦਿਵਾਇਆ ਕਿ ਹਾਲ ਹੀ ਵਿੱਚ ਅਫ਼ਗਾਨਿਸਤਾਨ ਦੇ ਸਾਬਕਾ ਮੈਂਬਰ ਪਾਰਲੀਮੈਂਟ ਨਰਿੰਦਰ ਸਿੰਘ ਖ਼ਾਲਸਾ ਕੈਨੇਡਾ ਤੋਂ ਅਫ਼ਗਾਨਿਸਤਾਨ ਪਰਤ ਆਏ ਹਨ।



ਦਰਅਸਲ, ਅਗਸਤ 2021 ਵਿੱਚ ਤਾਲਿਬਾਨ ਦੇ ਕਬਜ਼ੇ ਨਾਲ ਦੇਸ਼ ਦੀ ਸੰਸਦ ਨੂੰ ਭੰਗ ਕਰ ਦਿੱਤਾ ਗਿਆ ਸੀ। ਅਫ਼ਗਾਨਿਸਤਾਨ ਦਹਾਕਿਆਂ ਤੋਂ ਜੰਗ, ਬੰਬ ਧਮਾਕਿਆਂ, ਨਿਸ਼ਾਨਾ ਕਤਲਾਂ ਦੇ ਪਰਛਾਵੇਂ ਵਿੱਚ ਰਹਿ ਰਿਹਾ ਹੈ। ਪਿਛਲੇ ਕੁਝ ਮਹੀਨਿਆਂ ਤੋਂ ਕੌਮਾਂਤਰੀ ਫ਼ੰਡ ਬੰਦ ਹੋਣ, ਸੋਕੇ ਅਤੇ ਭੂਚਾਲ ਕਾਰਨ ਆਰਥਿਕਤਾ ਦੀ ਮੰਦੀ ਹਾਲਤ ਕਾਰਨ ਲੋਕ ਭੀਖ ਮੰਗਣ ਲਈ ਮਜਬੂਰ ਹਨ ਅਤੇ ਲੋਕਾਂ ਲਈ ਖਾਣ-ਪੀਣ, ਦਵਾਈਆਂ ਦਾ ਪ੍ਰਬੰਧ ਕਰਨਾ ਮੁਸ਼ਕਲ ਹੋ ਗਿਆ ਹੈ। ਜਿਸ ਤੋਂ ਬਾਅਦ ਕਈ ਘੱਟ ਗਿਣਤੀਆਂ ਨੇ ਦੂਜੇ ਦੇਸ਼ਾਂ ਵਿੱਚ ਸ਼ਰਨ ਲੈ ਲਈ ਸੀ। ਉਥੇ ਹਾਲਾਤ ਇਹ ਹੋ ਗਏ ਸਨ ਕਿ ਸਿਰਫ਼ ਇਸ ਗੁਰੂ-ਘਰ ਵਿੱਚ ਹੀ ਪੋਟਿਆਂ 'ਤੇ ਗਿਣੇ ਜਾਣ ਜੋਗੇ ਸਿੱਖ ਰਹਿ ਗਏ ਸਨ ਕਿਉਂਕਿ ਬਾਕੀ ਸਭ ਦੇਸ਼ ਛੱਡ ਕੇ ਚਲੇ ਗਏ ਸਨ। ਬਾਅਦ ਵਿੱਚ ਉਹ ਆਖ਼ਰੀ ਸਿੱਖ ਵੀ ਭਾਰਤ ਆ ਗਏ ਸਨ ਤੇ ਉਹ ਆਪਣੇ ਨਾਲ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਦੋ ਸਰੂਪ ਵੀ ਲਿਆਏ ਸਨ। ਉਸ ਹਮਲੇ ਲਈ ਖੁਰਾਸਾਨ ਸੂਬੇ ਦੀ 'ਇਸਲਾਮਿਕ ਸਟੇਟ' ਨੂੰ ਜ਼ਿੰਮੇਵਾਰ ਕਰਾਰ ਦਿੱਤਾ ਗਿਆ ਸੀ।

ਨੀਦਰਲੈਂਡ ਆਧਾਰਿਤ ਅਫ਼ਗਾਨ ਟਿੱਪਣੀਕਾਰ ਸੰਗਰ ਪਿਖਰ ਨੇ ਕਿਹਾ ਕਿ ਨਰਿੰਦਰ ਸਿੰਘ ਖ਼ਾਲਸਾ ਤੇ ਉਨ੍ਹਾਂ ਦੇ ਪਰਿਵਾਰ ਦੀ ਵਾਪਸੀ ਦਰਸਾਉਂਦੀ ਹੈ ਕਿ ਅਫ਼ਗਾਨਿਸਤਾਨ ਧਾਰਮਿਕ ਘੱਟ ਗਿਣਤੀਆਂ ਨਾਲ ਸਬੰਧਿਤ ਨੇਤਾਵਾਂ ਦਾ ਸਵਾਗਤ ਕਰਦਾ ਹੈ ਜੋ ਵਾਪਸ ਆਉਣਾ ਚਾਹੁੰਦੇ ਹਨ। ਤਾਲਿਬਾਨ ਦੇ ਇੱਕ ਅਧਿਕਾਰੀ ਨੇ ਕਿਹਾ ਕਿ ਇਹ ਪਹਿਲ ਦੇਸ਼ ਵਿੱਚ ਧਾਰਮਿਕ ਘੱਟ ਗਿਣਤੀਆਂ ਨਾਲ ਹੋ ਰਹੀ ਬੇਇਨਸਾਫ਼ੀ ਨੂੰ ਦੂਰ ਕਰਨ ਦੀ ਦਿਸ਼ਾ ਵਿੱਚ ਇੱਕ ਅਹਿਮ ਕਦਮ ਹੈ। ਉਧਰ ਭਾਰਤੀ ਅਧਿਕਾਰੀ ਤਾਲਿਬਾਨ ਦੇ ਇਸ ਫ਼ੈਸਲੇ ਨੂੰ ਭਾਰਤ ਪ੍ਰਤੀ ਸਕਾਰਾਤਮਕ ਸੰਕੇਤ ਵਜੋਂ ਦੇਖ ਰਹੇ ਹਨ।

ਇਥੇ ਜ਼ਿਕਰਯੋਗ ਹੈ ਕਿ ਅਫ਼ਗਾਨਿਸਤਾਨ ਵਿੱਚ ਸਿੱਖ ਸਿੱਖ ਪੰਥ ਦੇ ਬਾਨੀ ਗੁਰੂ ਨਾਨਕ ਦੇਵ ਜੀ ਜਦੋਂ ਉਦਾਸੀਆਂ 'ਤੇ ਨਿਕਲੇ ਤਾਂ ਚੌਥੀ ਉਦਾਸੀ ਵੇਲੇ ਉਹ ਅਫ਼ਗਾਨਿਸਤਾਨ ਪਹੁੰਚੇ ਸਨ । ਉਹ ਅਰਬੀ ਤੇ ਫ਼ਾਰਸੀ ਸਮੇਤ ਕਈ ਜ਼ਬਾਨਾਂ ਬੋਲਦੇ ਸਨ। ਅਫ਼ਗਾਨਿਸਤਾਨ ਦੇ ਜਲਾਲਾਬਾਦ ਵਿੱਚ ਗੁਰੂ ਨਾਨਕ ਦਰਬਾਰ ਗੁਰਦੁਆਰਾ ਸਾਹਿਬ ਹੈ। ਇਤਿਹਾਸ ਮੁਤਾਬਕ ਗੁਰੂ ਨਾਨਕ ਦੇਵ ਜੀ ਉੱਥੇ ਆਏ ਸਨ। ਉਸ ਤੋਂ ਉੱਤੇ ਸੁਲਤਾਨਪੁਰ ਵਿੱਚ ਇੱਕ ਚਸ਼ਮਾ ਹੈ, ਜਿੱਥੇ ਇੱਕ ਚਾਰ ਦੀਵਾਰੀ ਕੀਤੀ ਹੋਈ ਸੀ। ਇੱਥੇ ਤਾਲਿਬਾਨ ਤੋਂ ਪਹਿਲਾਂ ਤੱਕ ਵਿਸਾਖੀ ਦਾ ਮੇਲਾ ਲੱਗਦਾ ਸੀ। ਇਸ ਤੋਂ ਬਾਅਦ ਇੱਕ ਹੋਰ ਗੁਰਦੁਆਰਾ ਕਾਬੁਲ ਵਿੱਚ ਹੈ, ਜਿਸ ਦਾ ਨਾਂ ਗੁਰੂ ਹਰਿ ਰਾਇ ਸਾਹਿਬ ਹੈ। ਇਸੇ ਗੁਰਦੁਆਰਾ ਸਾਹਿਬ ਉੱਤੇ 25 ਮਾਰਚ 2020 ਨੂੰ ਅੱਤਵਾਦੀ ਹਮਲਾ ਹੋਇਆ ਸੀ। ਸਿੱਖਾਂ ਦੇ ਸੱਤਵੇਂ ਗੁਰੂ, ਹਰਿ ਰਾਇ ਜੀ ਨੇ ਸਿੱਖ ਧਰਮ ਦੇ ਪ੍ਰਚਾਰ ਲਈ ਭਾਈ ਗੌਂਡਾ ਨੂੰ ਅਫ਼ਗਾਨਿਸਤਾਨ ਦੇ ਕਾਬੁਲ ਸ਼ਹਿਰ ਭੇਜਿਆ ਸੀ ਤੇ ਉਨ੍ਹਾਂ ਨੇ ਇੱਥੇ ਆ ਕੇ ਗੁਰੂ ਸਾਹਿਬ ਦੇ ਨਾਂ ਉੱਤੇ ਇੱਥੇ ਗੁਰਦੁਆਰਾ ਸਾਹਿਬ ਦੀ ਸਥਾਪਨਾ ਕੀਤੀ ਸੀ। ਡਾ. ਗੰਡਾ ਸਿੰਘ ਨੇ ਆਪਣੀ ਕਿਤਾਬ 'ਅਫ਼ਗਾਨਿਸਤਾਨ ਦਾ ਸਫ਼ਰ' ਵਿੱਚ ਕੁਝ ਹੋਰ ਗੁਰਧਾਮਾਂ ਦੇ ਨਾਂ ਵੀ ਲਿਖੇ ਹਨ। ਜਿਵੇਂ, ਬਾਬਾ ਗੰਜ ਬਖਸ਼, ਗੁਰਦੁਆਰਾ ਜੋਤੀ ਸਰੂਪ, ਗੁਰਦੁਆਰਾ ਬਾਬਾ ਗੁਰਬਖਸ਼ ਸਿੰਘ, ਕੰਧਾਰੀ ਕੂਚਾ, ਗੁਰਦੁਆਰਾ ਭਾਈ ਪਿਰਾਣਾ ਸਰਾਇ ਲਾਹੌਰੀਆਂ ਤੇ ਗੁਰਦੁਆਰਾ ਭਾਈ ਮਨਸਾ ਸਿੰਘ। ਡਾ. ਗੰਡਾ ਸਿੰਘ ਨੇ ਆਪਣੀ ਕਿਤਾਬ ਵਿੱਚ ਉਸੇ ਵੇਲੇ ਦੇ ਕਈ ਸਿੱਖਾਂ ਦਾ ਜ਼ਿਕਰ ਕੀਤਾ ਹੈ ਜਿਨ੍ਹਾਂ ਦੇ ਘਰ ਵਿੱਚ ਗੁਰੂ ਗ੍ਰੰਥ ਸਾਹਿਬ ਦੇ ਹੱਥ ਲਿਖਤ ਸਰੂਪ ਮੌਜੂਦ ਸਨ।

ਅਫ਼ਗਾਨਿਸਤਾਨ ਵਿੱਚ ਮੁਗਲਾਂ ਵੇਲੇ ਅਤੇ ਮਹਾਰਾਜਾ ਰਣਜੀਤ ਸਿੰਘ ਦੇ ਰਾਜ ਵੇਲੇ ਵੀ ਵੱਡੀ ਗਿਣਤੀ ਵਿੱਚ ਸਿੱਖ ਰਹਿ ਰਹੇ ਸਨ। ਅੰਗਰੇਜ਼ੀ ਹਕੂਮਤ ਵੇਲੇ ਵੀ ਸਿੱਖਾਂ ਦੀ ਖਾਸੀ ਤਾਦਾਦ ਅਫ਼ਗਾਨਿਸਤਾਨ ਵਿੱਚ ਸੀ। ਅਫ਼ਗਾਨਿਸਤਾਨ ਤੋਂ ਰੂਸ ਦੇ ਜਾਣ ਮਗਰੋਂ ਮੋਹੰਮਦ ਨਜੀਬਉੱਲਾਹ ਦੀ ਸਰਕਾਰ ਆਈ। ਉਸ ਤੋਂ ਬਾਅਦ ਅਫ਼ਗਾਨਿਸਤਾਨ ਵਿੱਚ ਮੁਜਾਹੀਦੀਨ ਸਰਗਰਮ ਹੋਏ ਹਾਲਾਤ ਬਦਲੇ ਤਾਂ ਕਤਲੋਗਾਰਦ, ਲੁੱਟ ਖਸੁੱਟ ਅਤੇ ਦਹਿਸ਼ਤਗਰਦੀ ਦੇ ਮਾਹੌਲ ਤੋਂ ਘਬਰਾਏ ਘੱਟਗਿਣਤੀ ਭਾਈਚਾਰੇ ਖਾਸਕਰ ਹਿੰਦੂ ਅਤੇ ਸਿੱਖਾਂ ਨੇ ਅਫ਼ਗਾਨਿਸਤਾਨ ਤੋਂ ਹਿਜਰਤ ਕਰਨੀ ਸ਼ੁਰੂ ਕਰ ਦਿੱਤੀ ਸੀ।

## ਸਿੱਖਾਂ ਦੀ ਰਾਜਸੀ, ਸਮਾਜਿਕ ਤੇ ਆਰਥਿਕ ਹੋਣੀ ਬਾਰੇ ਵਿਚਾਰ ਚਰਚਾ



ਪਿਛਲੇ ਕੁੱਝ ਸਮੇਂ ਤੋਂ ਕੌਮੀ ਹਲਕਿਆਂ ਵਿੱਚ ਪੱਛਮ, ਆਧੁਨਿਕਤਾ, ਰਾਸ਼ਟਰਵਾਦ ਅਤੇ ਨੇਸ਼ਨ- ਸਟੇਟ ਦੇ ਸਿੱਖ ਪਰੰਪਰਾਵਾਂ ਦੇ ਵਿਰੋਧ ਬਾਰੇ ਵਿਵਾਦ ਚੱਲ ਰਿਹਾ ਹੈ। ਇਸ ਵਿਵਾਦ ਦਾ ਸਿਧਾਂਤਕ ਆਧਾਰ ਖਾਸ ਕਰਕੇ ਉੱਤਰ- ਬਸਤੀਵਾਦੀ ਵਿਚਾਰਾਂ ਤੋਂ ਪੈਦਾ ਹੋਈ ਯੂਰਪ ਕੇਂਦ੍ਰਿਤ ਵਿਰੋਧਤਾ ਹੈ ਪਰ ਇੰਨਾਂ ਸਾਰੇ ਵਰਤਾਰਿਆਂ ਦੇ ਸਿੱਖਾਂ ਦੀ ਰਾਜਸੀ, ਸਮਾਜਿਕ ਤੇ ਆਰਥਿਕ ਹੋਣੀ 'ਤੇ ਡੂੰਘੇ ਅਸਰ ਪਏ ਹਨ। ਇਸ ਕਰਕੇ ਇੰਨਾਂ ਵਰਤਾਰਿਆਂ ਸਬੰਧੀ ਵੱਡੀ ਸਿਧਾਂਤਕ ਚਰਚਾ ਦੀ ਜ਼ਰੂਰਤ ਹੈ। ਆਸ ਹੈ ਕਿ ਕੌਮੀ ਤੌਰ 'ਤੇ ਚੇਤੰਨ ਸਿੱਖ ਇਸ ਚਰਚਾ ਵਿੱਚ ਆਪਣਾ ਵਿਚਾਰਕ ਹਿੱਸਾ ਪਾਉਣਗੇ। ਇਸ ਸਬੰਧੀ ਵਿਦਵਾਨ ਲੇਖਕ ਆਪਣੇ ਵਿਚਾਰ 500 ਸ਼ਬਦਾਂ ਵਿੱਚ ਯੂਨੀਕੋਡ ਜਾਂ ਸਤਲੁਜ ਫੌਂਟ ਵਿੱਚ ਲਿਖ ਕੇ ਈਮੇਲ ਰਾਹੀਂ ਭੇਜ ਸਕਦੇ ਹਨ

ਈ ਮੇਲ : asrtimes@gmail.com

CAPITAL SERVICES
INSURANCE | VEHICLE REG. | IMMIGRATION | NOTARY PUBLIC | LIVE SCAN
ਸੈਕਰਾਮੈਂਟੋ, ਕੈਲੀਫੋਰਨੀਆ
AUTO · HOME · TRUCK · BUSINESS · LIFE · MEDICAL
ਪਾਸਪੋਰਟ / ਵੀਜ਼ਾ
* ਓ ਸੀ ਆਈ
* ਸਰੈਂਡਰ ਸਰਟੀਫਿਕੇਟ, ਪੈਨ ਕਾਰਡ
* ਫੈਮਲੀ ਪਟੀਸ਼ਨ * ਗਰੀਨ ਕਾਰਡ
* ਸਿਟੀਜਨ * ਵਸੀਅਤ *Living Trust
* ਫੈਮਲੀ ਪਟੀਸ਼ਨ *Legal Documents
The Attorney has 25 years of experience in your favor for all legal services.
Vehicle Registration
(Approved by CA DMV)
* ਕਾਰ ਸਟਿੱਕਰ ਸਲਾਨਾ
* ਕਾਰ ਟਰਾਂਸਫਰ
* ਪਲੇਟਾਂ ਤੇ ਸਟਿੱਕਰ
* ਕਮਰਸ਼ੀਅਲ ਵਹੀਕਲ
* Vin Verification
Lic 43779
Other Services
* Live Scan / Fingerprints
* Covered California.
* Drug Testing * Alcohol Test
* Notary Services
* International Driver Lic.
Lic. 6000947
Office Ph.(916) 427-4321
6624 FLORIN ROAD, SACRAMENTO CA, 95828
FAX: 916)258-0441, Cell: (916)308-7997
Email: sacramento99@yahoo.com Website: www.capitalservices.us

ALL STATE INSURANCE
Allstate You're in good hands.
ਕਿਸੇ ਕਿਸਮ ਦੀ ਇਨਸੋਰੈਂਸ ਵਾਸਤੇ ਅੱਜ ਹੀ ਕਾਲ ਕਰੋ
ਇੱਕ ਕਾਲ ਨਾਲ ਤੁਹਾਡੀ ਵੱਡੀ ਬੱਚਤ ਹੋ ਸਕਦੀ ਹੈ
AUTO HOME LIFE HEALTH BUSINESS
Avninder Singh
Insurance Specialist, CA --LIC: #0822501
Phone : (510) 441-7490
(877) 441-7490
FAX : (510) 441-2537
ADDRESS : 30042 MISSION BLVD
SUITE #221, HAYWARD, CA 94544

CAPITAL DRUG TESTING
Capital DRUG TESTING
Drug and Alcohol Test
DOT / NON DOT
PRE EMPLOYMENT - RANDOM
POST ACCIDENT - REASONABLE SUSPICION
Services: DOT Random Prog., FMCSA Clearinghouse,
DOT Supervisor Training, SAP Classes Etc.
Lab. Ph:(916) 680-9293
6624 Florin Road
Sacramento CA, 95828
Email: capitaldrugtest@gmail.com
Website: www.capitaldrugtest.com

# ਲੋਕ ਸਭਾ 2024 ਦੌਰਾਨ ਪੰਜਾਬ ਵਿੱਚ ਕਿਸਾਨੀ ਬਣਿਆ ਵੱਡਾ ਮੁੱਦਾ

## ➢ ਭਾਜਪਾ ਉਮੀਦਵਾਰਾਂ ਦੇ ਘਿਰਾਓ ਦੀ ਕਿਸਾਨ ਮੁਹਿੰਮ ਜਾਰੀ ➢ ਕਾਰਪੋਰੇਟਾਂ ਦੇ ਬਣਾਏ ਸਾਈਲੋਜ਼ ਵਿਰੁੱਧ ਕਿਸਾਨਾਂ ਨੇ ਛੇੜੀ ਮੁਹਿੰਮ

ਪੰਜਾਬ ਵਿੱਚ 2024 ਦੀਆਂ ਲੋਕ ਸਭਾ ਚੋਣਾਂ ਲਈ ਵੋਟਿੰਗ ਆਖਰੀ ਗੇੜ ਵਿੱਚ 1 ਜੂਨ ਨੂੰ ਹੋਣੀ ਹੈ। ਕੇਂਦਰ ਸਰਕਾਰ ਦੇ ਤਿੰਨ ਖੇਤੀ ਕਾਨੂੰਨਾਂ ਖ਼ਿਲਾਫ਼ ਮੋਹਰੀ ਚਿਹਰਾ ਬਣੇ ਇਸ ਸੂਬੇ ਪੰਜਾਬ ਦੇ ਆਪਣੇ ਮੁੱਦੇ ਹਨ ਜਿਨ੍ਹਾਂ ਦੇ ਹੱਲ ਅਜੇ ਤੱਕ ਨਹੀਂ ਹੋਏ ਹਨ। ਸੰਯੁਕਤ ਕਿਸਾਨ ਮੋਰਚਾ ਦੇ ਸੱਦੇ 'ਤੇ ਕਿਸਾਨਾਂ ਦੁਆਰਾ ਪੰਜਾਬ ਵਿੱਚ ਭਾਜਪਾ ਦੇ ਉਮੀਦਵਾਰਾਂ ਦਾ ਲਗਾਤਾਰ ਵਿਰੋਧ ਜਾਰੀ ਹੈ। ਕਿਸਾਨਾਂ ਦੇ ਵਿਰੋਧ ਕਾਰਨ ਭਾਜਪਾ ਦੇ ਉਮੀਦਵਾਰਾਂ ਫਰੀਦਕੋਟ ਤੋਂ ਭਾਜਪਾ ਦੇ ਉਮੀਦਵਾਰ ਗਾਇਕ ਹੰਸ ਰਾਜ, ਪਟਿਆਲਾ ਤੋਂ ਉਮੀਦਵਾਰ ਪਰਨੀਤ ਕੌਰ, ਤਰੁਣਜੀਤ ਸਿੰਘ ਸੰਧੂ ਲੋਕ ਸਭਾ ਹਲਕਾ ਅੰਮ੍ਰਿਤਸਰ ਦਾ ਪਿੰਡਾਂ ਵਿੱਚ ਚੋਣ ਪ੍ਰਚਾਰ ਕਰਨਾ ਮੁਸ਼ਕਿਲ ਹੋਇਆ ਪਿਆ ਹੈ। ਕਿਸਾਨ ਤਾਂ ਭਾਜਪਾ ਦੇ ਉਮੀਦਵਾਰਾਂ ਦੇ ਬਾਈਕਾਟ ਦੇ ਪਿੰਡਾਂ ਵਿੱਚ ਹੋਰਡਿੰਗਜ਼ ਲਾਉਣ ਲੱਗ ਪਏ ਹਨ। ਚਰਚਾ ਤਾਂ ਇਹ ਵੀ ਹੈ ਕਿ ਕੇਂਦਰ ਦੀਆਂ ਹਦਾਇਤਾਂ 'ਤੇ ਭਾਰਤੀ ਚੋਣ ਕਮਿਸ਼ਨ ਨੇ ਕਿਸਾਨਾਂ ਦੇ ਵਿਰੋਧ ਤੋਂ ਡਰਦਿਆਂ ਪੰਜਾਬ ਵਿੱਚ ਚੋਣਾਂ ਸਭ ਤੋਂ ਆਖਰੀ ਪੜਾਅ 'ਤੇ ਰੱਖੀਆਂ ਹਨ। ਕਿਸਾਨਾਂ ਨੇ ਇਹ ਵੀ ਧਾਰ ਰੱਖੀ ਹੈ ਕਿ ਜਿਨ੍ਹਾਂ ਨੇ ਕਿਸਾਨਾਂ ਨੂੰ ਦਿੱਲੀ ਵਿੱਚ ਨਹੀਂ ਵੜਨ ਦਿੱਤਾ, ਉਹ ਉਸੇ ਪਾਰਟੀ ਦੇ ਉਮੀਦਵਾਰਾਂ ਨੂੰ ਪਿੰਡਾਂ ਵਿੱਚ ਨਹੀਂ ਵੜਨ ਦੇਣਗੇ। ਕਿਸਾਨਾਂ





ਦੀ ਇਹ ਸੋਚ ਕਾਫੀ ਹੱਦ ਤਕ ਜਾਇਜ਼ ਵੀ ਹੈ ਅਤੇ ਲੋਕ ਇਸ ਨਾਲ ਆਪਣੀ ਸਹਿਮਤੀ ਵੀ ਦਿਖਾ ਰਹੇ ਹਨ।

ਸਿਆਸੀ ਮਾਮਲਿਆਂ ਦੇ ਮਾਹਿਰ ਜਸਪਾਲ ਸਿੰਘ ਸਿੱਧੂ ਦਾ ਕਹਿਣਾ ਹੈ ਕਿ ਜਦੋਂ 2020 ਵਿੱਚ ਕੇਂਦਰ ਸਰਕਾਰ ਦੇ ਤਿੰਨ ਖੇਤੀ ਕਾਨੂੰਨਾਂ ਖ਼ਿਲਾਫ਼ ਪ੍ਰਦਰਸ਼ਨ ਸ਼ੁਰੂ ਹੋਇਆ ਤਾਂ ਪੰਜਾਬ ਦੇ ਕਿਸਾਨਾਂ ਦੀ ਉਸ ਵਿੱਚ ਵੱਡੀ ਸ਼ਮੂਲੀਅਤ ਸੀ। ਉਹ ਅੰਦੋਲਨ ਸਫਲ ਵੀ ਹੋਇਆ ਤੇ ਤਿੰਨ ਖੇਤੀ ਕਾਨੂੰਨ ਕੇਂਦਰ ਸਰਕਾਰ ਨੂੰ ਵਾਪਸ ਵੀ ਲੈਣੇ ਪਏ ਸਨ। ਸਰਕਾਰ ਨੇ ਐੱਮਐੱਸਪੀ 'ਤੇ ਕਾਨੂੰਨ ਬਣਾਉਣ ਸਣੇ ਕਈ ਮੰਗਾਂ ਉੱਤੇ ਅਜੇ ਕੰਮ ਨਹੀਂ ਕੀਤਾ ਹੈ ਕਿਸਾਨਾਂ ਮੁਤਾਬਕ ਉਸ ਵੇਲੇ ਕੀਤੇ ਕਈ ਵਾਅਦੇ ਸਰਕਾਰ ਵੱਲੋਂ ਪੂਰੇ ਨਹੀਂ ਕੀਤੇ ਗਏ। ਉਨ੍ਹਾਂ ਦਾ ਕਹਿਣਾ ਹੈ ਕਿ ਭਾਰਤ ਸਰਕਾਰ ਦੀ ਰਿਪੋਰਟ ਮੁਤਾਬਕ ਪੰਜਾਬ ਦੇ ਕਿਸਾਨਾਂ ਉੱਤੇ ਪੂਰੇ ਦੇਸ਼ ਦੇ ਮੁਕਾਬਲੇ ਵੱਧ ਕਰਜ਼ਾ ਹੈ। ਪੰਜਾਬ ਦੇ ਪ੍ਰਤੀ ਕਿਸਾਨ ਪਰਿਵਾਰ ਉੱਤੇ 2 ਲੱਖ 95 ਹਜ਼ਾਰ ਰੁਪਏ ਦਾ ਕਰਜ਼ਾ ਹੈ। ਪੰਜਾਬ ਦੇ ਖੇਤੀ ਸੰਕਟ ਦਾ ਅੰਦਾਜ਼ਾ ਇਸੇ ਗੱਲ ਤੋਂ ਲਗਾਇਆ ਜਾ ਸਕਦਾ ਹੈ ਕਿ ਸਾਲ 2000 ਤੋਂ 2024 ਤੱਕ 20 ਤੋਂ 22 ਹਜ਼ਾਰ ਕਿਸਾਨਾਂ ਅਤੇ ਖੇਤ ਮਜ਼ਦੂਰਾਂ ਨੇ ਪੰਜਾਬ ਵਿੱਚ ਖੁਦਕੁਸ਼ੀ ਕੀਤੀ ਹੈ।

ਖੇਤੀ ਮਾਹਿਰ ਆਰ ਐੱਸ ਘੁੰਮਣ ਕਹਿੰਦੇ ਹਨ ਕਿ ਕਿਸਾਨੀ ਧਰਨੇ ਦੌਰਾਨ ਸ਼ੁਭਕਰਨ ਦੀ ਮੌਤ ਵੀ ਵੋਟ ਪਾਉਣ ਵੇਲੇ ਕਿਸਾਨਾਂ ਦੇ ਦਿਮਾਗ ਵਿੱਚ ਰਹਿ ਸਕਦੀ ਹੈ। ਉਹ ਮੰਨਦੇ ਹਨ ਕਿ ਅਸਲ ਵਿੱਚ ਪੰਜਾਬ ਦੇ ਕਿਸਾਨਾਂ ਦੇ ਲਈ ਇੱਕ ਖੇਤੀ ਨੀਤੀ ਦੀ ਲੋੜ ਹੈ। ਕਿਸਾਨਾਂ ਨੂੰ ਸਿਆਸੀ ਪਾਰਟੀਆਂ ਨੂੰ ਪੁੱਛਣਾ ਚਾਹੀਦਾ ਹੈ ਕਿ ਉਹ ਕਿਸਾਨਾਂ ਲਈ ਕਿਹੜੀ ਨੀਤੀ ਬਣਾਉਣ ਦੀ ਵਾਅਦਾ ਕਰ ਰਹੇ ਹਨ। ਪ੍ਰੋਫ਼ੈਸਰ ਘੁੰਮਣ ਅਨੁਸਾਰ ਖੇਤੀ ਵਿੱਚ ਰੁਜ਼ਗਾਰ ਤੇ ਰੁਜ਼ਗਾਰ ਦੇ ਮੌਕੇ ਕਾਫੀ ਘੱਟ ਗਏ ਹਨ ਤੇ ਇਹ ਵੀ ਸਿੱਧਾ ਆਮਦਨ ਨਾਲ ਜੁੜਿਆ ਹੋਇਆ ਹੈ। ਇਸ ਦੇ ਨਾਲ ਹੀ ਪੰਜਾਬ ਵਿੱਚ ਕੇਵਲ ਦੋ ਫਸਲਾਂ ਉੱਤੇ ਹੀ ਐੱਮਐੱਸਪੀ ਮਿਲ ਰਹੀ ਹੈ ਜਿਸ ਕਾਰਨ ਪੰਜਾਬ ਦੀ ਖੇਤੀ ਦੋ ਫਸਲਾਂ ਤੱਕ ਸੀਮਿਟ ਕੇ ਰਹਿ ਗਈ ਹੈ। ਇਸ ਵੇਲੇ ਪੰਜਾਬ ਨੂੰ ਫਸਲੀ ਵਿਭਿੰਨਤਾ ਦੀ ਬਹੁਤ ਜ਼ਿਆਦਾ ਜ਼ਰੂਰਤ ਹੈ।

ਸਮਾਜਿਕ ਕਾਰਕੁਨ ਡਾਕਟਰ ਪਿਆਰੇ ਲਾਲ ਗਰਗ ਆਖਦੇ ਹਨ ਹਨ ਕਿ ਕਿਸਾਨੀ ਪੰਜਾਬ ਵਿੱਚ ਇੱਕ ਅਹਿਮ ਮੁੱਦਾ ਰਹੇਗੀ। ਉਹ ਕਹਿੰਦੇ ਹਨ, ਕਿਸਾਨਾਂ ਨੇ ਭਾਜਪਾ ਖ਼ਿਲਾਫ਼ ਮੋਰਚਾ ਖੋਲ੍ਹਿਆ ਹੈ। ਕਿਸਾਨਾਂ ਨੇ ਐਲਾਨ ਕੀਤਾ ਹੈ ਕਿ ਭਾਜਪਾ ਨੂੰ ਪੰਜਾਬ ਦੇ ਪਿੰਡਾਂ ਵਿੱਚ ਨਹੀਂ ਵੜਨ ਦਿੱਤਾ ਜਾਵੇਗਾ। ਦੂਜੇ ਪਾਸੇ ਸ਼ੰਭੂ ਬਾਰਡਰ ਉੱਤੇ ਜਿਵੇਂ ਕਿਸਾਨਾਂ ਨੂੰ ਰੋਕਿਆ ਗਿਆ ਹੈ ਉਹ ਵੀ ਵੋਟ ਪਾਉਣ ਵੇਲੇ ਕਿਸਾਨਾਂ ਦੇ ਦਿਮਾਗ ਵਿੱਚ ਰਹੇਗਾ। ਗਰਗ ਦਾ ਕਹਿਣਾ ਹੈ ਕਿ ਕਿਸਾਨਾਂ ਦੇ ਦੂਜੀਆਂ ਪਾਰਟੀਆਂ ਬਾਰੇ ਰੁੱਖ਼ 'ਤੇ ਪਿਆਰੇ ਲਾਲ ਗਰਗ ਕਹਿੰਦੇ ਹਨ, (**ਬਾਕੀ ਸਫ਼ਾ 30 'ਤੇ**)

### ਕਿਸਾਨ ਧਿਰਾਂ ਨੇ ਭਾਜਪਾ ਉਮੀਦਵਾਰਾਂ ਤੋਂ ਪੁੱਛੇ ਗਿਆਰਾਂ ਸਵਾਲ

ਸੰਯੁਕਤ ਕਿਸਾਨ ਮੋਰਚਾ ਦੇ ਆਗੂਆਂ ਬਲਵੀਰ ਸਿੰਘ ਰਾਜੇਵਾਲ, ਪ੍ਰੇਮ ਸਿੰਘ ਭੰਗੂ, ਅੰਗਰੇਜ਼ ਸਿੰਘ ਭਦੌੜ, ਰਵਨੀਤ ਸਿੰਘ ਬਰਾੜ ਨੇ ਗਿਆਰਾਂ ਸਵਾਲ ਜਾਰੀ ਕੀਤੇ ਹਨ ਤੇ ਕਿਸਾਨਾਂ ਤੇ ਲੋਕਾਂ ਨੂੰ ਭਾਜਪਾ ਉਮੀਦਵਾਰਾਂ ਤੋਂ ਸਵਾਲ ਪੁੱਛਣ ਦੀ ਅਪੀਲ ਕੀਤੀ ਹੈ।

1) ਅੰਦੋਲਨ ਸਮੇਂ ਕਿਸਾਨਾਂ ਸਾਹਮਣੇ ਕਿੱਲ ਕਿਉਂ ਗੱਡੇ, ਬੈਰੀਕੇਡ ਕਿਉਂ ਲਾਏ, ਅੱਥਰੂ ਗੈਸ ਕਿਉਂ ਛੱਡੀ, ਗੋਲੀਆਂ ਕਿਉਂ ਚਲਾਈਆਂ ? ਕੀ ਅਸੀਂ ਵਿਦੇਸ਼ੀ ਹਾਂ ? ਕਿਸਾਨਾਂ ਨੂੰ ਦਿੱਲੀ ਕਿਉਂ ਨਹੀਂ ਜਾਣ ਦਿੱਤਾ ?

2) ਨੌਜਵਾਨ ਕਿਸਾਨ ਸ਼ੁਭਕਰਨ ਨੂੰ ਗੋਲੀ ਮਾਰ ਕੇ ਸ਼ਹੀਦ ਕਿਉਂ ਕੀਤਾ ? ਕਿਸਾਨਾਂ ਦੇ ਟਰੈਕਟਰ ਕਿਉਂ ਭੰਨੇ ? 400 ਕਿਸਾਨ ਕਿਉਂ ਫੱਟੜ ਕੀਤੇ ?

3) ਐਮਐਸਪੀ ਦੀ ਕਾਨੂੰਨੀ ਗਰੰਟੀ ਦਾ ਵਾਅਦਾ ਕਰਕੇ ਕਿਉਂ ਮੁੱਕਰੇ ? ਸਵਾਮੀਨਾਥਨ ਰਿਪੋਰਟ ਕਿਉਂ ਲਾਗੂ ਨਹੀਂ ਕੀਤੀ ? ਸੀ-2 50% ਫਾਰਮੂਲਾ ਲਾਗੂ ਕਰਨ ਵਿੱਚ ਕੀ ਮੁਸ਼ਕਲ ਹੈ ?

4) ਲਖੀਮਪੁਰ ਖੀਰੀ ਦੇ ਕਤਲਾਂ ਵਿੱਚ ਇਨਸਾਫ ਲਈ ਰੋੜੇ ਕਿਉਂ ਅਟਕਾਏ ਗਏ ? ਅਜੈ ਮਿਸ਼ਰਾ ਟੈਨੀ ਨੂੰ ਸਰਕਾਰੀ ਪਨਾਹ ਦੇਣ ਲਈ ਮੰਤਰੀ ਮੰਡਲ ਵਿੱਚ ਕਿਉਂ ਰੱਖਿਆ ਗਿਆ ?

5) ਦਿੱਲੀ ਅੰਦੋਲਨ ਸਮੇਂ ਕਿਸਾਨਾਂ ਉੱਤੇ ਦਰਜ ਕੀਤੇ ਸਾਰੇ ਕੇਸ ਵਾਪਸ ਕਿਉਂ ਨਹੀਂ ਲਏ ?

6) ਕਾਰਪੋਰੇਟਾਂ ਦਾ ਕਰਜ਼ਾ ਮਾਫ ਕਰਨ ਵਿੱਚ ਜੇ ਦਿੱਕਤ ਨਹੀਂ ਤਾਂ ਕਿਸਾਨਾਂ ਦੀ ਕਰਜ਼ਾ ਮੁਕਤੀ ਵਿੱਚ ਕੀ ਮੁਸ਼ਕਿਲ ਹੈ ?

7) ਬਿਜਲੀ ਸੋਧ ਬਿੱਲ 2020 ਵਾਅਦਾ ਖ਼ਿਲਾਫ਼ੀ ਕਰਕੇ ਪਾਰਲੀਮੈਂਟ ਵਿੱਚ ਕਿਉਂ ਪੇਸ਼ ਕੀਤਾ ?

8) ਪ੍ਰਦੂਸ਼ਣ ਵਾਲੇ ਕਾਨੂੰਨ ਵਿੱਚੋਂ ਖੇਤੀ ਖੇਤਰ ਬਾਹਰ ਕਿਉਂ ਨਹੀਂ ਕੱਢਿਆ ?

9) ਚੋਣ ਬਾਂਡਾਂ ਦੇ ਭ੍ਰਿਸ਼ਟਾਚਾਰ ਰਾਹੀਂ ਦੇਸ਼ ਨੂੰ ਕਾਰਪੋਰੇਟ ਘਰਾਣਿਆਂ ਕੋਲ ਕਿਉਂ ਵੇਚਿਆ ਗਿਆ ?

10) ਭਾਖੜਾ ਅਤੇ ਪੌਂਗ ਡੈਮਾਂ ਉੱਤੇ ਡੈਮ ਸੇਫਟੀ ਐਕਟ ਬਣਾ ਕੇ ਪੰਜਾਬ ਤੋਂ ਕਿਉਂ ਖੋਹੇ ਗਏ ?

11) ਸਾਈਲੇਜ ਦੇ ਬਹਾਨੇ ਪੰਜਾਬ ਦੀਆਂ ਮੰਡੀਆਂ ਕਿਉਂ ਤੋੜ ਰਹੇ ਹੋ ?

# ਕਾਫ਼ੀ ਸੰਘਰਸ਼ ਤੋਂ ਬਾਅਦ ਆਸਟ੍ਰੇਲੀਆ 'ਚ ਭਾਰਤੀਆਂ ਨੂੰ ਮਿਲੇ ਸਨ ਮੁੱਢਲੇ ਅਧਿਕਾਰ

## ਭਾਰਤੀਆਂ ਨੂੰ ਆਸਟ੍ਰੇਲੀਆ 'ਚ ਵੀ ਕਰਨਾ ਪਿਆ ਸੀ ਨਸਲੀ ਵਿਤਕਰੇ ਦਾ ਸਾਹਮਣਾ

ਇਸ ਸਮੇਂ ਆਸਟ੍ਰੇਲੀਆ ਵਿੱਚ ਭਾਰਤੀ ਲੋਕ ਭਾਵੇਂ ਵੱਡੀ ਗਿਣਤੀ ਵਿੱਚ ਵਸੇ ਹੋਏ ਹਨ ਅਤੇ ਉਥੇ ਉਨ੍ਹਾਂ ਨੂੰ ਆਸਟ੍ਰੇਲੀਆ ਦੇ ਮੂਲ ਵਸਨੀਕਾਂ ਵਾਂਗ ਹੀ ਅਨੇਕਾਂ ਸਹੂਲਤਾਂ ਅਤੇ ਅਧਿਕਾਰ ਵੀ ਮਿਲੇ ਹੋਏ ਹਨ ਪਰ ਆਸਟ੍ਰੇਲੀਆ ਵਿੱਚ ਭਾਰਤ ਦੇ ਆਜ਼ਾਦ ਹੋਣ ਤੋਂ ਪਹਿਲਾਂ ਭਾਰਤੀਆਂ ਦੀ ਸਥਿਤੀ ਖੁਸ਼ਹਾਲ ਨਹੀਂ ਸੀ ਅਤੇ ਆਸਟ੍ਰੇਲੀਆ ਵਿੱਚ ਰਹਿੰਦੇ ਭਾਰਤੀਆਂ ਨਾਲ ਕਈ ਤਰ੍ਹਾਂ ਦਾ ਵਿਤਕਰਾ ਕੀਤਾ ਜਾਂਦਾ ਸੀ। ਆਸਟ੍ਰੇਲੀਆ ਵਿੱਚ ਭਾਰਤੀਆਂ ਦੀ ਮੰਦੀ ਸਥਿਤੀ ਅਤੇ ਵਿਤਕਰੇ ਦਾ ਮਾਮਲਾ ਉਸ ਸਮੇਂ ਸੁਰਖ਼ੀਆਂ ਵਿੱਚ ਆਇਆ ਸੀ ਜਦੋਂ 1922 ਦੀਆਂ ਸਰਦੀਆਂ ਵਿੱਚ ਭਾਰਤ ਦੇ ਦੋਰਾਬਜੀ ਜਮਸ਼ੇਦਜੀ ਟਾਟਾ ਆਸਟ੍ਰੇਲੀਆ ਦੇ ਸ਼ਹਿਰ ਫ੍ਰੇਮੇਂਟਲ ਪਹੁੰਚੇ ਸਨ। ਉਨ੍ਹਾਂ ਨੂੰ ਮਲੇਰੀਆ ਦੀ ਬਿਮਾਰੀ ਸੀ ਅਤੇ ਉਨ੍ਹਾਂ ਦੇ ਸਿਹਤ ਮਾਹਿਰਾਂ ਨੇ ਉਨ੍ਹਾਂ ਨੂੰ 'ਸਿਹਤ ਯਾਤਰਾ' ਕਰਨ ਦੀ ਸਲਾਹ ਦਿੱਤੀ ਸੀ।

ਭਾਵੇਂ ਕਿ ਟਾਟਾ ਨੂੰ ਕਰੋੜਪਤੀ ਹੋਣ ਦੇ ਕਾਰਨ ਆਸਟ੍ਰੇਲੀਆ ਦਾ ਟਿਕਟ ਖਰੀਦਣਾ ਆਮ ਗੱਲ ਸੀ ਪਰ ਉਨ੍ਹਾਂ ਨੂੰ ਆਸਟ੍ਰੇਲੀਆ ਜਾਣ ਲਈ ਕਾਫ਼ੀ ਰੁਕਾਵਟਾਂ ਦਾ ਸਾਹਮਣਾ ਕਰਨਾ ਪਿਆ। ਉਸ ਸਮੇਂ ਆਸਟ੍ਰੇਲੀਆ ਨੇ 'ਵਾਈਟ ਆਸਟ੍ਰੇਲੀਆ' ਦੀ ਨੀਤੀ ਨੂੰ ਲਾਗੂ ਕਰਕੇ ਗੈਰ ਆਸਟ੍ਰੇਲੀਅਨ ਲੋਕਾਂ ਦੇ ਆਸਟ੍ਰੇਲੀਆ ਆਉਣ 'ਤੇ ਪਾਬੰਦੀ

### 1920 ਦੌਰਾਨ ਆਸਟ੍ਰੇਲੀਆ ਵਿੱਚ ਰਹਿੰਦੇ ਸਨ 2000 ਭਾਰਤੀ






ਲਗਾ ਦਿੱਤੀ ਸੀ ਤੇ ਭਾਰਤੀ ਲੋਕ ਨਸਲਵਾਦ ਦਾ ਸ਼ਿਕਾਰ ਹੋ ਰਹੇ ਸਨ।

ਸਿਡਨੀ ਮਾਰਨਿੰਗ ਹੇਰਾਲਡ ਦੇ 3 ਨਵੰਬਰ 1920 ਦੇ ਅੰਕ ਵਿੱਚ ਆਸਟ੍ਰੇਲੀਆ ਵਿੱਚ ਰਹਿਣ ਵਾਲੇ ਭਾਰਤੀਆਂ ਦੀ ਗਿਣਤੀ 2000 ਦੱਸੀ ਗਈ ਸੀ। ਇਹਨਾਂ ਭਾਰਤੀਆਂ ਵਿੱਚ ਸਿੰਧ ਦੇ ਛੋਟੇ ਵਪਾਰੀ, ਭਾਰਤ ਦੇ ਵੱਖ-ਵੱਖ ਇਲਾਕਿਆਂ ਤੋਂ ਆਏ ਖੇਤ ਮਜ਼ਦੂਰ, ਪੰਜਾਬ ਅਤੇ ਉਤਰ ਪੱਛਮੀ ਸਰਹੱਦ ਤੋਂ ਆਏ ਊਠਾਂ ਦੇ ਵਪਾਰੀ ਆਦਿ ਸ਼ਾਮਲ ਸਨ। ਜਦੋਂ ਟਾਟਾ ਆਸਟ੍ਰੇਲੀਆ ਪਹੁੰਚੇ ਸਨ ਤਾਂ ਉਨ੍ਹਾਂ ਨੇ ਮੈਰੀਬੋਰੋ ਕ੍ਰਾਨੀਕਲ ਨੂੰ ਦਿੱਤੀ ਇੱਕ ਇੰਟਰਵਿਊ ਵਿੱਚ ਕਿਹਾ ਸੀ ਕਿ ਆਸਟ੍ਰੇਲੀਆ ਅਤੇ ਦੱਖਣੀ ਅਫ਼ਰੀਕਾ ਵਿੱਚ ਭਾਰਤੀਆਂ ਨਾਲ ਜੋ ਵਤੀਰਾ ਅਪਨਾਇਆ ਜਾ ਰਿਹਾ ਹੈ, ਉਸ ਸਬੰਧੀ ਭਾਰਤ ਵਿੱਚ ਅੰਦੋਲਨ ਹੋ ਰਿਹਾ ਹੈ। ਉਦਾਹਰਨ ਦੇ ਲਈ ਬੰਬੇ ਕਾਰਪੋਰੇਸ਼ਨ ਨੇ ਇੱਕ ਮਤਾ ਪਾਸ ਕੀਤਾ ਕਿ ਆਸਟ੍ਰੇਲੀਆ ਜਾਣ ਵਾਲੇ ਭਾਰਤੀਆਂ ਦੇ ਰਸਤੇ ਵਿੱਚ ਆਉਣ ਵਾਲੀਆਂ ਰੁਕਾਵਟਾਂ ਦੇ ਕਾਰਨ ਭਾਰਤੀ ਸੇਵਾਵਾਂ ਵਿੱਚ ਆਸਟ੍ਰੇਲੀਆਈ ਲੋਕਾਂ ਦੇ ਰੁਜ਼ਗਾਰ 'ਤੇ ਰੋਕ ਲਗਾ ਦਿੱਤੀ ਜਾਣੀ ਚਾਹੀਦੀ ਹੈ। ਭਾਰਤੀਆਂ ਦੀ ਮੰਗ ਸੀ ਕਿ ਭਾਰਤੀਆਂ ਨੇ ਦੂਜੇ ਵਿਸ਼ਵ ਯੁੱਧ ਵਿੱਚ ਬਹੁਤ ਚੰਗਾ ਕੰਮ ਕੀਤਾ ਹੈ, ਇਸ ਲਈ ਉਹਨਾਂ ਨੂੰ ਪੂਰੇ ਨਾਗਰਿਕ ਅਧਿਕਾਰ ਦੇਣੇ ਚਾਹੀਦੇ ਹਨ।

ਪਹਿਲੇ ਵਿਸ਼ਵ ਯੁੱਧ ਵਿੱਚ ਭਾਰਤੀ ਸੈਨਾ ਦੁਆਰਾ ਮਿੱਤਰ ਦੇਸ਼ਾਂ ਦੀ ਜਿੱਤ ਵਿੱਚ ਵੱਡਾ ਯੋਗਦਾਨ ਦੇਣ ਤੋਂ ਬਾਅਦ ਭਾਰਤੀਆਂ ਵੱਲੋਂ ਬ੍ਰਿਟਿਸ਼ ਸਾਮਰਾਜ ਵਿੱਚ ਆਪਣੇ ਲਈ ਸਮਾਨ ਅਧਿਕਾਰਾਂ ਦੀ ਮੰਗ ਕਰਨੀ ਸ਼ੁਰੂ ਕਰ ਦਿੱਤੀ ਗਈ ਸੀ। ਬ੍ਰਿਟਿਸ਼ ਭਾਰਤੀ ਸਰਕਾਰ ਨੇ ਉਪਨਿਵੇਸ਼ਾਂ ਅਤੇ ਉਪਨਿਵੇਸ਼ਾਂ ਦੀ ਸਭਾ, ਇੰਪੀਰੀਅਲ ਕਾਨਫਰੰਸ ਵਿੱਚ ਭਾਰਤ ਦਾ ਪੱਖ ਰੱਖਣ ਲਈ, ਆਪਣੀ ਸ਼ਕਤੀ ਅਤੇ ਗੱਲਬਾਤ ਦੇ ਹੁਨਰ ਲਈ ਪ੍ਰਸਿੱਧ ਸਿਵਲ ਸੇਵਕ ਵੀ.ਐਸ. ਸ਼੍ਰੀਨਿਵਾਸ ਸ਼ਾਸਤਰੀ ਨੂੰ ਭੇਜਣ ਦਾ ਫੈਸਲਾ ਕੀਤਾ।ਇਸ ਤੋਂ ਪਤਾ ਚਲਿਆ ਕਿ ਆਸਟ੍ਰੇਲੀਆ ਅਤੇ ਕੈਨੇਡਾ ਵਰਗੇ ਦੇਸ਼ ਵਪਾਰ ਅਤੇ ਰੱਖਿਆ ਸੰਬੰਧਾਂ ਨੂੰ ਭਾਰਤ ਦੇ ਨਾਲ ਬਿਹਤਰ ਬਣਾਉਣ ਲਈ ਤਿਆਰ ਸਨ ਪਰ ਭਾਰਤੀਆਂ ਦੇ ਪ੍ਰਤੀ ਉਹਨਾਂ ਦੀਆਂ ਪਰਵਾਸ ਨੀਤੀਆਂ ਸਹੀ ਨਹੀਂ ਸਨ। ਸ਼ਾਸਤਰੀ ਨੇ 1921 ਵਿੱਚ ਲੰਦਨ ਵਿੱਚ ਇੰਪੀਰਿਅਲ ਕਾਨਫਰੰਸ ਦੇ ਮੌਕੇ ਕਿਹਾ ਕਿ ਜਦੋਂ ਤੱਕ ਭਾਰਤ ਨੂੰ ਸਮਾਨ ਪੱਧਰ 'ਤੇ ਨਹੀਂ ਰੱਖਿਆ ਜਾਂਦਾ, ਉਦੋਂ ਤੱਕ ਉਹ ਰੱਖਿਆ ਅਤੇ ਤਰਜੀਹੀ ਵਪਾਰ ਦੀਆਂ ਸਮੱਸਿਆਵਾਂ 'ਤੇ ਗੰਭੀਰਤਾ ਨਾਲ ਚਰਚਾ ਨਹੀਂ ਕਰ ਸਕਦਾ। ਇਸ ਮੌਕੇ ਸ਼ਾਸਤਰੀ ਨੇ ਆਸਟ੍ਰੇਲੀਆ ਵਿੱਚ ਭਾਰਤੀਆਂ ਨਾਲ ਹੁੰਦੇ ਨਸਲਵਾਦ ਦਾ ਮੁੱਦਾ ਵੀ ਚੁੱਕਿਆ। ਇਸ ਤੋਂ ਬਾਅਦ ਆਸਟ੍ਰੇਲੀਆ ਨੇ ਭਾਰਤੀ ਲੋਕਾਂ ਨੂੰ ਆਸਟ੍ਰੇਲੀਆਈ ਨਾਗਰਿਕਤਾ ਦੇਣ ਸਬੰਧੀ ਆਪਣੀਆਂ ਕਠੋਰ ਨੀਤੀਆਂ ਨੂੰ ਬਦਲਣ ਲਈ ਕੁਝ ਯਤਨ ਕੀਤੇ। ਫੇਰ ਵੀ ਆਸਟ੍ਰੇਲੀਆ ਵਿੱਚ ਰਹਿੰਦੇ ਲੋਕਾਂ ਨੂੰ ਨਾਗਰਿਕ ਅਧਿਕਾਰ ਆਸਾਨੀ ਨਾਲ ਨਹੀਂ ਸੀ ਮਿਲੇ। 1926 ਵਿੱਚ ਹੀ ਭਾਰਤੀ ਮੂਲ ਦੇ ਆਸਟ੍ਰੇਲੀਆਈ ਨਾਗਰਿਕਾਂ ਨੂੰ ਵੋਟ ਦੇਣ ਦਾ ਅਧਿਕਾਰ ਦਿੱਤਾ ਗਿਆ। ਭਾਰਤੀਆਂ ਦੇ ਲਈ ਵੋਟ ਦੇਣ ਦਾ ਅਧਿਕਾਰ ਦਾ ਮੁਕੱਦਮਾ ਵਕੀਲ ਐਫ ਅਰਨੇਸਟ ਬੇਟਮੈਨ ਨੇ ਲੜਿਆ ਸੀ। ਬੇਟਮੈਨ ਨੇ ਸੰਘੀ ਮਤਦਾਤਾ ਸੂਚੀ ਵਿੱਚ ਭਾਰਤੀ ਬਿਨੈਕਾਰਾਂ ਦੇ ਨਾਮ ਦਾ ਪਤਾ ਲਗਾ ਕੇ ਆਸਟ੍ਰੇਲਿਆਈ ਸਰਕਾਰ ਦੇ ਖ਼ਿਲਾਫ਼ ਇੱਕ ਪ੍ਰੀਖਣ ਮਾਮਲਾ ਸ਼ੁਰੂ ਕੀਤਾ। ਪਿਨਾਂਗ ਗਜ਼ਟ ਅਤੇ ਸਟ੍ਰੇਟਸ ਕ੍ਰਾਨੀਕਲ ਨੇ 27 ਜਨਵਰੀ 1926 ਨੂੰ ਰਿਪੋਰਟ ਦਿੱਤੀ ਕਿ ਸਖ਼ਤ ਵਿਰੋਧ ਦੇ ਬਾਵਜੂਦ ਉਹ ਸਫ਼ਲ ਹੋਏ ਅਤੇ ਇਸ ਸਵਾਲ 'ਤੇ ਸੀਨੀਅਰ ਵਕੀਲਾਂ ਦੀ ਸਲਾਹ ਲੈਣ ਤੋਂ ਬਾਅਦ ਉੱਚ ਅਦਾਲਤ ਵਿੱਚੋਂ ਸਰਕਾਰ ਦੀ ਅਪੀਲ ਵਾਪਸ ਲੈ ਲਈ ਗਈ। ਇਸੇ ਦੌਰਾਨ ਕੁਝ ਸਿਆਸੀ ਨੇਤਾਵਾਂ ਨੇ ਉਸ ਨੀਤੀ ਦਾ ਵਿਰੋਧ ਕੀਤਾ ਜੋ ਕਿ ਭਾਰਤੀਆਂ ਨੂੰ ਆਸਟ੍ਰੇਲੀਆ ਵਿੱਚ ਆਉਣ ਤੋਂ ਰੋਕਦੀ ਸੀ। ਨਿਊ ਸਾਊਥ ਵੇਲਸ ਦੇ ਵਿਧਾਇਕ ਥਾਮਸ ਹੇਨਲੇ ਉਹਨਾਂ ਕੁਝ ਵਿੱਚ ਸ਼ਾਮਲ ਸਨ, ਉਹਨਾਂ ਦਾ ਕਹਿਣਾ ਸੀ ਕਿ ਆਸਟ੍ਰੇਲੀਆ ਦੀ ਸੁਰੱਖਿਆ ਦੇ ਲਈ ਭਾਰਤ ਬਹੁਤ ਮਹੱਤਵਪੂਰਨ ਹੈ। 1940 ਦੇ ਦਹਾਕੇ ਦੇ ਅੰਤ ਤੋਂ ਲੈ ਕੇ 1973 ਤੱਕ ਵਾਈਟ ਆਸਟ੍ਰੇਲੀਆ ਨੀਤੀ ਨੂੰ ਹੌਲੀ ਹੌਲੀ ਖ਼ਤਮ ਕਰ ਦਿੱਤਾ ਗਿਆ। ਇਸ ਤਰਾਂ ਕਾਫ਼ੀ ਸੰਘਰਸ਼ ਤੋਂ ਬਾਅਦ ਆਸਟ੍ਰੇਲੀਆ ਵਿੱਚ ਭਾਰਤੀ ਲੋਕਾਂ ਨੂੰ ਮੁੱਢਲੇ ਅਧਿਕਾਰ ਮਿਲ ਗਏ।

ਹੁਣ 976,000 ਭਾਰਤੀ ਮੂਲ ਦੇ ਆਸਟ੍ਰੇਲੀਅਨ ਹਨ, ਉਹ ਦੇਸ਼ ਵਿੱਚ ਦੂਜਾ ਸਭ ਤੋਂ ਵੱਡਾ ਵਿਦੇਸ਼ੀ ਸਮੂਹ ਬਣੇ ਹੋਏ ਹਨ ਤੇ ਪੰਜਾਬੀਆਂ ਲਈ ਇਸ ਸਮੇਂ ਕੈਨੇਡਾ ਤੋਂ ਬਾਅਦ ਆਸਟ੍ਰੇਲੀਆ ਦੀ ਜ਼ਿੰਦਗੀ ਹੀ ਸੁਪਨ ਸਾਜ਼ਗਾਰ ਬਣੀ ਹੋਈ ਹੈ।

**ਦਰਪਣ ਝੂਠ ਨਹੀਂ ਬੋਲਦਾ**

# ਪੰਜਾਬ ਤੇ ਪੰਜਾਬ ਦਾ ਏਜੰਡਾ ਕੌਮੀ ਪਾਰਟੀਆਂ ਲਈ ਨਹੀਂ ਰਖਦਾ ਕੋਈ ਅਰਥ

## ਕੀ ਅਕਾਲੀ ਦਲ ਪੰਜਾਬ ਦੀ ਖ਼ੁਦਮੁਖ਼ਤਿਆਰੀ ਦਸਤਾਵੇਜ਼ ਅਨੰਦਪੁਰ ਦੇ ਮਤੇ ਨੂੰ ਅਪਣਾਏਗਾ ?

### ਚੋਣਾਂ ਜਿੱਤਣਾ ਅਹਿਮ ਨਹੀਂ ਪਰ ਰਾਜਨੀਤੀ 'ਚ ਅਕਾਲੀ ਦਲ ਦਾ ਪੰਥ ਤੇ ਪੰਜਾਬ ਦਾ ਪਹਿਰੀ ਹੋਣਾ ਮਹੱਤਵਪੂਰਨ: ਗੁਰਤੇਜ ਸਿੰਘ

ਪੰਜਾਬ ਵਿੱਚ ਸਾਰੀਆਂ ਰਾਜਸੀ ਪਾਰਟੀਆਂ ਸਿਰਫ਼ ਇਸ ਜੋੜ-ਤੋੜ ਵਿੱਚ ਲੱਗੀਆਂ ਹੋਈਆਂ ਹਨ ਕਿ ਜਿੱਤਣ ਵਾਲਾ ਉਮੀਦਵਾਰ ਲਿਆਂਦਾ ਜਾਵੇ, ਭਾਵੇਂ ਉਸ ਦੀ ਵਿਚਾਰਧਾਰਾ ਕੋਈ ਵੀ ਹੋਵੇ ਜਾਂ ਭਾਵੇਂ ਹੋਵੇ ਹੀ ਨਾ। ਇਸ ਮੰਤਵ ਲਈ ਸਾਰੇ ਅਸੂਲ ਛਿੱਕੇ ਟੰਗੇ ਜਾ ਰਹੇ ਹਨ। ਪੰਜਾਬ ਤੇ ਪੰਜਾਬ ਦਾ ਏਜੰਡਾ ਕੌਮੀ ਪਾਰਟੀਆਂ ਲਈ ਕੋਈ ਅਰਥ ਨਹੀਂ ਰਖਦਾ। ਪੰਜਾਬ ਦੀਆਂ ਲਟਕਦੀਆਂ ਮੰਗਾਂ ਜਿਨ੍ਹਾਂ ਵਿੱਚ ਪਾਣੀਆਂ ਦੇ ਮਸਲੇ, ਚੰਡੀਗੜ੍ਹ ਅਤੇ ਹੋਰ ਦਰਜਨਾਂ ਮਾਮਲੇ ਕਿਸੇ ਵੀ ਪਾਰਟੀ ਦੇ ਧਿਆਨ ਵਿੱਚ ਨਹੀਂ ਹਨ। ਪੰਥਕ ਮੰਗਾਂ, ਕਿਸਾਨ ਮੰਗਾਂ ਵਲ ਕਿਸੇ ਵੀ ਪਾਰਟੀ ਦਾ ਧਿਆਨ ਨਹੀਂ। ਚੋਣ ਮਨੋਰਥ ਪੱਤਰਾਂ, ਜਿਨ੍ਹਾਂ ਨੂੰ ਹੁਣ ਗਾਰੰਟੀਆਂ ਵੀ ਕਿਹਾ ਜਾਣ ਲੱਗਾ ਹੈ। ਇਸਦਾ ਅਸਲ ਮਕਸਦ ਸਿਰਫ਼ ਲੋਕਾਂ ਨੂੰ ਬੁਧੂ ਬਣਾਉਣਾ ਹੀ ਹੈ।

ਪ੍ਰਸਿੱਧ ਸਿੱਖ ਚਿੰਤਕ ਜਸਪਾਲ ਸਿੰਘ ਸਿੱਧੂ ਦਾ ਕਹਿਣਾ ਕਿ ਸੁਪਰੀਮ ਕੋਰਟ ਨੂੰ ਚਾਹੀਦਾ ਹੈ ਕਿ ਉਹ ਸੋਹੋ ਮੋਟੋ ਅਧੀਨ ਆਪਣੇ-ਆਪ ਕਾਰਵਾਈ ਕਰਦੇ ਹੋਏ ਚੋਣ ਮਨੋਰਥ ਪੱਤਰਾਂ, ਗਾਰੰਟੀਆਂ ਆਦਿ ਨੂੰ ਸੰਬੰਧਿਤ ਪਾਰਟੀ ਵੱਲੋਂ ਲੋਕਾਂ ਨਾਲ ਕੀਤਾ ਸਮਝੌਤਾ ਕਰਾਰ ਦੇਵੇ ਅਤੇ ਜੇਕਰ ਜਿੱਤਣ ਵਾਲੀ ਪਾਰਟੀ ਵਾਅਦੇ ਪੂਰੇ ਨਾ ਕਰੇ ਤਾਂ ਉਸ ਦੇ ਅਹੁਦੇਦਾਰਾਂ ਖ਼ਿਲਾਫ਼ ਸਮਝੌਤਾ ਤੋੜਨ ਅਤੇ ਠੱਗੀ ਕਰਨ ਦਾ ਮੁਕੱਦਮਾ ਦਰਜ ਕਰਕੇ ਕਾਰਵਾਈ ਕੀਤੀ ਜਾਵੇ। ਇਸ ਦੇ ਨਾਲ ਹੀ ਇਹ ਵੀ ਜ਼ਰੂਰੀ ਬਣਾਇਆ ਜਾਵੇ ਕਿ ਪਾਰਟੀ ਚੋਣ ਮਨੋਰਥ ਪੱਤਰ ਵਿੱਚ ਕੀਤੇ ਵਾਅਦਿਆਂ ਨੂੰ ਪੂਰਾ ਕਰਨ ਲਈ ਪੈਸੇ ਤੇ ਸਾਧਨ ਕਿਵੇਂ ਤੇ ਕਿੱਥੋਂ ਜੁਟਾਏਗੀ, ਇਸ ਦਾ ਵੀ ਖ਼ੁਲਾਸਾ ਪਹਿਲਾਂ ਹੀ ਕਰੇ। ਜੇਕਰ ਅਜਿਹਾ ਨਹੀਂ ਕੀਤਾ ਜਾਂਦਾ ਤਾਂ ਇਹ ਚੋਣ ਮਨੋਰਥ ਪੱਤਰ ਜਾਂ ਗਾਰੰਟੀਆਂ ਸਿਰਫ਼ ਲੋਕਾਂ ਨਾਲ ਠੱਗੀ ਤੋਂ ਇਲਾਵਾ ਕੋਈ ਕੀਮਤ ਨਹੀਂ ਰੱਖਦੇ।






ਜਿਥੋਂ ਤੱਕ ਪੰਜਾਬ ਦੀਆਂ ਮੰਗਾਂ, ਜ਼ਰੂਰਤਾਂ ਅਤੇ ਮੁਸ਼ਕਿਲਾਂ ਦਾ ਸੰਬੰਧ ਹੈ, ਉਹ ਕਾਂਗਰਸ, ਭਾਜਪਾ, ਬਸਪਾ ਜਾਂ 'ਆਪ' ਵਰਗੀਆਂ ਕੌਮੀ ਪਾਰਟੀਆਂ ਲਈ ਕੋਈ ਬਹੁਤਾ ਮਹੱਤਵ ਵੀ ਨਹੀਂ ਰੱਖਦੀਆਂ ਤੇ ਉਨ੍ਹਾਂ ਲਈ ਸਿੱਖ ਮੰਗਾਂ ਵੀ ਅਰਥਹੀਣ ਹਨ। ਇਹ ਕੌਮੀ ਪਾਰਟੀਆਂ ਦੇਸ਼ ਦੇ ਸੰਘੀ ਢਾਂਚੇ ਦੇ ਹੱਕ ਵਿੱਚ ਵੀ ਨਹੀਂ ਹਨ। ਇਨ੍ਹਾਂ ਨੂੰ ਕੇਂਦਰੀ ਸਿਸਟਮ ਹੀ ਸੂਤ ਬੈਠਦਾ ਹੈ। ਪੰਜਾਬ ਦੀਆਂ ਦੋ ਖੇਤਰੀ ਪਾਰਟੀਆਂ ਇਨ੍ਹਾਂ ਚੋਣਾਂ ਵਿੱਚ ਹਿੱਸਾ ਲੈ ਰਹੀਆਂ ਹਨ, ਪਹਿਲੀ ਤੇ ਪ੍ਰਮੁੱਖ ਪਾਰਟੀ ਹੈ ਅਕਾਲੀ ਦਲ (ਬਾਦਲ) ਤੇ ਦੂਸਰੀ ਅਕਾਲੀ ਦਲ (ਅੰਮ੍ਰਿਤਸਰ) ਹੈ। ਅਕਾਲੀ ਦਲ ਅੰਮ੍ਰਿਤਸਰ ਸਪੱਸ਼ਟ ਰੂਪ ਵਿੱਚ ਖ਼ਾਲਿਸਤਾਨ ਦਾ ਹਾਮੀ ਹੈ ਪਰ ਅਕਾਲੀ ਦਲ (ਬਾਦਲ) ਵਾਪਸ 'ਪੰਜਾਬ ਪਹਿਲਾਂ' ਦੀ ਨੀਤੀ 'ਤੇ ਪਰਤਣ ਦਾ ਐਲਾਨ ਕਰ ਚੁੱਕਾ ਹੈ ਪਰ ਉਸ ਨੇ ਪੰਜਾਬ ਦੀ ਖ਼ੁਦਮੁਖਤਿਆਰੀ ਢਾਂਚੇ ਸੰਬੰਧੀ ਦਸਤਾਵੇਜ਼ ਨੂੰ ਹਾਲੇ ਤਕ ਪ੍ਰਵਾਨ ਨਹੀਂ ਕੀਤਾ ਜਿਸਨੂੰ ਬੇਕਾਰਣ ਮੋਗਾ ਕਾਨਫ਼ਰੰਸ ਦੌਰਾਨ ਰੱਦ ਕਰ ਦਿੱਤਾ ਸੀ।

1973 ਵਿੱਚ ਅਕਾਲੀ ਦਲ ਦੀ ਵਰਕਿੰਗ ਕਮੇਟੀ ਵੱਲੋਂ ਅਪਣਾਇਆ ਗਿਆ ਅਨੰਦਪੁਰ ਸਾਹਿਬ ਦਾ ਮਤਾ ਸੰਘਵਾਦ ਬਾਰੇ ਸੀ , ਜਿਸ ਉੱਤੇ ਅਕਾਲੀ ਦਲ ਨੇ 4 ਅਗਸਤ, 1982 ਨੂੰ ਧਰਮ ਯੁੱਧ ਮੋਰਚਾ ਸ਼ੁਰੂ ਕੀਤਾ ਸੀ। ਉਦੋਂ ਤੋਂ ਹੀ ਪਾਰਟੀ ਦਾ ਇਹ ਇਤਿਹਾਸਕ ਸਟੈਂਡ ਰਿਹਾ ਸੀ। ਹਾਲਾਂਕਿ, ਇਸ ਪਾਰਟੀ ਵੱਲੋਂ ਅਮਲੀ ਤੌਰ ਉੱਤੇ ਲਏ ਸਟੈਂਡ ਅਤੇ ਰਿਕਾਰਡ 'ਤੇ ਕਾਇਮ ਰਹਿਣਾ ਚਾਹੀਦਾ ਹੈ। ਸ਼੍ਰੋਮਣੀ ਅਕਾਲੀ ਦਲ ਨੇ 2019 ਵਿੱਚ ਜੰਮੂ-ਕਸ਼ਮੀਰ ਨੂੰ ਵਿਸ਼ੇਸ਼ ਦਰਜਾ ਦੇਣ ਵਾਲੀ ਧਾਰਾ 370 ਨੂੰ ਰੱਦ ਕਰਨ ਦਾ ਸਮਰਥਨ ਕੀਤਾ। ਇਹ ਸੰਘਵਾਦ ਬਾਰੇ ਪਾਰਟੀ ਦੀ ਇਤਿਹਾਸਕ ਸਟੈਂਡ ਦੇ ਉਲਟ ਸੀ। ਹਰਸਿਮਰਤ ਕੌਰ ਬਾਦਲ ਉਸ ਸਮੇਂ ਮੋਦੀ ਸਰਕਾਰ ਵਿੱਚ ਮੰਤਰੀ ਸਨ। ਦੂਜੇ ਪਾਸੇ ਉਹ ਕਹਿੰਦੇ ਹਨ ਕਿ ਅਕਾਲੀ ਦਲ ਸੂਬੇ ਦੇ ਵੱਧ ਅਧਿਕਾਰਾਂ ਦਾ ਰਾਖਾ ਹੈ। ਇਹੋ ਜਿਹੀਆਂ ਗਲਤੀਆਂ ਨੂੰ ਦੁਰਸਤ ਕਰਨ ਦੀ ਲੋੜ ਹੈ। ਅਕਾਲੀ ਦਲ ਨੂੰ ਗੈਰ ਪੰਥਕ ਤੇ ਪੰਜਾਬ ਵਿਰੋਧੀ ਸੋਚ ਵਾਲੇ ਤੇ ਦਲ ਬਦਲੂ ਉਮੀਦਵਾਰਾਂ ਨੂੰ ਅਪਨਾਉਣਾ ਨਹੀਂ ਚਾਹੀਦਾ। (ਬਾਕੀ ਸਫ਼ਾ 30 'ਤੇ)

# ਕਾਸ਼ੀ ਵਿਸ਼ਵਨਾਥ ਮੰਦਿਰ 'ਚ ਸੁਰੱਖਿਆ ਕਰਮੀਆਂ ਨੂੰ ਭਗਵੇਂ ਪਹਿਰਾਵੇ ਪਹਿਨਾਏ ਗਏ

## ਸੁਰੱਖਿਆ ਫ਼ੋਰਸਾਂ ਦਾ ਤਮਾਸ਼ਾ ਬਣਾਉਣ 'ਤੇ ਪੁਲਿਸ ਕਮਿਸ਼ਨਰ 'ਤੇ ਉੱਠੇ ਸਵਾਲ

ਉੱਤਰ ਪ੍ਰਦੇਸ਼ ਦੇ ਬਨਾਰਸ ਵਿੱਚ ਸਥਿਤ ਸ਼੍ਰੀ ਕਾਸ਼ੀ ਵਿਸ਼ਵਨਾਥ ਮੰਦਰ ਕੰਪਲੈਕਸ ਵਿਖੇ ਪੁਲਸ ਹੁਣ ਤਮਾਸ਼ਾ ਬਣ ਕੇ ਰਹਿ ਗਈ ਹੈ। ਬਨਾਰਸ ਦੀ ਸਰਕਾਰ ਨੇ ਸੁਰੱਖਿਆ ਗਾਰਡਾਂ ਨੂੰ ਖਾਕੀ ਦੀ ਥਾਂ ਭਗਵਾਂ ਪਹਿਰਾਵਾ ਪਹਿਨਾ ਦਿੱਤਾ ਹੈ। ਸਿਰਫ਼ ਪੁਰਸ਼ ਹੀ ਨਹੀਂ ਬਲਕਿ ਔਰਤ ਪੁਲਿਸ ਮੁਲਾਜ਼ਮ ਵੀ ਭਗਵੇਂ ਪਹਿਰਾਵੇ ਵਿੱਚ ਡਿਊਟੀ ਕਰ ਰਹੇ ਹਨ। ਪੁਲਿਸ ਮੁਲਾਜ਼ਮ ਧੋਤੀ-ਕੁਰਤੇ ਵਿੱਚ ਅਤੇ ਔਰਤ ਪੁਲਿਸ ਮੁਲਾਜ਼ਮ ਭਗਵੇਂ ਰੰਗ ਦੇ ਸਲਵਾਰ ਸੂਟ ਵਿੱਚ ਨਜ਼ਰ ਆ ਰਹੇ ਹਨ। ਸ਼੍ਰੀ ਕਾਸ਼ੀ ਵਿਸ਼ਵਨਾਥ ਮੰਦਿਰ ਵਿੱਚ ਪਹਿਰੇਦਾਰਾਂ ਦਾ ਨਵਾਂ ਡਰੈੱਸ ਕੋਡ ਇਸ ਲਈ ਸੁਰਖੀਆਂ ਵਿੱਚ ਹੈ, ਕਿਉਂਕਿ ਨਾ ਤਾਂ ਚੋਣ ਕਮਿਸ਼ਨ ਨੇ ਅਧਿਕਾਰੀਆਂ ਨੂੰ ਕੋਈ ਨਿਰਦੇਸ਼ ਜਾਰੀ ਕੀਤੇ ਹਨ ਅਤੇ ਨਾ ਹੀ ਉਨ੍ਹਾਂ ਨੂੰ ਅਜਿਹਾ ਕਰਨ ਲਈ ਸਰਕਾਰ ਤੋਂ ਕੋਈ ਆਦੇਸ਼ ਮਿਲਿਆ ਹੈ। ਪੁਲਿਸ ਦੇ ਡਰੈੱਸ ਕੋਡ ਵਿੱਚ ਜਲਦਬਾਜ਼ੀ ਵਿੱਚ ਕੀਤੇ ਗਏ ਬਦਲਾਅ 'ਤੇ ਵਿਰੋਧੀ ਧਿਰ ਨੇ ਤਿੱਖੀ ਪ੍ਰਤੀਕਿਰਿਆ ਦਿੱਤੀ ਹੈ ਅਤੇ ਚੋਣ ਕਮਿਸ਼ਨ ਕੋਲ ਸ਼ਿਕਾਇਤ ਦਰਜ ਕਰਵਾਈ ਹੈ।



ਸ਼੍ਰੀ ਕਾਸ਼ੀ ਵਿਸ਼ਵਨਾਥ ਮੰਦਿਰ ਦੇ ਪਾਵਨ ਅਸਥਾਨ ਤੋਂ ਲੈ ਕੇ ਪੂਰੇ ਕੰਪਲੈਕਸ ਤੱਕ ਪੁਲਿਸ ਮੁਲਾਜ਼ਮ ਪਿਛਲੇ ਦੋ ਦਿਨਾਂ ਤੋਂ ਭਗਵੇਂ ਰੰਗ ਦੇ ਪਹਿਰਾਵੇ ਪਾ ਕੇ ਪੁਜਾਰੀਆਂ ਦੀ ਤਰ੍ਹਾਂ ਡਿਊਟੀ ਕਰ ਰਹੇ ਹਨ। ਦੱਸਿਆ ਜਾ ਰਿਹਾ ਹੈ ਕਿ ਬਨਾਰਸ ਦੇ ਪੁਲਿਸ ਕਮਿਸ਼ਨਰ ਮੋਹਿਤ ਅਗਰਵਾਲ ਦੇ ਨਿਰਦੇਸ਼ਾਂ 'ਤੇ ਕਈ ਪੁਲਿਸ ਕਰਮਚਾਰੀ ਭਗਵੇਂ ਪਹਿਰਾਵੇ ਵਿੱਚ ਅਚਾਨਕ ਮੰਦਰ ਪਹੁੰਚ ਗਏ। ਕੁਝ ਪੁਲਿਸ ਵਾਲੇ ਪਾਵਨ ਅਸਥਾਨ ਵਿੱਚ ਤਾਇਨਾਤ ਸਨ ਅਤੇ ਕੁਝ ਗੇਟ 'ਤੇ ਡਿਊਟੀ ਕਰਦੇ ਦੇਖੇ ਗਏ। 09 ਅਪ੍ਰੈਲ, 2024 ਨੂੰ, ਪੁਲਿਸ ਕਮਿਸ਼ਨਰ (ਸੀਪੀ) ਮੋਹਿਤ ਅਗਰਵਾਲ ਨੇ ਸ਼੍ਰੀ ਕਾਸ਼ੀ ਵਿਸ਼ਵਨਾਥ ਮੰਦਿਰ ਵਿਖੇ ਸ਼ਰਧਾਲੂਆਂ ਨੂੰ ਨਿਯੰਤਰਿਤ ਕਰਨ ਲਈ ਇੱਕ ਮੀਟਿੰਗ ਬੁਲਾਈ ਸੀ, ਜਿਸ ਵਿੱਚ ਕਿਹਾ ਗਿਆ ਕਿ ਹੁਣ ਭਗਵੇਂ ਪਹਿਰਾਵੇ ਵਿੱਚ ਪੁਲਿਸ ਮੁਲਾਜ਼ਮ ਸ਼ਰਧਾਲੂਆਂ ਦੀ ਭੀੜ ਨੂੰ ਕੰਟਰੋਲ ਕਰਨਗੇ। ਦਰਸ਼ਨ ਅਤੇ ਪੂਜਾ ਲਈ ਆਏ ਸ਼ਰਧਾਲੂਆਂ ਨੇ ਜਦੋਂ ਸੁਰੱਖਿਆ ਦਸਤਿਆਂ ਨੂੰ ਭਗਵੇਂ ਰੰਗ ਦੀ ਧੋਤੀ-ਕੁਰਤਾ ਅਤੇ ਸਲਵਾਰ-ਕਮੀਜ ਪਹਿਨੇ ਦੇਖਿਆ ਤਾਂ ਉਨ੍ਹਾਂ ਨੇ ਵੀ ਹੈਰਾਨੀ ਪ੍ਰਗਟਾਈ। ਜਦੋਂ ਉਨ੍ਹਾਂ ਦੀਆਂ ਤਸਵੀਰਾਂ ਸੋਸ਼ਲ ਮੀਡੀਆ 'ਤੇ ਆਈਆਂ ਤਾਂ ਕੁਝ ਹੀ ਘੰਟਿਆਂ ਵਿੱਚ ਵਾਇਰਲ ਹੋ ਗਈਆਂ।

(ਬਾਕੀ ਸਫ਼ਾ 30 'ਤੇ)

# ਰੂਸ-ਯੂਕਰੇਨ ਦਾ ਯੁੱਧ ਹੋਵੇਗਾ ਖ਼ਤਮ?

## ਜੂਨ ਦੌਰਾਨ ਸਵਿਟਜ਼ਰਲੈਂਡ 'ਚ ਹੋ ਸਕਦੀ ਹੈ ਕਾਨਫ਼ਰੰਸ, ਭਾਰਤ ਦੀ ਹੋਵੇਗੀ ਅਹਿਮ ਭੂਮਿਕਾ

ਰੂਸ ਅਤੇ ਯੂਕਰੇਨ ਦੇ ਯੁੱਧ ਨੂੰ ਵਿਸ਼ਵ ਰੋਕਣਾ ਚਾਹੁੰਦਾ ਹੈ। ਇਸ ਲਈ ਸਵਿਟਜਰਲੈਂਡ ਨੇ ਹੁਣੇ ਜਿਹੇ ਐਲਾਨ ਕੀਤਾ ਕਿ ਉਹ ਦੇਸ਼ ਦੇ ਪ੍ਰਮੁੱਖ ਨੇਤਾਵਾਂ ਦੇ ਪੱਧਰ 'ਤੇ ਇੱਕ ਸੰਮੇਲਨ ਦੀ ਮੇਜਬਾਨੀ ਕਰਨ ਦਾ ਪ੍ਰਸਤਾਵ ਰਖਦਾ ਹੈ। ਯੂਕਰੇਨ ਦੇ ਰਾਸ਼ਟਰਪਤੀ ਜੇਲੇਂਸਕੀ ਵੱਲੋਂ ਮੰਗ ਕੀਤੇ ਜਾਣ ਦੇ ਲਗਭਗ ਤਿੰਨ ਮਹੀਨੇ ਬਾਅਦ ਅਜਿਹਾ ਹੋ ਰਿਹਾ ਹੈ। ਇਸ ਕਾਨਫ਼ਰੰਸ ਦਾ ਮੰਤਵ ਇੱਕ ਉੱਚ ਪੱਧਰੀ ਮੰਚ ਪ੍ਰਦਾਨ ਕਰਨਾ ਹੈ ਜਿਸ ਨਾਲ ਅੰਤਰਰਾਸ਼ਟਰੀ ਕਾਨੂੰਨ ਅਤੇ ਸੰਯੁਕਤ ਰਾਸ਼ਟਰ ਚਾਰਟਰ ਦੇ ਆਧਾਰ 'ਤੇ ਯੂਕਰੇਨ ਲਈ ਇੱਕ ਵਿਆਪਕ, ਨਿਆਂਸੰਗਤ ਅਤੇ ਸਥਾਈ ਸ਼ਾਂਤੀ ਤੱਕ ਪਹੁੰਚਿਆ ਜਾ ਸਕੇ । ਮੱਧ ਸਵਿਟਜਰਲੈਂਡ ਵਿੱਚ ਲੇਕ ਲਿਊਸਰਨ ਦੇ ਉੱਪਰ ਬਰਗੇਨਸਟੌਕ ਹੋਟਲ ਵਿੱਚ 15-16 ਜੂਨ ਨੂੰ ਇਸ ਕਾਨਫ਼ਰੰਸ ਰਖੀ ਗਈ ਹੈ। ਇਹ ਤਾਰੀਖ ਖਾਸ ਹੈ, ਕਿਉਂਕਿ ਜੀ-7 ਨੇਤਾਵਾਂ ਦਾ ਸਿਖਰ ਸੰਮੇਲਨ 13 ਤੋਂ 15 ਜੂਨ ਤੱਕ ਇਟਲੀ ਵਿੱਚ ਹੋਣਾ ਹੈ। ਇਸ ਕਰਕੇ ਵੱਧ ਤੋਂ ਵੱਧ ਹਾਜ਼ਰੀ ਦੀ ਆਸ ਹੈ। ਇਸ ਸ਼ਾਂਤੀ ਸੰਮੇਲਨ ਵਿੱਚ ਭਾਰਤ ਨੂੰ ਵੀ ਸੱਦਾ ਦਿੱਤਾ ਗਿਆ ਹੈ। ਸਵਿਟਜ਼ਰਲੈਂਡ ਦੇ ਵਿਦੇਸ਼ ਮੰਤਰੀ ਇਗਨਾਜੀਓ ਕੈਸਿਸ ਨੇ 5 ਫ਼ਰਵਰੀ ਨੂੰ ਆਪਣੀ ਭਾਰਤ ਫ਼ੇਰੀ ਦੌਰਾਨ ਵਿਦੇਸ਼ ਮੰਤਰੀ ਜੈਸ਼ੰਕਰ ਨਾਲ ਮੁਲਾਕਾਤ ਕੀਤੀ ਸੀ। ਇਸ ਦੌਰਾਨ ਉਨ੍ਹਾਂ ਨੇ ਭਾਰਤ ਦੀ ਸ਼ਮੂਲੀਅਤ ਦੀ ਉਮੀਦ ਜਤਾਈ ਸੀ। ਇਸ ਤੋਂ ਬਾਅਦ ਮਾਰਚ ਵਿੱਚ ਜ਼ੇਲੇਂਸਕੀ ਨੇ ਪੀਐਮ ਮੋਦੀ ਨਾਲ ਫ਼ੋਨ 'ਤੇ ਗੱਲ ਕੀਤੀ ਸੀ। ਇਸ ਤੋਂ ਬਾਅਦ ਯੂਕਰੇਨ ਦੇ ਵਿਦੇਸ਼ ਮੰਤਰੀ ਦਮਿਤਰੋ ਕੁਲੇਬਾ ਨੇ ਭਾਰਤ ਨੂੰ ਕਾਨਫ਼ਰੰਸ ਵਿੱਚ ਹਿੱਸਾ ਲੈਣ ਦਾ ਸੱਦਾ ਦਿੱਤਾ ਸੀ।ਸਵਿਟਜ਼ਰਲੈਂਡ ਦੀ ਸਰਕਾਰ ਨੇ ਕਿਹਾ, ਰਾਸ਼ਟਰਪਤੀ ਜ਼ੇਲੇਂਸਕੀ ਦੀ 15 ਜਨਵਰੀ ਨੂੰ ਬਰਨ ਦੀ ਯਾਤਰਾ ਦੌਰਾਨ, ਸਵਿਟਜ਼ਰਲੈਂਡ ਅਤੇ ਯੂਕਰੇਨ ਨੇ ਸ਼ਾਂਤੀ ਵੱਲ ਅਗਲੇ ਕਦਮਾਂ ਬਾਰੇ ਚਰਚਾ ਕੀਤੀ। ਸਵਿਟਜ਼ਰਲੈਂਡ ਯੂਕਰੇਨ ਦੀ ਬੇਨਤੀ 'ਤੇ ਉੱਚ ਪੱਧਰੀ ਕਾਨਫ਼ਰੰਸ ਦੀ ਮੇਜ਼ਬਾਨੀ ਕਰਨ ਲਈ ਸਹਿਮਤ ਹੋ ਗਿਆ। ਜੂਨ 2024 ਦੌਰਾਨ, ਸਵਿਟਜ਼ਰਲੈਂਡ ਨੂੰ ਸੰਭਾਵਤ ਤੌਰ 'ਤੇ ਯੂਕਰੇਨ ਵਿੱਚ ਸ਼ਾਂਤੀ ਬਾਰੇ ਗੱਲਬਾਤ ਕਰਨ ਦਾ ਮੌਕਾ ਮਿਲੇਗਾ। ਬਿਆਨ ਵਿੱਚ ਕਿਹਾ ਗਿਆ ਹੈ ਕਿ ਸਿਖਰ ਸੰਮੇਲਨ ਦਾ ਉਦੇਸ਼ ਸ਼ਾਂਤੀ ਪ੍ਰਕਿਰਿਆ ਲਈ ਸਾਂਝੀ ਸਮਝ ਅਤੇ ਇੱਕ ਠੋਸ ਰੋਡਮੈਪ ਬਣਾਉਣਾ ਹੈ। ਇਸ ਕਾਨਫ਼ਰੰਸ ਦਾ ਆਯੋਜਨ ਕਰਕੇ ਸਵਿਟਜ਼ਰਲੈਂਡ ਯੂਰਪ ਅਤੇ ਦੁਨੀਆ ਵਿੱਚ ਵਧੇਰੇ ਸੁਰੱਖਿਆ ਅਤੇ ਸਥਿਰਤਾ ਲਈ ਅਹਿਮ ਯੋਗਦਾਨ ਪਾ ਰਿਹਾ ਹੈ।




ਬਿਆਨ ਮੁਤਾਬਕ ਲਗਭਗ 120 ਦੇਸ਼ਾਂ ਦੇ ਮੁਖੀ ਬੁਲਾਏ ਜਾਣਗੇ। ਜ਼ੇਲੇਂਸਕੀ ਨੇ ਉਮੀਦ ਪ੍ਰਗਟਾਈ ਕਿ 80 ਤੋਂ 100 ਦੇਸ਼ ਹੋਣਗੇ ਜੋ ਘੱਟੋ-ਘੱਟ ਰੂਸ ਨੂੰ ਨਿਰਪੱਖ ਸ਼ਾਂਤੀ ਲਈ ਮਜਬੂਰ ਕਰਨ ਦੀ ਕੋਸ਼ਿਸ਼ ਕਰਨਗੇ । ਉਸ ਨੇ ਇਹ ਵੀ ਮੰਨਿਆ ਕਿ ਉਸ ਕੋਲ ਅਜੇ ਤੱਕ ਇਨ੍ਹਾਂ ਦੇਸ਼ਾਂ ਨਾਲ ਸਬੰਧਤ ਕੋਈ ਵਿਸ਼ੇਸ਼ ਸੂਚੀ ਨਹੀਂ ਹੈ। ਉਨ੍ਹਾਂ ਕਿਹਾ ਕਿ ਅਸੀਂ ਇਸ ਗੱਲ 'ਤੇ ਸਹਿਮਤ ਹੋਵਾਂਗੇ ਕਿ ਆਉਣ ਵਾਲੇ ਦਿਨਾਂ ਵਿੱਚ ਸ਼ਾਂਤੀ ਕਿਵੇਂ ਕਾਇਮ ਹੋਵੇਗੀ।

ਰੂਸੀ ਵਿਦੇਸ਼ ਮੰਤਰੀ ਸਰਗੇਈ ਲਾਵਰੋਵ ਨੇ ਪਿਛਲੇ ਹਫ਼ਤੇ ਚਿਤਾਵਨੀ ਦਿੱਤੀ ਸੀ ਕਿ ਯੂਕਰੇਨ ਸੰਘਰਸ਼ ਨੂੰ ਖਤਮ ਕਰਨ ਬਾਰੇ ਚਰਚਾ ਤਾਂ ਹੀ ਸਫ਼ਲ ਹੋ ਸਕਦੀ ਹੈ ਜੇਕਰ ਰੂਸ ਦੇ ਹਿੱਤਾਂ ਨੂੰ ਧਿਆਨ ਵਿੱਚ ਰੱਖਿਆ ਜਾਵੇ। ਪੁਤਿਨ ਕਹਿੰਦੇ ਰਹੇ ਹਨ ਕਿ ਜਦੋਂ ਤੱਕ ਰੂਸ ਦੇ ਟੀਚੇ ਪੂਰੇ ਨਹੀਂ ਹੋਣਗੇ ਉਦੋਂ ਤੱਕ ਸ਼ਾਂਤੀ ਨਹੀਂ ਹੋਵੇਗੀ। ਹਾਲਾਂਕਿ ਅਮਰੀਕੀ ਚੋਣ ਮੁਹਿੰਮ ਕਾਰਨ ਬਿਡੇਨ, ਜਿਨਪਿੰਗ ਅਤੇ ਪੁਤਿਨ ਦੀ ਸ਼ਮੂਲੀਅਤ 'ਤੇ ਸਵਾਲੀਆ ਨਿਸ਼ਾਨ ਹਨ।

# ਕੇਜਰੀਵਾਲ ਦੀ ਗ੍ਰਿਫ਼ਤਾਰੀ ਤੋਂ ਬਾਅਦ 'ਆਪ' ਦੇ ਰਾਜ ਸਭਾ ਮੈਂਬਰਾਂ ਨੇ ਧਾਰੀ ਚੁੱਪੀ

## ਰਾਘਵ ਚੱਢਾ ਅੱਖਾਂ ਦੇ ਆਪਰੇਸ਼ਨ ਲਈ ਯੂ.ਕੇ. 'ਚ, ਬੁੱਧੀਜੀਵੀਆਂ ਦਾ ਸ਼ੱਕ ਚੱਢਾ ਜਾ ਸਕਦੇ ਨੇ ਭਾਜਪਾ ਵਿੱਚ

### ਰਾਜ ਸਭਾ ਮੈਂਬਰਾਂ ਕੋਲ ਧਰਨਿਆਂ ਵਿੱਚ ਸ਼ਾਮਿਲ ਹੋਣ ਦਾ ਸਮਾਂ ਨਹੀਂ

ਬੀਤੇ ਦਿਨੀਂ 'ਆਪ' ਪਾਰਟੀ ਦੇ ਸੁਪਰੀਮੋ ਕੇਜਰੀਵਾਲ ਦੀ ਗ੍ਰਿਫਤਾਰੀ ਬਾਅਦ ਆਪ ਦੇ ਇਕਲੌਤੇ ਲੋਕ ਸਭਾ ਮੈਂਬਰ ਸੁਸ਼ੀਲ ਕੁਮਾਰ ਰਿੰਕੂ ਪਾਰਟੀ ਛੱਡ ਕੇ ਭਾਜਪਾ ਵਿੱਚ ਸ਼ਾਮਲ ਹੋ ਚੁਕੇ ਹਨ ਅਤੇ ਜਲੰਧਰ ਤੋਂ ਭਾਜਪਾ ਦੀ ਟਿਕਟ 'ਤੇ ਚੋਣ ਲੜਨਗੇ। ਪਰ ਸਵਾਲ ਇਹ ਹੈ ਕਿ ਪਾਰਟੀ ਦੇ 10 ਰਾਜ ਸਭਾ ਮੈਂਬਰ ਕਿੱਥੇ ਗਏ ਹਨ ਤੇ ਉਹ ਇਨ੍ਹਾਂ ਮਾਮਲਿਆਂ ਬਾਰੇ ਕਬਰਾਂ ਵਰਗੀ ਚੁੱਪ ਧਾਰੀ ਬੈਠੇ ਹਨ ? ਪਾਰਟੀ ਵੱਲੋਂ ਐਵੇਨਿਊ ਕੋਰਟ ਤੋਂ ਲੈ ਕੇ ਤਿਹਾੜ ਜੇਲ੍ਹ, ਹਾਈ ਕੋਰਟ ਅਤੇ ਸੁਪਰੀਮ ਕੋਰਟ ਤੱਕ ਰੋਜ਼ਾਨਾ ਪ੍ਰਦਰਸ਼ਨ ਕੀਤੇ ਜਾ ਰਹੇ ਹਨ, ਪਾਰਟੀ ਆਗੂਆਂ ਤੇ ਵਰਕਰਾਂ ਦਾ ਇਕੱਠ ਹੁੰਦਾ ਹੈ ਪਰ ਪਾਰਟੀ ਦੇ ਜ਼ਿਆਦਾਤਰ ਰਾਜ ਸਭਾ ਮੈਂਬਰ ਕਿਤੇ ਨਜ਼ਰ ਨਹੀਂ ਆਉਂਦੇ। ਇਥੇ ਜ਼ਿਕਰਯੋਗ ਹੈ ਕਿ ਅਰਵਿੰਦ ਕੇਜਰੀਵਾਲ ਨੂੰ ਇਨਫੋਰਸਮੈਂਟ ਡਾਇਰੈਕਟੋਰੇਟ ਨੇ 21 ਮਾਰਚ ਨੂੰ ਦਿੱਲੀ ਦੀ ਆਬਕਾਰੀ ਨੀਤੀ ਵਿੱਚ ਕਥਿਤ ਘਪਲੇ ਨਾਲ ਜੁੜੇ ਇੱਕ ਕੇਸ ਵਿੱਚ ਗ੍ਰਿਫਤਾਰ ਕੀਤਾ ਸੀ। ਗ੍ਰਿਫਤਾਰੀ ਤੋਂ ਬਾਅਦ ਤੋਂ ਹੀ ਆਮ ਆਦਮੀ ਪਾਰਟੀ ਦੇ ਸਮਰਥਕ ਅਤੇ ਵਰਕਰ ਸੜਕਾਂ 'ਤੇ ਹਨ। ਆਤਿਸ਼ੀ, ਸੌਰਭ ਭਾਰਦਵਾਜ, ਸੰਦੀਪ ਪਾਠਕ, ਗੋਪਾਲ ਰਾਏ ਤੇ ਹੋਰ ਆਗੂ ਪਾਰਟੀ ਨਾਲ ਜੁੜੇ ਹਰ ਛੋਟੇ-ਵੱਡੇ ਮਾਮਲੇ ਨੂੰ ਮੀਡੀਆ ਦੇ ਸਾਹਮਣੇ ਪਾਰਟੀ ਨਾਲ ਜੁੜੀ ਹਰ ਛੋਟੀ-ਛੋਟੀ ਗੱਲ ਪੇਸ਼ ਕਰਦੇ ਨਜ਼ਰ ਆ ਰਹੇ ਹਨ।

ਅਰਵਿੰਦ ਕੇਜਰੀਵਾਲ ਦੀ ਪਤਨੀ ਸੁਨੀਤਾ ਕੇਜਰੀਵਾਲ ਵੀ ਹੁਣ ਸਾਹਮਣੇ ਹਨ। ਇਸ ਦੇ ਉਲਟ ਹੁਣੇ ਜਿਹੇ ਜਦੋਂ ਤ੍ਰਿਣਮੂਲ ਕਾਂਗਰਸ ਨੇ ਚੋਣ ਕਮਿਸ਼ਨ ਦੇ ਖ਼ਿਲਾਫ਼ ਪ੍ਰਦਰਸ਼ਨ ਕੀਤਾ ਤਾਂ ਪਾਰਟੀ ਦੇ ਕਰੀਬ 10 ਰਾਜ ਸਭਾ ਸੰਸਦ ਮੈਂਬਰਾਂ ਨੇ ਵਿਰੋਧ ਪ੍ਰਦਰਸ਼ਨ ਵਿੱਚ ਹਿੱਸਾ ਲਿਆ ਕਿਉਂਕਿ ਲਗਭਗ ਸਾਰੇ ਲੋਕ ਸਭਾ ਮੈਂਬਰ ਚੋਣ ਲੜ ਰਹੇ ਹਨ, ਇਸ ਲਈ ਵਿਰੋਧ ਦੀ ਜ਼ਿੰਮੇਵਾਰੀ ਰਾਜ ਸਭਾ ਦੇ ਸੰਸਦ ਮੈਂਬਰਾਂ ਨੇ ਲਈ ਸੀ। ਡੇਰੇਕ ਓ ਬ੍ਰਾਇਨ ਤੋਂ ਲੈ ਕੇ ਡੋਲਾ ਸੇਨ ਤੱਕ ਅਤੇ ਹਾਲ ਹੀ ਵਿੱਚ ਚੁਣੀ ਗਈ ਸੰਸਦ ਮੈਂਬਰ ਸਾਗਰਿਕਾ ਘੋਸ਼ ਧੁੱਪ ਵਿੱਚ ਧਰਨਾ ਲਾ ਕੇ ਬੈਠੀ ਤੇ ਉਸਦੀ ਪੁਲਿਸ ਨਾਲ ਝੜਪ ਵੀ ਹੋਈ ਸੀ।

ਸੰਜੇ ਸਿੰਘ ਜੇਲ੍ਹ ਤੋਂ ਰਿਹਾਅ ਹੋਣ ਤੋਂ ਬਾਅਦ ਆਪ ਪਾਰਟੀ ਵੱਲੋਂ ਕੀਤੇ ਜਾ ਰਹੇ ਧਰਨਿਆਂ ਵਿੱਚ ਕੁਝ ਕੁ ਰਾਜ ਸਭਾ ਮੈਂਬਰ ਵੀ ਸ਼ਾਮਲ ਹੋ ਰਹੇ ਹਨ, ਪਰ ਦਿੱਲੀ ਦੇ ਬਾਕੀ ਦੋ ਰਾਜ ਸਭਾ ਸੰਸਦ ਮੈਂਬਰਾਂ ਦਾ ਪਤਾ ਨਹੀਂ ਹੈ। ਐਨ.ਡੀ. ਗੁਪਤਾ ਪਾਰਟੀ ਦੇ ਖਜ਼ਾਨਚੀ ਹਨ ਅਤੇ ਉਨ੍ਹਾਂ ਨੂੰ ਦੂਜੀ ਵਾਰ ਰਾਜ ਸਭਾ ਭੇਜਿਆ ਗਿਆ ਹੈ ਪਰ ਉਹ ਧਰਨਿਆਂ ਵਿਚੋਂ ਗਾਇਬ ਹਨ। ਨਵੀਂ ਦਿੱਲੀ ਤੋਂ ਰਾਜ ਸਭਾ ਮੈਂਬਰ ਬਣੀ ਦਿੱਲੀ ਮਹਿਲਾ ਕਮਿਸ਼ਨ ਦੀ ਸਾਬਕਾ ਚੇਅਰਪਰਸਨ ਸਵਾਤੀ ਮਾਲੀਵਾਲ ਅਮਰੀਕਾ ਵਿੱਚ ਹੈ। ਉਸ ਦਾ ਕਹਿਣਾ ਸੀ ਕਿ ਉਹ ਆਪਣੀ ਭੈਣ ਦਾ ਇਲਾਜ਼ ਕਰਵਾ ਰਹੀ ਹੈ।

ਕ੍ਰਿਕਟਰ ਹਰਭਜਨ ਸਿੰਘ ਨੂੰ ਵੀ ਕੇਜਰੀਵਾਲ ਨੇ ਰਾਜ ਸਭਾ ਭੇਜਿਆ ਹੈ ਪਰ ਉਨ੍ਹਾਂ ਨੇ ਕੇਜਰੀਵਾਲ ਦੀ ਗ੍ਰਿਫਤਾਰੀ 'ਤੇ ਨਾ ਤਾਂ ਕੋਈ ਬਿਆਨ ਦਿੱਤਾ ਹੈ ਅਤੇ ਨਾ ਹੀ ਕਿਸੇ ਪ੍ਰਦਰਸ਼ਨ ਵਿੱਚ ਹਿੱਸਾ ਲਿਆ। ਕੇਜਰੀਵਾਲ ਨੇ ਪੰਜਾਬ ਦੀ ਇੱਕ ਯੂਨੀਵਰਸਿਟੀ ਦੇ ਮੁਖੀ ਨੂੰ ਵੀ ਰਾਜ ਸਭਾ ਵਿੱਚ ਭੇਜਿਆ ਹੈ ਪਰ ਉਸ ਕੋਲ ਵੀ ਧਰਨਿਆਂ ਵਿੱਚ ਸ਼ਾਮਿਲ ਹੋਣ ਦਾ ਸਮਾਂ ਨਹੀਂ ਹੈ।ਇਸ ਸਭ ਦੇ ਵਿਚਕਾਰ, ਪਾਰਟੀ ਦੇ ਰਾਜ ਸਭਾ ਮੈਂਬਰ ਰਾਘਵ ਚੱਢਾ, ਜੋ ਅਕਸਰ ਮੁੱਖ ਮੰਤਰੀ ਕੇਜਰੀਵਾਲ ਦੇ ਨਾਲ ਨਜ਼ਰ ਆਉਂਦੇ ਹਨ, ਇਸ ਪੂਰੇ ਘਟਨਾਕ੍ਰਮ ਵਿੱਚ ਜ਼ਿਆਦਾ ਬੋਲਦੇ ਨਜ਼ਰ ਨਹੀਂ ਆ ਰਹੇ ਹਨ। ਸਿਰਫ਼ ਇੱਕ ਟਵੀਟ ਨਾਲ ਸਾਰ ਦਿਤਾ। ਉਨ੍ਹਾਂ ਦੀ



ਗੈਰਹਾਜ਼ਰੀ ਲੋਕਾਂ ਦੇ ਮਨਾਂ ਵਿੱਚ ਸ਼ੰਕੇ ਪੈਦਾ ਕਰ ਰਹੀ ਹੈ। ਆਪ ਪਾਰਟੀ ਦੇ ਕੌਮੀ ਬੁਲਾਰੇ ਮਾਲਵਿੰਦਰ ਸਿੰਘ ਕੰਗ ਨੇ ਦੱਸਿਆ ਕਿ ਉਹ ਅੱਖਾਂ ਦੇ ਅਪਰੇਸ਼ਨ ਕਰਕੇ ਯੂਕੇ ਗਏ ਹੋਏ ਹਨ, ਉਨ੍ਹਾਂ ਦੀ ਅੱਖ ਦੇ ਰੈਟੀਨਾ ਵਿੱਚ ਛੇਕ ਹੈ। ਰਾਘਵ ਚੱਢਾ ਦੇ ਵਾਪਸ ਪਰਤਣ ਜਾਂ ਲੰਬੇ ਸਮੇਂ ਤੱਕ ਰਹਿਣ ਬਾਰੇ ਉਨ੍ਹਾਂ ਨੇ ਕਿਹਾ ਕਿ ਉਹ ਇਸ ਬਾਰੇ ਸਪੱਸ਼ਟ ਜਾਣਕਾਰੀ ਨਹੀਂ ਦੇ ਸਕਦੇ। ਹਾਲਾਂਕਿ ਰਾਘਵ ਚੱਢਾ ਨੇ 9 ਮਾਰਚ ਨੂੰ ਲੰਡਨ ਸਕੂਲ ਆਫ ਇਕਨਾਮਿਕਸ ਦੇ ਲੰਡਨ ਇੰਡੀਅਨ ਫੋਰਮ ਵਿੱਚ ਵੀ ਸੰਬੋਧਨ ਕੀਤਾ ਸੀ। ਰਾਘਵ ਚੱਢਾ ਨੇ ਖੁਦ ਟਵੀਟ ਕਰਕੇ ਇਹ ਜਾਣਕਾਰੀ ਦਿੱਤੀ ਸੀ। ਪਰ ਸ਼ੋਸ਼ਲ ਮੀਡੀਆ ਉਪਰ ਲੋਕ ਪੁਛਦੇ ਹਨ ਕਿ ਰਾਘਵ ਚੱਢਾ ਨੇ ਕੇਜਰੀਵਾਲ ਦੀ ਗ੍ਰਿਫ਼ਤਾਰੀ ਬਾਰੇ ਬਿਆਨ ਕਿਉਂ ਨਹੀਂ ਜਾਰੀ ਕੀਤਾ। ਕੀ ਉਹ ਮੋਦੀ ਸਰਕਾਰ ਤੋਂ ਡਰ ਗਏ ਹਨ ? ਕੁਝ ਸੋਸ਼ਲ ਮੀਡੀਆ ਯੂਜ਼ਰ ਕਹਿ ਰਹੇ ਹਨ ਕਿ ਪਾਰਟੀ ਵਿੱਚ ਸੰਕਟ ਦੇ ਇਸ ਸਮੇਂ ਵਿੱਚ ਰਾਘਵ ਚੱਢਾ ਦੂਰੀ ਬਣਾ ਰਹੇ ਹਨ। ਕੁਝ ਯੂਜ਼ਰਸ ਉਨ੍ਹਾਂ ਦੇ ਬੀਜੇਪੀ ਵਿੱਚ ਸ਼ਾਮਲ ਹੋਣ ਬਾਰੇ ਵੀ ਕਿਆਸ ਲਗਾ ਰਹੇ ਹਨ। ਪੰਜਾਬ ਯੂਨੀਵਰਸਿਟੀ ਦੇ ਰਾਜਨੀਤੀ ਸ਼ਾਸਤਰ ਵਿਭਾਗ ਦੇ ਪ੍ਰੋਫੈਸਰ ਡਾ: ਆਸ਼ੂਤੋਸ਼ ਕੁਮਾਰ ਵੀ ਇਸ ਗੱਲ ਨੂੰ ਆਮ ਨਹੀਂ ਸਮਝਦੇ। ਉਹ ਰਾਘਵ ਚੱਢਾ ਦੇ ਭਾਜਪਾ ਵਿੱਚ ਸ਼ਾਮਲ ਹੋਣ ਦੀਆਂ ਅਟਕਲਾਂ ਨੂੰ ਵੀ ਗਲਤ ਨਹੀਂ ਮੰਨਦੇ। ਪ੍ਰੋਫੈਸਰ ਆਸ਼ੂਤੋਸ਼ ਕਹਿੰਦੇ ਹਨ, ਇਹ ਬਿਲਕੁੱਲ ਸੰਭਵ ਹੈ। ਪੰਜਾਬ ਵਿੱਚ ਭਾਜਪਾ ਦਾ ਕੋਈ ਪ੍ਰਭਾਵਸ਼ਾਲੀ ਆਗੂ ਨਹੀਂ ਹੈ। ਰਾਘਵ ਚੱਢਾ ਨੌਜਵਾਨ ਹਨ, ਉਹ ਨਾ ਸਿਰਫ਼ ਆਪਣੀ ਗੱਲ ਨੂੰ ਚੰਗੀ ਤਰ੍ਹਾਂ ਤਿਆਰ ਕਰਦੇ ਹਨ, ਸਗੋਂ ਲੋਕਾਂ ਵਿੱਚ ਵੀ ਚੰਗੀ ਪਹੁੰਚ ਰੱਖਦੇ ਹਨ। ਭਾਜਪਾ ਵੈਸੇ ਵੀ ਇਸ ਤਰ੍ਹਾਂ ਦੇ ਆਗੂਆਂ ਦੀ ਭਾਲ ਕਰ ਰਹੀ ਹੈ। ਬੀਜੇਪੀ ਦਾ ਫੋਕਸ 2027 ਦੀਆਂ ਪੰਜਾਬ ਵਿਧਾਨ ਸਭਾ ਚੋਣਾਂ ਹਨ। ਇਸ ਤੋਂ ਉੱਪਰ ਰਾਘਵ ਚੱਢਾ ਖੱਤਰੀ ਭਾਈਚਾਰੇ ਤੋਂ ਆਉਂਦੇ ਹਨ ਜੋ ਪ੍ਰਭਾਵਸ਼ਾਲੀ ਮੰਨੇ ਜਾਂਦੇ ਹਨ ਅਤੇ ਇੱਕ ਸ਼ਹਿਰੀ ਵੋਟਰ ਹਨ। ਭਾਜਪਾ ਦੇ ਵੋਟਰ ਵੀ ਇਸ ਵਰਗ ਨਾਲ ਸਬੰਧਿਤ ਹਨ। ਰਾਘਵ ਭਾਜਪਾ ਬਹੁਤ ਲਾਹੇਵੰਦ ਸਾਬਤ ਹੋ ਸਕਦੇ ਹਨ।ਸੀਨੀਅਰ ਵਕੀਲ ਅਤੇ ਸਾਬਕਾ ਕਾਂਗਰਸੀ ਨੇਤਾ ਕਪਿਲ ਸਿੱਬਲ ਕਿਹਾ ਕਿ ਗ੍ਰਿਫ਼ਤਾਰ ਹੋਣ ਵਾਲਿਆਂ ਵਿੱਚ ਅਗਲਾ ਨੰਬਰ ਰਾਘਵ ਚੱਢਾ ਦਾ ਹੈ। ਕੇ ਕਵਿਤਾ ਅਤੇ ਅਰਵਿੰਦ ਕੇਜਰੀਵਾਲ ਬਾਅਦ ਹੁਣ ਮੋਦੀ ਸਰਕਾਰ ਦਾ ਅਗਲਾ ਨਿਸ਼ਾਨਾ ਰਾਘਵ ਚੱਢਾ ਹੋਣਗੇ। ਇਸ ਤੋਂ ਬਾਅਦ ਹੋਰ ਲੋਕਾਂ ਨੂੰ ਗ੍ਰਿਫ਼ਤਾਰ ਕੀਤਾ ਜਾਵੇਗਾ ਜੋ ਇਸ ਦੇਸ ਦੀਆਂ ਚੋਣਾਂ ਵਿੱਚ ਮੁੱਖ ਖਿਡਾਰੀ ਹਨ।

ਜਾਣਕਾਰੀ ਮੁਤਾਬਕ ਚੱਢਾ ਦੀ ਸ਼ੁਰੂਆਤ ਦੌਰਾਨ ਸਰਕਾਰ ਵਿੱਚ ਕਾਫ਼ੀ ਦਖ਼ਲਅੰਦਾਜ਼ੀ ਸੀ। ਹੌਲੀ-ਹੌਲੀ ਮੁੱਖ ਮੰਤਰੀ ਭਗਵੰਤ ਮਾਨ ਨੇ ਪ੍ਰਸ਼ਾਸਨਿਕ ਕੰਮ ਆਪਣੇ ਹੱਥਾਂ ਵਿੱਚ ਲੈਣਾ ਸ਼ੁਰੂ ਕਰ ਦਿੱਤਾ ਹੈ। ਮੁੱਖ ਮੰਤਰੀ ਜਿਵੇਂ-ਜਿਵੇਂ ਮਜ਼ਬੂਤ ਹੋਣ ਲੱਗੇ, ਚੱਢਾ ਦਾ ਦਖ਼ਲ ਵੀ ਘਟਣ ਲੱਗਾ। ਚੱਢਾ ਦੀਆਂ ਸਰਗਰਮੀਆਂ ਵੀ ਪਿਛਲੇ ਛੇ ਮਹੀਨਿਆਂ ਤੋਂ ਪੰਜਾਬ 'ਚ ਨਾ-ਮਾਤਰ ਹੀ ਸਨ।ਪਰ ਹੁਣ ਕੇਜਰੀਵਾਲ ਦੀ ਗ੍ਰਿਫਤਾਰੀ ਬਾਅਦ ਸੰਜੇ ਸਿੰਘ ਨੇ ਆਪ ਪਾਰਟੀ ਦੀ ਕਮਾਂਡ ਸੰਭਾਲੀ ਹੋਈ ਹੈ ਤੇ ਭਗਵੰਤ ਮਾਨ ਵੀ ਸੰਜੇ ਸਿੰਘ ਦੇ ਸੰਪਰਕ ਵਿੱਚ ਹਨ।

### 'ਆਪ' ਦੇ ਸੰਘਰਸ਼ ਤੋਂ ਗ਼ਾਇਬ ਹੋਏ ਰਾਘਵ ਚੱਢਾ ਦਾ ਪਾਰਟੀ 'ਚ ਯੋਗਦਾਨ

ਸਾਲ 2013 ਵਿੱਚ, ਜਦੋਂ ਅੰਨਾ ਹਜ਼ਾਰੇ ਦਾ ਇੰਡੀਆ ਅਗੇਂਸਟ ਕਰੱਪਸ਼ਨ ਅੰਦੋਲਨ ਆਪਣੇ ਆਖਰੀ ਪੜਾਅ ਵਿੱਚ ਸੀ, ਰਾਘਵ ਚੱਢਾ ਦੀ ਮੁਲਾਕਾਤ ਅਰਵਿੰਦ ਕੇਜਰੀਵਾਲ ਨਾਲ ਹੋਈ। ਪੇਸ਼ੇ ਤੋਂ ਚਾਰਟਰਡ ਅਕਾਊਂਟੈਂਟ ਰਾਘਵ ਚੱਢਾ ਉਸ ਸਮੇਂ ਲੰਡਨ ਸਕੂਲ ਆਫ ਇਕਨਾਮਿਕਸ ਤੋਂ ਪੜ੍ਹ ਕੇ ਭਾਰਤ ਪਰਤੇ ਸੀ। ਡੇਲੀ ਓ ਦੀ ਇੱਕ ਰਿਪੋਰਟ ਦੇ ਅਨੁਸਾਰ, ਪਾਰਟੀ ਵਿੱਚ ਰਾਘਵ ਚੱਢਾ ਦਾ ਪਹਿਲਾ ਕੰਮ ਐਡਵੋਕੇਟ ਰਾਹੁਲ ਮਹਿਰਾ ਦੀ ਸਹਾਇਤਾ ਕਰਨਾ ਸੀ, ਜਿਸ ਨੇ ਦਿੱਲੀ ਜਨਲੋਕਪਾਲ ਬਿੱਲ ਦਾ ਖਰੜਾ ਤਿਆਰ ਕੀਤਾ ਸੀ। ਇਹ ਜ਼ਿੰਮੇਵਾਰੀ ਉਨ੍ਹਾਂ ਨੂੰ ਅਰਵਿੰਦ ਕੇਜਰੀਵਾਲ ਨੇ ਸੌਂਪੀ ਸੀ।

ਰਾਘਵ ਚੱਢਾ ਪਾਰਟੀ ਦੇ ਸਭ ਤੋਂ ਨੌਜਵਾਨ ਬੁਲਾਰੇ ਬਣ ਗਏ ਅਤੇ ਥੋੜ੍ਹੇ ਸਮੇਂ ਵਿੱਚ ਹੀ ਰਾਘਵ ਚੱਢਾ ਟੈਲੀਵਿਜ਼ਨ ਉੱਤੇ ਆਮ ਆਦਮੀ ਪਾਰਟੀ ਦਾ ਚਿਹਰਾ ਬਣ ਚੁੱਕੇ ਸਨ। ਆਮ ਆਦਮੀ ਪਾਰਟੀ ਦੀ ਵੈੱਬਸਾਈਟ ਉੱਤੇ ਦਿੱਤੀ ਗਈ ਜਾਣਕਾਰੀ ਮੁਤਾਬਕ ਰਾਘਵ ਸਾਲ 2013 ਵਿੱਚ ਆਮ ਆਦਮੀ ਪਾਰਟੀ ਦਾ ਮੈਨੀਫੈਸਟੋ ਬਣਾਉਣ ਵਾਲੀ ਟੀਮ ਦੇ ਮੈਂਬਰ ਸੀ। ਕੁਝ ਸਮੇਂ ਲਈ ਉਨ੍ਹਾਂ ਨੂੰ ਪਾਰਟੀ ਦਾ ਖਜ਼ਾਨਚੀ ਵੀ ਬਣਾਇਆ ਗਿਆ। ਰਾਘਵ ਚੱਢਾ, ਜੋ ਇੱਕ ਦਹਾਕਾ ਪਹਿਲਾਂ ਅਰਵਿੰਦ ਕੇਜਰੀਵਾਲ ਦੀ ਟੀਮ ਵਿੱਚ ਇੱਕ ਵਲੰਟੀਅਰ ਵਜੋਂ ਸ਼ਾਮਲ ਹੋਏ, ਹੁਣ ਉਨ੍ਹਾਂ ਦੇ ਸਭ ਤੋਂ ਭਰੋਸੇਮੰਦ ਰਣਨੀਤੀਕਾਰਾਂ ਵਿੱਚ ਗਿਣੇ ਜਾਂਦੇ ਹਨ। ਸਾਲ 2019 ਵਿੱਚ, ਰਾਘਵ ਚੱਢਾ ਨੇ ਦੱਖਣੀ ਦਿੱਲੀ ਦੀ ਸੰਸਦੀ ਸੀਟ ਲਈ ਚੋਣ ਲੜੀ ਸੀ, ਪਰ ਉਹ ਅਸਫਲ ਰਹੇ ਸਨ। ਇਸ ਤੋਂ ਬਾਅਦ ਉਹ 2020 ਦੀਆਂ ਵਿਧਾਨ ਸਭਾ ਚੋਣਾਂ ਵਿੱਚ ਦਿੱਲੀ ਦੀ ਰਾਜਿੰਦਰ ਨਗਰ ਸੀਟ ਤੋਂ ਜਿੱਤੇ। ਮਾਰਚ 2022 ਵਿੱਚ, ਰਾਘਵ ਚੱਢਾ ਅਤੇ ਚਾਰ ਹੋਰਾਂ ਨੂੰ ਆਮ ਆਦਮੀ ਪਾਰਟੀ ਨੇ ਪੰਜਾਬ ਤੋਂ ਰਾਜ ਸਭਾ ਲਈ ਨਾਮਜ਼ਦ ਕੀਤਾ ਸੀ। ਉਸ ਸਮੇਂ ਰਾਘਵ ਚੱਢਾ ਦੀ ਉਮਰ 33 ਸਾਲ ਸੀ ਅਤੇ ਉਹ ਸਭ ਤੋਂ ਘੱਟ ਉਮਰ ਦੇ ਸੰਸਦ ਮੈਂਬਰ ਬਣੇ ਸਨ।

ਮੰਨਿਆ ਜਾ ਰਿਹਾ ਹੈ ਕਿ ਸਾਲ 2022 ਵਿੱਚ ਪੰਜਾਬ ਵਿੱਚ ਆਮ ਆਦਮੀ ਪਾਰਟੀ ਦੀ ਵੱਡੀ ਜਿੱਤ ਵਿੱਚ ਰਾਘਵ ਚੱਢਾ ਨੇ ਅਹਿਮ ਭੂਮਿਕਾ ਨਿਭਾਈ ਸੀ।

ਪੰਜਾਬ ਦੀ ਕਾਮਯਾਬੀ ਨੂੰ ਦੇਖਦੇ ਹੋਏ ਪਾਰਟੀ ਨੇ ਉਨ੍ਹਾਂ ਨੂੰ 2022 ਦੇ ਅੰਤ ਵਿੱਚ ਹੋਣ ਵਾਲੀਆਂ ਗੁਜਰਾਤ ਵਿਧਾਨ ਸਭਾ ਚੋਣਾਂ ਦੀ ਜ਼ਿੰਮੇਵਾਰੀ ਵੀ ਸੌਂਪੀ ਅਤੇ ਉਨ੍ਹਾਂ ਨੂੰ ਸਹਿ-ਇੰਚਾਰਜ ਬਣਾਇਆ।

# ਕੀ ਆਪਣੀ ਗੁਆਚੀ ਸਿਆਸੀ ਜ਼ਮੀਨ ਵਾਪਸ ਲੈ ਸਕੇਗਾ ਅਕਾਲੀ ਦਲ ?

## ਦਲ ਬਦਲੂਆਂ ਕਾਰਨ ਅਕਾਲੀ ਦਲ ਦੀ ਹਾਲਤ ਚਿੰਤਾਜਨਕ ਬਣੀ

ਭਾਜਪਾ ਤੋਂ ਵੱਖ ਹੋਣ ਬਾਅਦ ਸੂਬੇ ਵਿੱਚ ਆਪਣੀ ਗੁਆਚੀ ਸਿਆਸੀ ਜ਼ਮੀਨ ਤਲਾਸ਼ ਰਹੇ ਸ਼੍ਰੋਮਣੀ ਅਕਾਲੀ ਦਲ ਲਈ ਹੁਣ ਦਲ ਬਦਲੂਆਂ ਕਾਰਨ ਤੇ ਟਿਕਟ ਦੀ ਵੰਡ ਕਾਰਨ ਫਿਰ ਖਤਰਾ ਮਹਿਸੂਸ ਹੋਣ ਲਗਾ ਹੈ। ਸੀ-ਵੋਟਰ ਨੇ ਹੁਣੇ ਜਿਹੇ ਪੰਜਾਬ ਦੀਆਂ ਲੋਕ ਸਭਾ ਸੀਟਾਂ ਬਾਰੇ ਏਬੀਪੀ ਲਈ ਇੱਕ ਓਪੀਨੀਅਨ ਪੋਲ ਕਰਵਾਇਆ ਸੀ।2024 ਦੇ ਇਸ ਅੰਤਿਮ ਓਪੀਨੀਅਨ ਪੋਲ ਵਿੱਚ ਅਕਾਲੀ ਦਲ ਨੂੰ ਝਟਕਾ ਲੱਗਦਾ ਨਜ਼ਰ ਆ ਰਿਹਾ ਹੈ। ਸਪਸ਼ਟ ਹੈ ਕਿ ਦਲ ਬਦਲੂਆਂ ਕਾਰਨ ਅਕਾਲੀ ਦਲ ਦੀ ਹਾਲਤ ਚਿੰਤਾਜਨਕ ਹੈ। ਉਸ ਨੂੰ ਇੱਥੇ ਕੋਈ ਸੀਟ ਮਿਲਦੀ ਨਜ਼ਰ ਨਹੀਂ ਆ ਰਹੀ। ਜਦਕਿ ਕਾਂਗਰਸ ਇੱਥੇ ਵੱਡੀ ਪਾਰਟੀ ਬਣ ਕੇ ਉਭਰੇਗੀ। ਇਸ ਨੂੰ ਸੱਤ ਸੀਟਾਂ ਮਿਲ ਸਕਦੀਆਂ ਹਨ। ਇੰਡੀਆ ਅਲਾਇੰਸ ਦੇ ਤਹਿਤ ਇਹ ਆਪ ਪਾਰਟੀ ਨਾਲ ਗਠਜੋੜ ਨਹੀਂ ਕਰ ਸਕਿਆ ਅਤੇ ਦੋਵੇਂ ਵੱਖ-ਵੱਖ ਚੋਣਾਂ ਲੜ ਰਹੇ ਹਨ।

**ਦਲ ਬਦਲੂਆਂ ਕਾਰਨ ਅਕਾਲੀ ਦਲ ਨੂੰ ਝਟਕਾ**

ਭਾਵੇਂ ਬੀਤੇ ਸਮੇਂ ਦੌਰਾਨ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਭਾਵੇਂ ਸੁਖਦੇਵ ਸਿੰਘ ਢੀਂਡਸਾ , ਬੀਬੀ ਜਾਗੀਰ ਕੌਰ ਤੇ ਹੋਰ ਰੁੱਸੇ ਟਕਸਾਲੀ ਆਗੂਆਂ ਨੂੰ ਨਾਲ ਤੋਰਨ ਵਿੱਚ




ਸਫ਼ਲ ਰਹੇ ਸਨ। ਉਹ ਪਾਰਟੀ ਨੂੰ ਪੈਰਾਂ-ਸਿਰ ਕਰਨ ਲਈ ਯਤਨ ਕਰ ਰਹੇ ਹਨ ਪਰ ਪਾਰਟੀ ਲਈ ਵੱਡੀਆਂ ਚੁਣੌਤੀਆਂ ਤੇ ਸਵਾਲਾਂ ਨੇ ਰਾਹ ਮੱਲ੍ਹਿਆ ਹੋਇਆ ਹੈ। ਹੁਣ ਲੋਕ ਸਭਾ ਚੋਣਾਂ ਦੇ ਐਲਾਨ ਬਾਅਦ ਸਾਬਕਾ ਵਿਧਾਇਕ ਪਵਨ ਕੁਮਾਰ ਟੀਨੂੰ ਦਾ ਆਪ ਆਦਮੀ ਪਾਰਟੀ ਵਿੱਚ ਸ਼ਾਮਲ ਹੋਣਾ ਅਕਾਲੀ ਦਲ ਲਈ ਇੱਕ ਵੱਡਾ ਝਟਕਾ ਹੈ। ਪਵਨ ਟੀਨੂੰ ਦਾ ਕਹਿਣਾ ਹੈ ਕਿ ਅਕਾਲੀ ਦਲ ਵਿੱਚ ਭਾਰੀ ਫੁਟ ਹੈ, ਸਿਧਾਂਤਾਂ ਤੋਂ ਖਿਤਕ ਚੁਕਾ ਹੈ ਤੇ ਪਾਰਟੀ ਨਿਘਾਰ ਵਲ ਹੈ, ਉਥੇ ਦਲਿਤ ਭਾਈਚਾਰੇ ਦਾ ਕੋਈ ਭਵਿੱਖ ਨਹੀਂ। ਇਸੇ ਕਰਕੇ ਉਹ 'ਆਪ' ਪਾਰਟੀ ਵਲ ਆਏ ਹਨ।

ਸੂਤਰਾਂ ਅਨੁਸਾਰ ਟੀਨੂੰ ਤੋਂ ਇਲਾਵਾ ਕਈ ਹੋਰ ਵੱਡੇ ਨੇਤਾ ਹਨ ਜਿਹੜੇ ਅਕਾਲੀ ਦਲ ਨੂੰ ਅਲਵਿਦਾ ਆਖ ਸਕਦੇ ਹਨ। ਇਨ੍ਹਾਂ ਵਿਚ ਬਠਿੰਡਾ ਤੋਂ ਸਿਕੰਦਰ ਸਿੰਘ ਮਲੂਕਾ ਅਤੇ ਸੰਗਰੂਰ ਤੋਂ ਹਾਲ ਹੀ ਵਿਚ ਅਕਾਲੀ ਦਲ ਵਿੱਚ ਮੁੜ ਸ਼ਾਮਲ ਹੋਏ ਢੀਂਡਸਾ ਪਰਿਵਾਰ ਸ਼ਾਮਲ ਹੈ। ਜੇ ਮਲੂਕਾ ਅਤੇ ਢੀਂਡਸਾ ਪਰਿਵਾਰ ਅਕਾਲੀ ਦਲ ਤੋਂ ਵੱਖ ਹੁੰਦੇ ਹਨ ਤਾਂ ਇਹ ਅਕਾਲੀ ਦਲ ਲਈ ਜਲੰਧਰ, ਸੰਗਰੂਰ ਅਤੇ ਬਠਿੰਡਾ ਲੋਕ ਸਭਾ ਸੀਟਾਂ ਲਈ ਵੱਡਾ ਝਟਕਾ ਹੋਵੇਗਾ। ਢੀਂਡਸਾ ਪਰਿਵਾਰ ਦਾ ਜ਼ਿਲ੍ਹਾ ਸੰਗਰੂਰ, ਬਰਨਾਲਾ ਅਤੇ ਮਾਲੇਰਕੋਟਲਾ ਆਦਿ ਵਿੱਚ ਲੋਕਾਂ ਨਾਲ ਵਧੇਰੇ ਰਾਬਤਾ ਹੈ ਅਤੇ ਵੱਡਾ ਵੋਟ ਬੈਂਕ ਉਨ੍ਹਾਂ ਨਾਲ ਜੁੜਿਆ ਹੋਇਆ ਹੈ। ਅਜਿਹੇ ਹਾਲਾਤ ਵਿੱਚ ਝੂੰਦਾਂ ਲਈ ਲੋਕ ਸਭਾ ਦੀਆਂ ਪੌੜੀਆਂ ਚੜ੍ਹਨ ਦਾ ਸਫ਼ਰ ਔਖਾ ਹੋ ਸਕਦਾ ਹੈ। ਕਿਆਸ ਅਰਾਈਆਂ ਹਨ ਕਿ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਢੀਂਡਸਾ ਪਰਿਵਾਰ ਤੋਂ ਪਹਿਲਾਂ ਦੀ ਤਰ੍ਹਾਂ ਤਿੰਨ ਜ਼ਿਲ੍ਹਿਆਂ ਦੀ ਸਿਆਸੀ ਸਰਦਾਰੀ ਨਾਂ ਦੇਣ ਦਾ ਹੱਕ ਖੋਹ ਲਿਆ ਲੱਗਦਾ ਹੈ।

ਜਦੋਂ ਤੋਂ ਢੀਂਡਸਾ ਪਰਿਵਾਰ ਅਕਾਲੀ ਦਲ ਵਿੱਚ ਮੁੜ ਸ਼ਾਮਲ ਹੋਏ ਹਨ ਤਦ ਤੋਂ ਮੰਨਿਆ ਜਾ ਰਿਹਾ ਸੀ ਕਿ ਲੋਕ ਸਭਾ ਹਲਕਾ ਸੰਗਰੂਰ ਤੋਂ ਪਰਮਿੰਦਰ ਸਿੰਘ ਢੀਂਡਸਾ ਨੂੰ ਪਾਰਟੀ ਉਮੀਦਵਾਰ ਬਣਾਇਆ ਜਾਵੇਗਾ। ਪਰ ਜਿਵੇਂ ਹੀ ਬੀਤੇ ਦਿਨੀਂ ਸ਼੍ਰੋਮਣੀ ਅਕਾਲੀ ਦਲ ਦੇ ਛੇ ਉਮੀਦਵਾਰਾਂ ਦੀ (ਬਾਕੀ ਸਫ਼ਾ 30 'ਤੇ)

### ਦਲ ਬਦਲੂਆਂ ਨੇ ਰਾਜਨੀਤਕ ਪਾਰਟੀਆਂ ਦਾ ਸਿਆਸੀ ਗਣਿਤ ਵਿਗਾੜਿਆ

ਪੰਜਾਬ ਅੰਦਰ ਲੋਕ ਸਭਾ ਚੋਣਾਂ ਵਿੱਚ ਦਲ ਬਦਲੂ ਭੱਦਰਪੁਰਸ਼ਾਂ ਨੇ ਰਾਜਨੀਤਿਕ ਪਾਰਟੀਆਂ ਦਾ ਸਿਆਸੀ ਗਣਿਤ ਵਿਗਾੜ ਕੇ ਰੱਖ ਦਿੱਤਾ ਹੈ ।ਵੱਖ-ਵੱਖ ਪਾਰਟੀਆਂ ਦੇ ਟਿਕਟ ਦੇ ਮਜ਼ਬੂਤ ਦਾਅਵੇਦਾਰ ਹੀ ਆਪਣੀ ਪਾਰਟੀ ਛੱਡ ਕੇ ਹੋਰਨਾਂ ਪਾਰਟੀਆਂ ਦੀ ਟਿਕਟ 'ਤੇ ਕਿਸਮਤ ਅਜਮਾਉਣ ਨੂੰ ਤਰਜੀਹ ਦੇਣ ਲੱਗੇ ਹਨ। ਮੌਕਾਪ੍ਰਸਤੀ ਸਿਆਸਤ ਦੇ ਚੱਲਦਿਆਂ ਲੋਕ ਮੁੱਦੇ ਗ਼ਾਇਬ ਹੋ ਗਏ ਹਨ ਅਤੇ ਆਮ ਲੋਕਾਂ ਨੂੰ ਦਲ ਬਦਲੀਆਂ ਦੇ ਦ੍ਰਿਸ਼ਾਂ ਵਿੱਚ ਹੀ ਉਲਝਾ ਕੇ ਰੱਖ ਦਿੱਤਾ ਗਿਆ ਹੈ । ਬਠਿੰਡਾ ਸੰਸਦੀ ਹਲਕੇ ਤੋਂ ਬਣੇ ਤਾਜ਼ਾ ਘਟਨਾਕ੍ਰਮ ਦੇ ਚੱਲਦਿਆਂ ਸ੍ਰੋਮਣੀ ਅਕਾਲੀ ਦਲ ਬਾਦਲ ਵਲੋਂ ਹਰਸਿਮਰਤ ਕੌਰ ਬਾਦਲ ਦਾ ਨਾਂਅ ਪਹਿਲੀ ਸੂਚੀ ਵਿੱਚ ਨਾ ਐਲਾਨਣਾ ਚਰਚਾ ਦਾ ਵਿਸ਼ਾ ਹੈ। ਸਿਆਸੀ ਪੰਡਿਤਾਂ ਦਾ ਮੰਨਣਾ ਹੈ ਕਿ ਪਾਰਟੀ ਸੁਪਰੀਮੋ ਸੁਖਬੀਰ ਸਿੰਘ ਬਾਦਲ ਪਾਰਟੀ ਅੰਦਰ ਵਾਪਰ ਰਹੇ ਘਟਨਾਕ੍ਰਮ ਦੇ ਚੱਲਦਿਆਂ ਫੂਕ ਫੂਕ ਕੇ ਪੈਰ ਧਰ ਰਹੇ ਹਨ ਤੇ ਅਜਿਹੀਆਂ ਹਾਲਤਾਂ ਵਿੱਚ ਹੋ ਸਕਦਾ ਹੈ ਕਿ (ਬਾਕੀ ਸਫ਼ਾ 30 'ਤੇ)

## ਬੱਚੇ ਦੀ ਆਵਾਜ਼ ਵਾਪਸ ਆਉਣ 'ਤੇ ਪਰਿਵਾਰ ਨੇ ਸ਼ੁਕਰਾਨੇ ਵਜੋਂ ਸ੍ਰੀ ਦਰਬਾਰ ਸਾਹਿਬ ਨੂੰ ਟਰੈਕਟਰ ਕੀਤਾ ਭੇਟ



ਅੰਮ੍ਰਿਤਸਰ/ਏ.ਟੀ.ਨਿਊਜ਼ : ਵਿਦੇਸ਼ 'ਚ ਵੱਸਦੇ ਇੱਕ ਪਰਿਵਾਰ ਦੇ ਬੱਚੇ ਕਾਕਾ ਰਾਜਬੀਰ ਸਿੰਘ ਦੀ ਆਵਾਜ਼ ਪਰਤਣ 'ਤੇ ਪਰਿਵਾਰ ਵੱਲੋਂ ਬੀਤੇ ਦਿਨ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਵਿਖੇ ਟਰੈਕਟਰ ਭੇਟ ਕਰ ਕੇ ਗੁਰੂ ਸਾਹਿਬ ਦਾ ਸ਼ੁਕਰਾਨਾ ਕੀਤਾ ਗਿਆ।

10 ਸਾਲ ਦਾ ਕਾਕਾ ਰਾਜਬੀਰ ਸਿੰਘ, ਜੋ ਬੋਲ ਨਹੀਂ ਸਕਦਾ ਸੀ, ਦੇ ਪਰਿਵਾਰ ਨੇ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਵਿਖੇ ਅਰਦਾਸ ਕੀਤੀ। ਬੱਚੇ ਦੀ ਆਵਾਜ਼ ਵਾਪਸ ਆਉਣ 'ਤੇ ਪਰਿਵਾਰ ਗੁਰੂ ਸਾਹਿਬ ਦਾ ਸ਼ੁਕਰਾਨਾ ਕਰਨ ਲਈ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਦਰਸ਼ਨਾਂ ਲਈ ਆਇਆ। ਸ਼੍ਰੋਮਣੀ ਕਮੇਟੀ ਦੇ ਦਫ਼ਤਰ ਵਿਖੇ ਕਾਕਾ ਰਾਜਬੀਰ ਸਿੰਘ ਅਤੇ ਪਰਿਵਾਰ ਨੂੰ ਸ਼੍ਰੋਮਣੀ ਕਮੇਟੀ ਦੇ ਮੈਂਬਰ ਭਾਈ ਮਨਜੀਤ ਸਿੰਘ ਭੂਰਾਕੋਹਨਾ ਤੇ ਸ੍ਰੀ ਦਰਬਾਰ ਸਾਹਿਬ ਦੇ ਮੈਨੇਜਰ ਭਗਵੰਤ ਸਿੰਘ ਧੰਗੇੜਾ ਵੱਲੋਂ ਗੁਰੂ ਬਖ਼ਸ਼ਿਸ਼ ਸਿਰੋਪਾਓ ਤੇ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੀ ਤਸਵੀਰ ਦੇ ਕੇ ਸਨਮਾਨਿਤ ਕੀਤਾ। ਇਸ ਮੌਕੇ ਗੱਲ ਕਰਦਿਆਂ ਭਾਈ ਮਨਜੀਤ ਸਿੰਘ ਭੂਰਾਕੋਹਨਾ ਨੇ ਕਿਹਾ ਕਿ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਪੂਰੀ ਮਨੁੱਖਤਾ ਲਈ ਅਧਿਆਤਮਿਕ ਦਾ ਕੇਂਦਰ ਹੈ, ਜਿਥੋਂ ਅਨੇਕਾਂ ਪਰਿਵਾਰਾਂ ਦੀ ਮਨੋਕਾਮਨਾਵਾਂ ਪੂਰੀਆਂ ਹੁੰਦੀਆਂ ਹਨ। ਉਨ੍ਹਾਂ ਕਿਹਾ ਕਿ ਕਾਕਾ ਰਾਜਬੀਰ ਸਿੰਘ ਜੋ ਬੋਲ ਨਹੀਂ ਸਕਦਾ ਸੀ, 'ਤੇ ਵੀ ਗੁਰੂ ਪਾਤਸ਼ਾਹ ਦੀ ਰਹਿਮਤ ਹੋਈ ਹੈ, ਜਿਸ ਦੇ ਸ਼ੁਕਰਾਨੇ ਵਜੋਂ ਪਰਿਵਾਰ ਨੇ ਟਰੈਕਟਰ ਭੇਟ ਕਰਕੇ ਸ਼ਰਧਾ ਪ੍ਰਗਟਾਈ ਹੈ।

# ਸ਼੍ਰੋਮਣੀ ਕਮੇਟੀ ਗੁਰੂ ਗ੍ਰੰਥ ਸਾਹਿਬ ਦੀ ਛਪਾਈ ਕਿਊ. ਆਰ. ਕੋਡ ਲਗਾ ਕੇ ਕਰੇਗੀ ਸੂਚੀਬੱਧ

### ਮੁਕਾਬਲਾ ਪ੍ਰੀਖਿਆਵਾਂ ਲਈ ਇੱਕ ਵਿਸ਼ਾਲ ਇਮਾਰਤ ਬਣਾਉਣ ਦਾ ਵੀ ਫ਼ੈਸਲਾ

ਸ੍ਰੀ ਗੋਇੰਦਵਾਲ ਸਾਹਿਬ/ਏ.ਟੀ.ਨਿਊਜ਼ : ਸ਼੍ਰੋਮਣੀ ਕਮੇਟੀ ਦੀ ਅੰਤ੍ਰਿਗ ਕਮੇਟੀ ਦੀ ਇਕੱਤਰਤਾ ਗੁਰਦੁਆਰਾ ਸ੍ਰੀ ਬਾਉਲੀ ਸਾਹਿਬ ਵਿਖੇ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਦੀ ਪ੍ਰਧਾਨਗੀ ਹੇਠ ਹੋਈ।

ਐਡਵੋਕੇਟ ਧਾਮੀ ਨੇ ਦੱਸਿਆ ਕਿ ਸ਼੍ਰੋਮਣੀ ਕਮੇਟੀ ਵੱਲੋਂ ਅੱਗੇ ਤੋਂ ਪਾਵਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਛਪਾਈ ਸਮੇਂ ਨਵੀਂ ਤਕਨੀਕ ਅਨੁਸਾਰ ਕਿਊ.ਆਰ. ਕੋਡ ਲਗਾ ਕੇ ਗਿਣਤੀ ਅਤੇ ਹੋਰ ਜਾਣਕਾਰੀਆਂ ਨੂੰ ਸੂਚੀਬੱਧ ਕੀਤਾ ਜਾਵੇਗਾ।

ਇਸ ਦੇ ਨਾਲ ਹੀ ਪਹਿਲਾਂ ਤੋਂ ਗੁਰਦੁਆਰਾ ਸਾਹਿਬਾਨ ਵਿੱਚ ਸੁਸ਼ੋਭਿਤ ਅਤੇ ਸੰਗਤ ਪਾਸ ਮੌਜੂਦ ਪਾਵਨ ਸਰੂਪਾਂ ਨੂੰ ਵੀ ਇਸ ਵਿਧੀ ਨਾਲ ਜੋੜਨ ਦੇ ਯਤਨ ਕੀਤੇ ਜਾਣਗੇ।

ਐਡਵੋਕੇਟ ਧਾਮੀ ਨੇ ਦੱਸਿਆ ਕਿ ਸ਼੍ਰੋਮਣੀ ਕਮੇਟੀ ਵੱਲੋਂ ਆਈ.ਏ.ਐੱਸ., ਆਈ.ਪੀ.ਐੱਸ., ਪੀ.ਸੀ.ਐੱਸ. ਆਦਿ ਮੁਕਾਬਲਾ ਪ੍ਰੀਖਿਆਵਾਂ ਲਈ ਸਿੱਖ ਨੌਜਵਾਨਾਂ ਨੂੰ ਤਿਆਰ ਕਰਨ ਲਈ ਚਲਾਈ ਜਾ ਰਹੀ ਨਿਸ਼ਚੈ ਅਕੈਡਮੀ ਲਈ ਇੱਕ ਵਿਸ਼ਾਲ ਇਮਾਰਤ ਬਣਾਉਣ ਦਾ ਵੀ ਫੈਸਲਾ ਕੀਤਾ ਗਿਆ ਹੈ। ਇਹ ਇਮਾਰਤ ਗੁਰਦੁਆਰਾ ਬਾਗ ਸ਼ਹੀਦਾਂ ਸੈਕਟਰ 44 ਚੰਡੀਗੜ੍ਹ ਵਿਖੇ ਤਿਆਰ ਕੀਤੀ ਜਾਵੇਗੀ, ਜਿਸ ਲਈ ਮੁੱਢਲੇ ਤੌਰ 'ਤੇ 6.50 ਕਰੋੜ ਰੁਪਏ ਦੀ ਪ੍ਰਵਾਨਗੀ ਦਿੱਤੀ ਗਈ ਹੈ।



## ਖਾੜਕੂ ਪ੍ਰਭਪ੍ਰੀਤ ਜਰਮਨੀ ਦਿੱਲੀ ਏਅਰਪੋਰਟ ਤੋਂ ਗ੍ਰਿਫ਼ਤਾਰ

ਚੰਡੀਗੜ੍ਹ/ਅੰਮ੍ਰਿਤਸਰ/ਏ.ਟੀ.ਨਿਊਜ਼ :ਬੀਤੇ ਦਿਨੀਂ ਖਾੜਕੂਵਾਦ ਵਿਰੁੱਧ ਚੱਲ ਰਹੀ ਮੁਹਿੰਮ ਦੌਰਾਨ, ਸਟੇਟ ਸਪੈਸ਼ਲ ਆਪ੍ਰੇਸ਼ਨ ਸੈੱਲ ਅੰਮ੍ਰਿਤਸਰ ਨੇ ਜਰਮਨੀ ਆਧਾਰਿਤ ਸੰਚਾਲਕ ਪ੍ਰਭਪ੍ਰੀਤ ਸਿੰਘ ਸਿੱਧੂ ਨੂੰ ਦਿੱਲੀ ਦੇ ਆਈ.ਜੀ.ਆਈ. ਹਵਾਈ ਅੱਡੇ ਤੋਂ ਗ੍ਰਿਫ਼ਤਾਰ ਕਰ ਕੇ ਖਾੜਕੂ ਭਰਤੀ ਕਰਨ, ਫੰਡਿੰਗ ਦੇਣ ਅਤੇ ਸਹਾਇਤਾ ਕਰਨ ਵਾਲੇ ਮਾਡਿਊਲ ਦਾ ਪਰਦਾਫਾਸ਼ ਕੀਤਾ ।



ਜ਼ਿਕਰਯੋਗ ਹੈ ਕਿ ਸਾਲ 2020 ਵਿੱਚ, ਐਸ.ਐਸ.ਓ.ਸੀ. ਅੰਮ੍ਰਿਤਸਰ ਵਿਖੇ ਗੁਪਤ ਸੂਚਨਾ ਮਿਲੀ ਸੀ ਕਿ ਕੇ.ਜ਼ੈਡ.ਐਫ. ਖਾੜਕੂ ਜਗਦੀਸ਼ ਸਿੰਘ ਭੂਰਾ ਪੰਜਾਬ ਵਿੱਚ ਕੁਝ ਨਾਮੀ ਸ਼ਖਸੀਅਤਾਂ ਨੂੰ ਨਿਸ਼ਾਨਾ ਬਣਾਉਣ ਦੀ ਯੋਜਨਾ ਬਣਾ ਰਿਹਾ ਹੈ ਅਤੇ ਇਸ ਕੰਮ ਨੂੰ ਪੂਰਾ ਕਰਨ ਲਈ ਉਸ ਨੇ ਆਪਣੇ ਭਾਰਤ ਆਧਾਰਿਤ ਸਾਥੀਆਂ ਨੂੰ ਹਥਿਆਰ ਅਤੇ ਵਿੱਤੀ ਸਹਾਇਤਾ ਪ੍ਰਦਾਨ ਕੀਤੀ ਸੀ। ਪੰਜਾਬ ਪੁਲਿਸ ਨੇ ਕਾਰਵਾਈ ਕਰਦਿਆਂ ਇਸ ਮਾਡਿਊਲ ਦੇ ਚਾਰ ਕਾਰਕੁੰਨਾਂ ਨੂੰ ਗ੍ਰਿਫ਼ਤਾਰ ਕਰ ਕੇ ਇਸ ਦਾ ਪਰਦਾਫਾਸ਼ ਕੀਤਾ ਅਤੇ ਉਨ੍ਹਾਂ ਤੋਂ ਹਥਿਆਰ ਅਤੇ ਗੋਲ਼ੀ-ਸਿੱਕਾ ਬਰਾਮਦ ਕੀਤੇ ਸਨ। ਇਸ ਸਬੰਧੀ ਪੁਲਿਸ ਵੱਲੋਂ ਅੰਮ੍ਰਿਤਸਰ ਵਿਖੇ ਮਾਮਲਾ ਦਰਜ ਕੀਤਾ ਗਿਆ ਸੀ ਡੀਜੀਪੀ ਨੇ ਦੱਸਿਆ ਕਿ ਮੁਲਜ਼ਮਾਂ ਨੇ ਖੁਲਾਸਾ ਕੀਤਾ ਸੀ ਕਿ ਉਹ ਲੁੜੀਂਦੇ ਖਾੜਕੂ ਜਗਦੀਸ਼ ਸਿੰਘ ਭੂਰਾ ਅਤੇ ਉਸ ਦੇ ਕਰੀਬੀ ਪ੍ਰਭਪ੍ਰੀਤ ਸਿੰਘ ਦੇ ਨਿਰਦੇਸ਼ਾਂ 'ਤੇ ਕੰਮ ਕਰ ਰਹੇ ਸਨ। ਮੁਲਜ਼ਮਾਂ ਨੇ ਇਹ ਵੀ ਖੁਲਾਸਾ ਕੀਤਾ ਸੀ ਕਿ ਉਹ ਨਾਮੀ ਸ਼ਖਸੀਅਤਾਂ ਨੂੰ ਨਿਸ਼ਾਨਾ ਬਣਾਉਣ ਦੀ ਯੋਜਨਾ ਬਣਾ ਰਹੇ ਸਨ। ਪ੍ਰਭਪ੍ਰੀਤ ਜਰਮਨੀ ਵਿੱਚ ਰਹਿ ਰਿਹਾ ਸੀ, ਇਸ ਲਈ ਪੰਜਾਬ ਪੁਲਿਸ ਨੇ ਉਸ ਨੂੰ ਇਸ ਕੇਸ ਵਿੱਚ ਨਾਮਜ਼ਦ ਕਰਨ ਉਪਰੰਤ ਉਸ ਨੂੰ ਗ੍ਰਿਫ਼ਤਾਰ ਕਰਨ ਲਈ ਬਿਊਰੋ ਆਫ਼ ਇਮੀਗ੍ਰੇਸ਼ਨ, ਨਵੀਂ ਦਿੱਲੀ ਰਾਹੀਂ ਉਸ ਖ਼ਿਲਾਫ਼ ਐੱਲਓਸੀ ਜਾਰੀ ਕਰਵਾ ਦਿੱਤਾ ਸੀ। ਇਮੀਗ੍ਰੇਸ਼ਨ ਅਧਿਕਾਰੀਆਂ ਨੇ ਪ੍ਰਭਪ੍ਰੀਤ ਨੂੰ ਹਿਰਾਸਤ ਵਿੱਚ ਲੈਣ ਬਾਰੇ ਸੂਚਿਤ ਕੀਤਾ। ਉਪਰੰਤ ਐਸ.ਐਸ.ਓ.ਸੀ. ਅੰਮ੍ਰਿਤਸਰ ਦੀ ਟੀਮ ਦਿੱਲੀ ਪਹੁੰਚੀ ਅਤੇ ਉਸ ਨੂੰ ਗ੍ਰਿਫ਼ਤਾਰ ਕਰ ਲਿਆ।ਇਸ ਸਬੰਧੀ ਵਧੇਰੇ ਜਾਣਕਾਰੀ ਦਿੰਦਿਆਂ ਏ.ਆਈ.ਜੀ. ਐਸ.ਐਸ.ਓ.ਸੀ. ਅੰਮ੍ਰਿਤਸਰ ਸੁਖਮਿੰਦਰ ਸਿੰਘ ਮਾਨ ਨੇ ਦੱਸਿਆ ਕਿ ਮੁੱਢਲੀ ਜਾਂਚ ਤੋਂ ਪਤਾ ਲੱਗਾ ਹੈ ਕਿ ਪ੍ਰਭਪ੍ਰੀਤ 2017 'ਚ ਪੋਲੈਂਡ ਗਿਆ ਸੀ ਅਤੇ 2020 'ਚ ਸੜਕ ਰਸਤੇ ਜਰਮਨੀ ਚਲਾ ਗਿਆ ਸੀ ਅਤੇ ਜਰਮਨੀ 'ਚ ਪੱਕੀ ਰਿਹਾਇਸ਼ ਹਾਸਲ ਕਰਨ ਲਈ ਉਸ ਨੇ ਸਿਆਸੀ ਸ਼ਰਨ ਲਈ ਅਰਜ਼ੀ ਦਿੱਤੀ ਸੀ।ਜਰਮਨੀ ਵਿੱਚ ਰਹਿੰਦਿਆਂ ਉਹ ਬੈਲਜੀਅਮ ਸਥਿਤ ਕੇ.ਜ਼ੈਡ.ਐਫ. ਖਾੜਕੂ ਜਗਦੀਸ਼ ਸਿੰਘ ਭੂਰਾ ਦੇ ਸੰਪਰਕ ਵਿੱਚ ਆਇਆ ਅਤੇ ਦੇਸ਼ ਵਿਰੋਧੀ ਗਤੀਵਿਧੀਆਂ ਵਿੱਚ ਸ਼ਾਮਲ ਹੋ ਗਿਆ। ਮਿੱਥ ਕੇ ਕਤਲ ਦੀਆਂ ਵਾਰਦਾਤਾਂ ਅਤੇ ਹੋਰ ਅਪਰਾਧਕ ਗਤੀਵਿਧੀਆਂ ਨੂੰ ਅੰਜਾਮ ਦੇਣ ਲਈ ਆਪਣੇ ਭਾਰਤੀ ਸਾਥੀ ਲਈ ਫੰਡਿੰਗ ਅਤੇ ਹਥਿਆਰਾਂ ਦਾ ਪ੍ਰਬੰਧ ਕਰਦਾ ਸੀ।ਉਸ ਦੇ ਪੂਰੇ ਨੈੱਟਵਰਕ ਅਤੇ ਜਿਸ ਮਾਡਿਊਲ ਲਈ ਉਹ ਕੰਮ ਕਰ ਰਿਹਾ ਹੈ, ਦਾ ਪਰਦਾਫਾਸ਼ ਕਰਨ ਲਈ ਹੋਰ ਪੁੱਛਗਿੱਛ ਕੀਤੀ ਜਾ ਰਹੀ ਹੈ।

## ਸ਼ਹੀਦ ਬੇਅੰਤ ਸਿੰਘ ਦਾ ਪੁੱਤਰ ਲੜੇਗਾ ਲੋਕ ਸਭਾ ਚੋਣ

### ਫਰੀਦਕੋਟ ਤੋਂ ਮੈਦਾਨ ਵਿੱਚ ਨਿੱਤਰਿਆ, ਮਾਨ ਦਲ ਵੱਲੋਂ ਹਮਾਇਤ

ਚੰਡੀਗੜ੍ਹ/ਏ.ਟੀ.ਨਿਊਜ਼ : ਸਾਬਕਾ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਨੂੰ ਸੋਧਣ ਵਾਲੇ ਸ਼ਹੀਦ ਬੇਅੰਤ ਸਿੰਘ ਦਾ ਪੁੱਤਰ ਸਰਬਜੀਤ ਸਿੰਘ ਲੋਕ ਸਭਾ ਚੋਣ ਫਰੀਦਕੋਟ ਤੋਂ ਲੜੇਗਾ।



ਸਰਬਜੀਤ ਸਿੰਘ ਨੇ ਦੱਸਿਆ ਕਿ ਫਰੀਦਕੋਟ ਦੇ ਕਈ ਲੋਕਾਂ ਨੇ ਉਨ੍ਹਾਂ ਨੂੰ ਚੋਣ ਲੜਨ ਲਈ ਕਿਹਾ ਹੈ।ਉਨ੍ਹਾਂ ਕਿਹਾ ਕਿ ਉਹ ਆਜ਼ਾਦ ਉਮੀਦਵਾਰ ਵਜੋਂ ਲੋਕ ਸਭਾ ਚੋਣ ਲੜਨਗੇ। ਅਕਾਲੀ ਦਲ ਅੰਮ੍ਰਿਤਸਰ ਦੇ ਪ੍ਰਧਾਨ ਸਿਮਰਨਜੀਤ ਸਿੰਘ ਮਾਨ ਨੇ ਉਸਦੀ ਹਮਾਇਤ ਕਰ ਦਿੱਤੀ ਹੈ।

ਸਰਬਜੀਤ ਸਿੰਘ ਨੇ 2004 ਦੀ ਲੋਕ ਸਭਾ ਚੋਣ ਬਠਿੰਡਾ ਸੀਟ ਤੋਂ ਲੜੀ ਸੀ। ਇਸ ਚੋਣ 'ਚ ਉਸ ਨੂੰ ਹਾਰ ਦਾ ਸਾਹਮਣਾ ਕਰਨਾ ਪਿਆ।ਚੋਣਾਂ 'ਚ ਉਸ ਨੂੰ 1.13 ਲੱਖ ਵੋਟਾਂ ਮਿਲੀਆਂ ਸਨ। ਉਸਨੇ 2007 ਵਿੱਚ ਬਰਨਾਲਾ ਦੀ ਭਦੌੜ ਸੀਟ ਤੋਂ ਪੰਜਾਬ ਵਿਧਾਨ ਸਭਾ ਦੀ ਚੋਣ ਵੀ ਲੜੀ ਸੀ ਪਰ ਅਸਫਲ ਰਿਹਾ।

**ਮਾਂ ਰੋਪੜ ਸੀਟ ਤੋਂ ਰਹੀ ਹੈ ਐੱਮਪੀ**

ਸਰਬਜੀਤ ਸਿੰਘ ਨੇ 2014 ਦੀਆਂ ਲੋਕ ਸਭਾ ਚੋਣਾਂ 'ਚ ਫ਼ਤਹਿਗੜ੍ਹ ਸਾਹਿਬ ਸੀਟ ਤੋਂ ਮੁੜ ਕਿਸਮਤ ਅਜ਼ਮਾਈ ਪਰ ਫਿਰ ਹਾਰ ਗਿਆ। ਉਸ ਦੀ ਮਾਤਾ ਬਿਮਲ ਕੌਰ 1989 ਵਿੱਚ ਰੋਪੜ ਸੀਟ ਤੋਂ ਸੰਸਦ ਮੈਂਬਰ ਚੁਣੀ ਗਈ ਸੀ। ਤੁਹਾਨੂੰ ਦੱਸ ਦੇਈਏ ਕਿ ਪੰਜਾਬ ਦੀਆਂ 13 ਲੋਕ ਸਭਾ ਸੀਟਾਂ ਲਈ 1 ਜੂਨ ਨੂੰ ਵੋਟਾਂ ਪੈਣਗੀਆਂ।

# ਸਿੱਖ ਪੰਥ ਦੀ ਸ਼ਾਨ ਹੈ ਸ੍ਰੀ ਦਰਬਾਰ ਸਾਹਿਬ ਦੇ ਐਨ ਨੇੜੇ ਸਥਿਤ ਬੁੰਗਾ ਰਾਮਗੜ੍ਹੀਆ

### ਜੂਨ 1984 ਦੇ ਫ਼ੌਜੀ ਹਮਲੇ ਤੋਂ ਬਾਅਦ ਨੁਕਸਾਨੇ ਗਏ ਸਨ ਇਸ ਇਮਾਰਤ ਦੇ ਮਿਨਾਰ

ਅੰਮ੍ਰਿਤਸਰ/ਏ.ਟੀ.ਨਿਊਜ਼: ਸਿੱਖ ਇਤਿਹਾਸ ਦੇ ਅਹਿਮ ਪਾਤਰ ਸਰਦਾਰ ਜੱਸਾ ਸਿੰਘ ਰਾਮਗੜ੍ਹੀਆ ਵੱਲੋਂ ਤਿਆਰ ਸ੍ਰੀ ਦਰਬਾਰ ਸਾਹਿਬ ਦੇ ਐਨ ਨਾਲ ਸਥਿਤ ਬੁੰਗਾ ਰਾਮਗੜ੍ਹੀਆ ਸੰਗਤਾਂ ਦੀ ਖਿੱਚ ਦਾ ਕੇਂਦਰ ਬਣਿਆ ਹੋਇਆ ਹੈ। ਸਿੱਖਾਂ ਦੇ ਸ਼ਾਨਾਮਤੇ ਇਤਿਹਾਸ ਵਿੱਚ ਵੱਖਰਾ ਮੁਕਾਮ ਰਖਣ ਵਾਲੀ ਇਸ ਇਤਿਹਾਸਕ ਇਮਾਰਤ ਨੇ ਸ੍ਰੀ ਦਰਬਾਰ ਸਾਹਿਬ ਨਾਲ ਸਬੰਧਤ ਤਿੰਨ ਸਦੀਆਂ ਦਾ ਇਤਿਹਾਸ ਦੇਖਿਆ ਹੈ। ਜੂਨ 1984 ਦੇ ਫ਼ੌਜੀ ਹਮਲੇ ਤੋਂ ਬਾਅਦ ਇਸ ਇਮਾਰਤ ਦੇ ਮਿਨਾਰ ਨੁਕਸਾਨੇ ਗਏ ਸਨ।

'ਬੁੰਗਾ ਰਾਮਗੜ੍ਹੀਆ' ਨੂੰ ਸ਼੍ਰੋਮਣੀ ਕਮੇਟੀ ਵੱਲੋਂ ਸਰਦਾਰ ਜੱਸਾ ਸਿੰਘ ਰਾਮਗੜ੍ਹੀਆ ਫ਼ੈਡਰੇਸ਼ਨ ਅੰਮ੍ਰਿਤਸਰ ਦੀ ਸਲਾਹ ਨਾਲ ਪੁਰਾਤਨ ਦਿਖ ਦੇਣ ਲਈ ਵੱਖ ਵੱਖ ਸਮੇਂ ਵਿੱਚ ਹੁਣ ਤਕ ਚਾਰ ਭਾਗਾਂ ਵਿੱਚ ਸੇਵਾ ਕਰਵਾ ਕੇ ਸੰਗਤਾਂ ਦੇਖਣ ਲਈ ਤਿਆਰ ਕੀਤਾ। 'ਬੁੰਗਾ ਰਾਮਗੜ੍ਹੀਆ' ਦੀ ਪੁਰਾਤਨ ਦਿੱਖ ਨਾਲ ਸੰਭਾਲ ਕਰਦਿਆਂ ਜੋ ਢਾਂਚੇ ਵਿੱਚ ਖੜੋਤ ਆਈ ਸੀ ਉਸ ਨੂੰ ਹੂਬਹੂ ਬਣਾਉਣ ਲਈ ਇਤਿਹਾਸ ਨੂੰ ਧਿਆਨ ਵਿੱਚ ਰਖਦਿਆਂ ਮੁੜ ਤਿਆਰ ਕੀਤਾ ਗਿਆ ਹੈ। ਲੰਗਰ ਸ੍ਰੀ ਗੁਰੂ ਰਾਮਦਾਸ ਜੀ ਦੇ ਨਾਲ 'ਬੁੰਗਾ ਰਾਮਗੜ੍ਹੀਆ' ਵਿੱਚ ਜਾਣ ਲਈ ਰਸਤਾ ਰਖਿਆ ਗਿਆ ਹੈ। ਬੁੰਗੇ ਦੇ ਮੁੱਖ ਦੁਆਰ ਦੇ ਨਾਲ ਹੀ ਬੁੰਗੇ ਦੇ ਹੇਠਾਂ ਜਾਣ ਲਈ ਇੱਕ ਪਾਸੇ ਪੌੜੀਆਂ ਹਨ, ਜੋ ਬੁੰਗੇ ਦੇ ਅੰਦਰ ਲੈ ਕੇ ਜਾਣ ਲਈ ਹੈ।



ਤਿੰਨ ਮੰਜ਼ਲਾਂ ਬੁੰਗੇ ਵਿੱਚ ਸਿੰਘਾਸਨ ਦੀ ਉਚਾਈ ਸ੍ਰੀ ਦਰਬਾਰ ਸਾਹਿਬ ਤੋਂ ਕਾਫ਼ੀ ਨੀਵੀਂ ਹੈ, ਜੋ ਗੁਰੂ ਤੇ ਵਿਸ਼ਵਾਸ, ਨਿਮਰਤਾ, ਨਿਰਮਾਣ ਕਲਾ ਦੇ ਗਿਆਨ ਅਤੇ ਵਿਉਂਤਬੰਦੀ ਦੀ ਗਵਾਹੀ ਭਰਦੀ ਹੈ। ਬੁੰਗੇ ਵਿੱਚ ਸਰਦਾਰ ਜੱਸਾ ਸਿੰਘ ਰਾਮਗੜ੍ਹੀਆ ਦੇ ਸਿੰਘਾਸਨ ਦਾ ਸਥਾਨ ਤੇ ਸਾਹਮਣੇ ਮਾਲਖ਼ਾਨਾ ਅਤੇ ਕੈਦੀਆਂ ਲਈ ਕਾਲ ਕੋਠੜੀ ਸਿੰਘਾਸਨ ਦੇ ਥੱਲੇ ਹੈ। ਦਰਬਾਰੀਆਂ, ਅਹਿਲਕਾਰਾਂ ਅਤੇ ਜਰਨੈਲਾਂ ਦੇ ਬੈਠਣ ਲਈ ਇੱਕ ਵੱਡਾ ਦੀਵਾਨ ਹਾਲ ਹੈ ਜਿਸ ਦੇ ਇੱਕ ਪਾਸੇ ਖੂਹ ਹੈ, ਇਥੇ ਪੰਜ ਕਮਰੇ ਹਨ। ਬਾਹਰ ਆਉਣ ਲਈ ਵਖਰਾ ਰਸਤਾ ਅਤੇ ਇੱਕ ਰਸਤਾ ਵਿਚਕਾਰ ਮੁਸ਼ਕਲ ਪੈਦਾ ਹੋਣ ਦੀ ਸਥਿਤੀ ਵਿੱਚ ਵਰਤਣ ਲਈ ਹੈ।

ਸ. ਜੱਸਾ ਸਿੰਘ ਰਾਮਗੜ੍ਹੀਆ ਦੁਆਰਾ ਤਿਆਰ ਕਰਵਾਏ ਇਸ ਬੁੰਗੇ ਵਿੱਚ ਦੀਵਾਨ ਏ ਖ਼ਾਸ, ਜਿਸ ਵਿੱਚ ਉਨ੍ਹਾਂ ਦਾ ਸਿੰਘਾਸਨ ਹੈ। ਇਸ ਦੀ ਛੱਤ 44 ਲਾਲ ਪੱਥਰ ਦੇ ਥੰਮ੍ਹਾਂ ਨਾਲ ਜੋ ਸਿੱਖ ਨਕਾਸ਼ੀ ਦਾ ਅਲੌਕਿਕ ਨਮੂਨਾ ਹੈ।ਦਰਬਾਰੀਆਂ, ਅਹਿਲਕਾਰਾਂ ਅਤੇ ਜਰਨੈਲਾਂ ਦੇ ਬੈਠਣ ਲਈ ਇੱਕ ਵੱਡਾ ਦੀਵਾਨ ਹਾਲ ਹੈ ਜਿਸ ਦੇ ਇੱਕ ਪਾਸੇ ਖੂਹ ਹੈ।ਹਵਾ ਅਤੇ ਰੌਸ਼ਨੀ ਲਈ ਵੀ ਪ੍ਰਬੰਧ ਹੈ।

ਸ੍ਰੀ ਦਰਬਾਰ ਸਾਹਿਬ ਅਤੇ ਸ਼ਹਿਰ ਦੀਆਂ ਹੱਦਾਂ ਦੀ ਨਿਗਰਾਨੀ ਲਈ 156 ਫੁੱਟ ਉੱਚੇ 2 ਮੀਨਾਰ ਬਣਾਏ ਸਨ, ਜੋ ਸਿੱਖ ਨਿਰਮਾਣ ਕਲਾ ਦੀ ਮੂੰਹ ਬੋਲਦੀ ਤਸਵੀਰ ਹਨ। ਸਿੱਖ ਗੌਰਵ ਦੇ ਪ੍ਰਤੀਕ ਇਸ ਬੁੰਗੇ ਨੂੰ ਦੇਖ ਕੇ ਅੱਜ ਵੀ ਪੁਰਾਤਨ ਸਿੰਘਾਂ ਦਾ ਗੁਰੂ ਘਰ ਤੇ ਗੁਰੂ ਪ੍ਰਤੀ ਪ੍ਰੇਮ ਤੇ ਸਮਰਪਣ ਦੀ ਭਾਵਨਾ ਦੀ ਯਾਦ ਤਾਜ਼ਾ ਹੁੰਦੀ ਹੈ।।

ਕੌਮਾਂਤਰੀ ਅੰਮ੍ਰਿਤਸਰ ਟਾਈਮਜ਼
QUOMANTRY AMRITSAR TIMES

# ਸੰਪਾਦਕੀ

17 ਅਪ੍ਰੈਲ ਤੋਂ 23 ਅਪ੍ਰੈਲ 2024

## ਪਾਣੀ ਦਾ ਮਸਲਾ ਅਤੇ ਕਰਨਾਟਕ ਦੀ ਰਾਜਧਾਨੀ ਬੰਗਲੌਰ

ਪਾਣੀ ਦਾ ਮਸਲਾ ਇਸ ਸਮੇਂ ਬਹੁਤ ਹੀ ਗੰਭੀਰ ਮਸਲਾ ਬਣਿਆ ਹੋਇਆ ਹੈ। ਯੂ.ਐਨ. ਦੀ ਇੱਕ ਰਿਪੋਰਟ ਮੁਤਾਬਕ ਸਾਲ 2002 ਤੋਂ 2021 ਤੱਕ ਦੁਨੀਆਂ ਦੀ 17% ਆਬਾਦੀ ਸੋਕੇ ਤੋਂ ਪ੍ਰਭਾਵਿਤ ਹੋਈ ਹੈ ਅਤੇ ਸੋਕੇ ਨਾਲ ਤਕਰੀਬਨ 21 ਹਜ਼ਾਰ ਤੋਂ ਵੱਧ ਮੌਤਾਂ ਹੋਈਆਂ ਹਨ। 20% ਆਬਾਦੀ ਹੜ੍ਹਾਂ ਤੋਂ ਪ੍ਰਭਾਵਿਤ ਹੋਈ ਹੈ ਅਤੇ ਹੜ੍ਹਾਂ ਦੇ ਕਾਰਨ ਇਕ ਲੱਖ ਤੋਂ ਵੱਧ ਮੌਤਾਂ ਹੋਈਆਂ ਹਨ। ਪਾਣੀ ਦੀ ਕਮੀ ਦਾ ਸੰਕਟ ਇਸ ਸਮੇਂ ਬੰਗਲੌਰ ਸ਼ਹਿਰ ਬੁਰੀ ਤਰ੍ਹਾਂ ਝੱਲ ਰਿਹਾ ਹੈ। ਬੰਗਲੌਰ ਵਿੱਚ ਪਾਣੀ ਤਕਰੀਬਨ 100 ਕਿਲੋਮੀਟਰ ਦੂਰੋਂ ਕਾਵੇਰੀ ਵਿੱਚੋਂ ਲਿਆਂਦਾ ਜਾਂਦਾ ਹੈ। ਇੱਕ ਅਨੁਮਾਨ ਮੁਤਾਬਕ ਰਸਤੇ ਵਿੱਚ ਤਕਰੀਬਨ 50% ਪਾਣੀ ਖਰਾਬ ਹੋ ਜਾਂਦਾ ਹੈ।

ਇਸ ਦੇ ਕਾਰਨ ਕਈ ਹਨ। ਕੁਝ ਪ੍ਰਬੰਧਕੀ ਹਨ, ਕੁਝ ਕੁਦਰਤੀ ਹਨ, ਕੁਝ ਸ਼ਹਿਰ ਦੀ ਵੱਧ ਰਹੀ ਆਬਾਦੀ ਹੈ। 2017 ਦੀ ਇੱਕ ਰਿਪੋਰਟ ਮੁਤਾਬਕ ਬੰਗਲੌਰ ਦੀ ਤਰੱਕੀ ਏਸ਼ੀਆ ਵਿੱਚ ਸਭ ਤੋਂ ਵੱਧ ਹੈ। 1988 ਦੇ ਵਿੱਚ ਇਹ ਸੌਫਟਵੇਅਰ ਰਾਜਧਾਨੀ ਦੇ ਤੌਰ 'ਤੇ ਉਭਰ ਕੇ ਸਾਹਮਣੇ ਆਇਆ। ਸੋ ਵਸੋਂ ਦਾ ਵਾਧਾ ਲਾਜ਼ਮੀ ਸੀ। 1800 ਈ. ਦੇ ਵਿੱਚ ਬੰਗਲੋਰ ਵਿੱਚ ਤਕਰੀਬਨ 1452 ਪਾਣੀ ਦੇ ਸਰੋਤ ਸਨ ਤੇ 2011 ਵਿੱਚ ਇਹ ਘੱਟ ਕੇ ਕੇਵਲ 193 ਰਹਿ ਗਏ। ਪ੍ਰਬੰਧਕੀ ਅਮਲੇ ਦਾ ਇਹ ਮੰਨਣਾ ਹੈ ਕਿ ਬੰਗਲੌਰ ਦੇ ਵਿੱਚ ਪਾਣੀ ਦੇ ਸੰਕਟ ਦਾ ਮੁੱਖ ਕਾਰਨ 2023 ਦੇ ਵਿੱਚ ਪਿਆ ਘੱਟ ਮੀਂਹ ਹੈ। 1973 ਵਿੱਚ ਕੁੱਲ ਬੰਗਲੌਰ ਦਾ 8% ਹਿੱਸਾ ਪੱਕਾ ਸੀ ਜੋ ਕਿ 2020 ਵਿੱਚ ਵੱਧ ਕੇ 93% ਹੋ ਗਿਆ। ਇਸ ਨਾਲ ਮੀਂਹ ਦਾ ਪਾਣੀ ਜ਼ਮੀਨਦੋਜ਼ ਘੱਟ ਹੋਣ ਲੱਗ ਗਿਆ। ਬੰਗਲੌਰ ਦਾ ਪਾਣੀ ਸੰਕਟ ਅਸਲ ਦੇ ਵਿੱਚ ਪਾਣੀ ਦੀ ਸਮੱਸਿਆ ਨਹੀਂ ਹੈ ਬਲਕਿ ਪਾਣੀ ਦੇ ਪ੍ਰਬੰਧ ਦੀ ਸਮੱਸਿਆ ਹੈ। ਬੰਗਲੌਰ ਕਦੇ ਵੀ ਪਾਣੀ ਭਰਪੂਰ ਖਿੱਤਾ ਨਹੀਂ ਰਿਹਾ। ਸੋ ਇਤਿਹਾਸਿਕ ਤੌਰ 'ਤੇ ਸ਼ਹਿਰ ਹਮੇਸ਼ਾ ਹੀ ਝੀਲਾਂ, ਪਾਣੀ ਦੇ ਟੈਂਕ ਤੇ ਟੋਭਿਆਂ ਉੱਤੇ ਹੀ ਨਿਰਭਰ ਰਿਹਾ। ਆਪਣੀਆਂ ਪਾਣੀ ਦੀਆਂ ਜ਼ਰੂਰਤਾਂ ਸੰਬੰਧੀ ਸ਼ਹਿਰ ਦੇ ਅਲੱਗ-ਅਲੱਗ ਖਿੱਤਿਆਂ ਵਿੱਚ ਬਹੁਤ ਸਾਰੇ ਟੋਭੇ ਪੱਟੇ ਗਏ ਤਾਂ ਜੋ ਮੀਂਹ ਦਾ ਪਾਣੀ ਸਾਂਭਿਆ ਜਾ ਸਕੇ, ਜ਼ਮੀਨਦੋਜ਼ ਕੀਤਾ ਜਾ ਸਕੇ ਅਤੇ ਜ਼ਿਆਦਾ ਮੀਂਹ ਪੈਣ ਕਾਰਨ ਆਉਣ ਵਾਲੇ ਹੜ੍ਹਾਂ ਤੋਂ ਬਚਿਆ ਜਾ ਸਕੇ। 2015-16 ਦੀ ਇੱਕ ਰਿਪੋਰਟ ਮੁਤਾਬਕ ਸ਼ਹਿਰ ਦੀਆਂ 105 ਝੀਲਾਂ ਸਿਰਫ਼ ਇਮਾਰਤਾਂ ਬਣਾਉਣ ਕਾਰਨ ਗਾਇਬ ਹੋ ਗਈਆਂ। ਬਹੁਤ ਸਾਰੀਆਂ ਝੀਲਾਂ ਵਿੱਚ ਕੂੜੇ ਦੇ ਢੇਰ ਲੱਗ ਗਏ। ਕਾਵੇਰੀ ਨਦੀ ਤੋਂ ਤਕਰੀਬਨ 1450 ਮਿਲੀਅਨ ਲੀਟਰ ਪਾਣੀ ਹਰ ਰੋਜ਼ ਬੰਗਲੌਰ ਸ਼ਹਿਰ ਅੱਪੜਦਾ ਹੈ ਪਰ ਫਿਰ ਵੀ ਇਹ ਬੰਗਲੌਰ ਸ਼ਹਿਰ ਦੀਆਂ ਜਰੂਰਤਾਂ ਪੂਰੀਆਂ ਕਰਨ ਤੋਂ ਅਸਮਰਥ ਹੈ। ਭਾਵੇਂ ਪਾਣੀ ਨਾਲ ਸੰਬੰਧਿਤ ਵਿਭਾਗ ਵੱਲੋਂ ਇਹ ਦਾਅਵਾ ਕੀਤਾ ਜਾਂਦਾ ਹੈ ਕਿ ਉਹ ਹਰ ਰੋਜ਼ 1450 ਮਿਲੀਅਨ ਲੀਟਰ ਪਾਣੀ ਬੰਗਲੌਰ ਸ਼ਹਿਰ ਵਿੱਚ ਪਹੁੰਚਦਾ ਕਰਦੇ ਹਨ ਪਰ ਪਾਣੀ ਦੇ ਰਿਸਣ ਕਰਕੇ 1053 ਮਿਲੀਅਨ ਲੀਟਰ ਪਾਣੀ ਹੀ ਬੰਗਲੌਰ ਸ਼ਹਿਰ ਪਹੁੰਚਦਾ ਹੈ।

ਇੱਕ ਅਨੁਮਾਨ ਹੈ ਕਿ 2031 ਤੱਕ ਇਹ ਮੰਗ ਵੱਧ ਕੇ 2900 ਮਿਲੀਅਨ ਲੀਟਰ ਹੋ ਜਾਵੇਗੀ। ਪਾਣੀ ਦੇ ਸੰਕਟ ਵਿੱਚੋਂ ਨਿਕਲਣ ਲਈ ਬੰਗਲੌਰ ਸ਼ਹਿਰ ਨੂੰ ਕਈ ਉਪਰਾਲੇ ਕਰਨੇ ਪੈਣਗੇ ਜਿਵੇਂ ਆਪਣੀਆਂ ਝੀਲਾਂ ਨੂੰ ਬਚਾਉਣਾ ਪਵੇਗਾ, ਇੱਕ ਵਾਰੀ ਵਰਤਿਆ ਪਾਣੀ ਫਿਰ ਤੋਂ ਵਰਤੋਂ ਵਿੱਚ ਲਿਆਉਣ ਲਈ ਯਤਨ ਕਰਨੇ ਪੈਣਗੇ, ਪਾਣੀ ਜ਼ਮੀਨਦੋਜ਼ ਕਰਨ ਲਈ ਵੱਖਰੇ-ਵੱਖਰੇ ਢੰਗ ਤਰੀਕੇ ਲੱਭਣੇ ਪੈਣਗੇ, ਜਿੱਥੇ-ਜਿੱਥੇ ਪਾਣੀ ਬੇਲੋੜਾ ਵਰਤਿਆ ਜਾਂਦਾ ਹੈ ਉਸ ਨੂੰ ਘਟਾ ਕੇ ਖਤਮ ਕਰਨਾ ਪਵੇਗਾ ਅਤੇ ਮੀਂਹ ਦਾ ਪਾਣੀ ਵਰਤਣਾ ਪਵੇਗਾ।

### ਕਾਰਪੋਰੇਟ

ਕਾਰਪੋਰੇਟ ਦਾ ਦਖਲ ਜ਼ਿੰਦਗੀ ਅਤੇ ਦੁਨੀਆਂ ਦੇ ਹਰ ਉਸ ਖੇਤਰ ਵਿੱਚ ਹੋ ਚੁੱਕਿਆ ਹੈ ਜਿੱਥੇ ਮੁਨਾਫ਼ਾ ਕਮਾਇਆ ਜਾ ਸਕਦਾ ਹੈ। ਆਪਣੇ ਮੁਨਾਫ਼ੇ ਦੀ ਪਹਿਲ ਨੂੰ ਧਿਆਨ 'ਚ ਰੱਖਦੇ ਹੋਏ ਕਾਰਪੋਰੇਟ ਕੁਦਰਤੀ ਸਾਧਨਾ ਮਿੱਟੀ, ਪਾਣੀ, ਵਾਤਾਵਰਨ ਅਤੇ ਅਨਾਜ, ਫਲ ਸਭ ਉੱਤੇ ਕਾਬਜ਼ ਹੋਣ ਲਈ ਪੱਬਾਂ ਭਾਰ ਹੋਇਆ ਹੋਇਆ ਹੈ।

ਤਕਰੀਬਨ ਪਿਛਲੇ ਚਾਰ ਦਹਾਕਿਆਂ ਤੋਂ ਪੂਰੀ ਦੁਨੀਆਂ ਦੀ ਰਾਜਨੀਤੀ ਅਤੇ ਆਰਥਿਕ ਤਾਕਤਾਂ ਦਾ ਆਪਸੀ ਸਬੰਧ ਬਦਲ ਗਿਆ ਹੈ। ਹੁਣ ਰਾਜਨੀਤਿਕ ਨੇਤਾ ਆਪਣੇ ਰਾਜਨੀਤਿਕ ਹਿਤਾਂ ਕਰਕੇ ਆਰਥਿਕ ਤਾਕਤਾਂ ਦੇ ਅਧੀਨ ਹਨ। ਸਰਕਾਰ ਪ੍ਰਬੰਧ ਚਲਾਉਣ ਲਈ ਅਪਣਾਇਆ ਜਾਣ ਵਾਲਾ ਲੋਕਤੰਤਰੀ ਰਾਜਨੀਤਿਕ ਢਾਂਚਾ ਵਧੇਰੇ ਤੌਰ 'ਤੇ ਆਰਥਿਕ ਤਾਕਤਾਂ ਤੋਂ ਪ੍ਰਭਾਵਿਤ ਹੋਣ ਲੱਗ ਪਿਆ ਹੈ। ਸੋ ਐਸੇ ਲੈਣ ਦੇਣ ਵਿੱਚ ਐਸੀਆਂ ਨੀਤੀਆਂ ਹੀ ਬਣਾਈਆਂ ਤੇ ਲਾਗੂ ਹੋਣਗੀਆਂ ਜੋ ਕਾਰਪੋਰੇਟ ਹਿੱਤ ਦਾ ਧਿਆਨ ਰੱਖ ਸਕਣ।

ਆਪਣੇ ਮਨੋਰਥ ਨੂੰ ਮੁੱਖ ਰੱਖਦੇ ਹੋਏ ਕਾਰਪੋਰੇਟ ਕੁਦਰਤੀ ਸਾਧਨਾਂ ਉੱਤੇ ਕਾਬਜ਼ ਹੋਣ ਲਈ ਪੂਰਾ ਅੱਡੀ ਚੋਟੀ ਦਾ ਜ਼ੋਰ ਲਾ ਰਿਹਾ ਹੈ। ਕਾਰਪੋਰੇਸ਼ਨਾਂ ਨੂੰ ਬਸਤੀਵਾਦ ਦੀ ਅਗਲੀ ਕੜੀ ਕਰਕੇ ਵੀ ਦੇਖਿਆ ਜਾ ਸਕਦਾ ਹੈ। ਪੂਰੀ ਦੁਨੀਆਂ ਦੀ ਖੇਤੀਬਾੜੀ ਇਸ ਸਮੇਂ ਬਹੁਤ ਹੀ ਨਾਜ਼ਕ ਦੌਰ ਵਿੱਚੋਂ ਗੁਜ਼ਰ ਰਹੀ ਹੈ। ਯੂਰਪ ਦੇ ਕੁਝ ਵਿਕਸਿਤ ਦੇਸ਼ਾਂ ਵਿੱਚ ਪਿਛਲੇ ਸਮਿਆਂ ਵਿੱਚ ਹੋ ਰਹੇ ਕਿਸਾਨ ਅੰਦੋਲਨ ਚਰਚਾ ਵਿੱਚ ਹਨ। ਜਰਮਨੀ, ਸਪੇਨ, ਫਰਾਂਸ, ਰੋਮਾਨੀਆ, ਬੈਲਜੀਅਮ, ਪੋਲੈਂਡ, ਇਟਲੀ, ਗ੍ਰੀਸ, ਲਿਥੂਏਨੀਆ ਵਰਗੇ ਮੁਲਕਾਂ ਵਿੱਚ ਕਿਸਾਨ ਅੰਦੋਲਨ ਦਾ ਮੁੱਖ ਕਾਰਨ ਯੂਰਪੀਅਨ ਯੂਨੀਅਨ ਦੇ ਨਿਯਮਾਂ ਦੀ ਮੁਖ਼ਾਲਫ਼ਤ ਹੈ।

ਖੇਤੀਬਾੜੀ ਜੋ ਕਿ ਬਹੁਤ ਹੀ ਮੂਲ ਇਕਾਈ ਹੈ ਜ਼ਿੰਦਗੀ ਦੀ, ਇੰਝ ਵਿਖਾਇਆ ਜਾਂਦਾ ਹੈ ਕਿ ਉਸ ਦਾ ਵਜ਼ਨ ਜਿਹੜੇ ਖੇਤੀਬਾੜੀ ਨਹੀਂ ਕਰਦੇ ਉਨ੍ਹਾਂ ਲੋਕਾਂ ਦੇ ਉੱਪਰ ਹੈ। ਜੋ ਲੋਕ ਕਰ ਦੇ ਤੌਰ 'ਤੇ ਸਰਕਾਰ ਨੂੰ ਅਦਾਇਗੀ ਕਰਦੇ ਹਨ, ਉਹ ਖੇਤੀ ਦੀਆਂ ਛੋਟਾਂ ਦੇ ਵਿੱਚ ਨਾ ਲਗਾ ਕੇ ਸਰਕਾਰ ਅਣਦਿਸਦੇ ਰੂਪ ਵਿੱਚ ਕਾਰਪੋਰੇਟ ਨੂੰ ਅਦਾ ਕਰਦੀ ਹੈ।

ਕਾਰਪੋਰੇਟ ਦੇ ਵੱਡੇ-ਵੱਡੇ ਕਰਜ਼ੇ ਮਾਫ਼ ਹੁੰਦੇ ਹਨ ਜੋ ਗੱਲ ਕਦੇ-ਕਦੇ ਹੀ ਕੁਝ ਕੁ ਬਾਹਰ ਆਉਂਦੀ ਹੈ ਇਸ ਦੇ ਉਲਟ ਜਦੋਂ ਖੇਤੀ ਖੇਤਰ ਦੇ ਵਿੱਚ ਕਰਜ਼ੇ ਮੁਆਫ਼ੀ ਦੀ ਗੱਲ ਹੁੰਦੀ ਹੈ ਤਾਂ ਉਹ ਚੋਣ ਮੈਨੀਫੈਸਟੋ ਦਾ ਹਿੱਸਾ ਬਣ ਜਾਂਦਾ ਹੈ। ਪਰ ਅਸਲੀਅਤ ਦੇ ਵਿੱਚ ਉਨੇ ਕਰਜ਼ੇ ਮਾਫ਼ ਨਹੀਂ ਹੁੰਦੇ ਜਿੰਨੇ ਕਰਜ਼ਿਆਂ ਦਾ ਰੌਲਾ ਪੈ ਜਾਂਦਾ ਹੈ ਜਾਂ ਫਿਰ ਜਿੰਨੇ ਪੈਸੇ ਦੀ ਕਰਜ਼ਾ ਮੁਆਫ਼ੀ ਹੁੰਦੀ ਹੈ ਉਹ ਉਦਯੋਗ ਦੇ ਮੁਕਾਬਲੇ ਬਹੁਤ ਹੀ ਛੋਟੀ ਰਕਮ ਹੈ।

ਅਖੀਰ ਵਿੱਚ ਅਸੀਂ ਇਸ ਪੜਾਅ ਉੱਤੇ ਪਹੁੰਚ ਚੁੱਕੇ ਹਾਂ ਜਿੱਥੇ ਕਾਰਪੋਰੇਸ਼ਨ, ਸਰਕਾਰਾਂ ਇੱਕ ਪਾਸੇ ਹੋ ਗਈਆਂ ਹਨ ਅਤੇ ਆਮ ਲੋਕ ਇੱਕ ਪਾਸੇ। ਉਹ ਸਮਾਂ ਲੰਘ ਚੁੱਕਿਆ ਹੈ ਜਦੋਂ ਲੁਟੇਰਿਆਂ ਨੂੰ ਲੁਟੇਰੇ ਕਹਿ ਕੇ ਪਛਾਣਿਆ ਤੇ ਸੱਦਿਆ ਜਾ ਸਕਦਾ ਸੀ ਹੁਣ ਤੇ ਲੁਟੇਰੇ ਚਿੱਟੀ ਚਾਦਰ ਪਾ ਕੇ ਤੁਹਾਡੇ ਹਮਦਰਦ ਹੋਣ ਦਾ ਦਾਅਵਾ ਕਰਦੇ ਹਨ।

**-ਸੰਪਾਦਕ, ਅੰਮ੍ਰਿਤਸਰ ਟਾਈਮਜ਼**

# 'ਅੰਕੜਿਆਂ ਦੀ ਖੇਡ' ਨਾਲ ਲੋਕਾਂ ਨੂੰ ਗੁੰਮਰਾਹ ਨਾ ਕਰ ਸਕਣ ਸਿਆਸੀ ਪਾਰਟੀਆਂ



ਗੁਰਮੀਤ ਸਿੰਘ ਪਲਾਹੀ
9815802070




ਲੋਕ ਸਭਾ ਚੋਣਾਂ-2024 ਲਈ ਇੰਡੀਅਨ ਨੈਸ਼ਨਲ ਕਾਂਗਰਸ ਨੇ ਆਪਣਾ ਚੋਣ ਮੈਨੀਫ਼ੈਸਟੋ ਜਨਤਾ ਸਾਹਮਣੇ ਰੱਖ ਦਿੱਤਾ ਹੈ। ਭਾਰਤੀ ਜਨਤਾ ਪਾਰਟੀ ਤਾਂ ਪਹਿਲਾਂ ਹੀ ਲੋਕਾਂ ਨੂੰ ਗਰੰਟੀਆਂ ਦੇ ਰਹੀ ਹੈ, ਪ੍ਰਚਾਰ ਕਰ ਰਹੀ ਹੈ। ਭਾਜਪਾ ਵਿਕਾਸ ਅਤੇ ਤਬਦੀਲੀ ਸਬੰਧੀ ਵੱਡੇ ਦਾਅਵੇ ਪੇਸ਼ ਕਰ ਰਹੀ ਹੈ। ਦੇਸ਼ ਦੀਆਂ ਕੌਮੀ ਸਿਆਸੀ ਪਾਰਟੀਆਂ ਅਤੇ ਇਲਾਕਾਈ ਦਲ ਵੀ ਆਪਣੇ ਚੋਣ ਘੋਸ਼ਣਾ ਪੱਤਰ ਜਾਰੀ ਕਰ ਰਹੇ ਹਨ।

ਇੰਡੀਅਨ ਨੈਸ਼ਨਲ ਕਾਂਗਰਸ ਦੇ ਚੋਣ ਮੈਨੀਫ਼ੈਸਟੋ ਦਾ ਸ਼ਿੰਗਾਰ, 'ਪੰਜ ਇਨਸਾਫ਼' ਅਤੇ 'ਪੱਚੀ ਵਾਅਦੇ' ਹਨ। ਇਸ ਘੋਸ਼ਣਾ ਪੱਤਰ ਵਿੱਚ ਨੌਜਵਾਨਾਂ ਲਈ ਇਨਸਾਫ਼, ਨਾਰੀ ਲਈ ਇਨਸਾਫ਼, ਕਿਸਾਨਾਂ ਲਈ ਇਨਸਾਫ਼, ਮਜ਼ਦੂਰਾਂ ਲਈ ਇਨਸਾਫ਼ ਅਤੇ ਹਿੱਸੇਦਾਰੀ ਦਾ ਇਨਸਾਫ਼ ਮੁੱਖ ਥੰਮ ਹਨ। ਇਹਨਾਂ ਪੰਜਾਂ ਥੰਮਾਂ ਦੇ ਅੰਦਰ ਹੀ ਪੰਜ ਗਰੰਟੀਆਂ ਸ਼ਾਮਲ ਹਨ।

ਕਾਂਗਰਸ ਨੇ ਸਪੱਸ਼ਟ ਕੀਤਾ ਹੈ ਕਿ ਉਹ ਇੱਕ ਰਾਸ਼ਟਰ, ਇੱਕ ਚੋਣ ਦੇ ਹੱਕ 'ਚ ਨਹੀਂ। ਉਹ ਲੋਕਤੰਤਰ ਬਚਾਉਣ ਲਈ ਸੰਘਰਸ਼ ਕਰਦੀ ਰਹੇਗੀ। ਉਹ ਨਫ਼ਰਤੀ ਸਿਆਸਤ ਉਤੇ ਰੋਕ ਲਗਾਏਗੀ। ਕਾਂਗਰਸ ਨੇ ਇਹ ਵੀ ਸਪੱਸ਼ਟ ਕੀਤਾ ਹੈ ਕਿ ਉਸਦਾ ਘੋਸ਼ਣਾ ਪੱਤਰ ਕੰਮ, ਦੌਲਤ ਅਤੇ ਭਲਾਈ ਲਈ ਸਰਕਾਰੀ ਸਕੀਮਾਂ ਦੇ ਵੱਧ ਤੋਂ ਵੱਧ ਫ਼ਾਇਦੇ ਲੋਕਾਂ ਨੂੰ ਦੇਣ ਦਾ ਯਤਨ ਕਰੇਗੀ। ਕਾਂਗਰਸ ਨੇ ਲੋਕਾਂ ਨੂੰ ਯਕੀਨ ਦਵਾਇਆ ਹੈ ਕਿ ਉਹ ਈ.ਡੀ., ਸੀ.ਬੀ.ਆਈ., ਪੁਲਿਸ 'ਤੇ ਸ਼ਿਕੰਜਾ ਕਸੇਗੀ ਅਤੇ ਸਖ਼ਤੀ ਨਾਲ ਕਾਨੂੰਨ ਦੇ ਅਨੁਸਾਰ ਕੰਮ ਕਰਨ ਲਈ ਉਹਨਾ ਨੂੰ ਕਹੇਗੀ। ਉਹ ਦਲਬਦਲ ਨੂੰ ਨੱਥ ਪਾਏਗੀ ਅਤੇ ਦਲਬਦਲ ਕਰਨ 'ਤੇ ਖ਼ੁਦ ਸੰਸਦ ਅਤੇ ਵਿਧਾਨ ਸਭਾ ਦੀ ਮੈਂਬਰੀ ਖ਼ਤਮ ਹੋਣ ਦਾ ਕਾਨੂੰਨ ਪਾਸ ਕਰੇਗੀ। ਫ਼ਸਲਾਂ ਲਈ ਘੱਟੋ-ਘੱਟ ਮੁੱਲ, ਜਾਤੀ ਗਣਨਾ ਅਤੇ ਗਰੀਬ ਔਰਤਾਂ ਲਈ ਇੱਕ ਲੱਖ ਰੁਪਏ ਅਤੇ ਮਗਨਰੇਗਾ ਮਜ਼ਦੂਰਾਂ ਲਈ 400 ਰੁਪਏ ਦਿਹਾੜੀ, 25 ਲੱਖ ਰੁਪਏ ਤੱਕ ਸਭ ਲਈ ਮੁਫ਼ਤ ਇਲਾਜ, ਬਜ਼ੁਰਗਾਂ ਲਈ ਰੇਲਵੇ 'ਚ ਰਿਆਇਤ ਆਦਿ ਸਹੂਲਤਾਂ ਦਾ ਵਾਅਦਾ ਇਸ ਘੋਸ਼ਣਾ ਪੱਤਰ 'ਚ ਸ਼ਾਮਲ ਹੈ।

ਭਾਜਪਾ ਦੀਆਂ ਗਰੰਟੀਆਂ ਵਿੱਚ ਸਾਰਿਆਂ ਲਈ ਘਰ, ਸੌ ਫ਼ੀਸਦੀ ਬਿਜਲੀਕਰਨ, 5 ਲੱਖ ਦਾ ਮੁਫ਼ਤ ਇਲਾਜ ਆਦਿ ਸ਼ਾਮਲ ਹਨ। ਇੱਕ ਦੇਸ਼, ਇੱਕ ਚੋਣ ਭਾਜਪਾ ਦਾ ਵਾਇਦਾ ਹੈ। ਭਾਜਪਾ ਦਾ ਸੰਕਲਪ ਰਾਸ਼ਟਰੀ ਸੁਰੱਖਿਆ, ਸੀਮਾ ਸੁਰੱਖਿਆ, ਆਤੰਕਵਾਦ ਦਾ ਖ਼ਾਤਮਾ, ਕਿਸਾਨ ਕਲਿਆਣ ਦਾ ਤਾਂ ਰਿਹਾ ਹੀ ਹੈ, 370 ਦੇ ਖ਼ਾਤਮੇ, ਨਾਗਰਿਕਤਾ ਸੋਧ ਬਿੱਲ ਲਾਗੂ ਕਰਨ ਸਮੇਤ ਧਾਰਾ 370 ਖ਼ਤਮ ਕਰਨਾ ਵੀ ਰਿਹਾ ਹੈ। ਦੇਸ਼ ਦੀ ਹਾਕਮ ਧਿਰ ਅਤੇ ਪ੍ਰਮੁੱਖ ਵਿਰੋਧੀ ਧਿਰ ਕਾਂਗਰਸ ਵੱਲੋਂ ਪਿਛਲੇ 77 ਸਾਲ ਤੋਂ ਦੇਸ਼ ਉਤੇ ਰਾਜ ਕੀਤਾ ਜਾ ਰਿਹਾ ਹੈ। ਇਸ ਸਮੇਂ ਦੌਰਾਨ ਆਮ ਤੌਰ 'ਤੇ ਗਰੀਬਾਂ ਦੇ ਕਲਿਆਣ ਲਈ ਯੋਜਨਾਵਾਂ ਵੱਡੇ ਪੱਧਰ ਉਤੇ ਉਲੀਕੀਆਂ ਗਈਆਂ ਹਨ। ਇਹ ਯੋਜਨਾਵਾਂ ਗਰੀਬ ਲੋਕਾਂ ਤੱਕ ਪਹੁੰਚਾਉਣ ਲਈ ਅੱਡੀ ਚੋਟੀ ਦਾ ਜ਼ੋਰ ਲਗਾਇਆ ਦੱਸਿਆ ਜਾ ਰਿਹਾ ਹੈ, ਕਿਉਂਕਿ ਗਰੀਬ ਲੋਕ ਹੀ ਅਸਲ 'ਚ ਉਹਨਾਂ ਦੇ ਨਿਸ਼ਾਨੇ 'ਤੇ ਹਨ, ਕਿਉਂਕਿ ਉਹਨਾਂ ਨੂੰ ਹੀ ਉਹ ਮੁੱਖ ਰੂਪ 'ਚ ਆਪਣੇ ਵੋਟਰ ਗਿਣਦੇ ਹਨ। ਪਰ ਸਵਾਲ ਉੱਠਦਾ ਹੈ ਕਿ ਦੇਸ਼ ਦੀਆਂ ਵੱਡੀਆਂ ਪਾਰਟੀਆਂ ਵੱਲੋਂ ਕੀਤੇ ਵੱਡੇ ਵਾਇਦੇ ਕੀ ਲੋਕਾਂ ਦੀ ਆਮ ਜ਼ਿੰਦਗੀ ਸੁਧਾਰ ਸਕੇ ਹਨ? ਗਰੀਬੀ, ਭੁੱਖਮਰੀ, ਬੇਰਜ਼ੁਗਾਰੀ, ਵਰਗੇ ਸ਼ਬਦਾਂ ਨੂੰ ਤਾਂ ਦੇਸ਼ ਦੇ ਲੋਕ ਇੱਕ ਗਹਿਣੇ ਵਜੋਂ ਪਹਿਨਣ ਲਈ ਮਜ਼ਬੂਰ ਹੀ ਹੋ ਚੁੱਕੇ ਹਨ।

ਇੱਕ ਚੋਟੀ ਦੇ ਪੱਤਰਕਾਰ ਵੱਲੋਂ ਕੀਤਾ ਗਿਆ ਇੱਕ ਸਧਾਰਨ ਜਿਹਾ ਸਰਵੇ ਅੱਖਾਂ ਖੋਹਲਣ ਵਾਲਾ ਹੈ। ਇਹ ਪੱਤਰਕਾਰ ਕਹਿੰਦੀ ਹੈ ਕਿ ਜਦ ਮੈਂ ਲੋਕਾਂ ਤੋਂ ਪੁੱਛਿਆ ਕਿ ਸਰਕਾਰੀ ਯੋਜਨਾਵਾਂ ਤੋਂ ਉਹਨਾ ਨੂੰ ਕਿਹੋ ਜਿਹੇ ਲਾਭ ਮਿਲੇ ਹਨ ਤਾਂ ਉਹਨਾ ਨੇ ਕਿਹਾ ਕਿ ਉਜਵਲਾ ਯੋਜਨਾ ਦੇ ਤਹਿਤ ਉਹਨਾ ਨੂੰ ਗੈਸ ਦੇ ਚੁੱਲ੍ਹੇ ਤਾਂ ਮਿਲੇ ਹਨ, ਲੇਕਿਨ ਇੱਕ ਸਿਲੰਡਰ ਅੱਜ 900 ਰੁਪਏ ਦਾ ਹੋ ਗਿਆ, ਜਿਸਨੂੰ ਖਰੀਦਣ ਲਈ ਉਹਨਾਂ ਦੀ ਔਕਾਤ ਨਹੀਂ ਰਹੀ। ਲੋਕ ਹਾਲੇ ਵੀ ਲਕੜੀਆਂ ਨਾਲ ਪੁਰਾਣੇ ਚੁਲ੍ਹਿਆਂ 'ਤੇ ਖਾਣਾ ਪਕਾਉਂਦੇ ਹਨ।

ਹਰ ਇੱਕ ਲਈ ਮਕਾਨ ਦੀ ਗੱਲ ਤਾਂ ਦੇਸ਼ ਦੀ ਹਰ ਪਾਰਟੀ ਕਰਦੀ ਹੈ, ਪਰ ਵੱਡੇ ਸ਼ਹਿਰਾਂ ਨੂੰ ਪਹੁੰਚਦੀਆਂ ਰੇਲਵੇ ਲਾਈਨਾਂ ਦੇ ਦੋਵੇਂ ਪਾਸੇ ਦੇਖੋ, ਜਿਥੇ ਘਰ ਧਰਤੀ ਉਤੇ ਨਹੀਂ ਕੂੜੇ ਉਤੇ ਬਣਾਏ ਹੋਏ ਹਨ, ਉਹ ਵੀ ਕਬਾੜਾ ਪਲਾਸਟਿਕ ਦੀਆਂ ਸ਼ੀਟਾਂ ਅਤੇ ਫ਼ਟੇ ਪੋਸਟਰਾਂ ਤੋਂ।

ਮਕਾਨਾਂ ਦੇ ਨਾਲ ਟਾਇਲਟ ਦੀ ਗੱਲ ਤਾਂ ਦੂਰ ਦੀ ਹੈ, ਇਥੇ ਵਸਦੇ ਲੋਕਾਂ ਲਈ ਪਾਣੀ ਦੀ ਉਪਲੱਬਧਤਾ ਹੀ ਅਤਿਅੰਤ ਔਖੀ ਹੈ। ਯੂਨੀਸੈਫ਼ ਨੇ 18 ਮਾਰਚ 2021 ਨੂੰ ਇੱਕ ਰਿਪੋਰਟ ਜਾਰੀ ਕੀਤੀ ਸੀ, ਜਿਸ ਅਨੁਸਾਰ ਭਾਰਤ ਦੇ 9.14 ਕਰੋੜ ਲੋਕ ਪਾਣੀ ਦੇ ਗੰਭੀਰ ਸੰਕਟ ਦਾ ਸਾਹਮਣਾ ਕਰ ਰਹੇ ਹਨ ਅਤੇ ਭਾਰਤ ਉਹਨਾ 37 ਦੇਸ਼ਾਂ ਵਿੱਚ ਸ਼ਾਮਲ ਹੈ, ਜਿਥੇ ਪਾਣੀ ਦਾ ਸੰਕਟ ਅਤਿਅੰਤ ਗੰਭੀਰ ਹੈ। ਦੇਸ਼ 'ਚ ਸਿਹਤ ਸਹੂਲਤਾਂ ਦੀ ਕਮੀ ਦਾ ਪ੍ਰਤੱਖ ਸਬੂਤ ਤਾਂ ਅਸੀਂ ਕਰੋਨਾ ਸਮੇਂ ਵੇਖ ਹੀ ਚੁਕੇ ਹਾਂ।

ਅੱਜ ਜਦੋਂ ਭਾਰਤ ਵਿੱਚ ਵਿਦੇਸ਼ੀ ਕੰਪਨੀਆਂ ਦਾ ਪਸਾਰਾ ਵੱਧ ਰਿਹਾ ਹੈ। ਅਰਾਮਦੇਹ ਲਗਜ਼ਰੀ ਚੀਜ਼ਾਂ ਦੀ ਵਰਤੋਂ ਦੀ ਦੌੜ, ਅਮੀਰ ਤੇ ਵਿਚਕਾਰਲੇ ਵਰਗ ਦੀ ਲੱਗੀ ਹੋਈ ਹੈ, ਤਾਂ ਇਵੇਂ ਲਗਦਾ ਹੈ ਕਿ ਦੇਸ਼ ਬਦਲ ਰਿਹਾ ਹੈ, ਵਿਕਾਸ ਕਰ ਰਿਹਾ ਹੈ, ਪਰ ਤਸਵੀਰ ਦਾ ਦੂਸਰਾ ਪਾਸਾ ਧੁੰਦਲਾ ਨਹੀਂ, ਕਾਲਾ ਹੈ। ਇਸ ਸਬੰਧ ਵਿੱਚ ਦੇਸ਼ ਦੀਆਂ ਸਿਆਸੀ ਪਾਰਟੀਆਂ ਦੇ ਘੋਸ਼ਣਾ ਪੱਤਰ ਚੁੱਪੀ ਵੱਟੀ ਬੈਠੇ ਹਨ।

ਦੇਸ਼ ਦੀਆਂ ਸਿਆਸੀ ਪਾਰਟੀਆਂ ਪਹਿਲਾਂ ਤਾਂ ਆਪਣੇ ਘੋਸ਼ਣਾ ਪੱਤਰਾਂ ਵਿੱਚ ਵਾਇਦੇ ਕਰਦੀਆਂ ਸਨ, ਲੋਕ ਭਲਾਈ ਸਕੀਮਾਂ ਲਾਗੂ ਕਰਨ ਦੇ ਵਚਨ ਦਿੰਦੀਆਂ ਸਨ, ਪਰ ਹੁਣ ਤਾਂ ਗਰੰਟੀਆਂ ਦਾ ਦੌਰ ਸ਼ੁਰੂ ਹੋ ਗਿਆ ਹੈ, ਜਿਵੇਂ ਉਹ ਆਪਣੇ ਉਤਪਾਦ ਵੇਚ ਰਹੀਆਂ ਹੋਣ। ਉਂਜ ਵੇਖਣ, ਵਾਚਣ ਦੀ ਗੱਲ ਤਾਂ ਇਹ ਹੈ ਕਿ ਨਿੱਜੀਕਰਨ, ਵਪਾਰੀਕਰਨ ਦੇ ਦੌਰ ਵਿੱਚ ਮਾਲ ਵੇਚਣ ਲਈ ਤਿੱਖੇ ਪ੍ਰਚਾਰ ਸਾਧਨਾਂ ਦੀ ਲੋੜ ਵੀ ਪੈਣੀ ਹੀ ਸੀ, ਸੋ ਸਿਆਸੀ ਪਾਰਟੀਆਂ ਆਪਣੇ ਗਾਹਕਾਂ (ਵੋਟਰਾਂ) ਨੂੰ ਗਰੰਟੀਆਂ ਦੇ ਕੇ ਰਾਜ ਸੰਘਾਸਨ 'ਤੇ ਬੈਠਣ ਦਾ ਰਾਸਤਾ ਅਪਨਾ ਚੁੱਕੀਆਂ ਹਨ। ਸਿਆਸਤ ਵਿਚੋਂ ਲੋਕ ਸੇਵਾ ਤਾਂ ਜਿਵੇਂ ਹੁਣ ਮਨਫ਼ੀ ਹੋ ਗਈ ਹੈ, ਗਰੰਟੀਆਂ ਦੇ ਵਰਤਾਰੇ ਨਾਲ। ਚੋਣਾਂ 'ਚ ਵਪਾਰੀਕਰਨ ਦੇ ਦੌਰ ਨੇ ਜਿਥੇ ਸਿੱਖਿਆ ਦਾ ਮੰਤਵ ਬਦਲ ਦਿੱਤਾ, ਅਤੇ ਇਸਨੂੰ ਜਿਵੇਂ ਵਪਾਰ ਤੱਕ ਸੀਮਤ ਕਰ ਦਿੱਤਾ ਹੈ, ਇਵੇਂ ਹੀ ਮਨੁੱਖ ਦੀਆਂ ਭਾਸ਼ਾਵਾਂ, ਜੋ ਉਸਦੇ ਵਿਅਕਤੀਤਵ ਦੇ ਉਭਾਰ ਲਈ ਜ਼ਰੂਰੀ ਸਮਝੀਆਂ ਜਾਂਦੀਆਂ ਸਨ, ਉਸ ਉਤੇ ਵੀ ਟੋਕਾ ਫ਼ੇਰ ਦਿੱਤਾ ਹੈ। ਭਾਸ਼ਾਵਾਂ ਨੂੰ ਕਾਰੋਬਾਰ ਦੀ ਭਾਸ਼ਾ ਨਾਲ ਜੋੜਕੇ, ਖਿੱਤਿਆਂ ਦੇ ਸਭਿਆਚਾਰ ਨੂੰ ਖੋਰਾ ਲਾਉਣ ਦੀ ਸੋਚੀ ਸਮਝੀ ਸਾਜ਼ਿਸ਼ ਰਚੀ ਗਈ ਹੈ। ਮਨੁੱਖ ਹੱਥੋਂ ਰੁਜ਼ਗਾਰ ਖੋਹਕੇ ਮੁਫ਼ਤ ਅਨਾਜ, ਸਹੂਲਤਾਂ ਦੇਣ ਦਾ ਵਰਤਾਰਾ 'ਲੋਕ ਭਲਾਈ' ਦੇ ਪੱਲੇ ਸਿਆਸਤਦਾਨਾਂ ਤੇ ਸਿਆਸੀ ਪਾਰਟੀਆਂ ਨੇ ਬੰਨ੍ਹ ਦਿੱਤਾ ਹੈ, ਜਿਸ ਨਾਲ ਉਹ ਲੋਕ ਮਨਾਂ ਨਾਲ ਖਿਲਵਾੜ ਕਰਦੇ ਹਨ, ਉਹਨਾ ਦੇ ਮਨਾਂ 'ਚ ਹੀਣਤਾ ਪੈਦਾ ਕਰਦੇ ਹਨ।

ਕੀ ਕਦੇ ਦੇਸ਼ ਦੇ ਸਿਆਸਤਦਾਨਾਂ ਨੇ ਸੋਚਿਆ ਹੈ ਕਿ ਦੇਸ਼ ਦੇ 80 ਕਰੋੜ ਗਰੀਬਾਂ ਨੂੰ ਮੁਫ਼ਤ ਅਨਾਜ ਦੇਣਾ ਅਤੇ ਲਗਾਤਾਰ ਦੇਣਾ ਕੀ ਲੋਕ ਮਨਾਂ 'ਚ ਹੀਣਤਾ ਪੈਦਾ ਨਹੀਂ ਕਰਦਾ? ਕੀ ਹੱਥੀਂ ਕੰਮ, ਜਾਂ ਰੁਜ਼ਗਾਰ ਉਹਨਾ ਨੂੰ ਸਿਰ ਚੁੱਕਕੇ ਤੁਰਨ ਦੀ ਅਤੇ ਆਪਣੇ ਹੱਕਾਂ ਲਈ ਸਵਾਲ ਕਰਨ ਅਤੇ ਆਪਣੇ ਪੈਰੀਂ ਖੜੇ ਹੋਣ ਦੀ ਜਾਚ ਨਹੀਂ ਸਿਖਾਏਗਾ? ਤਾਂ ਫ਼ਿਰ ਸਿਆਸੀ ਦਲ ਰੁਜ਼ਗਾਰ ਦੇ ਥਾਂ 'ਮੁਫ਼ਤ ਅਨਾਜ ਜਾਂ ਸਹੂਲਤਾਂ' ਦੇਣ ਦੀਆਂ ਗਰੰਟੀਆਂ ਕਿਉਂ ਦੇ ਰਹੇ ਹਨ?

ਜਿੰਨੇ ਕੁ ਵੀ ਚੋਣ ਮੈਨੀਫ਼ੈਸਟੋ ਹੁਣ ਤੱਕ ਪਿਛਲੀਆਂ ਚੋਣਾਂ ਅਤੇ ਹੁਣ ਦੀਆਂ ਚੋਣਾਂ 'ਚ ਸਿਆਸੀ ਦਲਾਂ ਵਲੋਂ ਜਾਰੀ ਹੋਏ ਹਨ, ਉਹ ਸਿਆਸਤ ਵਿੱਚ ਪੈਸੇ ਦੀ ਵੱਡੀ ਵਰਤੋਂ, ਅਪਰਾਧੀਆਂ, ਢੁੱਠਾਂ ਵਾਲੇ ਲੋਕਾਂ ਦੀ ਸ਼ਮੂਲੀਅਤ ਨਾ ਹੋਣ ਦੇਣ ਬਾਰੇ ਗਰੰਟੀ ਕਿਉਂ ਨਹੀਂ ਦਿੰਦੇ? ਯਾਦ ਰਹੇ ਪਿਛਲੇ ਦਿਨੀਂ ਛਪੀ ਇੱਕ ਰਿਪੋਰਟ 'ਚ ਲੋਕ ਸਭਾ, ਵਿਧਾਨ ਸਭਾ 'ਚ ਧੁੰਨ ਕੁਬੇਰਾਂ ਦੀ ਗਿਣਤੀ ਤਾਂ ਵਧ ਹੀ ਰਹੀ ਹੈ, ਪਰ ਅਪਰਾਧਿਕ ਪਿਛੋਕੜ ਵਾਲੇ ਲੋਕਾਂ ਦੀ ਗਿਣਤੀ ਵੀ 46 ਫ਼ੀਸਦੀ ਤੱਕ ਬਿਆਨੀ ਗਈ ਹੈ ਅਤੇ ਲਗਭਗ ਸਾਰੀਆਂ ਪਾਰਟੀਆਂ ਉਤੇ ਧੰਨ ਕੁਬੇਰਾਂ, ਅਪਰਾਧੀਆਂ, ਕੁਝ ਪਰਿਵਾਰਕ ਮੈਂਬਰਾਂ ਦਾ ਕਬਜ਼ਾ ਹੋ ਚੁੱਕਾ ਹੈ। ਲੋਕ ਸਭਾ, ਰਾਜ ਸਭਾ, ਵਿਧਾਨ ਸਭਾਵਾਂ, ਵਿਧਾਨ ਪ੍ਰੀਸ਼ਦਾਂ ਵਿੱਚ ਅਰਬਪਤੀ ਮੈਂਬਰਾਂ ਦੀ ਗਿਣਤੀ ਲਗਾਤਾਰ ਵਧੀ ਹੈ ਜਾਂ ਵਧ ਰਹੀ ਹੈ। ਆਮ ਵਿਅਕਤੀ ਤਾਂ ਚੋਣਾਂ 'ਚ ਉਮੀਦਵਾਰ ਵਜੋਂ ਖੜੇ ਹੋਣ ਦੀ ਸੋਚ ਵੀ ਨਹੀਂ ਸਕਦਾ। ਜਿਵੇਂ ਸਿਆਸਤਦਾਨਾਂ ਉਤੇ ਭ੍ਰਿਸ਼ਟਾਚਾਰ ਦੇ ਦੋਸ਼ ਲੱਗ ਰਹੇ ਹਨ, ਜਿਵੇਂ ਸਿਆਸਤਦਾਨਾਂ ਉਤੇ ਅਪਰਾਧਿਕ ਮੁਕੱਦਮੇ ਦਰਜ਼ ਹੋ ਰਹੇ ਹਨ, ਜਿਵੇਂ ਸਿਆਸੀ ਆਗੂਆਂ ਉਤੇ ਪਰਿਵਾਰਵਾਦ ਭਾਰੂ ਹੈ, ਜਿਵੇਂ ਚੋਣਾਂ ਜਿੱਤਕੇ ਹਾਕਮ ਧਿਰ, ਵਿਰੋਧੀਆਂ ਨੂੰ ਖੂੰਜੇ ਲਾਉਣ ਲਈ ਹਰ ਹੀਲਾ-ਵਸੀਲਾ ਵਰਤ ਰਹੀ ਹੈ। ਇਹ ਵਰਤਾਰਾ ਦੇਸ਼ ਦੀ ਸਿਆਸੀ ਨੈਤਿਕਤਾ ਉਤੇ ਸਵਾਲ ਖੜੇ ਕਰ ਰਿਹਾ ਹੈ।

ਸਿਆਸੀ ਧਿਰਾਂ ਵੱਲੋਂ ਲੋਕਾਂ ਲਈ ਭਲਾਈ ਸਕੀਮਾਂ ਲਾਗੂ ਕਰਨ ਦਾ ਵਾਇਦਾ ਕਰਨਾ ਗੈਰਕੁਦਰਤੀ ਨਹੀਂ। ਪਰ ਹਾਕਮ ਬਣਕੇ ਉਹਨਾ ਦੀ ਪੂਰਤੀ ਨਾ ਕਰਨਾ ਨਿਰਾ ਅਨਿਆ ਹੈ, ਗੁਨਾਹ ਹੈ।

ਹੁਣ ਤਾਂ ਮੰਗ ਉੱਠਣ ਲੱਗੀ ਹੈ ਕਿ ਚੋਣ ਵਾਇਦੇ ਗਰੰਟੀਆਂ ਕਾਨੂੰਨ ਦਸਤਾਵੇਜ਼ ਬਣਨ ਅਤੇ ਸਿਆਸੀ ਪਾਰਟੀਆਂ ਵੱਲੋਂ ਇਹਨਾਂ ਦੀ ਪੂਰਤੀ ਨਾ ਕੀਤੇ ਜਾਣ 'ਤੇ ਉਹਨਾਂ ਦੀ ਅਦਾਲਤੀ ਨਿਗਰਾਨੀ ਅਤੇ ਜਵਾਬਦੇਹੀ ਹੋਵੇ ਅਤੇ ਉਹ ਸਿਰਫ਼ 'ਅੰਕੜਿਆਂ ਦੀ ਖੇਡ' ਨਾਲ ਲੋਕਾਂ ਨੂੰ ਗੁੰਮਰਾਹ ਨਾ ਕਰ ਸਕਣ।

# ਚੋਣ ਮਨੋਰਥ ਪੱਤਰਾਂ ਦੇ ਵਾਅਦਿਆਂ ਨੂੰ ਨਿਭਾਉਂਦੀਆਂ ਕਿਉਂ ਨਹੀਂ ਭਾਰਤ ਦੀਆਂ ਰਾਜਸੀ ਧਿਰਾਂ ?

## ਵੋਟਰ ਸਿਆਸੀ ਪਾਰਟੀਆਂ ਦੀ ਕਰਨ ਜਵਾਬਦੇਹੀ



**ਅਭੈ ਕੁਮਾਰ ਦੂਬੇ**

ਲੇਖਕ ਅੰਬੇਡਕਰ ਵਿਸ਼ਵ ਯੂਨੀਵਰਸਿਟੀ, ਦਿੱਲੀ 'ਚ ਪ੍ਰੋਫ਼ੈਸਰ ਅਤੇ ਭਾਰਤੀ ਭਾਸ਼ਾਵਾਂ 'ਚ ਅਭਿਲੇਖਾਗਰੀ ਖੋਜ ਪ੍ਰੋਗਰਾਮ ਦੇ ਨਿਰਦੇਸ਼ਕ ਹਨ।

ਕਾਂਗਰਸ ਨੇ ਜਿਵੇਂ ਹੀ ਲੋਕ ਸਭਾ ਚੋਣਾਂ ਲਈ ਆਪਣਾ ਚੋਣ ਮਨੋਰਥ ਪੱਤਰ ਜਾਰੀ ਕੀਤਾ, ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਉਸ 'ਤੇ ਨਿਸ਼ਾਨਾ ਸਾਧਦੇ ਹੋਏ ਕਿਹਾ ਕਿ ਕਾਂਗਰਸ ਸਿਰਫ਼ ਐਲਾਨ ਕਰਦੀ ਹੈ, ਜਦੋਂ ਕਿ ਭਾਜਪਾ ਸੰਕਲਪ ਪੱਤਰ ਲੈ ਕੇ ਸਾਹਮਣੇ ਆਉਂਦੀ ਹੈ। ਕੀ ਪ੍ਰਧਾਨ ਮੰਤਰੀ ਦਾ ਇਹ ਦਾਅਵਾ ਉਨ੍ਹਾਂ ਦੇ ਪਿਛਲੇ ਰਿਕਾਰਡ ਤੋਂ ਪ੍ਰਮਾਣਿਤ ਹੁੰਦਾ ਹੈ ? 2014 ਵਿੱਚ ਚੋਣ ਲੜਦੇ ਸਮੇਂ ਪ੍ਰਧਾਨ ਮੰਤਰੀ ਨੇ ਦੋ ਤਰ੍ਹਾਂ ਦੇ ਵਾਅਦੇ ਕੀਤੇ ਸਨ। ਪਹਿਲੇ ਕਿਸਮ ਦੇ ਵਾਅਦੇ ਉਹ ਸਨ, ਜੋ ਚੋਣ ਮਨੋਰਥ ਪੱਤਰ ਵਿੱਚ ਲਿਖੇ ਹੋਏ ਸਨ ਅਤੇ ਦੂਜੇ ਕਿਸਮ ਦੇ ਵਾਅਦੇ ਉਹ ਸਨ ਜੋ ਉਨ੍ਹਾਂ ਵੱਲੋਂ ਸਿਰਫ਼ ਭਾਸ਼ਨਾਂ ਵਿੱਚ ਕੀਤੇ ਗਏ ਸਨ। ਦੂਜੇ ਕਿਸਮ ਦੇ ਇਨ੍ਹਾਂ ਵਾਅਦਿਆਂ ਵਿਚੋਂ ਪ੍ਰਮੁੱਖ ਸਨ- ਅੱਛੇ ਦਿਨ ਆਉਣਗੇ, ਹਰ ਖਾਤੇ 'ਚ ਪੰਦਰਾਂ-ਪੰਦਰਾਂ ਲੱਖ ਰੁਪਏ ਆਏਂਗੇ, ਸਾਲ ਭਰ ਵਿੱਚ ਦੋ ਕਰੋੜ ਰੁਜ਼ਗਾਰ ਦਿੱਤੇ ਜਾਣਗੇ ਅਤੇ ਐਮ.ਐਸ.ਪੀ. ਲਈ ਉਨ੍ਹਾਂ ਦੀ ਸਰਕਾਰ ਕੋਈ ਨਵਾਂ ਪ੍ਰਸਤਾਵ ਲੈ ਕੇ ਆਏਗੀ। ਮੋਦੀ ਦੇ ਸੱਤਾ ਵਿੱਚ ਆਉਣ ਤੋਂ ਬਾਅਦ ਉਨ੍ਹਾਂ ਦੀ ਸਰਕਾਰ ਇਨ੍ਹਾਂ ਵਾਅਦਿਆਂ ਨੂੰ ਜਲਦੀ ਹੀ ਭੁੱਲ ਗਈ। ਜਦੋਂ ਉਨ੍ਹਾਂ ਨੂੰ ਵਾਰ-ਵਾਰ ਇਨ੍ਹਾਂ ਗੱਲਾਂ ਦੀ ਯਾਦ ਦੁਆਈ ਗਈ ਤਾਂ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਬਿਨਾਂ ਦੇਰ ਲਾਏ ਇਹ ਕਹਿ ਦਿੱਤਾ ਕਿ ਇਹ ਤਾਂ ਚੋਣਾਂਵੀ ਜੁਮਲੇ ਸਨ। ਜ਼ਾਹਿਰ ਹੈ ਕਿ ਇਹ ਵਾਅਦੇ ਉਨ੍ਹਾਂ ਦੇ ਚੋਣ ਮਨੋਰਥ ਪੱਤਰ ਵਿੱਚ ਲਿਖੇ ਹੋਏ ਨਹੀਂ ਸਨ। ਸਵਾਲ ਇਹ ਹੈ ਕਿ ਇਸ ਵਾਰ ਕੀ ਹੋਵੇਗਾ ? ਇਸ ਵਾਰ ਕਿਹੜੇ-ਕਿਹੜੇ ਵਾਅਦੇ ਚੋਣ ਮਨੋਰਥ ਪੱਤਰ ਵਿੱਚ ਲਿਖੇ ਜਾਣਗੇ ਅਤੇ ਕਿਹੜੇ-ਕਿਹੜੇ ਚੋਣਾਂਵੀ ਜੁਮਲੇ ਦੇ ਰੂਪ ਵਿੱਚ ਸਾਹਮਣੇ ਆਉਣਗੇ ?

ਇਸ ਲਈ ਕਹਿਣ ਦੀ ਲੋੜ ਨਹੀਂ ਕਿ ਚੋਣਾਂ ਵਿੱਚ ਵੋਟਾਂ ਦੀ ਹੋੜ ਸ਼ੁਰੂ ਹੋਣ ਤੋਂ ਪਹਿਲਾਂ ਹੀ ਚੋਣ ਮਨੋਰਥ ਪੱਤਰਾਂ ਵਿੱਚ ਜੰਗ ਹੋਣ ਲੱਗਦੀ ਹੈ। ਇਸ ਵਾਰ ਲੱਗਦਾ ਹੈ ਕਿ ਵੋਟਰਾਂ ਦੀ ਗੋਲਬੰਦੀ ਵਿੱਚ ਚੋਣ ਮਨੋਰਥ ਪੱਤਰਾਂ ਦੀ ਅਹਿਮੀਅਤ ਪਹਿਲਾਂ ਨਾਲੋਂ ਵਧੇਰੇ ਹੋਣ ਵਾਲੀ ਹੈ। ਕਾਰਨ ਇਹ ਕਿ ਇਸ ਵਾਰ ਲੋਕ ਸਭਾ ਚੋਣਾਂ 'ਤੇ ਕਿਸੇ ਅਸਾਧਾਰਨ ਘਟਨਾ ਦਾ ਪਰਛਾਵਾਂ ਨਹੀਂ ਮੰਡਰਾ ਰਿਹਾ। 2019 ਵਿੱਚ ਪੁਲਵਾਮਾ ਸੀ.ਆਰ.ਪੀ. ਕੈਂਪ 'ਤੇ ਹੋਏ ਅੱਤਵਾਦੀ ਹਮਲੇ ਅਤੇ ਉਸ ਦੇ ਜਵਾਬ ਵਿੱਚ ਕੀਤੀ ਗਈ ਬਾਲਾਕੋਟ ਸਰਜੀਕਲ ਸਟ੍ਰਾਈਕ ਨੇ ਵੋਟਰਾਂ ਦੇ ਮਨਾਂ 'ਤੇ ਡੂੰਘਾ ਅਸਰ ਪਾਇਆ ਸੀ। ਰਾਸ਼ਟਰੀ ਸੁਰੱਖਿਆ ਦੀ ਭਾਵਨਾ ਅਤੇ ਮੋਦੀ ਸਰਕਾਰ ਵੱਲੋਂ 'ਅੰਦਰ ਵੜ੍ਹ ਕੇ ਮਾਰਨ' ਦੇ ਜ਼ਬਰਦਸਤ ਪ੍ਰਚਾਰ ਕਾਰਨ ਚੋਣ ਮਨੋਰਥ ਪੱਤਰ ਥੋੜ੍ਹਾ-ਬਹੁਤ ਪਿੱਛੇ ਚਲੇ ਗਏ ਸਨ। ਇਸ ਵਾਰ ਨਰਿੰਦਰ ਮੋਦੀ 'ਭ੍ਰਿਸ਼ਟਾਚਾਰ' ਦੇ ਮੁੱਦੇ 'ਤੇ ਚੋਣ ਲੜਨਾ ਚਾਹੁੰਦੇ ਹਨ ਅਤੇ ਵਿਰੋਧੀ ਦਲ 'ਲੋਕਤੰਤਰ ਬਚਾਉਣ' ਦੀ ਅਪੀਲ ਕਰ ਰਿਹਾ ਹੈ। ਇਹ ਮੁੱਦੇ ਲੋਕਾਂ ਨੂੰ ਪ੍ਰਭਾਵਿਤ ਕਰਨਗੇ, ਪਰ ਦੋਵਾਂ ਵਿੱਚ ਉਸੇ ਤਰ੍ਹਾਂ ਦਾ ਭਾਵਨਾਤਮਕ ਉਤਸ਼ਾਹ ਨਹੀਂ ਹੈ। ਜ਼ਾਹਿਰ ਹੈ ਕਿ ਵੋਟਰਾਂ ਕੋਲ ਇਸ ਵਾਰ ਚੋਣ ਮਨੋਰਥ ਪੱਤਰਾਂ ਦੇ ਵਾਅਦਿਆਂ 'ਤੇ ਵਧੇਰੇ ਗੰਭੀਰਤਾ ਨਾਲ ਗ਼ੌਰ ਕਰਨ ਦਾ ਮੌਕਾ ਹੈ।

ਮੰਨਿਆ ਜਾ ਸਕਦਾ ਹੈ ਕਿ ਇਸ ਵਾਰ ਘੱਟ ਤੋਂ ਘੱਟ ਵੋਟਰਾਂ ਦਾ ਇੱਕ ਹਿੱਸਾ ਪਾਰਟੀਆਂ ਦੇ ਵਾਅਦਿਆਂ ਦੀ ਜਾਂਚ-ਪਰਖ ਕਰਕੇ ਵੋਟ ਦੇਣ ਦਾ ਫ਼ੈਸਲਾ ਕਰੇਗਾ। ਲਗਭਗ ਸਾਰੇ ਚੋਣ ਸਮੀਖਿਅਕ ਇਸ ਗੱਲ 'ਤੇ ਇਕਮੱਤ ਹਨ ਕਿ ਹੌਲੀ-ਹੌਲੀ ਸਾਡੀ ਚੋਣ ਰਾਜਨੀਤੀ ਵਿੱਚ ਦਸ ਤੋਂ ਪੰਦਰਾਂ-ਵੀਹ ਫ਼ੀਸਦੀ ਦਰਮਿਆਨ ਵੋਟਰਾਂ ਦਾ ਇੱਕ ਅਜਿਹਾ ਵਰਗ ਉਭਰ ਆਇਆ ਹੈ ਜੋ ਆਪਣੀਆਂ ਵੋਟ-ਤਰਜੀਹਾਂ ਸੰਬੰਧੀ ਅਖੀਰ ਤੱਕ ਵਿਚਾਰ ਕਰਕੇ ਫ਼ੈਸਲਾ ਕਰਦਾ ਹੈ।

ਇਹ ਛੋਟਾ ਜਿਹਾ ਵਿਚਕਾਰ ਬੈਠਾ ਹੋਇਆ ਵੋਟਰਾਂ ਦਾ ਸਮੂਹ ਮੋਟੇ ਤੌਰ 'ਤੇ ਨਾ ਤਾਂ ਜਾਤੀ ਦੇ ਆਧਾਰ 'ਤੇ ਵੋਟ ਦਿੰਦਾ ਹੈ, ਨਾ ਧਰਮ ਦੇ ਆਧਾਰ 'ਤੇ ਅਤੇ ਨਾ ਹੀ ਇਹ ਪਾਰਟੀਆਂ ਦੀ ਵਿਚਾਰਧਾਰਾਤਮਿਕ ਦਾਵੇਦਾਰੀਆਂ ਤੋਂ ਪ੍ਰਭਾਵਿਤ ਹੁੰਦਾ ਹੈ। ਉਹ ਇੱਕ ਨਵੀਂ ਸ਼੍ਰੇਣੀ ਨਾਲ ਸੰਬੰਧ ਰੱਖਦਾ ਹੈ। ਇਹ ਸੱਤਾਧਾਰੀ ਦਲ ਦੀਆਂ ਖਾਮੀਆਂ ਅਤੇ ਥੋੜ੍ਹੀ-ਬਹੁਤ ਐਂਟੀਕੁੰਬੈਂਸੀ (ਸੱਤਾ ਵਿਰੋਧੀ ਭਾਵਨਾ) ਦੇ ਬਾਵਜੂਦ ਉਸ ਦਾ ਸਮਰਥਨ ਕਰਨ ਦਾ ਫ਼ੈਸਲਾ ਲੈ ਸਕਦਾ ਹੈ, ਬਸ਼ਰਤੇ ਉਸ ਨੂੰ ਵਿਰੋਧੀ ਦਲ ਦੀਆਂ ਗੱਲਾਂ 'ਤੇ ਪੂਰੀ ਤਰ੍ਹਾਂ ਭਰੋਸਾ ਨਾ ਹੋ ਰਿਹਾ ਹੋਵੇ। ਇਸ ਦੇ ਉਲਟ ਉਹ ਸਰਕਾਰ ਬਦਲਣ ਲਈ ਵੀ ਵੋਟ ਕਰ ਸਕਦਾ ਹੈ, ਜੇਕਰ ਉਸ ਨੂੰ ਵਿਰੋਧੀ ਦਲ ਦੇ ਨੇਤਾਵਾਂ ਅਤੇ ਉਨ੍ਹਾਂ ਦੀਆਂ ਗੱਲਾਂ ਵਿੱਚ ਵਧੇਰੇ ਦਮ ਲਗ ਰਿਹਾ ਹੋਵੇ। ਇਹੋ ਜਿਹੇ ਵੋਟਰ ਚੋਣ ਨਤੀਜਿਆਂ ਨੂੰ ਡੂੰਘਾਈ ਨਾਲ ਪ੍ਰਭਾਵਿਤ ਕਰਦੇ ਹਨ। ਇਸ ਗੱਲ ਦਾ ਸਬੂਤ 2022 ਵਿੱਚ ਹੋਈਆਂ ਉੱਤਰ ਪ੍ਰਦੇਸ਼ ਦੀਆਂ ਵਿਧਾਨ ਸਭਾ ਚੋਣਾਂ ਵਿੱਚ ਉਸ ਸਮੇਂ ਮਿਲਿਆ ਜਦੋਂ ਜਿੱਤਣ ਤੋਂ ਬਾਅਦ ਪ੍ਰਦੇਸ਼ ਭਾਜਪਾ ਨੇ ਪ੍ਰਧਾਨ ਮੰਤਰੀ ਦਫ਼ਤਰ ਦੀ ਮੰਗ 'ਤੇ ਉਸ ਨੂੰ ਅੱਸੀ ਪੰਨਿਆਂ ਦੀ ਇੱਕ ਰਿਪੋਰਟ ਭੇਜੀ। ਅੱਖਾਂ ਖੋਲ੍ਹ ਦੇਣ ਵਾਲੀ ਇਸ ਰਿਪੋਰਟ ਵਿੱਚ ਮੰਨਿਆ ਗਿਆ ਸੀ ਕਿ ਭਾਜਪਾ ਦੀ ਜਿੱਤ ਵਿੱਚ ਅਜਿਹੀ ਫ਼ਸੀਲ (ਫ਼ੈਂਸ) 'ਤੇ ਬੈਠੇ ਹੋਏ ਵੋਟਰ ਸਮੂਹ ਦੀ ਵੱਡੀ ਭੂਮਿਕਾ ਸੀ। ਜੇਕਰ ਇਹ ਵੋਟਰ ਆਖਰੀ ਸਮੇਂ ਵਿੱਚ ਭਾਜਪਾ ਵੱਲ ਝੁਕਣ ਦਾ ਫ਼ੈਸਲਾ ਨਾ ਕਰਦੇ ਤਾਂ ਸ਼ਾਇਦ ਅਖਿਲੇਸ਼ ਯਾਦਵ ਵੱਲੋਂ ਕੀਤੀ ਗਈ ਪੱਛੜੀ ਜਾਤੀਆਂ ਦੀ ਏਕਤਾ ਅਤੇ ਘੱਟ ਗਿਣਤੀ ਵੋਟਾਂ ਦਾ ਅਸਾਧਾਰਨ ਧਰੁਵੀਕਰਨ ਯੋਗੀ ਆਦਿੱਤਿਆਨਾਥ ਸਰਕਾਰ ਦੀ ਵਾਪਸੀ ਨੂੰ ਮੁਸ਼ਕਿਲ ਵਿੱਚ ਪਾ ਸਕਦਾ ਸੀ।

ਵੋਟਰਾਂ ਦੇ ਇਸ ਛੋਟੇ ਪਰ ਅਹਿਮ ਹਿੱਸੇ ਕੋਲ ਇਸ ਸਮੇਂ ਕਾਂਗਰਸ ਪਾਰਟੀ ਦਾ ਚੋਣ ਮਨੋਰਥ ਪੱਤਰ ਇੱਕ ਦਸਤਾਵੇਜ਼ ਹੈ। ਉਨ੍ਹਾਂ ਨੂੰ ਇਹ ਵੀ ਪਤਾ ਹੈ ਕਿ ਪੰਜ-ਛੇ ਦਿਨਾਂ ਵਿੱਚ ਭਾਜਪਾ ਦਾ ਚੋਣ ਮਨੋਰਥ ਪੱਤਰ ਵੀ ਜਾਰੀ ਹੋਣ ਵਾਲਾ ਹੈ। ਇਨ੍ਹਾਂ ਦੋਵਾਂ ਨੂੰ ਸਾਹਮਣੇ ਰੱਖ ਕੇ ਤੁਲਨਾਤਮਕ ਨਜ਼ਰੀਏ ਨਾਲ ਪਸੰਦ-ਨਾਪਸੰਦ ਕਰਨਾ ਸੌਖਾ ਨਹੀਂ ਹੋਵੇਗਾ। ਕਾਂਗਰਸ ਆਪਣੇ ਚੋਣ ਮਨੋਰਥ ਪੱਤਰ ਨੂੰ ਨਿਆਂ ਪੱਤਰ ਕਹਿੰਦੇ ਹੋਏ ਮਹਿਲਾ, ਨੌਜਵਾਨ, ਕਿਸਾਨ ਅਤੇ ਕਮਜ਼ੋਰ ਜਾਤੀਆਂ ਨੂੰ ਆਪਣੇ ਵੱਲ ਖਿੱਚਣਾ ਚਾਹੁੰਦੀ ਹੈ। ਭਾਜਪਾ ਨੇ ਐਲਾਨ ਕਰ ਦਿੱਤਾ ਹੈ ਕਿ ਉਹ 'ਸੰਕਲਪ ਪੱਤਰ' ਜਾਰੀ ਕਰੇਗੀ, ਜਿਸ ਦੇ ਕੇਂਦਰ ਵਿੱਚ 'ਗਿਆਨ' (ਗਰੀਬ, ਨੌਜਵਾਨ, ਅੰਨਦਾਤਾ ਅਤੇ ਨਾਰੀ) ਆਦਿ ਵਰਗ ਹੋਣਗੇ। ਜੋ ਵੀ ਹੋਵੇ, ਕਾਂਗਰਸ ਦੇ 'ਨਿਆਂ ਪੱਤਰ' ਵਿੱਚ ਹਰ ਵਾਅਦਾ ਬਹੁਤ ਠੋਸ ਕਿਸਮ ਦਾ ਹੈ। ਮਤਲਬ, ਆਮ ਕਿਸਮ ਦੀਆਂ ਗੱਲਾਂ ਕਹਿਣ ਦੀ ਬਜਾਏ ਉਨ੍ਹਾਂ ਦੀ ਗਿਣਤੀ ਰਾਹੀਂ ਆਪਣੇ ਵਾਅਦਿਆਂ ਨੂੰ ਪ੍ਰਮਾਣਿਕ ਬਣਾਉਣ ਦਾ ਯਤਨ ਕੀਤਾ ਹੈ। ਸਾਰੀਆਂ ਗੱਲਾਂ ਸਿੱਧੇ-ਸਿੱਧੇ ਹਾਂ ਜਾਂ ਨਾ ਵਿੱਚ ਹਨ। ਮੈਨੂੰ ਲੱਗਦਾ ਹੈ ਕਿ ਇਹੋ ਜਿਹੇ ਚੋਣ ਮਨੋਰਥ ਪੱਤਰ ਦੇ ਬਾਅਦ ਹੁਣ ਭਾਜਪਾ ਨੂੰ ਵੀ ਇਸੇ ਠੋਸ ਸ਼ੈਲੀ ਵਿੱਚ ਆਪਣੇ ਵਾਅਦੇ ਵੋਟਰਾਂ ਦੇ ਸਾਹਮਣੇ ਪਰੋਸਣੇ ਪੈਣਗੇ।

ਮੇਰੇ ਵਿਚਾਰ ਵਿੱਚ ਹੁਣ ਉਹ ਸਮਾਂ ਆ ਗਿਆ ਹੈ ਕਿ ਚੋਣ ਮਨੋਰਥ ਪੱਤਰਾਂ ਨੂੰ ਚੋਣ ਰਾਜਨੀਤੀ ਦੇ ਕੇਂਦਰ ਵਿੱਚ ਵਧੇਰੇ ਗੰਭੀਰਤਾ ਨਾਲ ਸਥਾਪਿਤ ਕੀਤਾ ਜਾਵੇ। ਇਸ ਦੇ ਲਈ ਕੁਝ ਗੱਲਾਂ ਜ਼ਰੂਰੀ ਹਨ। ਪਹਿਲੀ, ਹਰ ਪਾਰਟੀ ਆਪਣੇ ਹਰ ਵਾਅਦੇ ਨੂੰ ਪੂਰਾ ਕਰਨ ਲਈ ਚੋਣ ਮਨੋਰਥ ਪੱਤਰ ਵਿੱਚ ਇਕ ਸਪੱਸ਼ਟ ਸਮਾਂ ਹੱਦ ਨਿਰਧਾਰਿਤ ਕਰੇ। ਇਸ ਸਮਾਂ ਹੱਦ ਦੀ ਨਿਗਰਾਨੀ ਦੀ ਜ਼ਿੰਮੇਵਾਰੀ ਖ਼ੁਦ ਚੋਣ ਕਮਿਸ਼ਨ ਲਵੇ ਅਤੇ ਜਿੱਤ ਕੇ ਸੱਤਾ ਵਿੱਚ ਆਉਣ ਵਾਲੇ ਦਲ ਤੋਂ ਲਿਖਤੀ ਰੂਪ ਵਿੱਚ ਜਵਾਬਤਲਬੀ ਕੀਤੀ ਜਾਵੇ ਕਿ ਉਸ ਨੇ ਆਪਣਾ ਵਾਅਦਾ ਪੂਰਾ ਕਿਉਂ ਨਹੀਂ ਕੀਤਾ ? ਇਹ ਕੰਮ ਗ਼ੈਰ-ਸਰਕਾਰੀ ਖੇਤਰ ਵਿੱਚ ਨਾਗਰਿਕ ਸਮਾਜ ਦੀਆਂ ਹੋਰ ਸੰਸਥਾਵਾਂ ਵੀ ਕਰ ਸਕਦੀਆਂ ਹਨ। ਦੂਜੀ ਮਹੱਤਵਪੂਰਨ ਗੱਲ ਇਹ ਹੈ ਕਿ ਚੋਣ ਮਨੋਰਥ ਪੱਤਰ ਵਿੱਚ ਜੋ ਨਹੀਂ ਲਿਖਿਆ ਹੈ, ਉਸ ਨੂੰ ਵਾਅਦੇ ਦੇ ਰੂਪ ਵਿੱਚ ਜਨਤਾ ਦੇ ਸਾਹਮਣੇ ਪੇਸ਼ ਕਰਨ ਨੂੰ ਨਿਯਮ ਬਣਾ ਕੇ ਰੋਕਿਆ ਜਾਵੇ। ਜਿਵੇਂ ਕੋਈ ਪਾਰਟੀ ਕਹਿੰਦੀ ਹੈ ਕਿ ਉਹ ਇੰਨੀ ਗਿਣਤੀ ਵਿੱਚ ਰੁਜ਼ਗਾਰ ਦੇਵੇਗੀ ਜਾਂ ਕਿਸੇ ਤਬਕੇ ਦੀ ਆਮਦਨੀ ਇੰਨੀ ਹੱਦ ਤੱਕ ਵਧ ਜਾਵੇਗੀ ਜਾਂ ਲੋਕਾਂ ਦੇ ਖਾਤਿਆਂ ਵਿੱਚ ਇੰਨੀ ਰਕਮ ਆ ਜਾਵੇਗੀ, ਪਰ ਬਹੁਤੀ ਵਾਰ ਇਹ ਗੱਲਾਂ ਚੋਣ ਮਨੋਰਥ ਪੱਤਰ ਵਿੱਚ ਬਕਾਇਦਾ ਲਿਖੀਆਂ ਗਈਆਂ ਨਹੀਂ ਹੁੰਦੀਆਂ। ਇਸ ਸੂਰਤ ਵਿੱਚ ਕਮਿਸ਼ਨ ਜਾਂ ਜ਼ਿੰਮੇਦਾਰ ਸੰਸਥਾਵਾਂ ਵੱਲੋਂ ਇਨ੍ਹਾਂ ਅਲਿਖ਼ਤੀ ਵਾਅਦਿਆਂ ਨੂੰ ਨੋਟ ਕੀਤਾ ਜਾਵੇ ਅਤੇ ਉਨ੍ਹਾਂ ਨੂੰ ਬਕਾਇਦਾ ਚੋਣ ਮਨੋਰਥ ਪੱਤਰ ਦਾ ਲਿਖਤੀ ਅੰਗ ਕਰਾਰ ਦਿੱਤਾ ਜਾਵੇ।

ਹੋ ਸਕਦਾ ਹੈ ਕਿ ਕੋਈ ਸੱਤਾਧਾਰੀ ਪਾਰਟੀ ਕਿਸੇ ਵਿਸ਼ੇਸ਼ ਹਾਲਤ (ਜਿਵੇਂ ਕੋਵਿਡ ਦੀ ਮਹਾਂਮਾਰੀ) ਦੇ ਕਾਰਨ ਆਪਣੇ ਵਾਅਦੇ ਤੈਅ ਸਮੇਂ ਵਿੱਚ ਪੂਰਾ ਨਾ ਕਰ ਸਕੀ ਹੋਵੇ, ਉਸ ਹਾਲਤ ਵਿੱਚ ਵੋਟਰ ਉਸ ਨੂੰ ਰਿਆਇਤੀ ਨਜ਼ਰੀਏ ਨਾਲ ਵੇਖਣ। ਪਰ, ਉਸ ਪਾਰਟੀ ਨੂੰ ਦੱਸਣ ਲਈ ਮਜਬੂਰ ਕੀਤਾ ਜਾਵੇ ਕਿ ਮਹਾਂਮਾਰੀ ਖ਼ਤਮ ਹੋਣ ਤੋਂ ਬਾਅਦ ਦੇ ਸਮੇਂ ਵਿੱਚ ਉਸ ਨੇ ਕਿੰਨੇ ਸਮੇਂ ਤੱਕ ਉਨ੍ਹਾਂ ਵਾਅਦਿਆਂ ਨੂੰ ਪੂਰਾ ਕੀਤਾ। ਇਸੇ ਤਰ੍ਹਾਂ ਇਨ੍ਹਾਂ ਗੱਲਾਂ ਦਾ ਖਿਆਲ ਰੱਖਣ ਨਾਲ ਚੋਣਾਂ ਸਮੇਂ ਨੇਤਾਵਾਂ ਵਲੋਂ ਮੰਚ 'ਤੇ ਕੀਤੀ ਜਾਣ ਵਾਲੀ ਗ਼ਲਤ ਬਿਆਨਬਾਜ਼ੀ ਨੂੰ ਘਟਾਉਣ ਵਿੱਚ ਮਦਦ ਮਿਲੇਗੀ। ਫ਼ਿਰ ਨੇਤਾਵਾਂ ਨੂੰ ਇਹ ਕਹਿਣ ਵਿੱਚ ਕੁਝ ਤਾਂ ਮੁਸ਼ਕਿਲ ਹੋਵੇਗੀ ਕਿ ਕੁਝ ਗੱਲਾਂ ਤਾਂ ਉਨ੍ਹਾਂ ਨੇ ਚੋਣਾਵੀ ਜੁਮਲੇ ਦੇ ਰੂਪ ਵਿੱਚ ਕਹੀਆਂ ਸਨ।

# ਭਾਰਤੀ ਰਾਜਨੀਤੀ 'ਚ ਮੋਦੀ ਦਾ ਬੋਲਬਾਲਾ ਬਨਾਮ ਜਮਹੂਰੀਅਤ

**ਡਾ. ਰਣਜੀਤ ਸਿੰਘ**

ਲੋਕ ਸਭਾ ਦੀਆਂ ਚੋਣਾਂ ਦਾ ਐਲਾਨ ਹੁੰਦਿਆਂ ਹੀ ਚੋਣ ਪ੍ਰਚਾਰ ਵਿੱਚ ਤੇਜ਼ੀ ਆ ਗਈ ਹੈ। ਭਾਰਤੀ ਜਨਤਾ ਪਾਰਟੀ ਜਾਂ ਆਖ ਲਵੋ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਪ੍ਰਚਾਰ ਦੀ ਹਨੇਰੀ ਵਗਾਈ ਹੋਈ ਹੈ। ਇਸ ਪਾਰਟੀ ਕੋਲ ਮਾਇਕ ਅਤੇ ਮਨੁੱਖੀ ਵਸੀਲੇ, ਦੋਵੇਂ ਹੀ ਹਨ। ਪਾਰਟੀ ਅੰਦਰ ਪੂਰਾ ਅਨੁਸ਼ਾਸਨ ਵੀ ਹੈ। ਕਿਸੇ ਵੀ ਲੀਡਰ ਵਿੱਚ ਇੰਨੀ ਹਿੰਮਤ ਨਹੀਂ ਹੈ ਕਿ ਉਹ ਪ੍ਰਧਾਨ ਮੰਤਰੀ ਦੇ ਸਾਹਮਣੇ ਮੂੰਹ ਖੋਲ੍ਹ ਸਕੇ। ਅਜਿਹਾ ਹੋਰ ਕਿਸੇ ਰਾਜਸੀ ਪਾਰਟੀ ਕੋਲ ਨਹੀਂ ਹੈ। ਕੌਮੀ ਪੱਧਰ ਉੱਤੇ ਦੂਜੀ ਸਭ ਤੋਂ ਪੁਰਾਣੀ ਰਾਜਸੀ ਪਾਰਟੀ ਕਾਂਗਰਸ ਹੈ। ਉਸ ਕੋਲ ਮਾਇਕ ਅਤੇ ਮਨੁੱਖੀ ਵਸੀਲਿਆਂ ਦੀ ਘਾਟ ਹੈ। ਮੋਦੀ ਵਰਗਾ ਕੋਈ ਕੌਮੀ ਪੱਧਰ ਉੱਤੇ ਪ੍ਰਭਾਵਸ਼ਾਲੀ ਲੀਡਰ ਵੀ ਨਹੀਂ ਹੈ। ਉਸ ਵੱਲੋਂ ਦੂਜੀਆਂ ਪਾਰਟੀਆਂ ਨਾਲ ਇੰਡੀਆ ਨਾਮ ਹੇਠ ਗਠਜੋੜ ਬਣਾਉਣ ਦਾ ਯਤਨ ਕੀਤਾ ਗਿਆ ਹੈ ਪਰ ਇਸ ਗਠਜੋੜ ਵਿੱਚੋਂ ਵੀ ਸਹਿਯੋਗੀ ਕਿਰ ਰਹੇ ਹਨ। ਪੰਜਾਬ ਅਤੇ ਬੰਗਾਲ ਵਿੱਚ ਗਠਜੋੜ ਖਤਮ ਹੋ ਗਿਆ ਹੈ। ਬਿਹਾਰ ਵਿੱਚ ਇਸ ਗਠਜੋੜ ਦਾ ਮੋਢੀ ਨਿਤੀਸ਼ ਕੁਮਾਰ ਆਪ ਭਾਜਪਾ ਦੀ ਝੋਲੀ ਵਿੱਚ ਚਲਾ ਗਿਆ ਹੈ। ਭਾਜਪਾ ਕੋਲ ਮਾਇਕ ਵਸੀਲਿਆਂ ਦੇ ਨਾਲੋ ਨਾਲ ਸਰਕਾਰੀ ਸ਼ਕਤੀ ਵੀ ਹੈ। ਸਾਡੇ ਬਹੁਤੇ ਲੀਡਰ ਦੁੱਧ ਧੋਤੇ ਤਾਂ ਨਹੀਂ ਹਨ। ਉਹ ਡਰ ਦੇ ਮਾਰੇ ਜਾਂ ਲਾਲਚ ਵਿੱਚ ਕਾਂਗਰਸ ਨੂੰ ਛੱਡ ਰਹੇ ਹਨ। ਉੱਧਰ ਭਾਜਪਾ ਨੇ ਇਸ ਵਾਰ ਚਾਰ ਦਾ ਅੰਕੜਾ ਪਾਰ ਕਰਨ ਦਾ ਫ਼ੈਸਲਾ ਕੀਤਾ ਹੋਇਆ ਹੈ। ਜੇਕਰ ਭਾਜਪਾ ਆਪਣੇ ਮਨਸੂਬਿਆਂ ਵਿੱਚ ਸਫ਼ਲ ਹੋ ਜਾਂਦੀ ਹੈ ਤਾਂ ਕੇਂਦਰ ਵਿੱਚ ਵਿਰੋਧੀ ਧਿਰ ਬਹੁਤ ਕਮਜ਼ੋਰ ਹੋ ਜਾਵੇਗੀ। ਇਹ ਲੋਕਰਾਜ ਦੇ ਹਿਤ ਵਿੱਚ ਨਹੀਂ ਹੈ। ਲੋਕਰਾਜ ਦੀ ਸਫ਼ਲਤਾ ਲਈ ਇੱਕ ਮਜ਼ਬੂਤ ਵਿਰੋਧੀ ਧਿਰ ਦੀ ਲੋੜ ਹੁੰਦੀ ਹੈ ਤਾਂ ਜੋ ਸੱਤਾਧਾਰੀ ਪਾਰਟੀ ਨੂੰ ਆਪਣੀਆਂ ਮਨਮਰਜ਼ੀਆਂ ਕਰਨ ਤੋਂ ਰੋਕਿਆ ਜਾ ਸਕੇ। ਸੱਤਾਧਾਰੀ ਧਿਰ ਦੀਆਂ ਗਲਤ ਨੀਤੀਆਂ ਬਾਰੇ ਵਿਰੋਧੀ ਧਿਰ ਹੀ ਮੂੰਹ ਖੋਲ੍ਹ ਸਕਦੀ ਹੈ। ਇਸੇ ਤਰ੍ਹਾਂ ਜਦੋਂ ਕੋਈ ਨਵਾਂ ਬਿੱਲ ਪਾਰਲੀਮੈਂਟ ਵਿੱਚ ਪੇਸ਼ ਕੀਤਾ ਜਾਂਦਾ ਹੈ ਤਾਂ ਵਿਰੋਧੀ ਧਿਰ ਉਸ ਵਿਚਲੀਆਂ ਕਮੀਆਂ ਦੀ ਸਮੀਖਿਆ ਕਰ ਸਕਦੀ ਹੈ। ਲੋਕਰਾਜ ਦੀ ਮਜ਼ਬੂਤੀ ਲਈ ਅਜਿਹਾ ਹੋਣਾ ਬਹੁਤ ਜ਼ਰੂਰੀ ਹੈ। ਪਰ ਹੁਣ ਪਾਰਲੀਮੈਂਟ ਵਿੱਚ ਅਜਿਹਾ ਨਹੀਂ ਹੋ ਰਿਹਾ। ਵਿਰੋਧੀ ਧਿਰ ਕਮਜ਼ੋਰ ਹੈ। ਉਹ ਆਪਣੇ ਹੱਕਾਂ ਲਈ ਕੋਈ ਵੀ ਮੁੱਦਾ ਲੈ ਕੇ ਪਾਰਲੀਮੈਂਟ ਦੇ ਕੰਮਕਾਜ ਨੂੰ ਰੋਕਦੀ ਹੈ ਤੇ ਮੁੜ ਬਾਹਰ ਚਲੀ ਜਾਂਦੀ ਹੈ। ਸੰਬੰਧਿਤ ਵਜ਼ੀਰ ਆਪਣਾ ਬਿੱਲ ਪੇਸ਼ ਕਰਦਾ ਹੈ, ਜਿਸ ਉੱਤੇ ਬਿਨਾਂ ਕੋਈ ਚਰਚਾ ਕੀਤਿਆਂ ਪਾਸ ਕਰ ਦਿੱਤਾ ਜਾਂਦਾ ਹੈ। ਇੰਝ ਕਈ ਵਾਰ ਅਜਿਹੇ ਬਿੱਲਾਂ ਦਾ ਲੋਕਾਂ ਵੱਲੋਂ ਸਖਤ ਵਿਰੋਧ ਕੀਤਾ ਜਾਂਦਾ ਹੈ।

ਭਾਰਤੀ ਜਨਤਾ ਪਾਰਟੀ ਵੱਲੋਂ 'ਕਾਂਗਰਸ ਮੁਕਤ ਭਾਰਤ' ਲਈ ਵਿਸ਼ੇਸ਼ ਮੁਹਿੰਮ ਸ਼ੁਰੂ ਕੀਤੀ ਗਈ ਹੈ। ਨਿੱਤ ਕਾਂਗਰਸ ਦੇ ਪੁਰਾਣੇ ਲੀਡਰ, ਇੱਥੋਂ ਤਕ ਕਿ ਮੌਜੂਦਾ ਮੈਂਬਰ ਪਾਰਲੀਮੈਂਟ ਵੀ ਕਾਂਗਰਸ ਤੋਂ ਮੁੱਖ ਮੋੜ ਬੀਜੇਪੀ ਵਿੱਚ ਸ਼ਾਮਿਲ ਹੋ ਰਹੇ ਹਨ। ਇਸਦਾ ਭਾਵ ਹੈ ਕਿ ਦੇਸ਼ ਦੀ ਮੁੱਖ ਵਿਰੋਧੀ ਪਾਰਟੀ ਦਾ ਅੰਤ ਕਰਕੇ ਇੱਕ ਪਾਰਟੀ ਹੀ ਰਹਿ ਜਾਵੇਗੀ। ਇਹ ਇੱਕ ਤਰ੍ਹਾਂ ਨਾਲ ਤਾਨਾਸ਼ਾਹੀ ਵਾਲਾ ਰਾਜ ਹੋ ਜਾਵੇਗਾ। ਲੋਕਰਾਜ ਵਿੱਚ ਸਰਕਾਰ ਦੇ ਸੁਚਾਰੂ ਢੰਗ ਨਾਲ ਚੱਲਣ ਲਈ ਸੰਸਦ ਵਿੱਚ ਇੱਕ ਮਜ਼ਬੂਤ ਵਿਰੋਧੀ ਧਿਰ ਦੀ ਲੋੜ ਪੈਂਦੀ ਹੈ। ਜੇਕਰ ਅਜਿਹਾ ਨਹੀਂ ਹੁੰਦਾ ਤਾਂ ਸੱਤਾਧਾਰੀ ਪਾਰਟੀ ਨੂੰ ਆਪਣੀ ਮਨਮਰਜ਼ੀ ਦਾ ਮੌਕਾ ਮਿਲ ਜਾਂਦਾ ਹੈ। ਪਾਰਲੀਮੈਂਟ ਵਿੱਚ ਸੁਚਾਰੂ ਬਹਿਸ ਨਹੀਂ ਹੁੰਦੀ, ਸਰਕਾਰ ਆਪਣੀ ਮਰਜ਼ੀ ਨਾਲ ਕਿਸੇ ਵੀ ਬਿੱਲ ਨੂੰ ਸਦਨ ਵਿੱਚ ਧੱਕੇ ਨਾਲ ਪਾਸ ਕਰਵਾ ਸਕਦੀ ਹੈ।

ਹੁਣ ਤਾਂ ਸਰਕਾਰ ਕੋਲ ਇੰਨੀ ਤਾਕਤ ਹੋ ਗਈ ਹੈ ਕਿ ਉਹ ਲੋੜ ਅਨੁਸਾਰ ਸੰਵਿਧਾਨ ਵਿੱਚ ਵੀ ਸੋਧ ਕਰ ਸਕਦੀ ਹੈ। ਸੰਵਿਧਾਨ ਵਿੱਚ ਕੀਤੀਆਂ ਸੋਧਾਂ ਨਾਲ ਇਸਦੇ ਮੁਢਲੇ ਅਸੂਲਾਂ ਨੂੰ ਠੇਸ ਪਹੁੰਚ ਸਕਦੀ ਹੈ। ਪਿਛਲੀਆਂ ਚੋਣਾਂ ਵਿੱਚ ਭਾਰਤੀ ਜਨਤਾ ਪਾਰਟੀ ਨੂੰ ਸੰਪੂਰਨ ਬਹੁਮਤ ਪ੍ਰਾਪਤ ਹੋ ਗਿਆ ਸੀ। ਲੋਕ ਸਭਾ ਵਿੱਚ ਇਸ ਕੋਲ ਪੂਰੀ ਸ਼ਕਤੀ ਸੀ। ਵਿਰੋਧੀ ਧਿਰ ਇੰਨੀ ਕਮਜ਼ੋਰ ਹੋ ਗਈ ਸੀ ਕਿ ਕਿਸੇ ਪਾਰਟੀ ਕੋਲ ਮੈਂਬਰਾਂ ਦੀ ਇੰਨੀ ਗਿਣਤੀ ਨਹੀਂ ਸੀ ਕਿ ਉਸ ਨੂੰ ਵਿਰੋਧੀ ਧਿਰ ਦੀ ਮਾਨਤਾ ਪ੍ਰਾਪਤ ਹੋ ਸਕੇ। ਮੋਦੀ ਸਾਹਿਬ ਨੇ ਆਪਣੇ ਨਾਂਅ ਅਤੇ ਪ੍ਰਚਾਰ ਦੀ ਅਜਿਹੀ ਹਨੇਰੀ ਚਲਾਈ ਹੈ ਕਿ ਉਹ ਪਿਛਲੀ ਵਾਰ ਨਾਲੋਂ ਵੀ ਵਧੇਰੇ ਮਜ਼ਬੂਤ ਬਣ ਜਾਣਗੇ। ਵਿਰੋਧੀ ਧਿਰ ਲਈ ਇਸ ਹਨੇਰੀ ਦਾ ਮੁਕਾਬਲਾ ਕਰਨਾ ਔਖਾ ਹੈ।

ਭਾਰਤ ਨੂੰ ਸੰਸਾਰ ਦਾ ਸਭ ਤੋਂ ਵੱਡਾ ਲੋਕਰਾਜ ਮੰਨਿਆ ਜਾਂਦਾ ਹੈ। ਇੱਥੇ ਸਰਕਾਰ ਦੀ ਪਾਰਲੀਮਾਨੀ ਪ੍ਰਣਾਲੀ ਹੈ। ਲੋਕ ਆਪਣੇ ਨੁਮਾਇੰਦੇ ਵੋਟਾਂ ਰਾਹੀਂ ਚੁਣ ਕੇ ਲੋਕ ਸਭਾ ਵਿੱਚ ਭੇਜਦੇ ਹਨ। ਦੇਸ਼ ਦੇ ਰਾਜ ਪ੍ਰਬੰਧ ਨੂੰ ਚਲਾਉਣ ਦੇ ਢੰਗ ਤਰੀਕਿਆਂ ਦੀ ਸੋਚ ਆਧਾਰਿਤ ਰਾਜਨੀਤਕ ਪਾਰਟੀਆਂ ਹੋਂਦ ਵਿੱਚ ਆਉਂਦੀਆਂ ਹਨ। ਲੋਕਾਂ ਨੂੰ ਜਿਸ ਪਾਰਟੀ ਦੀ ਸੋਚ ਅਤੇ ਪ੍ਰੋਗਰਾਮ ਪ੍ਰਭਾਵਿਤ ਕਰਦੇ ਹਨ, ਉਹ ਉਸੇ ਪਾਰਟੀ ਨੂੰ ਸੱਤਾ ਸੌਂਪ ਦਿੰਦੇ ਹਨ, ਪਰ ਪਿਛਲੇ ਕੁਝ ਸਮੇਂ ਤੋਂ ਰਾਜਨੀਤਕ ਪਾਰਟੀਆਂ ਆਪਣੀ ਸੋਚ ਅਤੇ ਪ੍ਰੋਗਰਾਮਾਂ ਤੋਂ ਥਿੜਕ ਗਈਆਂ ਹਨ। ਇਨ੍ਹਾਂ ਵਿੱਚੋਂ ਕੇਵਲ ਭਾਰਤੀ ਜਨਤਾ ਪਾਰਟੀ ਹੀ ਹੈ ਜਿਹੜੀ ਆਪਣੀ ਸੋਚ ਅਤੇ ਏਜੰਡੇ ਨਾਲ ਜੁੜੀ ਹੋਈ ਹੈ। ਇਸ ਸੋਚ ਨੂੰ ਪ੍ਰਚਾਰਨ ਅਤੇ ਵਿਰੋਧੀਆਂ ਦਾ ਮੂੰਹ ਬੰਦ ਕਰਨ ਦੀ ਜਾਂਚ ਵੀ ਇਸ ਨੂੰ ਆਉਂਦੀ ਹੈ। ਇਸੇ ਕਰਕੇ ਇਹ ਪਾਰਟੀ ਦੇਸ਼ ਵਿੱਚ ਦੂਜੀ ਵਾਰ ਬਹੁਮਤ ਪ੍ਰਾਪਤ ਕਰ ਸਕੀ ਹੈ। ਕਾਂਗਰਸ ਪਾਰਟੀ ਸਭ ਤੋਂ ਪੁਰਾਣੀ ਪਾਰਟੀ ਹੈ ਪਰ ਸਮੇਂ ਦੇ ਬੀਤਣ ਨਾਲ ਇਹ ਪਾਰਟੀ ਨਾ ਤਾਂ ਪ੍ਰਭਾਵਸ਼ਾਲੀ ਲੀਡਰਸ਼ਿੱਪ ਵਿਕਸਿਤ ਕਰ ਸਕੀ ਹੈ ਅਤੇ ਨਾ ਹੀ ਪਾਰਟੀ ਆਪਣੀ ਸੋਚ ਉੱਤੇ ਪਹਿਰਾ ਦੇ ਸਕੀ ਹੈ। ਸਥਾਨਿਕ ਪੱਧਰ ਉੱਤੇ ਇਸ ਕੋਲ ਸਮਰਪਿਤ ਕਾਮੇ ਵੀ ਨਹੀਂ ਹਨ। ਚੋਣਾਂ ਦੌਰਾਨ ਆਪਣਾ ਕੋਈ ਠੋਸ ਪ੍ਰੋਗਰਾਮ ਦੇਣ ਦੀ ਥਾਂ ਪ੍ਰਧਾਨ ਮੰਤਰੀ ਦੀਆਂ ਕਮੀਆਂ ਨੂੰ ਹੀ ਉਜਾਗਰ ਕਰਨ ਦਾ ਯਤਨ ਕੀਤਾ ਜਾ ਰਿਹਾ ਹੈ। ਹੁਣ ਤਕ ਆਮ ਕਰਕੇ ਪਾਰਟੀ ਦੀ ਸੋਚ ਅਤੇ ਉਮੀਦਵਾਰ ਦੇ ਗੁਣਾਂ ਅਤੇ ਉਸਦੇ ਕੀਤੇ ਕੰਮਾਂ ਨੂੰ ਮੁੱਖ ਰੱਖ ਕੇ ਹੀ ਚੋਣ ਪ੍ਰਚਾਰ ਕੀਤਾ ਜਾਂਦਾ ਰਿਹਾ ਹੈ।

(ਬਾਕੀ ਸਫ਼ਾ 31 'ਤੇ)



# ਕਿਹੋ ਜਿਹਾ ਆਦਰਸ਼ ਸਮਾਜ ਸਿਰਜਣਾ ਚਾਹੁੰਦੇ ਸਨ ਡਾ. ਅੰਬੇਡਕਰ



ਐੱਸ. ਐੱਸ. ਵਧਾਵਨ
89876-59009



ਭਾਰਤ ਦਾ ਸੰਵਿਧਾਨ ਇੱਕ ਐਸਾ ਕ੍ਰਾਂਤੀਕਾਰੀ ਦਸਤਾਵੇਜ਼ ਹੈ ਜਿਹੜਾ ਸਦੀਆਂ ਪੁਰਾਣੇ ਜਨਮ ਆਧਾਰਿਤ ਹੱਕਾਂ ਅਤੇ ਜ਼ਿੰਮੇਵਾਰੀਆਂ ਦੀ ਗੁਲਾਮੀ ਵਾਲੀ ਸੋਚ ਤੋਂ ਬਾਹਰ ਨਿਕਲ ਕੇ ਸਮਾਜ ਦੇ ਹਰ ਜਾਤੀ, ਧਰਮ ਅਤੇ ਨਸਲ ਦੇ ਲੋਕਾਂ ਨੂੰ ਬਰਾਬਰ ਦੇ ਅਧਿਕਾਰ ਦਿੰਦਾ ਹੈ। ਸਮਾਜ ਤੇ ਇਨਸਾਨਾਂ ਦੇ ਬਹੁਮੁਖੀ ਵਿਕਾਸ ਲਈ ਬਰਾਬਰੀ ਦੇ ਇਸ ਸਿਧਾਂਤ ਨੂੰ ਭਾਰਤ ਦੇ ਸੰਵਿਧਾਨ ਦੀ ਪ੍ਰਸਤਾਵਨਾ ਵਿੱਚ ਵਿਸ਼ੇਸ਼ ਦਰਜਾ ਦਿੱਤਾ ਗਿਆ ਹੈ ਜਿਸ ਕਾਰਨ ਕਾਨੂੰਨੀ ਮਾਹਿਰਾਂ ਵੱਲੋਂ ਸੰਵਿਧਾਨ ਦੀ ਪ੍ਰਸਤਾਵਨਾ ਨੂੰ ਸੰਵਿਧਾਨ ਦੀ ਆਤਮਾ ਵੀ ਕਿਹਾ ਗਿਆ ਹੈ।

ਬੀਤੇ ਕੁਝ ਵਰ੍ਹਿਆਂ ਤੋਂ ਸੰਵਿਧਾਨ ਦੀ ਪ੍ਰਸਤਾਵਨਾ ਦੀ ਭਵਾਨਾ ਤੋਂ ਹਟ ਕੇ ਲਏ ਗਏ ਸਰਕਾਰ ਦੇ ਕੁਝ ਫ਼ੈਸਲਿਆਂ ਨਾਲ ਦੇਸ਼ ਦੇ ਬਹੁਲਤਾਵਾਦੀ ਸਮਾਜਿਕ ਤਾਣੇ-ਬਾਣੇ ਵਿੱਚ ਸਮਾਜਿਕ ਤਣਾਅ ਦੇ ਚਿੰਨ੍ਹ ਦਿਸਣ ਲੱਗੇ ਸਨ। ਕੁਝ ਰਾਜਨੀਤਕ ਦਲਾਂ ਵੱਲੋਂ ਇਸ ਸਮਾਜਿਕ ਤਣਾਅ ਨੂੰ ਰੋਕਣ ਲਈ ਸੰਵਿਧਾਨ ਦੀ ਪ੍ਰਸਤਾਵਨਾ ਦੀਆਂ ਕਾਪੀਆਂ ਕੱਢ ਕੇ ਸਮਾਜਿਕ ਬਰਾਬਰੀ, ਸਮਾਜਿਕ ਸਮਰਸੱਤਾ ਦੇ ਸਿਧਾਂਤ ਨੂੰ ਜਾਰੀ ਕਰਨ ਦੀ ਮੁਹਿੰਮ ਵਿੱਢੀ ਗਈ ਅਤੇ ਇਸ ਨੂੰ ਸਕੂਲਾਂ ਵਿੱਚ ਲਾਜ਼ਮੀ ਤੌਰ ਉੱਤੇ ਪੜ੍ਹਾਉਣ ਦੀ ਮੁਹਿੰਮ ਵੀ ਸ਼ੁਰੂ ਕੀਤੀ।

ਭਾਰਤ ਰਤਨ ਡਾ. ਅੰਬੇਡਕਰ ਦੇ ਆਦਰਸ਼ ਸਮਾਜ ਦੀ ਕਲਪਨਾ ਵੀ ਸੰਵਿਧਾਨ ਦੀ ਇਸ ਪ੍ਰਸਤਾਵਨਾ ਉੱਤੇ ਹੀ ਆਧਾਰਤ ਹੈ ਜਿਸ ਦਾ ਜ਼ਿਕਰ ਉਨ੍ਹਾਂ ਦੇ ਆਪਣੇ 1936 ਵਿੱਚ ਲਿਖੇ 'ਜਾਤ-ਪਾਤ ਦਾ ਬੀਜ ਨਾਸ' ਲੇਖ ਵਿੱਚ ਮਿਲਦਾ ਹੈ। ਆਪਣੇ ਲੇਖ ਵਿੱਚ ਡਾ. ਅੰਬੇਡਕਰ ਲਿਖਦੇ ਹਨ ਕਿ ਜੇ ਕੋਈ ਉਨ੍ਹਾਂ ਨੂੰ ਇਹ ਪੁੱਛੇ ਕਿ ਇੱਕ ਆਦਰਸ਼ ਸਮਾਜ ਕਿਸ ਤਰ੍ਹਾਂ ਦਾ ਹੋਣਾ ਚਾਹੀਦਾ ਹੈ ਤਾਂ ਉਹ ਕਹਿਣਗੇ ਕਿ ਇਕ ਆਦਰਸ਼ ਸਮਾਜ ਦਾ ਢਾਂਚਾ ਭਾਈਚਾਰੇ, ਹਰ ਤਰ੍ਹਾਂ ਦੀ ਸੁਤੰਤਰਤਾ ਅਤੇ ਸਮਾਜਿਕ ਬਰਾਬਰੀ ਦੇ ਸਿਧਾਂਤ ਉੱਤੇ ਟਿਕਿਆ ਹੋਣਾ ਚਾਹੀਦਾ ਹੈ।

ਇਸ ਸਿਧਾਂਤ ਉੱਤੇ ਕਿਸੇ ਨੂੰ ਕੋਈ ਇਤਰਾਜ਼ ਹੋਣਾ ਵੀ ਨਹੀਂ ਚਾਹੀਦਾ। ਇੱਕ ਆਦਰਸ਼ ਸਮਾਜ ਗਤੀਸ਼ੀਲ ਹੋਣਾ ਚਾਹੀਦਾ ਹੈ ਜਿਸ ਵਿੱਚ ਸਮਾਜ ਦੇ ਇੱਕ ਹਿੱਸੇ ਵਿੱਚ ਹੋ ਰਹੇ ਬਦਲਾਅ ਨੂੰ ਸਮਾਜ ਦੇ ਦੂਜੇ ਹਿੱਸੇ ਵਿੱਚ ਪਹੁੰਚਾਉਣ ਲਈ ਕਈ ਜ਼ਰੀਏ ਹੋਣੇ ਚਾਹੀਦੇ ਹਨ। ਇਕ ਆਦਰਸ਼ ਸਮਾਜ ਵਿੱਚ ਵਾਪਰ ਰਹੀਆਂ ਘਟਨਾਵਾਂ ਨੂੰ ਸੁਚੇਤ ਉਪਰਾਲਿਆਂ ਨਾਲ ਸਮਾਜ 'ਚ ਸਾਂਝਾ ਕੀਤਾ ਜਾਣਾ ਚਾਹੀਦਾ ਹੈ ਅਤੇ ਮੇਲ-ਮਿਲਾਪ ਅਤੇ ਸੰਪਰਕ ਕਰਨ ਦੇ ਬੇਰੋਕ-ਟੋਕ ਤਰੀਕੇ ਹੋਣੇ ਚਾਹੀਦੇ ਹਨ। ਇਹ ਸਭ ਸਮਾਜਿਕ ਭਾਈਚਾਰਾ ਹੈ ਜੋ ਲੋਕਤੰਤਰ ਦਾ ਹੀ ਦੂਸਰਾ ਰੂਪ ਹੈ।

ਡਾ. ਅੰਬੇਡਕਰ ਅਨੁਸਾਰ ਲੋਕਤੰਤਰ ਸਰਕਾਰ ਦਾ ਮਾਤਰ ਇੱਕ ਰੂਪ ਹੀ ਨਹੀਂ ਹੈ ਬਲਕਿ ਲੋਕਤੰਤਰ ਮਿਲ-ਜੁਲ ਕੇ ਰਹਿਣ ਅਤੇ ਆਪਸੀ ਵਿਚਾਰਾਂ ਦੇ ਸਾਂਝਾ ਕਰਨ ਦਾ ਇੱਕ ਤਰੀਕਾ ਅਤੇ ਆਪਣੇ ਸਾਥੀ ਨਾਗਰਿਕਾਂ ਪ੍ਰਤੀ ਸਤਿਕਾਰ ਅਤੇ ਇੱਜ਼ਤ ਦਾ ਇੱਕ ਭਾਵ ਜਾਂ ਇੱਕ ਰਵੱਈਆ ਹੈ। ਸੁਤੰਤਰਤਾ ਉੱਤੇ ਕਿਸੇ ਨੂੰ ਕੋਈ ਇਤਰਾਜ਼ ਕਿਉਂ ਹੋ ਸਕਦਾ ਹੈ। ਜਾਇਦਾਦ, ਔਜ਼ਾਰ ਅਤੇ ਵਸਤੂਆਂ ਨੂੰ ਰੱਖਣ ਦੇ ਹੱਕ ਉੱਤੇ ਕਿਸੇ ਨੂੰ ਕੋਈ ਇਤਰਾਜ਼ ਨਹੀਂ। ਇਸ ਕਾਰਨ ਨਹੀਂ ਹੈ ਕਿਉਂਕਿ ਇਹ ਸਭ ਸਾਧਨ ਜੀਵਨ ਗੁਜ਼ਾਰਨ ਲਈ ਜ਼ਰੂਰੀ ਹਨ।

ਜਾਤੀਵਾਦ ਦੇ ਸਮਰਥਕ ਪੇਸ਼ਾ ਚੁਣਨ ਦੀ ਸੁਤੰਤਰਤਾ ਉੱਤੇ ਸਹਿਮਤ ਨਹੀਂ ਹੋਣਗੇ। ਇਹ ਵਿਚਾਰ ਗੁਲਾਮੀ ਨੂੰ ਬਰਕਰਾਰ ਰੱਖਣ ਵਰਗਾ ਹੀ ਇੱਕ ਵਿਚਾਰ ਹੈ। ਕਾਨੂੰਨੀ ਅਧੀਨਤਾ ਹੀ ਗੁਲਾਮੀ ਨਹੀਂ ਹੁੰਦੀ ਬਲਕਿ ਗੁਲਾਮੀ ਸਮਾਜ ਦੀ ਉਹ ਮਾਨਸਿਕਤਾ ਹੈ ਜਿਸ ਵਿੱਚ ਕੁਝ ਲੋਕਾਂ ਨੂੰ ਇਸ ਮਕਸਦ ਨਾਲ ਕੁਝ ਖ਼ਾਸ ਪੇਸ਼ਾ ਚੁਣਨ ਲਈ ਮਜਬੂਰ ਕੀਤਾ ਜਾਂਦਾ ਹੈ ਤਾਂ ਕਿ ਉਨ੍ਹਾਂ ਦੇ ਆਚਾਰ-ਵਿਹਾਰ ਉੱਤੇ ਕਾਬੂ ਰੱਖਿਆ ਜਾ ਸਕੇ।

ਕੋਈ ਜ਼ਰੂਰੀ ਨਹੀਂ ਏਹੋ ਜਿਹੇ ਹਾਲਾਤ ਕਾਨੂੰਨੀ ਤੌਰ 'ਤੇ ਗੁਲਾਮ ਸਮਾਜ ਵਿੱਚ ਹੀ ਪੈਦਾ ਹੋਣ ਬਲਕਿ ਏਹੋ ਜਿਹੇ ਹਾਲਾਤ ਜਾਤੀ ਵਿਵਸਥਾ ਵਾਲੇ ਉਸ ਸਮਾਜ ਵਿੱਚ ਵੀ ਪੈਦਾ ਹੁੰਦੇ ਹਨ ਜਿੱਥੇ ਕੁਝ ਲੋਕਾਂ ਨੂੰ ਉਹ ਪੇਸ਼ੇ ਚੁਣਨ ਲਈ ਮਜਬੂਰ ਕੀਤਾ ਜਾਂਦਾ ਹੈ ਜੋ ਉਨ੍ਹਾਂ ਨੂੰ ਨਾਪਸੰਦ ਹੋਣ।

ਸਮਾਜਿਕ ਬਰਾਬਰੀ ਉੱਤੇ ਕਿਸੇ ਨੂੰ ਕੋਈ ਇਤਰਾਜ਼ ਨਹੀਂ ਹੋ ਸਕਦਾ ਹੈ ਜਿਹੜਾ ਫਰਾਂਸ ਦੀ ਕ੍ਰਾਂਤੀ ਦੇ ਨਾਅਰੇ ਦਾ ਸਭ ਤੋਂ ਵੱਧ ਵਿਵਾਦਤ ਹਿੱਸਾ ਸੀ। ਸਮਾਜਿਕ ਬਰਾਬਰੀ ਦੇ ਕਿਸੇ ਠੋਸ ਇਤਰਾਜ਼ ਉੱਤੇ ਇਹ ਮੰਨਣਾ ਪਵੇਗਾ ਕਿ ਸਾਰੇ ਇਨਸਾਨ ਬਰਾਬਰ ਨਹੀਂ ਹੁੰਦੇ। ਸਮਾਜਿਕ ਬਰਾਬਰੀ ਇੱਕ ਕੋਰੀ ਕਲਪਨਾ ਹੋ ਸਕਦੀ ਹੈ ਪਰੰਤੂ ਤਦ ਵੀ ਇਸ ਨੂੰ ਰਾਜ-ਪ੍ਰਬੰਧ ਦਾ ਸਿਧਾਂਤ ਮੰਨਣਾ ਹੀ ਪਵੇਗਾ। ਡਾ. ਅੰਬੇਡਕਰ ਲਿਖਦੇ ਹਨ ਕਿ ਕਿਸੇ ਵੀ ਇਨਸਾਨ ਨੂੰ ਆਪਣੇ ਪੁਰਖਿਆਂ ਤੋਂ ਵਿਰਸੇ ਵਿੱਚ ਹਾਸਲ ਕੀਤੀ (1) ਸਰੀਰਕ ਬਣਤਰ (2) ਮਾਂ-ਬਾਪ ਵੱਲੋਂ ਕੀਤੀ ਗਈ ਉਸ ਦੀ ਦੇਖਭਾਲ, ਸਿੱਖਿਆ ਉਸ ਦਾ ਤਕਨੀਕੀ ਗਿਆਨ ਅਤੇ (3) ਉਸ ਦਾ ਖ਼ੁਦ ਦਾ ਹਾਸਲ ਕੀਤਾ ਗਿਆਨ ਉਸ ਨੂੰ ਇੱਕ ਅਨਪੜ੍ਹ, ਉਜੱਡ ਇਨਸਾਨ ਨਾਲੋਂ ਬਿਹਤਰ ਤਰੀਕੇ ਨਾਲ ਕੰਮ ਕਰਨ ਵਾਲਾ ਇਨਸਾਨ ਬਣਾਉਣ ਵਿਚ ਮਦਦਗਾਰ ਹੁੰਦਾ ਹੈ।

ਉੱਪਰ ਲਿਖੇ ਤਿੰਨੋਂ ਮਾਮਲਿਆਂ ਵਿੱਚ ਇਨਸਾਨ ਬੇਸ਼ੱਕ ਗ਼ੈਰ-ਬਰਾਬਰ ਹਨ ਪਰ ਇਸ ਦਾ ਮਤਲਬ ਇਹ ਨਹੀਂ ਕਿ ਇਸ ਕਾਰਨ ਇਹ ਮੰਨ ਲਿਆ ਜਾਵੇ ਕਿ ਇਨਸਾਨ ਗ਼ੈਰ-ਬਰਾਬਰ ਹਨ। ਨਿੱਜੀ ਕੋਸ਼ਿਸ਼ਾਂ ਦੇ ਆਧਾਰ ਉੱਤੇ ਨਿੱਜੀ ਤੌਰ ਉੱਤੇ ਇਨਸਾਨਾਂ ਨੂੰ ਗ਼ੈਰ-ਬਰਾਬਰ ਮੰਨਣਾ ਉਸ ਹੱਦ ਤੱਕ ਸਹੀ ਹੈ ਜਦ ਤੱਕ ਉਨ੍ਹਾਂ ਵੱਲੋਂ ਕੀਤੇ ਗਏ ਨਿੱਜੀ ਉਪਰਾਲੇ ਗ਼ੈਰ-ਬਰਾਬਰ ਹੋਣ। ਜ਼ਰਾ ਸੋਚੋ ਕੀ ਹੋਵੇਗਾ ਜੇ ਪਹਿਲੇ ਦੋ ਮਾਮਲਿਆਂ ਵਿਚ ਇਨਸਾਨਾਂ ਨੂੰ ਗ਼ੈਰ-ਬਰਾਬਰ ਮੰਨ ਲਿਆ ਜਾਵੇ ?

ਸਾਫ਼ ਹੈ ਕਿ ਸਿਰਫ਼ ਉਹ ਇਨਸਾਨ ਹੀ ਚੁਣੇ ਜਾਣਗੇ ਜਿਨ੍ਹਾਂ ਕੋਲ ਜਨਮ-ਜਾਤ ਤੋਂ ਆਪਣੇ ਪਰਿਵਾਰ ਦਾ ਨਾਮ, ਸਿੱਖਿਆ ਉੱਚੇ ਵਪਾਰਕ ਸਬੰਧ, ਆਪਣੇ ਪੁਰਖਿਆਂ ਤੋਂ ਮਿਲੀ ਧਨ-ਦੌਲਤ ਹੋਵੇਗੀ। ਪਰੰਤੂ ਇਸ ਤਰ੍ਹਾਂ ਦੀ ਚੋਣ ਨੂੰ ਕਾਬਲੀਅਤ ਦੇ ਆਧਾਰ ਉੱਤੇ ਕੀਤੀ ਚੋਣ ਨਹੀਂ ਕਿਹਾ ਜਾ ਸਕਦਾ। ਇਹ ਵਿਸ਼ੇਸ਼ ਅਧਿਕਾਰਾਂ ਵਾਲੇ ਲੋਕਾਂ ਦੀ ਚੋਣ ਹੀ ਆਖੀ ਜਾਵੇਗੀ। ਸਰਬੱਤ ਸਮਾਜ ਦੇ ਭਲੇ ਲਈ ਇਹ ਜ਼ਰੂਰੀ ਹੈ ਕਿ ਹਰ ਇਨਸਾਨ ਦੀ ਸਮਰੱਥਾ ਦੀ ਭਰਪੂਰ ਵਰਤੋਂ ਕੀਤੀ ਜਾਵੇ ਜਿਸ ਵਾਸਤੇ ਇਹ ਜ਼ਰੂਰੀ ਹੈ ਕਿ ਉਨ੍ਹਾਂ ਨੂੰ ਦੌੜ ਸ਼ੁਰੂ ਕਰਨ ਤੋਂ ਪਹਿਲਾਂ ਹੀ ਬਰਾਬਰ ਬਣਾਇਆ ਜਾਵੇ।

ਇਹ ਇੱਕ ਵੱਡੀ ਵਜ੍ਹਾ ਹੈ ਜਿਸ ਕਾਰਨ ਅਸੀਂ ਬਰਾਬਰੀ ਦੇ ਸਵਾਲ ਤੋਂ ਭੱਜ ਨਹੀਂ ਸਕਦੇ ਅਤੇ ਸਾਨੂੰ ਬਰਾਬਰੀ ਦੇ ਸਿਧਾਂਤ ਨੂੰ ਮੰਨਣਾ ਹੀ ਪਵੇਗਾ। ਇੱਕ ਵਿਦਵਾਨ ਰਾਜਨੇਤਾ ਵਿਸ਼ਾਲ ਜਨ ਸਮੂਹ ਬਾਰੇ ਸੋਚਦਾ ਹੈ ਜਿਸ ਕੋਲ ਨਾ ਇੰਨਾ ਸਮਾਂ ਹੁੰਦਾ ਹੈ, ਨਾ ਹੀ ਇੰਨਾ ਗਿਆਨ ਕਿ ਉਹ ਮਹੀਨ ਬਾਰੀਕੀਆਂ ਦੀ ਨਿਸ਼ਾਨਦੇਹੀ ਕਰ ਦੇਵੇ ਤਾਂ ਕਿ ਸਭ ਨਾਲ ਨਿਆਂ ਹੋ ਸਕੇ। ਨਿਆਂ ਕਰਨ ਦਾ ਤਰੀਕਾ ਭਾਵੇਂ ਕਿੰਨਾ ਵੀ ਉੱਚਿਤ ਕਿਉਂ ਨਾ ਹੋਵੇ ਪਰ ਅਸੀ ਇਨਸਾਨਾਂ ਦਾ ਵਰਗੀਕਰਨ ਕਰਨ ਵਿੱਚ ਸਮਰੱਥ ਨਹੀਂ ਹਾਂ। ਇਸ ਕਰਕੇ ਇੱਕ ਵਿਦਵਾਨ ਰਾਜਨੇਤਾ ਨੂੰ ਸਿੱਧੇ-ਪੱਧਰੇ ਸਿਧਾਂਤ ਉੱਤੇ ਅਮਲ ਕਰਨਾ ਚਾਹੀਦਾ ਹੈ ਅਤੇ ਉਹ ਸਿਧਾਂਤ ਇਹ ਹੈ ਕਿ ਸਾਰੇ ਇਨਸਾਨਾਂ ਨਾਲ ਬਰਾਬਰੀ ਦਾ ਵਰਤਾਅ ਕੀਤਾ ਜਾਵੇ।

ਹਾਲਾਂਕਿ ਬਰਾਬਰੀ ਦਾ ਸਿਧਾਂਤ ਸਪਸ਼ਟ ਤੌਰ 'ਤੇ ਗ਼ਲਤਫਹਿਮੀ ਪੈਦਾ ਕਰਨ ਵਾਲਾ ਇਕ ਸਿਧਾਂਤ ਹੈ ਫਿਰ ਵੀ ਕੁੱਲ ਮਿਲਾ ਕੇ ਵਿਦਵਾਨ ਰਾਜਨੇਤਾਵਾਂ ਕੋਲ ਰਾਜਨੀਤੀ ਵਿੱਚ ਅੱਗੇ ਵਧਣ ਦਾ ਇਹੀ ਇਕ ਰਸਤਾ ਹੈ ਜਿਹੜਾ ਪੂਰੀ ਤਰ੍ਹਾਂ ਵਿਵਹਾਰਕ ਮਸਲਾ ਹੈ ਅਤੇ ਵਿਵਹਾਰਕਤਾ ਦੀ ਮੰਗ ਵੀ।

**-(ਇਹ ਲੇਖ ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਡਕਰ ਦੇ ਲੇਖ 'ਜਾਤ-ਪਾਤ ਦਾ ਬੀਜ ਨਾਸ' ਦੇ ਇੱਕ ਹਿੱਸੇ ਦਾ ਅਨੁਵਾਦ ਹੈ)।**

**(ਲੇਖਕ ਸੇਵਾ ਮੁਕਤ ਆਈਐੱਫਐੱਸ ਅਫ਼ਸਰ ਹੈ ਤੇ ਝਾਰਖੰਡ ਦਾ ਪ੍ਰਿੰਸੀਪਲ ਚੀਫ ਕੰਜ਼ਰਵੇਟਰ ਆਫ ਫਾਰੈਸਟ ਰਿਹਾ ਹੈ )**

# ਪੰਜਾਬ 'ਚ ਡੇਰਿਆਂ ਦਾ ਬੋਲਬਾਲਾ ਕਿਉਂ?

ਤਰਲੋਚਨ ਸਿੰਘ ਭੱਟੀ



ਪੰਜਾਬ ਅਤੇ ਪੰਜਾਬੀਅਤ ਦਾ ਵਰਤਾਰਾ ਧਾਰਮਿਕ ਅਤੇ ਸਮਾਜਿਕ ਪਰੰਪਰਾਵਾਂ ਅਤੇ ਸੰਪਰਦਾਵਾਂ ਉੱਤੇ ਅਧਾਰਿਤ ਹੈ। ਇਸ ਵਰਤਾਰੇ ਵਿੱਚ ਡੇਰਿਆਂ ਦਾ ਬੜਾ ਮਹੱਤਵ ਹੈ। ਇੱਕ ਸੰਸਥਾ ਵਜੋਂ ਡੇਰਾ, ਮੱਠ, ਨਿਵਾਸ, ਦਾ ਵਰਤਾਰਾ ਸਿੱਖ ਧਰਮ ਅਤੇ ਪੰਥ ਨਾਲੋਂ ਬਹੁਤ ਪੁਰਾਣਾ ਹੈ ਜੋ ਪੰਜਾਬ ਵਿੱਚ ਸਿੱਖ ਧਰਮ ਦੇ ਧਾਰਮਿਕ ਸਥਾਨਾਂ (ਗੁਰਦੁਆਰਿਆਂ) ਦੇ ਪ੍ਰਚਲਣ ਤੋਂ ਪਹਿਲਾਂ ਸੂਫੀ ਪੀਰਾਂ, ਨਾਥ ਜੋਗੀਆਂ ਅਤੇ ਭਗਤੀ ਲਹਿਰ ਦੇ ਸੰਤਾਂ ਨਾਲ ਜੁੜਦਾ ਹੈ। ਸੂਫੀ ਸੰਤਾਂ, ਪੀਰਾਂ ਦੇ ਸਥਾਪਤ ਪ੍ਰਸਿੱਧ ਹਿੰਦੂ, ਸਿੱਖ, ਮੁਸਲਮਾਨ ਭਾਈਚਾਰਿਆਂ ਵਿੱਚ ਡੇਰਿਆਂ ਦਾ ਪ੍ਰਚਲਣ ਵੇਖਿਆ ਜਾ ਸਕਦਾ ਹੈ, ਜਿੱਥੇ ਭਾਈਚਾਰਿਆਂ ਵੱਲੋਂ ਵਿਸ਼ੇਸ਼ ਤੌਰ 'ਤੇ ਸਧਾਰਨ ਤੇ ਗਰੀਬ ਤਬਕੇ ਨੂੰ ਰਾਹਤ ਦਿੱਤੀ ਜਾਂਦੀ ਹੈ। ਮਾਮੂਲੀ ਆਓ ਭਗਤ ਅਤੇ ਉਦਾਰਤ ਵਿਹਾਰ ਤੋਂ ਇਲਾਵਾ ਅਧਿਆਤਮ ਮਾਰਗ ਦਰਸ਼ਨ, ਮਨੋਵਿਗਿਆਨ ਅਤੇ ਸਿਹਤ ਸਹੂਲਤਾਂ ਤੇ ਸਲਾਹ ਮੁਫ਼ਤ ਦਿੱਤੀ ਜਾਂਦੀ ਸੀ। ਸਖ਼ੀ ਸਰਵਰ ਸੁਲਤਾਨ ਸ਼ੇਖ ਫਰੀਦ, ਬੁੱਲੇ ਸ਼ਾਹ, ਸ਼ੇਖ ਫੱਤਾ, ਖਵਾਜਾ ਖਿਜਰ ਅਤੇ ਪੰਜ ਪੀਰਾਂ ਦੇ ਸੂਫ਼ੀ ਅਸਥਾਨ ਪੰਜਾਬੀਆਂ ਦੀ ਸਾਂਝੀ ਵਾਰਤਾ ਦਾ ਪ੍ਰਗਟਾਵਾ ਬਣ ਗਏ। ਸਿੱਖ ਗੁਰੂਆਂ ਦੇ ਜੀਵਨ ਕਾਲ ਦੌਰਾਨ ਕਈ ਡੇਰਿਆ ਦੀ ਸਥਾਪਨਾ ਹੋਈ ਜਿਨ੍ਹਾਂ ਵਿੱਚ ਉਦਾਸੀਆਂ, ਮੀਆਂ ਮੀਰ ਅਲੀ, ਰਾਮਰਾਇ, ਹੰਡਾਲੀਆਂ ਅਤੇ ਮਸੰਦੀਆਂ ਦੇ ਡੇਰੇ ਸ਼ਾਮਲ ਹਨ ਜੋ ਗੁਰੂ ਪ੍ਰੰਪਰਾਵਾਂ ਦੇ ਵਿਰੋਧੀ ਸਨ। ਕਈ ਹੋਰ ਡੇਰੇ (ਬੰਦਈ ਖਾਲਸਾ/ ਬੰਦਪੰਥੀ) ਨਾਨਕ ਪੋਥੀ ਸੇਵਾ ਪੰਥੀ, ਭਗਤ ਪੰਥੀ, ਸੂਤਰਾਧਾਰੀ, ਗੁਲਾਬਾਂ ਦਾਸੀ, ਨਿਰਮਲੇ ਅਤੇ ਨਿਹੰਗਾਂ ਦੇ ਡੇਰੇ ਸ਼ਾਮਲ ਸਨ। 19ਵੀਂ ਸਦੀ ਤੋਂ ਬਾਦ ਕਈ ਹੋਰ ਡੇਰੇ ਵੀ ਹੋਂਦ ਵਿੱਚ ਆਏ। ਨਵੇਂ ਡੇਰਿਆਂ ਦੀ ਵਿਸ਼ੇਸ਼ਤਾ ਇਹ ਸੀ ਕਿ ਇਹ ਦਲਿਤ ਭਾਈਚਾਰੇ ਨੂੰ ਲਾਮਬੰਦ ਕਰਨ ਦੇ ਕੇਂਦਰ ਬਣ ਗਏ ਜਿੱਥੇ ਹਿੰਦੂ ਜਾਤੀ ਤੋਂ ਅਲੱਗ ਹੋ ਕੇ ਸਿੱਖ ਧਰਮ ਨੂੰ ਅਪਣਾਉਣ ਲੱਗੇ।

ਅਕਾਲ ਤਖਤ ਅਤੇ ਸ਼੍ਰੋਮਣੀ ਕਮੇਟੀ, ਜੋ ਸਿੱਖ ਧਰਮ ਅਤੇ ਇਸ ਨਾਲ ਸਬੰਧਿਤ ਗੁਰਦੁਆਰਿਆਂ ਅਤੇ ਹੋਰ ਸੰਸਥਾਵਾਂ ਨੂੰ ਕੰਟਰੋਲ ਕਰਦੀ ਸੀ, ਵਿੱਚ ਜੱਟ ਸਿੱਖਾਂ ਦੇ ਵਧ ਰਹੇ ਦਬਦਬੇ ਕਾਰਨ ਲੋਕ ਗੈਰ ਸਿੱਖ ਡੇਰਿਆਂ ਵੱਲ ਖਿੱਚੇ ਗਏ। ਅਮੀਰ ਦਲਿਤਾਂ ਨੇ ਵੀ ਡੇਰਿਆਂ ਵਿੱਚ ਵਾਧਾ ਕੀਤਾ।2006-07 ਦੇ ਇੱਕ ਅਧਿਐਨ ਅਨੁਸਾਰ ਪੰਜਾਬ ਦੇ ਪਿੰਡਾਂ ਵਿੱਚ 9 ਹਜ਼ਾਰ ਤੋਂ ਵੱਧ ਸਿੱਖ ਅਤੇ ਗੈਰ-ਸਿੱਖ ਡੇਰੇ ਸਨ। ਗਵਾਂਢੀ ਰਾਜ ਹਰਿਆਣਾ, ਰਾਜਸਥਾਨ ਅਤੇ ਉੱਤਰ ਪ੍ਰਦੇਸ਼ ਵਿੱਚ ਵੀ ਬਹੁਤ ਸਾਰੇ ਡੇਰੇ ਸਥਾਪਤ ਹੋਏ। ਸਿੱਖ ਡੇਰਿਆਂ ਵਿੱਚ ਰਹਿਤ ਮਰਿਆਦਾ ਦਾ ਸਖਤੀ ਨਾਲ ਪ੍ਰਚਲਣ ਹੁੰਦਾ ਹੈ। ਅਜਿਹੇ ਡੇਰਿਆਂ ਦੇ ਮੁਖੀਆਂ ਵਿੱਚ ਬਹੁਗਿਣਤੀ ਜੱਟ ਜਾਂ ਸਵਰਨ ਜਾਤਾਂ ਦੇ ਹਨ। ਬਹੁਤ ਸਾਰੇ ਡੇਰੇ ਅਜਿਹੇ ਹਨ, ਜਿੱਥੇ ਸਿੱਖ ਰਹਿਤ ਮਰਯਾਦਾ ਦੀ ਪਾਲਣਾ ਨਹੀਂ ਹੁੰਦੀ, ਗੁਰਬਾਣੀ ਦੇ ਨਾਲ ਨਾਲ ਗੈਰ ਸਿੱਖ ਗ੍ਰੰਥਾਂ ਦਾ ਵੀ ਪਾਠ ਹੁੰਦਾ ਹੈ, ਮੂਰਤੀ ਪੂਜਾ ਵੀ ਹੁੰਦੀ ਹੈ, ਗੁਰੂ ਗ੍ਰੰਥ ਸਾਹਿਬ ਦੇ ਬਰਾਬਰ ਜੀਵਤ ਸੰਤ ਨੂੰ ਗੁਰੂ ਮੰਨਿਆ ਜਾਂਦਾ ਹੈ ਅਤੇ ਇੱਕ ਸਮਕਾਲੀ ਮਨੁੱਖੀ ਗੁਰੂ ਪ੍ਰਤੀ ਸ਼ਰਧਾ ਦਾ ਅਹਿਸਾਸ ਕਰਦੇ ਹਨ। ਮਸ਼ਹੂਰ ਡੇਰਿਆਂ ਵਿੱਚ ਰਾਧਾ ਸੁਆਮੀ, ਸਤਿਸੰਗ ਬਿਆਸ, ਡੇਰਾ ਸੱਚਾ ਸੌਦਾ, ਰਵੀਦਾਸ ਡੇਰਾ (ਸੱਚਖੰਡ ਬੱਲਾਂ) ਨਾਮਧਾਰੀ, ਸੰਤ ਨਿਰੰਕਾਰੀ, ਦਿਵਿਆ ਜੋਤੀ ਜਾਗਰਿਤੀ ਸੰਗਠਨ, ਭਨਿਆਰਾ ਵਾਲੇ, ਡੇਰਾ ਬਾਬਾ ਭੂਮਣ ਸ਼ਾਹ ਆਦਿ। ਇਹਨਾਂ ਡੇਰਿਆਂ ਦੇ ਪੈਰੋਕਾਰਾਂ ਦੀ ਬਹੁਤੀ ਗਿਣਤੀ ਦਲਿਤ, ਪਛੜੀਆਂ ਜਾਤੀਆਂ ਅਤੇ ਗਰੀਬ ਜੱਟਾਂ ਦੀ ਹੈ। ਇਨ੍ਹਾਂ ਡੇਰਿਆਂ ਦੀ ਅਗਵਾਈ ਉੱਚ ਜਾਤੀ ਦੇ ਲੋਕ ਹੀ ਕਰਦੇ ਹਨ। ਦਲਿਤ ਪ੍ਰਧਾਨ ਡੇਰੇ ਵਿਰੋਧੀ ਸਭਿਅਤਾ ਦੇ ਪ੍ਰਮੁੱਖ ਕੇਂਦਰਾਂ ਵਜੋਂ ਉੱਭਰੇ ਹਨ। ਡੇਰਿਆਂ ਨੂੰ ਸਿੱਖ ਧਰਮ ਲਈ ਇੱਕ ਚੁਣੌਤੀ ਵਜੋਂ ਵੇਖਿਆ ਜਾ ਸਕਦਾ ਹੈ।

ਸਿਆਸੀ ਪਾਰਟੀਆਂ ਨੇ ਦਲਿਤ ਵੋਟ ਬੈਂਕ ਦੀ ਦ੍ਰਿਸ਼ਟੀ ਤੋਂ ਇਨ੍ਹਾਂ ਡੇਰਿਆਂ ਦੀ ਸਰਪ੍ਰਸਤੀ ਕੀਤੀ ਹੈ। ਚੋਣਾਂ ਵਿੱਚ ਡੇਰਿਆਂ ਦਾ ਯੋਗਦਾਨ ਪਹਿਲੀ ਵਾਰ 1997 ਦੀਆਂ ਪੰਜਾਬ ਵਿਧਾਨ ਸਭਾ ਚੋਣਾਂ ਵਿੱਚ ਦੇਖਿਆ ਗਿਆ। ਆਸ਼ਤੋਸ਼ ਕੁਮਾਰ, ਰੌਣਕੀ ਰਾਮ, ਸੁਰਿੰਦਰ ਸਿੰਘ, ਜਸਬੀਰ ਸਿੰਘ ਆਦਿ ਖੋਜਕਾਰਾਂ ਨੇ ਪੰਜਾਬ ਵਿੱਚ ਚੱਲ ਰਹੇ ਡੇਰਿਆਂ ਅਤੇ ਇਨ੍ਹਾਂ ਦੀ ਭੂਮਿਕਾ ਬਾਰੇ ਅਧਿਐਨ ਕੀਤੇ ਹਨ।

ਪਬਲਿਕ ਡੋਮੈਨ ਵਿੱਚ ਉਪਲਬਧ ਅਧਿਐਨਾਂ ਅਤੇ ਅੰਕੜਿਆਂ ਅਨੁਸਾਰ ਪੰਜਾਬ ਦੀ ਅੰਦਾਜ਼ਨ ਅਬਾਦੀ 3.81 ਕਰੋੜ ਹੈ ਜਿਸ ਵਿੱਚੋਂ 62.52% ਪੇਂਡੂ ਖੇਤਰ ਨਾਲ ਸਬੰਧਤ ਹੈ। ਪੰਜਾਬ ਦੀ ਸਾਖਰਤਾ ਦਰ 75.8 % ਹੈ ਜਦੋਂ ਭਾਰਤ ਦੀ ਸਾਖਰਤਾ ਦਰ 73% ਹੈ। 50,365 ਵਰਗ ਕਿਲੋਮੀਟਰ ਵਿੱਚ ਵਸੇ ਪੰਜਾਬ ਵਿੱਚ 29 ਯੂਨੀਵਰਸਿਟੀਆਂ ਹਨ, ਜਿਨ੍ਹਾਂ ਵਿੱਚੋਂ 16 ਪ੍ਰਾਈਵੇਟ ਖੇਤਰ ਵਿੱਚ ਹਨ। 31 ਵਿੱਦਿਅਕ ਸੰਸਥਾਵਾਂ ਯੂਨੀਵਰਸਿਟੀ ਦੇ ਬਰਾਬਰ ਦੀਆਂ ਮੰਨੀਆਂ ਜਾਂਦੀਆਂ ਹਨ। ਪੰਜਾਬ ਵਿੱਚ 276 ਡਿਗਰੀ ਕਾਲਜ, 9559 ਹਾਈ/ਹਾਇਰ ਸੈਕੰਡਰੀ ਸਕੂਲ, 5097 ਮਿਡਲ ਸਕੂਲ ਅਤੇ 13801 ਪ੍ਰਾਇਮਰੀ



ਸਕੂਲ ਹਨ। ਸਿੱਖਿਆ ਪੱਖੋਂ ਪੰਜਾਬ ਪਛੜਿਆ ਹੋਇਆ ਨਹੀਂ ਹੈ। ਪੰਜਾਬ ਵਿੱਚ 58.09% ਸਿੱਖ, 38.49% ਹਿੰਦੂ, 1.93% ਮੁਸਲਮ ਅਤੇ 1.25% ਇਸਾਈ ਹਨ। ਜੇਕਰ ਪੰਜਾਬ ਦੇ ਡੇਰਿਆਂ ਦੀ ਗੱਲ ਕੀਤੀ ਜਾਵੇ ਤਾਂ ਸਾਰੇ ਵਰਗਾਂ ਦੇ 12 ਹਜ਼ਾਰ ਤੋਂ ਵੱਧ ਡੇਰੇ ਹਨ, ਜਿਨ੍ਹਾਂ ਵਿੱਚੋਂ 9 ਹਜ਼ਾਰ ਸਿੱਖ ਧਰਮ ਨਾਲ ਸਬੰਧਤ ਹਨ। ਇਨ੍ਹਾਂ ਵਿੱਚੋਂ 300 ਕਾਰਜਸ਼ੀਲ ਹਨ। 12 ਅਜਿਹੇ ਡੇਰੇ ਹਨ ਜਿਨ੍ਹਾਂ ਦੇ ਪੈਰੋਕਾਰਾਂ ਦੀ ਗਿਣਤੀ ਇੱਕ ਲੱਖ ਤੋਂ ਵਧੇਰੇ ਹੈ। ਡੇਰਿਆਂ ਦੀਆਂ ਸ਼ਾਖਾਂ ਪੰਜਾਬ ਦੇ ਸਾਰੇ 12581 ਪਿੰਡਾਂ ਵਿੱਚ ਹਨ।

ਜੇਕਰ ਗੁਰਦੁਆਰਿਆਂ ਦੀ ਗੱਲ ਕੀਤੀ ਜਾਵੇ ਤਾਂ ਲਗਭਗ 30 ਹਜ਼ਾਰ ਗੁਰਦੁਆਰੇ ਹਨ, ਹਰੇਕ ਪਿੰਡ ਵਿੱਚ ਇੱਕ ਤੋਂ ਲੈ ਕੇ ਛੇ ਤਕ। ਇਸੇ ਤਰ੍ਹਾਂ ਹਰੇਕ ਪਿੰਡ ਅਤੇ ਕਸਬੇ ਵਿੱਚ ਡੇਰੇ ਵੀ ਮੌਜੂਦ ਹਨ, ਜਿਨ੍ਹਾਂ ਦੇ ਮੁਖੀ ਡੇਰਿਆਂ ਨੂੰ ਨਿੱਜੀ ਹਿਤਾਂ ਦੀ ਪੂਰਤੀ ਲਈ ਵਰਤਦੇ ਹਨ।

ਭਾਈ ਕਾਹਨ ਸਿੰਘ ਨਾਭਾ ਜੀ ਵੱਲੋਂ ਆਪਣੇ ਮਹਾਨ ਕੋਸ਼ ਵਿੱਚ ਗੁਰਦੁਆਰਿਆਂ ਦੀ ਪਰਿਭਾਸ਼ਾ ਦਿੱਤੀ ਗਈ ਹੈ ਜਿਸ ਅਨੁਸਾਰ ਸਿੱਖਾਂ ਦਾ ਗੁਰਦੁਆਰਾ ਵਿਦਿਆਰਥੀਆਂ ਲਈ ਸਕੂਲ, ਆਤਮ ਕਲਿਆਣ ਲਈ ਉਪਦੇਸ਼ ਆਸ਼ਰਮ, ਰੋਗੀਆਂ ਲਈ ਸ਼ਫਾਖਾਨਾ, ਭੁੱਖਿਆ ਲਈ ਅੰਨਪੂਰਨਾ, ਇਸਤਰੀ ਜਾਤੀ ਦੀ ਪੱਤ ਰੱਖਣ ਲਈ ਲੋਹਮਈ ਦੁਰਗ ਅਤੇ ਮੁਸਾਫਰਾਂ ਲਈ ਵਿਸ਼ਰਾਮ ਦਾ ਅਸਥਾਨ ਹੈ। ਇਸ ਪਰਿਭਾਸ਼ਾ ਦੇ ਸੰਬੰਧ ਵਿੱਚ ਵੇਖਣਾ ਹੋਵੇਗਾ ਕਿ ਪੰਜਾਬ ਵਿੱਚ ਜਾਂ ਪੰਜਾਬ ਤੋਂ ਬਾਹਰ ਕਿੰਨੇ ਕੁ ਗੁਰਦੁਆਰੇ, ਡੇਰੇ ਅਤੇ ਹੋਰ ਧਾਰਮਿਕ ਸਥਾਨ ਇਸ ਪਰਿਭਾਸ਼ਾ ਉੱਤੇ ਪੂਰੇ ਉੱਤਰਦੇ ਹਨ।

# ਭਾਰਤੀ ਸਿਆਸਤ ਦਾ ਨਿਘਾਰ ਤੇ ਦਲ ਬਦਲੂ ਸਿਆਸਤਦਾਨ



ਪ੍ਰੋ. (ਰਿਟਾ.) ਸੁਖਦੇਵ ਸਿੰਘ

ਜਮਹੂਰੀ ਪ੍ਰਬੰਧ ਵਿੱਚ ਲੋਕਾਂ ਦੀ ਨੁਮਾਇੰਦਗੀ ਭਾਵੇਂ ਲੋਕਾਂ ਦੁਆਰਾ ਹੁੰਦੀ ਹੈ ਪਰ ਸਿਆਸੀ ਪਾਰਟੀਆਂ ਦੀ ਹੋਂਦ ਵਿਚਾਰਧਾਰਾ, ਸੋਚ ਅਤੇ ਪ੍ਰੋਗਰਾਮ ਆਧਾਰਿਤ ਹੋਣ ਕਰ ਕੇ ਇਹ ਲੋਕਾਂ ਦੀ ਨੁਮਾਇੰਦਗੀ ਨੂੰ ਸੰਗਠਿਤ ਅਤੇ ਸਮੂਹਿਕ ਕਰ ਕੇ ਜਮਹੂਰੀ ਸ਼ਾਸਨ ਨੂੰ ਇੱਕਜੁੱਟ ਅਤੇ ਮਜ਼ਬੂਤ ਬਣਾਉਂਦੀ ਹੈ। ਇਉਂ ਲੋਕ ਸ਼ਾਸਨ ਦਾ ਮੁਹਾਂਦਰਾ ਕਿਆਸ ਸਕਦੇ ਹਨ ਅਤੇ ਉਸ ਅਨੁਸਾਰ ਸਿਆਸੀ ਪਾਰਟੀਆਂ ਦੇ ਨਾਮਜ਼ਦ ਉਮੀਦਵਾਰਾਂ ਵਿੱਚੋਂ ਆਪਣਾ ਨੁਮਾਇੰਦਾ ਚੁਣ ਸਕਦੇ ਹਨ। ਉਂਝ, ਨੁਮਾਇੰਦਗੀ ਲੋਕਾਂ ਦੁਆਰਾ ਹੋਣ ਕਰ ਕੇ ਨੇਤਾਵਾਂ ਅਤੇ ਪੈਰੋਕਾਰਾਂ ਦੁਆਰਾ ਪਾਰਟੀ ਬਦਲਣ ਦੀ ਸਿਆਸਤ ਆਮ ਵਰਤਾਰਾ ਹੈ ਜੋ ਨੇਤਾਵਾਂ ਅਤੇ ਸਿਆਸੀ ਪਾਰਟੀਆਂ ਦੀ ਹਾਰ ਤੇ ਜਿੱਤ ਦਾ ਕਾਰਨ ਬਣਦਾ ਹੈ। ਜੇ ਪਾਰਟੀ ਬਦਲਣਾ ਸਿਆਸੀ ਵਿਚਾਰਧਾਰਾਵਾਂ, ਵਿਕਾਸ ਨੀਤੀਆਂ ਅਤੇ ਹੋਰ ਨੀਤੀ ਪ੍ਰੋਗਰਾਮਾਂ ਤੋਂ ਪ੍ਰਭਾਵਿਤ ਹੋਵੇ ਤਾਂ ਜਮਹੂਰੀਅਤ ਵਿੱਚ ਇਹ ਸਿਹਤਮੰਦ ਵਿਹਾਰ ਹੋ ਸਕਦਾ ਹੈ ਪਰ ਜੇ ਦਲ ਬਦਲੀ ਚੋਣ ਜਿੱਤਣ, ਅਹੁਦੇ ਹਾਸਲ ਕਰਨ ਜਾਂ ਕਿਸੇ ਲਾਲਚ ਜਾਂ ਡਰ ਤੋਂ ਪ੍ਰਭਾਵਿਤ ਹੋਵੇ ਤਾਂ ਇਹ ਜਮਹੂਰੀਅਤ, ਲੋਕਾਂ ਅਤੇ ਕੌਮ ਲਈ ਗੰਭੀਰ ਚਿੰਤਾ ਦਾ ਵਿਸ਼ਾ ਹੈ। ਚਿੰਤਾ ਦਾ ਇਕ ਹੋਰ ਕਾਰਨ ਆਗੂਆਂ ਦੀ ਕਹਿਣੀ ਅਤੇ ਕਰਨੀ ਵਿਚਕਾਰ ਡੂੰਘੇ ਪਾੜੇ ਕਰ ਕੇ ਸਿਆਸੀ ਜਮਾਤ ਵਿਚ ਲੋਕਾਂ ਦੇ ਭਰੋਸੇ ਦੀ ਘਾਟ ਹੈ।

ਭਾਰਤੀ ਜਮਹੂਰੀਅਤ ਹੁਣ ਇਨ੍ਹਾਂ ਦੋਵਾਂ ਸਿਆਸੀ ਵਰਤਾਰਿਆਂ ਤੋਂ ਪਹਿਲਾਂ ਨਾਲੋਂ ਵੱਧ ਖ਼ਤਰੇ ਵਿੱਚ ਹੈ। ਖੇਤਰੀ ਅਤੇ ਦੇਸ਼ ਦੀਆਂ ਵੱਡੀਆਂ ਸਿਆਸੀ ਪਾਰਟੀਆਂ ਲੋਕ ਭਲਾਈ ਦੀਆਂ ਯੋਜਨਾਵਾਂ ਬਿਹਤਰ ਕਰਨ ਦੀ ਬਜਾਇ ਬੰਦ ਕਰਨ ਦੇ ਰਸਤੇ ਹਨ ਪਰ ਚੋਣਾਂ ਜਿੱਤਣ ਹਿੱਤ ਆਮ ਲੋਕਾਂ ਨਾਲ ਵਾਅਦੇ ਕਰ ਕੇ ਚੋਣਾਂ ਤੋਂ ਬਾਅਦ ਭੁੱਲ ਜਾਣ ਦੀ ਸਿਆਸਤ ਕਰ ਰਹੀਆਂ ਹਨ। ਹਕੀਕਤ ਵਿੱਚ ਨਾ ਪ੍ਰਬੰਧਕ ਸੁਧਾਰ ਅਤੇ ਨਾ ਹੀ ਜਨ-ਜੀਵਨ ਬਿਹਤਰ ਹੋਣ ਕਰ ਕੇ ਸਿਆਸੀ ਪਾਰਟੀਆਂ ਅਤੇ ਨੇਤਾਵਾਂ ਵਿੱਚ ਲੋਕਾਂ ਦਾ ਵਿਸ਼ਵਾਸ ਘਟਦਾ ਜਾਂਦਾ ਹੈ। ਇੱਕ ਪਾਸੇ ਲਗਾਤਾਰ ਵਧਦਾ ਅਮੀਰ ਗਰੀਬ ਦਾ ਪਾੜਾ, ਦੂਜੇ ਪਾਸੇ ਪ੍ਰਫੁੱਲਿਤ ਅਰਥਚਾਰੇ ਦੇ ਦਾਅਵਿਆਂ ਦਾ ਰੌਲਾ-ਰੱਪਾ ਲੋਕਾਂ ਨੂੰ ਉਲਝਣ ਵਿੱਚ ਪਾਈ ਰੱਖਦਾ ਹੈ।

ਵਿਅਕਤੀਗਤ ਅਤੇ ਪਾਰਟੀ ਹਿੱਤਾਂ ਦੀ ਪੂਰਤੀ ਲਈ ਦਲ ਬਦਲੀ ਦੀ ਖੇਡ ਬੇਝਿਜਕ ਖੇਡੀ ਜਾ ਰਹੀ ਹੈ। ਚੋਣ ਜਿੱਤਣ ਦੀ ਸਮਰੱਥਾ ਵਾਲੇ ਦੂਜੀਆਂ ਪਾਰਟੀਆਂ ਦੇ ਨੇਤਾਵਾਂ ਨੂੰ ਆਪਣੀ ਪਾਰਟੀ ਵਿੱਚ ਸ਼ਾਮਲ ਕਰ ਕੇ ਚੋਣ ਦੀ ਬਾਜ਼ੀ ਚੱਲ ਰਹੀ ਹੈ। ਇਸ ਖੇਡ ਵਿੱਚ ਨੇਤਾ ਨਿੱਤ ਦਿਨ ਨਵਾਂ ਰੰਗ ਬਦਲਣ ਵਿੱਚ ਭੋਰਾ ਸੰਗ ਨਹੀਂ ਮੰਨਦੇ। ਅਸਲ ਵਿੱਚ ਵਿਚਾਰਧਾਰਾਵਾਂ ਅਤੇ ਨੀਤੀਆਂ ਵਿੱਚ ਬੇਮੇਲ ਹੋਣ ਬਾਰੇ ਨਾ ਨੇਤਾਵਾਂ ਅਤੇ ਨਾ ਹੀ ਸਿਆਸੀ ਪਾਰਟੀਆਂ ਨੂੰ ਕੋਈ ਸੰਕੋਚ ਰਿਹਾ ਹੈ; ਬੱਸ ਚੋਣਾਂ ਜਿੱਤਣਾ ਹੀ ਮੁੱਖ ਮਕਸਦ ਹੈ। ਨਾ ਨੇਤਾਵਾਂ ਅਤੇ ਨਾ ਹੀ ਸਿਆਸੀ ਪਾਰਟੀਆਂ ਨੂੰ ਦਲ ਬਦਲੀ ਨਾਲ ਸ਼ਾਸਨ, ਲੋਕਾਂ ਦੇ ਵਿਸ਼ਵਾਸ, ਨੁਮਾਇੰਦਗੀ ਅਤੇ ਨੀਤੀ ਨਿਰਮਾਣ ਉੱਤੇ ਅਸਰ ਦੀ ਕੋਈ ਚਿੰਤਾ ਹੈ। ਅੱਜ ਭਾਰਤੀ ਜਮਹੂਰੀਅਤ ਦੇ ਇਹ ਪੱਖ ਸਿਆਸੀ ਵਫ਼ਾਦਾਰੀ, ਪਾਰਟੀ ਸਿਆਸਤ ਅਤੇ ਚੋਣ ਮਨੋਰਥ ਪੱਤਰਾਂ ਦੀ ਵਾਜਬੀਅਤ ਦਾ ਖੋਖਲਾਪਣ ਉਭਾਰਦੇ ਹਨ।



ਪੰਜਾਬ ਵਿੱਚ ਪਿਛਲੇ ਸਮੇਂ ਵਾਲੀਆਂ ਸਿਆਸੀ ਘਟਨਾਵਾਂ ਭਾਰਤੀ ਸਿਆਸਤ ਦਾ ਇਹੀ ਰੂਪ ਨਸ਼ਰ ਕਰਦੀਆਂ ਹਨ। ਰਵਾਇਤੀ ਸਿਆਸੀ ਧੜਿਆਂ ਦੁਆਰਾ ਚੋਣਾਂ ਜਿੱਤਣ ਲਈ ਵਿੱਤੋਂ ਬਾਹਰੇ ਵਾਅਦੇ ਅਤੇ ਚੋਣਾਂ ਬਾਅਦ ਵਾਅਦੇ ਭੁੱਲ ਜਾਣ ਤੇ ਫਿਰ ਮਿਹਣਿਆਂ ਦੀ ਤੂੰ-ਤੂੰ ਮੈਂ-ਮੈਂ ਵਾਲੀ ਖੇਡ ਤੋਂ ਨਿਰਾਸ਼ ਹੋ ਕੇ ਪੰਜਾਬ ਦੇ ਲੋਕਾਂ ਨੇ ਨਵੀਂ ਬਣੀ ਆਮ ਆਦਮੀ ਪਾਰਟੀ (ਆਪ) ਦੇ ਉਮੀਦਵਾਰਾਂ ਨੂੰ 2022 ਦੀਆਂ ਵਿਧਾਨ ਸਭਾ ਚੋਣਾਂ ਵਿੱਚ 117 ਵਿੱਚੋਂ 92 ਸੀਟਾਂ 'ਤੇ ਜਿਤਾ ਕੇ ਰਵਾਇਤੀ ਪਾਰਟੀ ਪ੍ਰਣਾਲੀ ਨੂੰ ਚੁਣੌਤੀ ਦਿੱਤੀ। ਇਸੇ ਦੌਰਾਨ ਸਿਆਸੀ ਦਲ ਬਦਲੀ ਕਰਨ ਕਰਵਾਉਣ ਦਾ ਦੌਰ ਸ਼ੁਰੂ ਹੋ ਗਿਆ। ਸਾਰੇ ਦਲਾਂ ਤੋਂ ਨੇਤਾਵਾਂ ਦੀ ਪਲਟਬਾਜ਼ੀ ਹੋਈ ਪਰ ਇਸ ਵਰਤਾਰੇ ਦੀ ਸਭ ਤੋਂ ਵੱਧ ਸ਼ਿਕਾਰ ਕਾਂਗਰਸ ਹੋਈ; ਇੱਥੋਂ ਤੱਕ ਕਿ ਕਾਂਗਰਸ ਦੇ ਸਾਬਕਾ ਸੂਬਾ ਪ੍ਰਧਾਨ ਹੁਣ ਭਾਜਪਾ ਦੇ ਸੂਬਾ ਪ੍ਰਧਾਨ ਹਨ। ਇਸ ਨੇ ਕਾਂਗਰਸ ਹਾਈਕਮਾਂਡ ਨੂੰ ਨਮੋਸ਼ੀ ਅਤੇ ਨਿਰਾਸ਼ਤਾ ਤਾਂ ਦਿੱਤੀ ਹੀ, ਪੁਰਾਣੇ ਭਾਜਪਾ ਨੇਤਾਵਾਂ ਅਤੇ ਕਾਰਕੁਨਾਂ ਨੂੰ ਵੀ ਖ਼ੁਸ਼ ਨਹੀਂ ਕੀਤਾ। ਕਾਂਗਰਸ ਦੇ ਸਾਬਕਾ ਮੁੱਖ ਮੰਤਰੀ, ਮੰਤਰੀ, ਵਿਧਾਇਕ, ਸੰਸਦ ਮੈਂਬਰ ਅਤੇ ਹੋਰ ਨੇਤਾ ਭਾਜਪਾ ਵਿੱਚ ਸ਼ਾਮਲ ਹੋ ਗਏ ਜਾਂ ਕਰ ਲਏ ਗਏ। ਪੰਜਾਬ ਵਿੱਚ 2022 'ਚ ਸਰਕਾਰ ਬਣਾਉਣ ਪਿੱਛੋਂ 'ਆਪ' ਸਿਆਸੀ ਅਤੇ ਪ੍ਰਬੰਧਕੀ ਕਾਰਗੁਜ਼ਾਰੀ ਬਦਲ ਕੇ ਲੋਕਾਂ ਦੇ ਭਰੋਸੇ ਨਵੇਂ ਨੇਤਾ ਪੈਦਾ ਕਰਨ ਦੀ ਬਜਾਇ ਰਵਾਇਤੀ ਪਾਰਟੀਆਂ ਵਾਲੇ ਰਸਤੇ ਚਲੀ ਗਈ। ਇਸ ਨੇ 2023 ਵਿੱਚ ਲੋਕ ਸਭਾ ਹਲਕੇ ਜਲੰਧਰ ਦੀ ਜ਼ਿਮਨੀ ਚੋਣ ਲਈ ਕਾਂਗਰਸ ਨੇਤਾ ਸੁਸ਼ੀਲ ਕੁਮਾਰ ਰਿੰਕੂ ਦੀ ਦਲ ਬਦਲੀ ਕਰਵਾ ਕੇ ਚੋਣ ਜਿੱਤੀ ਪਰ ਹੁਣ ਉਹ ਪਾਰਟੀ ਟਿਕਟ ਮਿਲਣ ਦੇ ਬਾਵਜੂਦ ਭਾਜਪਾ 'ਚ ਸ਼ਾਮਲ ਹੋ ਗਏ। ਉਨ੍ਹਾਂ ਦੇ ਨਾਲ ਹੀ 2022 ਵਾਲੀ ਵਿਧਾਨ ਸਭਾ ਚੋਣ 'ਚ ਕਾਂਗਰਸ ਦੇ ਰਿੰਕੂ ਦੇ ਮੁਕਾਬਲੇ ਭਾਜਪਾ ਛੱਡ 'ਆਪ' ਦੀ ਟਿਕਟ 'ਤੇ ਵਿਧਾਇਕ ਬਣੇ ਅਨੁਰਾਗ ਸ਼ੀਤਲ 'ਆਪ' ਛੱਡ ਕੇ ਮੁੜ ਭਾਜਪਾ ਵਿੱਚ ਸ਼ਾਮਲ ਹੋ ਗਏ।

ਅਗਸਤ 2023 ਵਿੱਚ ਦਿੱਲੀ ਸੇਵਾਵਾਂ ਬਿੱਲ 'ਤੇ ਭਾਜਪਾ ਸਰਕਾਰ ਦਾ ਵਿਰੋਧ ਕਰਦੇ ਸਮੇਂ ਸੁਸ਼ੀਲ ਕੁਮਾਰ ਰਿੰਕੂ ਨੂੰ ਲੋਕ ਸਭਾ ਸਪੀਕਰ ਨੇ ਸੰਸਦ ਵਿੱਚ ਖ਼ਰੂਦੀ ਵਿਹਾਰ ਕਾਰਨ ਸੰਸਦ ਤੋਂ ਮੁਅੱਤਲ ਕੀਤਾ ਸੀ। ਜਵਾਬ ਵਜੋਂ ਰਿੰਕੂ ਨੇ 'ਗ਼ੁਲਾਮੀ ਵਿੱਚ ਜਮਹੂਰੀਅਤ' ਦੇ ਪ੍ਰਤੀਕ ਵਜੋਂ ਆਪਣੇ ਗਲ ਜ਼ੰਜੀਰਾਂ ਪਾ ਕੇ ਸੰਸਦ ਭਵਨ ਦੇ ਸਾਹਮਣੇ ਆਪਣੀ ਅਤੇ ਵਿਰੋਧੀ ਪਾਰਟੀਆਂ ਦੇ ਨੇਤਾਵਾਂ ਦੀ ਸੰਸਦ ਤੋਂ ਮੁਅੱਤਲੀ ਦਾ ਵਿਰੋਧ ਕੀਤਾ ਸੀ। ਉਸ ਸਮੇਂ ਸੁਸ਼ੀਲ ਕੁਮਾਰ ਰਿੰਕੂ ਨੇ ਕੇਂਦਰ ਸਰਕਾਰ, ਭਾਵ, ਭਾਜਪਾ ਦੀ ਆਲੋਚਨਾ ਕਰਦੇ ਹੋਏ ਲੋਕਾਂ ਨੂੰ ਅਪੀਲ ਕੀਤੀ ਸੀ ਕਿ ਉਹ ਸੰਵਿਧਾਨ ਦੀ ਭਾਵਨਾ ਅਤੇ ਭੀਮ ਰਾਓ ਅੰਬੇਡਕਰ ਦੀ ਵਿਚਾਰਧਾਰਾ ਨੂੰ ਜਿ ੰਦਾ ਰੱਖਣ ਲਈ 2024 ਦੀਆਂ ਚੋਣਾਂ ਵਿੱਚ ਭਾਜਪਾ ਨੂੰ ਹਰਾਉਣ।

(ਬਾਕੀ ਸਫ਼ਾ 31 'ਤੇ)

# ਸਮਾਜ ਨੂੰ ਖੋਖਲਾ ਕਰ ਦੇਵੇਗੀ ਮੁਫ਼ਤਖੋਰੀ

ਡਾ. ਸੁਖਦੇਵ ਸਿੰਘ

## ਕਮਾਈ ਵਸੀਲਿਆਂ ਤੇ ਖ਼ਰਚਿਆਂ ਦਾ ਸੰਤੁਲਨ ਬਣਾ ਕੇ ਚੱਲਣ ਦੀ ਲੋੜ

ਲੋਕ ਸਭਾ ਚੋਣਾਂ ਦੇ ਮੱਦੇਨਜ਼ਰ ਵੱਖ ਵੱਖ ਰਾਜਨੀਤਕ ਪਾਰਟੀਆਂ ਸੱਤਾ ਪਾਉਣ ਹਿੱਤ ਲੋਕ ਲੁਭਾਉਣੇ ਵਾਅਦੇ ਕਰ ਰਹੀਆਂ ਹਨ। ਉਹ ਕਹਿੰਦੀਆਂ ਹਨ ਕਿ ਜੇ ਲੋਕ ਉਨ੍ਹਾਂ ਨੂੰ ਵੋਟਾਂ ਪਾ ਕੇ ਜੇਤੂ ਬਣਾਉਣਗੇ ਤਾਂ ਉਹ ਲੋਕਾਂ ਨੂੰ ਮੁਫ਼ਤ ਬਿਜਲੀ, ਪਾਣੀ, ਸਿੱਖਿਆ, ਗੈਸ ਸਿਲੰਡਰ, ਔਰਤਾਂ ਨੂੰ ਮੁਫ਼ਤ ਬੱਸ ਸਫ਼ਰ, ਮੈਡੀਕਲ ਸਹੂਲਤਾਂ, ਮੁਫ਼ਤ ਆਟਾ ਦਾਲ ਆਦਿ ਮੁਹੱਈਆ ਕਰਵਾਉਣਗੇ। ਕੁਝ ਸਮਾਂ ਪਹਿਲਾਂ ਹੀ ਜਿੱਥੇ ਕੇਂਦਰ ਨੇ ਕਈ ਹੋਰ ਸਕੀਮਾਂ ਸਮੇਤ 80 ਕਰੋੜ ਦੇਸ਼ ਵਾਸੀਆਂ ਨੂੰ ਆਉਣ ਵਾਲੇ ਪੰਜ ਸਾਲਾਂ ਤੱਕ ਹੋਰ ਮੁਫ਼ਤ ਰਾਸ਼ਨ ਦੇਣ ਦਾ ਵਾਅਦਾ ਕੀਤਾ ਹੈ ਉੱਥੇ ਪੰਜਾਬ ਸਰਕਾਰ ਨੇ ਵੀ ਬਹੁਤ ਸਾਰੇ ਲੋਕਾਂ ਨੂੰ ਘਰ ਘਰ ਜਾ ਕੇ ਮੁਫ਼ਤ ਰਾਸ਼ਨ ਵੰਡਣ ਦਾ ਕੰਮ ਸ਼ੁਰੂ ਕੀਤਾ ਹੈ ਜਦਕਿ ਕਈ ਮੁਫ਼ਤ ਸਕੀਮਾਂ ਪਹਿਲਾਂ ਹੀ ਚੱਲ ਰਹੀਆਂ ਹਨ।

ਪਹਿਲੀ ਨਜ਼ਰੇ ਅਜਿਹੇ ਲੋਕ ਭਲਾਈ ਵਾਅਦੇ ਆਕਰਸ਼ਕ ਤੇ ਮਨੁੱਖਤਾਵਾਦੀ ਲੱਗਦੇ ਹਨ। ਕੀ ਅਜਿਹੇ ਵਾਅਦੇ ਹਮੇਸ਼ਾਂ ਸਮਾਜ ਹਿੱਤ ਵਿੱਚ ਹੁੰਦੇ ਹਨ? ਕੀ ਮੁਫ਼ਤਖੋਰੀ ਸਮਾਜ ਨੂੰ ਨਿੱਗਰ ਬਣਾਉਂਦੀ ਹੈ ਜਾਂ ਖੋਖਲਾ? ਕੀ ਅਜਿਹੀਆਂ ਸਹੂਲਤਾਂ ਮਾਣ ਕੇ ਲੋਕ ਉਨ੍ਹਾਂ ਨੂੰ ਸੱਚ ਵਿੱਚ ਚੁਣਦੇ ਹਨ ? ਅਜਿਹੇ ਕੁਝ ਸਵਾਲ ਹਰੇਕ ਸੋਚਸ਼ੀਲ ਵਿਅਕਤੀ ਨੂੰ ਸੋਚਣ ਲਈ ਮਜਬੂਰ ਕਰਦੇ ਹਨ।

ਕਿਸੇ ਵੀ ਵਿਅਕਤੀ, ਘਰ, ਸ਼ਹਿਰ, ਸਮਾਜ ਤੇ ਦੇਸ਼ ਦਾ ਜੀਵਨ ਤਾਂ ਹੀ ਠੀਕ ਢੰਗ ਨਾਲ ਚੱਲ ਸਕਦਾ ਹੈ ਜੇਕਰ ਆਪਣੇ ਕਮਾਈ ਵਸੀਲਿਆਂ ਤੇ ਖ਼ਰਚਿਆਂ ਦਾ ਸੰਤੁਲਨ ਬਣਾ ਕੇ ਚੱਲਿਆ ਜਾਵੇ। ਇਹ ਸੱਚ ਹੈ ਕਿ ਜ਼ਿੰਮੇਵਾਰੀ ਰਹਿਤ ਵਿੱਤੀ ਵਿਹਾਰ ਅਕਸਰ ਘਰਾਂ, ਸਮਾਜ ਤੇ ਦੇਸ਼ਾਂ ਨੂੰ ਆਰਥਿਕ ਸੰਕਟਾਂ ਵਿੱਚ ਫਸਾ ਦਿੰਦਾ ਹੈ। ਅੰਤਰਰਾਸ਼ਟਰੀ ਮੁਦਰਾ ਕੋਸ਼ ਮੁਤਾਬਿਕ ਭਾਰਤ 'ਤੇ 205 ਲੱਖ ਕਰੋੜ ਰੁਪਏ ਦਾ ਕਰਜ਼ਾ ਹੈ ਜਿਹੜਾ ਦੇਸ਼ ਦੇ ਕੁਲ ਘਰੇਲੂ ਉਤਪਾਦਨ ਦੇ ਨੇੜੇ ਤੱਕ ਹੈ। ਇਸੇ ਤਰ੍ਹਾਂ ਪੰਜਾਬ 3 ਲੱਖ 50 ਹਜ਼ਾਰ ਕਰੋੜ ਰੁਪਏ ਦਾ ਕਰਜ਼ਈ ਹੈ ਅਤੇ ਇਸ ਨੂੰ ਪੁਰਾਣੇ ਕਰਜ਼ੇ ਦੀਆਂ ਕਿਸ਼ਤਾਂ ਮੋੜਨ ਲਈ ਵੀ ਹੋਰ ਕਰਜ਼ਾ ਲੈਣਾ ਪੈ ਰਿਹਾ ਹੈ। ਵੱਖ ਵੱਖ ਕਾਰਨਾਂ ਕਰਕੇ ਵਿੱਤੀ ਵਸੀਲਿਆਂ ਵਿੱਚ ਵੀ ਕੋਈ ਸ਼ਲਾਘਾਯੋਗ ਵਾਧਾ ਨਹੀਂ ਹੋ ਰਿਹਾ। ਆਰਥਿਕ, ਸਮਾਜਿਕ ਤੇ ਹੋਰ ਮੁੱਦਿਆਂ ਪੱਖੋਂ ਸਮੇਂ ਸਮੇਂ 'ਤੇ ਜਾਰੀ ਹੋ ਰਹੀਆਂ ਅੰਤਰਰਾਸ਼ਟਰੀ ਰਿਪੋਰਟਾਂ ਦੀ ਦਰਜਾਬੰਦੀ ਵਿੱਚ ਭਾਰਤ ਦਾ ਸਥਾਨ ਨਿਰਾਸ਼ਾਜਨਕ ਪੱਧਰ 'ਤੇ ਆਉਂਦਾ ਹੈ। 2021-22 ਦੀ ਸੰਸਾਰ ਪੱਧਰੀ ਮਨੁੱਖੀ ਵਿਕਾਸ ਰਿਪੋਰਟ ਮੁਤਾਬਿਕ ਭਾਰਤ 191 ਮੁਲਕਾਂ ਵਿੱਚੋਂ 132ਵੇਂ ਸਥਾਨ 'ਤੇ ਹੈ। ਵਿਸ਼ਵ ਪ੍ਰਸੰਨਤਾ ਰੁਤਬੇ ਪੱਖੋਂ ਭਾਰਤ ਦਾ 146 ਮੁਲਕਾਂ ਵਿੱਚੋਂ 126ਵਾਂ ਸਥਾਨ ਹੈ। ਪੰਜਾਬ ਜੋ 1980-82 ਤੱਕ ਭਾਰਤ ਵਿੱਚ ਵਿਕਾਸ ਪੱਖੋਂ ਮੋਹਰੀ ਰਾਜ ਸੀ ਅੱਜ ਇਹ ਰਾਜਾਂ ਦੀ ਦਰਜਾਬੰਦੀ ਵਿੱਚ 16ਵੇਂ ਸਥਾਨ 'ਤੇ ਆਉਂਦਾ ਹੈ। ਅਜਿਹੀ ਮਾੜੀ ਵਿੱਤੀ ਹਾਲਤ ਨੂੰ ਦੇਖਦਿਆਂ ਠੀਕ ਨਹੀਂ ਲੱਗਦਾ ਕਿ ਮੁਫ਼ਤਖੋਰੀ ਨੂੰ ਉਤਸ਼ਾਹਿਤ ਕੀਤਾ ਜਾਵੇ। ਹੈਰਾਨੀ ਦੀ ਗੱਲ ਹੈ ਕਿ ਬਹੁਤ ਸਾਰੇ ਲੋਕ ਤਾਂ ਮੁਫ਼ਤ ਦੀਆਂ ਖੈਰਾਤਾਂ ਮੰਗਦੇ ਵੀ ਨਹੀਂ ਫਿਰ ਵੀ ਸਰਕਾਰਾਂ ਅੰਕੜੇ ਦਿਖਾਉਂਦੀਆਂ ਹਨ ਕਿ ਇਸ ਸਾਲ ਵੱਧ ਲੋਕਾਂ ਨੂੰ ਸਹੂਲਤਾਂ ਪ੍ਰਦਾਨ ਕੀਤੀਆਂ। ਮਾਣ ਇਸ ਗੱਲ ਦਾ ਨਹੀਂ ਕਿ ਕਿੰਨੇ ਲੋਕਾਂ ਨੂੰ ਆਰਥਿਕ ਤਰੱਕੀ ਕਰਕੇ ਗਰੀਬੀ ਵਿੱਚੋਂ ਕੱਢਿਆ ਬਲਕਿ ਕਿੰਨੇ ਲੋੜਵੰਦ ਵਧ ਰਹੇ ਹਨ ਜਾਂ ਵਧਾ ਰਹੇ ਹਾਂ।



ਸਾਡਾ ਮੁਲਕ ਵਿਕਾਸਸ਼ੀਲ ਦੇਸ਼ਾਂ ਦੀ ਸ਼੍ਰੇਣੀ ਵਿੱਚ ਆਉਂਦਾ ਹੈ। ਭਾਰਤੀ ਸਮਾਜ ਦੀ ਬਣਤਰ ਸੰਸਾਰ ਵਿੱਚ ਵਿਲੱਖਣ ਹੈ ਜਿਸ ਤਹਿਤ ਅਲੱਗ ਅਲੱਗ ਵਰਗ ਹਨ ਜਿਨ੍ਹਾਂ ਵਿੱਚੋਂ ਕਈ ਤਬਕੇ ਤਾਂ ਸਦੀਆਂ ਤੋਂ ਸਮਾਜਿਕ ਤੇ ਆਰਥਿਕ ਗਰੀਬੀ ਹੰਢਾ ਰਹੇ ਹਨ ਅਤੇ ਉਨ੍ਹਾਂ ਦੇ ਵਿਕਾਸ ਦੀ ਵਿਸ਼ੇਸ਼ ਜ਼ਰੂਰਤ ਸੀ ਤੇ ਹੁਣ ਵੀ ਹੈ। ਜਦੋਂ ਭਾਰਤ ਨੇ ਆਜ਼ਾਦੀ ਹਾਸਲ ਕੀਤੀ ਤਾਂ ਮੁੱਢਲੀਆਂ ਸਰਕਾਰਾਂ ਨੇ ਦੇਸ਼ ਦੇ ਵੱਖ ਵੱਖ ਵਰਗਾਂ ਦੇ ਗਰੀਬਾਂ ਤੇ ਹੋਰ ਲੋੜਵੰਦਾਂ ਦੇ ਜੀਵਨ ਸੁਧਾਰ ਹਿੱਤ ਵੱਖ ਵੱਖ ਪ੍ਰੋਗਰਾਮ ਉਲੀਕ ਕੇ ਸਹਾਇਤਾ ਤੇ ਸਬਸਿਡੀਆਂ ਦੇਣੀਆਂ ਸ਼ੁਰੂ ਕੀਤੀਆਂ। ਜਨਤਕ ਵੰਡ ਪ੍ਰਣਾਲੀ ਅਧੀਨ ਲਗਭਗ ਸਭ ਲਈ ਰਾਸ਼ਨ ਕਾਰਡ ਆਧਾਰਿਤ ਅਨਾਜ ਵੰਡ ਦੀ ਸ਼ੁਰੂਆਤ ਹੋਈ। ਲੋਕਾਂ ਲਈ ਸਿੱਖਿਆ ਤੇ ਮੈਡੀਕਲ ਸਹੂਲਤਾਂ, ਗਰੀਬਾਂ ਲਈ ਰਾਖਵਾਂਕਰਨ, ਖੇਤੀਬਾੜੀ ਤੇ ਉਦਯੋਗਾਂ ਨੂੰ ਉਤਸ਼ਾਹਿਤ ਕਰਨ ਹਿੱਤ ਅਨੇਕਾਂ ਉਪਰਾਲੇ, ਭੂਮੀ ਸੁਧਾਰ, ਸਹਿਕਾਰੀ ਢਾਂਚੇ ਦਾ ਨਿਰਮਾਣ ਆਦਿ ਕੀਤੇ ਗਏ। ਹੌਲੀ ਹੌਲੀ ਇਹ ਪ੍ਰਥਾਵਾਂ ਤੇ ਸੰਸਥਾਵਾਂ ਰਾਜਨੀਤਕ ਰੰਗਤ ਫੜਦੀਆਂ ਗਈਆਂ ਤੇ ਸਰਕਾਰੀ ਪੈਸੇ 'ਤੇ ਦੇਣ ਵਾਲੀ ਸਹਾਇਤਾ ਵੀ ਇੰਝ ਲੱਗਣ ਲੱਗ ਪਈ ਜਿਵੇਂ ਸਿਆਸਤਦਾਨ ਆਪਣੀਆਂ ਜੇਬਾਂ ਵਿੱਚੋਂ ਪੈਸਾ ਦਿੰਦੇ ਹੋਣ। ਪਿਛਲੇ ਕੁਝ ਦਹਾਕਿਆਂ ਤੋਂ ਤਾਂ ਹਰੇਕ ਰਾਜਨੀਤਕ ਪਾਰਟੀ ਦਾ ਇਹੀ ਵਰਤਾਰਾ ਚੱਲ ਰਿਹਾ ਹੈ। ਹੋਰ ਦੇਸ਼ਾਂ ਵਿੱਚ ਵੀ ਖੇਤੀ ਸਮੇਤ ਕੁਝ ਸੀਮਤ ਕੰਮਾਂ ਲਈ ਸਰਕਾਰਾਂ ਸਬਸਿਡੀਆਂ ਮੁਹੱਈਆ ਕਰਵਾਉਂਦੀਆਂ ਹਨ ਪਰ ਉਹ ਅਜਿਹਾ ਆਪਣੇ ਦੇਸ਼ ਦੀ ਤਰੱਕੀ ਤੇ ਲੋਕਾਂ ਦੇ ਜੀਵਨ ਨੂੰ ਚੰਗੇਰਾ ਬਣਾਉਣ ਹਿੱਤ ਕਰਦੇ ਹਨ ਜਦਕਿ ਸਾਡੇ ਮੁਲਕ ਵਿੱਚ ਅਜਿਹੇ ਗੈਰ ਤਰਕਸੰਗਤ ਵਾਅਦੇ ਵੋਟਾਂ ਤੋਂ ਕੁਝ ਸਮਾਂ ਪਹਿਲਾਂ ਸ਼ੁਰੂ ਹੁੰਦੇ ਹਨ ਤੇ ਜਿੱਤ ਤੋਂ ਬਾਅਦ ਸਿਆਸਤਦਾਨਾਂ ਨੂੰ ਮਿਲਣਾ ਵੀ ਮੁਸ਼ਕਿਲ ਹੋ ਜਾਂਦਾ ਹੈ। ਸਾਧਨਹੀਣ ਲੋਕਾਂ, ਬਜ਼ੁਰਗਾਂ ਤੇ ਅਪਾਹਜਾਂ ਆਦਿ ਦੀ ਸਹਾਇਤਾ ਹਰ ਸਰਕਾਰ ਦਾ ਨੈਤਿਕ ਫਰਜ਼ ਬਣਦਾ ਹੈ ਨਾ ਕਿ ਖਾਂਦੇ ਪੀਂਦੇ ਲੋਕਾਂ ਦੀ।

ਸੰਸਾਰ ਦੇ ਕਿਸੇ ਵੀ ਮੁਲਕ ਵਿੱਚ ਮੁਫ਼ਤਖੋਰੀ ਤੇ ਵਿਹਲੜਪੁਣੇ ਨੂੰ ਕੋਈ ਸਨਮਾਨ ਪ੍ਰਾਪਤ ਨਹੀਂ। ਪੰਜਾਬ ਵਿੱਚ ਭਾਵੇਂ ਹਰ ਧਰਮ ਦੇ ਲੋਕ ਹਨ ਪ੍ਰੰਤੂ ਸਿੱਖ ਧਰਮ ਤੇ ਇਸ ਦੇ ਪੈਰੋਕਾਰਾਂ ਦੀ ਬਹੁਲਤਾ ਹੈ। ਸਿੱਖ ਧਰਮ ਦੇ ਸਿਧਾਂਤਕ ਪੱਖ ਤੋਂ ਵੇਖੀਏ ਤਾਂ ਇਹ ਆਪਣੇ ਮੰਨਣ ਵਾਲਿਆਂ ਨੂੰ ਮੁਫ਼ਤਖੋਰੀ ਜਾਂ ਹੱਥ ਅੱਡਣ ਲਈ ਵਰਜਿਤ ਕਰਦਾ ਹੈ ਅਤੇ ਆਪਣੇ ਹੱਥੀਂ ਕ੍ਰਿਤ ਨੂੰ ਉਤਸ਼ਾਹਿਤ ਕਰਦਾ ਹੈ। ਈਸਾਈ ਧਰਮ ਵਿੱਚ ਕਥਨ ਹੈ ਕਿ ਲੋੜਵੰਦ ਨੂੰ ਮੱਛੀ ਦਾਨ ਨਾ ਕਰੋ ਬਲਕਿ ਮੱਛੀ ਫੜਨਾ ਸਿਖਾਓ ਭਾਵ ਲੋਕਾਂ ਨੂੰ ਰੁਜ਼ਗਾਰ ਦੇ ਕੇ ਕੰਮ ਲਾਓ ਨਾ ਕਿ ਵਿਹਲੜ ਬਣਾਓ। ਜਰਮਨ ਸਮਾਜ ਵਿਗਿਆਨੀ ਮੈਕਸ ਵੈਬਰ ਤਾਂ ਭਾਰਤ ਦੀ ਗਰੀਬੀ ਦਾ ਇੱਕ ਵੱਡਾ ਕਾਰਨ ਬਹੁਤ ਲੋਕਾਂ ਵੱਲੋਂ ਹੱਥੀਂ ਕੰਮ ਨਾ ਕਰਨ ਨੂੰ ਮੰਨਦਾ ਹੈ। ਸੰਸਾਰ ਦੇ ਕਈ ਮੁਲਕਾਂ ਵਿੱਚ ਆਟੋਮੇਸ਼ਨ ਵਧਣ ਕਾਰਨ ਲੋਕਾਂ ਨੂੰ ਘਰ ਬੈਠੇ ਸਰਵਵਿਆਪਕ ਮੁੱਢਲੀ ਆਮਦਨ ਦੇਣ ਬਾਰੇ ਗੱਲ ਕੀਤੀ ਤਾਂ ਵਧੇਰੇ ਮੁਲਕਾਂ ਦੇ ਲੋਕਾਂ ਨੇ ਘਰ ਵਿਹਲੇ ਬੈਠੇ ਸਰਕਾਰੀ ਆਮਦਨ ਲੈਣ ਤੋਂ ਇਨਕਾਰ ਕਰ ਦਿੱਤਾ ਕਿਉਂਕਿ ਉਨ੍ਹਾਂ ਨੇ ਮੰਨਿਆ ਕਿ ਉਹ ਕ੍ਰਿਤ ਬਿਨਾਂ ਬੇਕਾਰ ਹੋ ਜਾਣਗੇ। ਕੁਝ ਸਾਲ ਪਹਿਲਾਂ ਜਦੋਂ ਸਵਿਟਜ਼ਰਲੈਂਡ ਦੀ ਸਰਕਾਰ ਨੇ ਸਰਵਵਿਆਪਕ ਮੁੱਢਲੀ ਆਮਦਨ ਲਾਗੂ ਕਰਨ ਹਿੱਤ ਰਾਇ-ਸ਼ੁਮਾਰੀ ਕਰਵਾਈ ਤਾਂ 77% ਲੋਕਾਂ ਨੇ ਇਸ ਨੂੰ ਨਕਾਰ ਦਿੱਤਾ। ਉਨ੍ਹਾਂ ਦਾ ਮੰਨਣਾ ਸੀ ਕਿ ਵਿਹਲੇ ਬੈਠ ਕੇ ਸਰਕਾਰ ਦੀ ਨਿਰਭਰਤਾ 'ਤੇ ਜੀਵਨ ਬਸਰ ਨਹੀਂ ਕਰਨਾ ਚਾਹੁੰਦੇ। ਲੋਕਾਂ ਨੇ ਇਸ ਸਕੀਮ ਦੇ ਵਿਰੋਧ ਵਿੱਚ ਆਪਣੀ ਆਬਾਦੀ ਦੇ ਬਰਾਬਰ ਅੱਠ ਮਿਲੀਅਨ ਸਿੱਕੇ ਬਰਨ ਵਿਖੇ ਇੱਕ ਜਨਤਕ ਚੁਰਾਹੇ 'ਤੇ ਢੇਰੀ ਕਰ ਦਿੱਤੇ। ਸਾਡੇ ਦੇਸ਼/ਰਾਜ ਵਿੱਚ ਜ਼ਮੀਨੀ ਪੱਧਰ 'ਤੇ ਦੇਖੀਏ ਤਾਂ ਮੁਫ਼ਤ ਸਕੀਮਾਂ ਖ਼ਜ਼ਾਨੇ 'ਤੇ ਸਿਰਫ਼ ਬੋਝ ਹੀ ਨਹੀਂ ਬਣੀਆਂ ਬਲਕਿ ਰਿਸ਼ਵਤਖੋਰੀ ਨੂੰ ਵੀ ਵਧਾਉਂਦੀਆਂ ਹਨ। ਕਈ ਲੋਕ ਗਰੀਬੀ ਦੇ ਨਾਮ 'ਤੇ ਲਏ ਬਹੁਤਾਤ ਵਿੱਚ ਅਨਾਜ ਨੂੰ ਬਾਜ਼ਾਰ ਵਿੱਚ ਵੇਚ ਤੱਕ ਦਿੰਦੇ ਹਨ। ਕਈ ਵੰਡ ਕਿੱਟਾਂ ਤਾਂ ਵੱਡੇ ਵੱਡੇ ਮੁਹਤਬਰਾਂ ਦੇ ਘਰਾਂ ਵਿੱਚ ਮਿਲ ਜਾਂਦੀਆਂ ਹਨ। ਇਸ ਤੋਂ ਬਿਨਾਂ ਸਬੰਧਤ ਵੰਡ ਪ੍ਰਣਾਲੀ ਨਾਲ ਜੁੜੇ ਅਧਿਕਾਰੀ ਤੇ ਮੁਲਾਜ਼ਮ ਮੁਫ਼ਤਖੋਰੀ ਵਿੱਚੋਂ ਆਪਣਾ ਹਿੱਸਾ ਵੀ ਰੱਖਦੇ ਹਨ।

(ਬਾਕੀ ਸਫ਼ਾ 31 'ਤੇ)

# ਖਿੜੀ ਬਹਾਰ ਵੇ ਵਿਸਾਖ ਨਾ ਜਾਈਂ ਚੰਨਾ...






ਪੰਜਾਬ ਇੱਕ ਖੇਤੀ ਪ੍ਰਧਾਨ ਸੂਬਾ ਹੈ ਅਤੇ ਖੇਤੀਬਾੜੀ ਪੰਜਾਬ ਦੀ ਆਰਥਿਕਤਾ ਦਾ ਧੁਰਾ ਹੈ। ਪੰਜਾਬ ਦੀ ਵਧੇਰੇ ਵਸੋਂ ਖੇਤੀਬਾੜੀ ਅਤੇ ਇਸ ਨਾਲ ਸਬੰਧਿਤ ਕੰਮ ਧੰਦਿਆਂ ਨਾਲ ਜੁੜੀ ਹੋਈ ਹੈ। ਇਸੇ ਕਾਰਨ ਹਰ ਹਾੜ੍ਹੀ- ਸਾਉਣੀ ਦੇ ਸੀਜਨ ਦੌਰਾਨ ਫ਼ਸਲ ਵੇਚ ਕੇ ਜਿਥੇ ਪੰਜਾਬ ਦੇ ਕਿਸਾਨਾਂ ਦੇ ਘਰ ਪੂਰੇ ਸੀਜਨ ਦੀ ਆਮਦਨੀ ਆਉਂਦੀ ਹੈ। ਉਥੇ ਆੜ੍ਹਤੀਆਂ, ਖੇਤ ਮਜ਼ਦੂਰਾਂ, ਮੰਡੀਆਂ ਦੇ ਕਾਮਿਆਂ ਅਤੇ ਖੇਤੀ ਨਾਲ ਸਬੰਧਿਤ ਹੋਰ ਕੰਮ ਧੰਦਿਆਂ ਵਾਲਿਆਂ ਨੂੰ ਵੀ ਪੂਰੇ ਸੀਜਨ ਦੀ ਕਮਾਈ ਹੁੰਦੀ ਹੈ। ਵੈਸਾਖ ਮਹੀਨੇ ਕਣਕ ਦੀ ਫ਼ਸਲ ਪੂਰੀ ਤਰਾਂ ਪੱਕ ਚੁੱਕੀ ਹੁੰਦੀ ਹੈ ਅਤੇ ਇਸ ਮਹੀਨੇ ਕਣਕ ਦੀ ਫ਼ਸਲ ਨੂੰ ਮੰਡੀਆਂ ਵਿੱਚ ਵੇਚਣ ਤੋਂ ਬਾਅਦ ਕਿਸਾਨਾਂ ਦੇ ਘਰਾਂ ਵਿੱਚ ਪੂਰੇ ਸੀਜਨ ਦੀ ਆਮਦਨੀ ਆਉਂਦੀ ਹੈ। ਜਿਸ ਕਰਕੇ ਜਿਥੇ ਕਿਸਾਨਾਂ ਦੇ ਘਰਾਂ ਵਿੱਚ ਚੰਗੀ ਆਮਦਨ ਆਉਣ ਕਾਰਨ ਖੁਸ਼ੀਆਂ ਤੇ ਖੇੜੇ ਆ ਜਾਂਦੇ ਹਨ, ਉਥੇ ਇਸ ਆਮਦਨੀ ਨਾਲ ਜਦੋਂ ਕਿਸਾਨ ਖਰੀਦਦਾਰੀ ਕਰਦੇ ਹਨ ਅਤੇ ਕੱਪੜੇ, ਸੋਨੇ ਦੇ ਗਹਿਣੇ, ਬੱਚਿਆਂ ਲਈ ਪੋਸ਼ਾਕਾਂ, ਸੌਦਾ ਪੱਤਾ ਖਰੀਦਦੇ ਹਨ ਤਾਂ ਇਹ ਸਮਾਨ ਵੇਚਣ ਵਾਲਿਆਂ ਨੂੰ ਵੀ ਚੰਗੀ ਆਮਦਨੀ ਹੋ ਜਾਂਦੀ ਹੈ। ਇਸ ਕਾਰਨ ਵੈਸਾਖ ਨੂੰ ਕਮਾਈ ਜਾਂ ਆਮਦਨੀ ਘਰ ਲਿਆਉਣ ਦਾ ਮਹੀਨਾ ਵੀ ਕਿਹਾ ਜਾਂਦਾ ਹੈ। ਵੈਸਾਖ ਦੀ ਸੰਗਰਾਂਦ ਨੂੰ ਹੀ ਵਿਸਾਖੀ ਦਾ ਤਿਉਹਾਰ ਮਨਾਇਆ ਜਾਂਦਾ ਹੈ।

ਵੈਸਾਖ ਨੂੰ ਵਿਸਾਖ ਅਤੇ ਬਸਾਖ ਵੀ ਕਹਿ ਲਿਆ ਜਾਂਦਾ ਹੈ । ਮਾਲਵਾ ਇਲਾਕੇ ਵਿੱਚ ਵੈਸਾਖ ਮਹੀਨੇ ਨੂੰ ਆਮ ਬੋਲ ਚਾਲ ਵਿੱਚ ਬਸਾਖ ਹੀ ਕਿਹਾ ਜਾਂਦਾ ਹੈ।

ਚੰਦਰਵਰਸ਼ ਅਨੁਸਾਰ ਵੈਸਾਖ ਮਹੀਨੇ ਦੀ ਪੁੰਨਿਆ ਨੂੰ ਚੰਦ ਵਿਸ਼ਾਖਾ ਨਛੱਤਰ ਦੇ ਕੋਲ ਹੁੰਦਾ ਹੈ। ਇਸ ਲਈ ਇਸ ਮਹੀਨੇ ਨੂੰ ਸੰਸਕ੍ਰਿਤ ਵਿੱਚ ਵੈਸ਼ਾਖਾ ਕਿਹਾ ਜਾਂਦਾ ਹੈ। ਵਿਸ਼ਾਖਾ ਸਬਦ ਦੋ ਅਖਰਾਂ ਤੋਂ ਬਣਿਆ ਹੈ ਵਿ+ ਸ਼ਾਖਾ। ਵਿਸ਼ਾਖਾ ਦਾ ਸਾਬਦਿਕ ਅਰਥ ਸ਼ਾਖਾਵਾਂ ਵਾਲਾ ਜਾਂ ਕਈ ਟਾਹਣੀਆਂ ਵਾਲਾ ਹੁੰਦਾ ਹੈ। ਵਿਸ਼ਾਖਾ ਸਬਦ ਹੀ ਪੰਜਾਬੀ ਵਿਚ ਵੈਸਾਖ, ਵਿਸਾਖ ਦੇ ਰੂਪ ਵਿੱਚ ਮੌਜੂਦ ਹੈ।

ਸੂਫ਼ੀ ਕਾਵਿ, ਪੰਜਾਬੀ ਲੋਕ ਗੀਤਾਂ ਤੇ ਗਾਣਿਆਂ ਵਿੱਚ ਵੀ ਵੈਸਾਖ ਦਾ ਜ਼ਿਕਰ ਮਿਲਦਾ ਹੈ-

* ਬਸਾਖੀ ਦਾ ਦਿਨ ਕਠਨ ਹੈ ਜੋ ਸੰਗ ਮੀਤ ਨਾ ਹੋ ।
ਮੈਂ ਕਿਸ ਕੋ ਆਗੇ ਜਾ ਕਹੂੰ ਇਕ ਮੰਡੀ ਭਾ ਦੋ ।
ਤਾਂ ਮਨ ਭਾਵੇਂ ਸੁੱਖ ਬਸਾਖ, ਗੁੱਛੀਆਂ ਪਈਆਂ ਪੱਕੀ ਦਾਖ,
ਲਾਖੀ ਘਰ ਲੈ ਆਇਆ ਲਾਖ, ਤਾਂ ਮੈਂ ਬਾਤ ਨਾ ਸੱਕਾਂ ਆਖ,
ਕੌਂਤਾਂ ਵਾਲੀਆਂ ।
ਕੌਂਤਾਂ ਵਾਲੀਆਂ ਡਾਢਾ ਜ਼ੋਰ, ਹੁਣ ਮੈਂ ਝੁਰ ਝੁਰ ਹੋਈਆਂ ਹੋਰ,
ਕੰਡੇ ਪੁੜੇ ਕਲੇਜੇ ਜ਼ੋਰ, ਬੁੱਲ੍ਹਾ ਸ਼ੌਹ ਬਿਨ ਕੋਈ ਨਾ ਹੋਰ,
ਜਿਨ ਘੱਤ ਗਾਲੀਆਂ ।੮। (ਬਾਬਾ ਬੁੱਲ੍ਹੇ ਸ਼ਾਹ)

* ਓ ਟਾਹਲੀ ਦਿਓ ਪੱਤਿਓ ! ਚੜ੍ਹਿਆ ਆਣ ਵਿਸਾਖ
ਲਾਜ ਲਗਾਈ ਆਗੂਆਂ, ਗਈ ਕੌਮ ਦੀ ਸਾਖ ।(ਮੌਲਾ ਬਖ਼ਸ਼ ਕੁਸ਼ਤਾ )
* ਚੜ੍ਹੇ ਜੋ ਬਿਸਾਖ ਆਖੇ ਕਿਸ ਨੂੰ ਅਹਿਵਾਲ ਦੱਸਾਂ,
ਕੌਣ ਸਾਡੇ ਦਿਲ ਦੀਆਂ ਜਾਣੇ ਬਾਝ ਰੱਬ ਦੇ
ਇਕ ਵਾਰ ਆਈ ਹਾਂ ਵਿਸਾਰ ਯਾਰ ਆਪਣੇ ਨੂੰ,
ਫ਼ਿਰ ਹੋਊ ਮੇਲਾ ਕਦੇ ਨਾਲ ਹੀ ਸਬੱਬ ਦੇ
ਪੁਛਦੀ ਗੁਆਂਢਣਾਂ ਨੂੰ ਹੀਰ ਪਰੇਸ਼ਾਨ ਹੋਈ,
ਮਾਹੀ ਸਾਨੂੰ ਮਿਲੇ ਕਿਸ ਨਾਲ ਹੀ ਕਰਤੱਬ ਦੇ
ਆਵੀਂ ਭਗਵਾਨ ਸਿੰਘਾ ਮੁਖੜਾ ਦਿਖਾਵੀਂ ਮੈਨੂੰ,
ਜਾਨ ਬਾਝ ਤੇਰੇ ਮੇਰੀ ਹੋਈ ਉਤੇ ਲਬ ਦੇ ।੨।
(ਬਾਰਾਂਮਾਹ-ਹੀਰ ਭਗਵਾਨ ਸਿੰਘ)

* ਚੜ੍ਹੇ ਵੈਸਾਖ ਮਹੀਨੇ ਮੈਨੂੰ, ਖੁਸ਼ੀ ਨਾ ਕੋਈ ਭਾਂਦੀ ਏ ।
ਸੇਜ ਫ਼ੁੱਲਾਂ ਦੀ ਸੀਨੇ ਅੰਦਰ, ਸੌ ਸੌ ਸੂਲਾਂ ਲਾਂਦੀ ਏ ।
ਸੂਲ ਸੂਲ ਵਿਚ ਸੌ ਸੌ ਸੂਲੀ, ਜਿਗਰੋਂ ਰੱਤ ਚਲਾਂਦੀ ਏ ।
ਦਿਨ ਰੋਵੇ ਇਹ 'ਸ਼ਰਫ਼' ਵਿਚਾਰੀ ਰਾਤੀਂ ਹਾਲ ਵੰਜਾਂਦੀ ਏ ।
(ਬਾਬੂ ਫ਼ਿਰੋਜ਼ਦੀਨ ਸ਼ਰਫ਼)

* ਚੜ੍ਹਿਆ ਮਹੀਨਾ ਵਸਾਖ ਅੰਬੇ ਪੱਕੀ ਦਾਖ,
ਅੰਬੇ ਰਸ ਚੋ ਪਿਆ ।



ਪ ਿ ਅ ਾ
ਗਿਆ ਪਰਦੇਸ ਕਿ ਜੀਊੜਾ ਰੋ ਪਿਆ ।
* ਵਿਸਾਖ ਨਾ ਜਾਈਂ ਚੰਨਾ, ਚੰਬਾ ਮੌਲਿਆ
* ਵੈਸਾਖ ਪੱਕੀ ਦਾਖ ਕੱਚੀ ਇਕ ਤੋੜ ਨਾ ਸਕਾਂ,
ਜੀ ਲਾਲ ਪ੍ਰਦੇਸ, ਉਸਨੂੰ ਰੱਬ ਦੀਆਂ ਰੱਖਾਂ॥

ਵੈਸਾਖ ਮਹੀਨੇ ਬਸੰਤ ਰੁੱਤ ਵੀ ਆਪਣੇ ਪੂਰੇ ਜੋਬਨ ਵਿੱਚ ਆ ਕੇ ਪੈਲਾਂ ਪਾ ਰਹੀ ਹੁੰਦੀ ਹੈ। ਇਸ ਮਹੀਨੇ ਅੰਬੀਆਂ ਨੂੰ ਪਿਆ ਬੂਰ ਅਤੇ ਪੱਕੀਆਂ ਅੰਬੀਆਂ ਤੇ ਅੰਬਾਂ ਕਾਰਨ ਅੰਬਾਂ ਦੇ ਰੁੱਖਾਂ ਨਾਲ ਖਹਿ ਖਹਿ ਕੇ ਆਉਂਦੀ ਹਵਾ ਵੀ ਖੁਸ਼ਬੋਆਂ ਵੰਡਦੀ ਆਉਂਦੀ ਹੈ। ਅੰਬਾਂ ਦੇ ਰੁੱਖਾਂ ਦੀਆਂ ਡਾਲੀਆਂ ਅਤੇ ਪੱਤਿਆਂ ਨਾਲ ਖਹਿ ਕੇ ਲੰਘੀ ਠੰਡੀ ਵਾਅ ਸਾਡੇ ਘਰਾਂ-ਦਰਾਂ ਅੰਦਰ ਆ ਕੇ ਸਾਡੇ ਘਰਾਂ ਅੰਦਰ ਵਿੱਚ ਵੀ ਮਹਿਕਾਂ ਖਿਲਾਰ ਦਿੰਦੀ ਹੈ। ਇਸ ਮੌਸਮ ਵਿੱਚ ਹਰ ਪਾਸਾ ਹੀ ਰੁਸ਼ਨਾਇਆ ਲੱਗਦਾ ਹੈ। ਇਸ ਮਹੀਨੇ ਜਿਥੇ ਕਣਕ ਕੱਟਣ ਵੇਲੇ ਕਿਸਾਨਾਂ - ਮਜਦੂਰਾਂ ਦੀਆਂ ਭੀੜਾਂ ਖੇਤਾਂ ਵਿੱਚ ਵੇਖਣ ਨੂੰ ਮਿਲਦੀਆਂ ਹਨ ਉਥੇ ਹੀ ਵੱਡੀ ਗਿਣਤੀ ਵਿੱਚ ਪੰਛੀ ਅਤੇ ਜਨੌਰ ਵੀ ਖੇਤਾਂ ਵਿੱਚ ਹੀ ਉਡਾਰੀਆਂ ਮਾਰਦੇ ਫ਼ਿਰਦੇ ਹਨ ਅਤੇ ਮੌਕਾ ਮਿਲਣ 'ਤੇ ਕਣਕ ਦੇ ਦਾਣੇ ਚੁਗਦੇ ਰਹਿੰਦੇ ਹਨ। ਇਹਨਾਂ ਪੰਛੀਆਂ ਨੂੰ ਵੱਡੀ ਗਿਣਤੀ ਕਿਸਾਨ ਵੀ ਕੁਝ ਨਹੀਂ ਕਹਿੰਦੇ ਅਤੇ ਉਹ ਕਹਿੰਦੇ ਹਨ ਕਿ ਹਰ ਇੱਕ ਨੇ ਆਪਣੇ ਭਾਗਾਂ ਦਾ ਖਾਣਾ ਹੈ। ਵੈਸਾਖ ਮਹੀਨੇ ਜਿਥੇ ਰੁੱਖਾਂ ਦੀਆਂ ਨਵੀਆਂ ਟਾਹਣੀਆਂ ਆ ਗਈਆਂ ਹੁੰਦੀਆਂ ਹਨ ਉਥੇ ਹੀ ਨਵੀਆਂ ਟਾਹਣੀਆਂ ਉੱਪਰ ਲੱਗੇ ਨਵੇਂ ਨਵੇਂ ਤੇ ਕੂਲੇ ਕੂਲੇ ਪੱਤੇ ਵੀ ਹਰ ਇੱਕ ਦਾ ਦਿਲ ਮੋਹ ਲੈਂਦੇ ਹਨ।

ਵੈਸਾਖ ਮਹੀਨਾ ਦੇਸੀ ਸਾਲ ਦੇ ਮਹੀਨਿਆਂ ਵਿੱਚ ਆਪਣਾ ਵੱਖਰਾ ਅਤੇ ਵਿਸ਼ੇਸ ਮਹੱਤਵ ਰੱਖਦਾ ਹੈ। ਵੈਸਾਖ ਮਹੀਨਾ ਪੂਰੇ 31 ਦਿਨਾਂ ਦਾ ਹੁੰਦਾ



ਹੈ। ਵੈਸਾਖ ਮਹੀਨੇ ਖੇਤਾਂ ਵਿੱਚ ਹਰੇ ਤੋਂ ਸੁਨਿਹਰੀ ਰੰਗ ਵਟਾ ਕੇ ਕਣਕਾਂ ਲਹਿਰਾਉਂਦੀਆਂ ਹਨ, ਜਿਹਨਾਂ ਉਪਰ ਕੁਦਰਤ ਨੱਚਦੀ ਅਤੇ ਗਾਉਂਦੀ ਹੈ। ਪੂਰੇ ਪੰਜਾਬ ਵਿੱਚ ਹੀ ਸੋਨੇ ਰੰਗੀਆਂ ਕਣਕਾਂ ਵੇਖ ਕੇ ਪੰਜਾਬ ਨੂੰ ਸੋਨੇ ਦੀ ਚਿੜੀ ਕਿਹਾ ਜਾ ਸਕਦਾ ਹੈ।

ਵੈਸਾਖ ਮਹੀਨੇ ਹੀ ਕੱਟੀ ਗਈ ਕਣਕ ਦੀ ਫ਼ਸਲ ਮੰਡੀਆਂ ਵਿੱਚ ਆਉਂਦੀ ਹੈ ਅਤੇ ਮੰਡੀਆਂ ਵਿੱਚ ਵੀ ਰੌਣਕਾਂ ਲੱਗ ਜਾਂਦੀਆਂ ਹਨ। ਫ਼ਸਲ ਵੇਚ ਕੇ ਜਦੋਂ ਕਿਸਾਨ ਘਰ ਜਾਂਦੇ ਹਨ ਤਾਂ ਉਹ ਆਪਣੇ ਆਪ ਨੂੰ ਦੁਨੀਆਂ ਦਾ ਕੋਈ ਬਾਦਸ਼ਾਹ ਹੀ ਸਮਝਦੇ ਹਨ ਕਿਉਂਕਿ ਪੂਰੇ ਸੀਜਣ ਦੀ ਕਮਾਈ ਉਹਨਾਂ ਦੇ ਬੋਝੇ ਵਿੱਚ ਹੁੰਦੀ ਹੈ। ਪੰਜਾਬ ਵਿੱਚ ਬਹੁਗਿਣਤੀ ਲੋਕ ਖੇਤੀ ਅਤੇ ਖੇਤੀ ਨਾਲ ਸਬੰਧਿਤ ਕਿੱਤਿਆਂ ਨਾਲ ਜੁੜੇ ਹੋਏ ਹਨ , ਇਸ ਕਰਕੇ ਜਦੋਂ ਕਿਸਾਨਾਂ ਕੋਲ ਫ਼ਸਲ ਵੇਚ ਕੇ ਪੈਸੇ ਆਉਂਦੇ ਹਨ ਤਾਂ ਉਹ ਆੜ੍ਹਤੀਆਂ ਤੋਂ ਬਾਅਦ ਤਰਖਾਣਾਂ, ਰਾਜ ਮਿਸਤਰੀਆਂ, ਲੋਹਾਰਾਂ, ਕਰਿਆਣੇ ਦੇ ਦੁਕਾਨਦਾਰਾਂ ਅਤੇ ਹੋਰ ਕੰਮਾਂ ਕਾਰਾਂ ਵਾਲਿਆਂ ਨਾਲ ਆਪਣਾ ਸਾਲ ਭਰ ਦਾ ਹਿਸਾਬ ਨਿਬੇੜਦੇ ਹਨ, ਇਸ ਤਰਾਂ ਕਿਸਾਨਾਂ ਦੇ ਨਾਲ ਨਾਲ ਹੋਰਨਾਂ ਵਰਗਾਂ ਨਾਲ ਸਬੰਧਿਤ ਲੋਕਾਂ ਦੇ ਘਰ ਵਿੱਚ ਵੈਸਾਖ ਮਹੀਨੇ ਦੌਰਾਨ ਪੂਰੇ ਸਾਲ ਭਰ ਦੀ ਕਮਾਈ ਆ ਜਾਂਦੀ ਹੈ। ਇਸ ਤਰਾਂ ਵੈਸਾਖ ਮਹੀਨੇ ਨੂੰ ਕਮਾਈ ਘਰ ਲਿਆਉਣ ਦਾ ਮਹੀਨਾ ਵੀ ਕਿਹਾ ਜਾਂਦਾ ਹੈ।

ਕਈ ਵਾਰ ਵੈਸਾਖ ਮਹੀਨੇ ਬਰਸਾਤ ਵੀ ਪੈ ਜਾਂਦੀ ਹੈ, ਇਸ ਬਰਸਾਤ ਕਾਰਨ ਸਿਰਫ਼ ਕਣਕ ਦੀ ਪੱਕੀ ਫ਼ਸਲ, ਸਰੋਂ ਤੇ ਹੋਰ ਫ਼ਸਲਾਂ ਹੀ ਖੇਤਾਂ ਵਿੱਚ ਨਹੀਂ ਵਿਛਦੀਆਂ, ਸਗੋਂ ਕਿਸਾਨਾਂ ਦੇ ਸੁਪਨੇ, ਚਾਅ, ਖੁਸ਼ੀਆਂ ਅਤੇ ਸੱਧਰਾਂ ਵੀ ਵਿਛ ਜਾਂਦੇ ਹਨ।







# ਪੰਜ ਦਰਿਆਵਾਂ ਦੀ ਧਰਤੀ ਮਾਰੂਥਲ ਬਣਨ ਦੇ ਕਿਨਾਰੇ ਪੁੱਜੀ

## ਪੰਜਾਬ ਦੇ ਕੁੱਲ 138 ਬਲਾਕਾਂ ਵਿੱਚੋਂ 11 ਦਾ ਧਰਤੀ ਹੇਠਲਾ ਪਾਣੀ ਲਗਭਗ ਖ਼ਤਮ

ਲਵਪ੍ਰੀਤ ਸਿੰਘ

ਅੱਜ ਦੁਨੀਆਂ ਵਿੱਚ ਜਿਹੜੀ ਮਹੱਤਵਪੂਰਨ ਚੀਜ਼ ਹੈ, ਉਹ ਹੈ ਪਾਣੀ। ਪੰਜਾਬ ਪੰਜ ਦਰਿਆਵਾਂ ਦੀ ਧਰਤੀ ਅੱਜ ਮਾਰੂਥਲ ਬਣਨ ਦੇ ਕਿਨਾਰੇ ਪੁੱਜ ਚੁੱਕੀ ਹੈ। ਪੰਜਾਬ ਦੇ ਕੁੱਲ 138 ਬਲਾਕਾਂ ਵਿੱਚੋਂ 11 ਦਾ ਧਰਤੀ ਹੇਠਲਾ ਪਾਣੀ ਲਗਪਗ ਖ਼ਤਮ ਹੈ। ਨਾਸਾ ਨੇ ਇਹ ਗੱਲ ਸਾਫ਼ ਕਰ ਦਿੱਤੀ ਹੈ ਕਿ ਪੰਜਾਬ ਕੋਲ ਕੁਝ ਸਾਲਾਂ ਦਾ ਹੀ ਪਾਣੀ ਬਚਿਆ ਹੈ। ਹੁਣ ਸਵਾਲ ਇਹ ਨਹੀਂ ਕਿ ਪੰਜਾਬ ਮਾਰੂਥਲ ਬਣ ਜਾਵੇਗਾ ਜਾਂ ਨਹੀਂ, ਹੁਣ ਤਾਂ ਗੱਲ ਇਹ ਹੈ ਕਿ ਇਸ ਸਭ ਲਈ ਕਿੰਨਾ ਸਮਾਂ ਰਹਿ ਗਿਆ ਹੈ। ਪੰਜਾਬੀਆਂ ਨੂੰ ਇਸ ਗੱਲ ਦਾ ਪਤਾ ਹੀ ਨਹੀਂ ਕਿ ਉਨ੍ਹਾਂ ਨਾਲ ਕੀ ਹੋਣ ਜਾ ਰਿਹਾ ਹੈ। ਪੰਜ ਦਰਿਆਵਾਂ ਦੀ ਧਰਤੀ ਮਾਰੂਥਲ ਬਣ ਜਾਵੇਗੀ, ਇਹ ਕਿੱਦਾਂ ਹੋ ਗਿਆ? ਇਸ ਬੁਝਾਰਤ ਨੂੰ ਸਮਝਣ ਲਈ ਸਾਨੂੰ 75-76 ਸਾਲ ਪਿੱਛੇ ਜਾਣਾ ਪੈਣਾ ਹੈ। ਪੰਜਾਬ ਵਿੱਚ ਇਹ ਬਰਬਾਦੀ ਤਾਂ ਆਜ਼ਾਦੀ ਮਿਲਣ ਦੇ ਨਾਲ ਹੀ ਸ਼ੁਰੂ ਹੋ ਗਈ ਸੀ ਪੰਜਾਬ ਦੇ ਦਰਿਆਵਾਂ ਨੂੰ ਲੁੱਟਣ ਦੇ ਮਾਸਟਰ ਪਲਾਨ ਤਹਿਤ। ਸੰਨ 1947 ਤੋਂ ਪਹਿਲਾਂ ਪੰਜਾਬ ਤੋਂ ਬਾਹਰ ਪਾਣੀ ਜਾਂਦਾ ਸੀ। ਉਹ ਬੀਕਾਨੇਰ (ਰਾਜਸਥਾਨ) ਨੂੰ ਫਿਰੋਜ਼ਪੁਰ ਤੋਂ ਨਹਿਰ ਰਾਹੀਂ ਜਾਂਦਾ ਸੀ। ਇਹ ਨਹਿਰ ਪੰਜਾਬ ਤੋਂ ਬਾਹਰ ਜਾਂਦੀ ਸੀ।

ਉਹ ਪਾਣੀ ਮੁਫ਼ਤ ਨਹੀਂ ਸੀ। ਬੀਕਾਨੇਰ ਦਾ ਰਾਜਾ ਪੈਸੇ ਦਿੰਦਾ ਸੀ। ਪੰਜਾਬ ਨੂੰ 1947 ਤੱਕ ਉਸ ਦੇ ਪੈਸੇ ਮਿਲਦੇ ਰਹੇ। ਸੰਨ 1947 ਤੋਂ ਬਾਅਦ ਭਾਰਤ ਸਰਕਾਰ ਨੇ ਸਭ ਤੋਂ ਪਹਿਲਾਂ ਕੰਮ ਇਹੀ ਕੀਤਾ ਕਿ ਜਿਹੜਾ ਬੀਕਾਨੇਰ (ਰਾਜਸਥਾਨ) ਨੂੰ ਪਾਣੀ ਜਾਂਦਾ ਸੀ, ਉਹ ਮੁਫ਼ਤ ਕਰ ਦਿੱਤਾ। ਸਿਰਫ਼ ਇੰਨਾ ਹੀ ਨਹੀਂ, 1950 ਵਿੱਚ ਪੰਡਿਤ ਜਵਾਹਰਲਾਲ ਨਹਿਰੂ ਦੇ ਸਮੇਂ ਪੰਜਾਬ ਦੇ ਦਰਿਆਵਾਂ ਨੂੰ ਜਿਹੜੀ ਜੋੜਨ ਦੀ ਮਾਸਟਰ ਪਲਾਨ ਦੀ ਤਿਆਰੀ ਸ਼ੁਰੂ ਹੋਈ ਸੀ, ਉਂਝ ਤਾਂ ਉਸ ਦਾ ਬਲਿਊ ਪ੍ਰਿੰਟ 1948 ਵਿੱਚ ਤਿਆਰ ਹੋ ਗਿਆ ਸੀ ਪਰ 1950 ਵਿੱਚ ਇਸ ਦਾ ਕੰਮ ਪੂਰੀ ਤਰ੍ਹਾਂ ਸ਼ੁਰੂ ਹੋ ਗਿਆ ਸੀ। ਉਦੋਂ ਗੁਲਜ਼ਾਰੀ ਲਾਲ ਨੰਦਾ ਕੇਂਦਰ ਸਰਕਾਰ ਵਿੱਚ ਊਰਜਾ ਅਤੇ ਸਿੰਚਾਈ ਮੰਤਰੀ ਸਨ। ਉਹ ਪਲਾਨਿੰਗ ਕਮਿਸ਼ਨ ਦੇ ਵਾਈਸ ਚੇਅਰਮੈਨ ਵੀ ਸਨ। ਉਨ੍ਹਾਂ ਦੀ ਦੇਖ-ਰੇਖ ਵਿੱਚ ਦੋ ਵੱਡੇ ਪ੍ਰਾਜੈਕਟ ਚੱਲੇ ਜਿਨ੍ਹਾਂ 'ਚੋਂ ਇੱਕ ਭਾਖੜਾ ਨੰਗਲ ਸੀ ਤੇ ਦੂਜਾ ਬਿਆਸ ਪ੍ਰਾਜੈਕਟ ਸੀ। ਜਿਸ ਲਈ ਉਨ੍ਹਾਂ ਨੇ ਬਿਆਸ-ਸਤਲੁਜ ਲਿੰਕ ਨਹਿਰ ਕੱਢੀ। ਹਿਮਾਚਲ ਪ੍ਰਦੇਸ਼ ਵਿੱਚ ਮੰਡੀ ਦੇ ਕੋਲ ਪੰਡੋਹ ਡੈਮ 'ਤੇ ਬਿਆਸ ਦੇ ਪਾਣੀ ਨੂੰ ਬੰਨ੍ਹ ਲਾ ਲਿਆ। ਉੱਥੇ ਤੋਂ 12 ਕਿੱਲੋਮੀਟਰ ਲੰਬੀ ਸੁਰੰਗ ਪੁੱਟੀ। ਫਿਰ ਸੁੰਦਰਨਗਰ ਤੱਕ 20 ਕਿੱਲੋਮੀਟਰ ਤੱਕ ਓਪਨ ਚੈਨਲ ਹੈ (ਖੁੱਲ੍ਹੀ ਨਹਿਰ) ਜਿਸ ਰਾਹੀਂ ਪਾਣੀ ਲੈ ਕੇ ਗਏ। ਉਕਤ ਨਹਿਰ ਤੋਂ ਅੱਗੇ ਫਿਰ ਸਤਲੁਜ ਤੱਕ 12 ਕਿੱਲੋਮੀਟਰ ਲੰਬੀ ਸੁਰੰਗ ਹੈ। ਇਹ ਸਾਰਾ ਸਤਲੁਜ ਤੇ ਬਿਆਸ ਦਾ ਪਾਣੀ ਹੈ ਜਿਸ ਨੂੰ ਭਾਖੜਾ ਡੈਮ ਨਾਲ ਰੋਕਿਆ ਗਿਆ ਹੈ। ਫਿਰ ਇਹ ਪਾਣੀ ਪੱਕੀਆਂ ਨਹਿਰਾਂ ਰਾਹੀਂ ਪੰਜਾਬ ਤੋਂ ਬਾਹਰ ਜਾਂਦਾ ਹੈ। ਇਹ ਜਿਹੜੀ ਭਾਖੜਾ ਮੇਨ ਲਾਈਨ ਹੈ 1954 ਦੀ ਨਿਕਲੀ ਹੋਈ ਇਸ ਨਹਿਰ ਰਾਹੀਂ ਦਿੱਲੀ, ਹਰਿਆਣਾ ਤੇ ਰਾਜਸਥਾਨ ਤੱਕ ਪਾਣੀ ਜਾਂਦਾ ਹੈ। ਸਤਲੁਜ ਤਾਂ ਨਾਮ ਦਾ ਹੀ ਦਰਿਆ ਹੈ। ਇਸ ਵਿੱਚ ਤਾਂ ਪਾਣੀ ਉਦੋਂ ਆਉਂਦਾ ਹੈ ਜਦੋ ਹੜ੍ਹ ਆਉਣੇ ਹੋਣ ਜਾਂ ਜਦੋਂ ਭਾਖੜਾ ਬੰਨ੍ਹ ਤੋਂ ਪਾਣੀ ਛੱਡਿਆ ਜਾਂਦਾ ਹੈ। ਰਾਵੀ ਦਰਿਆ ਦੇ ਪਾਣੀ ਨੂੰ ਪਠਾਨਕੋਟ ਦੇ ਮਾਧੋਪੁਰ ਰਾਵੀ-ਬਿਆਸ ਲਿੰਕ ਨਹਿਰ ਪੁੱਟ ਕੇ ਬਿਆਸ ਦਰਿਆ ਵਿੱਚ ਪਾਇਆ ਗਿਆ। ਨਾਲ ਉੱਧਰ ਫਿਰੋਜ਼ਪੁਰ ਤੋਂ ਥੋੜ੍ਹਾ ਜਿਹਾ ਉੱਪਰ ਹਰੀਕੇ ਪੱਤਣ ਹੈ



ਜਿੱਥੇ ਬਿਆਸ ਤੇ ਸਤਲੁਜ ਆਪਸ ਵਿਚ ਮਿਲਦੇ ਨੇ, ਉੱਥੇ ਡੈਮ ਬਣਾ ਲਿਆ। ਹਰੀਕੇ 'ਤੇ ਰਾਵੀ, ਬਿਆਸ ਅਤੇ ਸਤਲੁਜ ਦਾ ਪਾਣੀ ਰੋਕ ਲਿਆ। ਹਰੀਕੇ ਤੋਂ ਦੋ ਪੱਕੀਆਂ ਨਹਿਰਾਂ ਕੱਢੀਆਂ ਗਈਆਂ ਰਾਜਸਥਾਨ ਲਈ। ਇੱਕ ਤਾਂ 1953 ਵਿੱਚ ਅਤੇ ਦੂਜੀ ਇੰਦਰਾ ਗਾਂਧੀ ਨਹਿਰ 1961 ਵਿੱਚ ਨਿਕਲੀ ਜਿਹੜੀ ਜੈਸਲਮੇਰ ਤੱਕ ਜਾਂਦੀ ਹੈ ਪੰਜਾਬ ਦਾ ਪਾਣੀ ਲੈ ਕੇ। ਭਾਰਤ ਸਰਕਾਰ ਨੇ ਰਾਜਸਥਾਨ ਦੇ ਥਾਰ ਮਾਰੂਥਲ ਦੀ



ਸਿੰਚਾਈ ਲਈ ਹਰੀਕੇ ਤੋਂ ਦੋ ਪੱਕੀਆਂ ਨਹਿਰਾਂ ਕੱਢਣ ਦੀ ਮੰਗ ਵਰਲਡ ਬੈਂਕ ਸਾਹਮਣੇ ਰੱਖੀ ਸੀ। ਵਰਲਡ ਬੈਂਕ ਤਾਂ ਇਹ ਆਖਦਾ ਸੀ, "ਇਹ ਪੰਜਾਬ ਦੀ ਵੀ ਬਰਬਾਦੀ ਹੈ ਤੇ ਪਾਣੀਆਂ ਦੀ ਵੀ।" ਉਸ ਵੱਲੋਂ ਇਹ ਪ੍ਰਸਤਾਵ ਰੱਦ ਕਰਨ ਦੇ ਬਾਵਜੂਦ ਇਹ ਨਹਿਰਾਂ ਕੱਢੀਆਂ ਗਈਆਂ।

650 ਕਿੱਲੋਮੀਟਰ ਲੰਬੀ ਇਹ ਨਹਿਰ ਬੀਕਾਨੇਰ ਤੇ ਜੈਸਲਮੇਰ ਦੇ ਮਾਰੂਥਲ ਨੂੰ ਆਬਾਦ ਕਰਨ ਲਈ ਜਾਂਦੀ ਹੈ। ਜਦੋਂ ਲੰਬੇ ਸੰਘਰਸ਼ ਤੋਂ ਬਾਅਦ ਪੰਜਾਬੀ ਸੂਬਾ ਬਣਾਉਣ ਦੀ ਮੰਗ ਮੰਨ ਲਈ ਗਈ ਤਾਂ ਕੇਂਦਰ ਸਰਕਾਰ ਨੇ ਪੰਜਾਬ ਦੇ ਦਰਿਆਵਾਂ ਦੇ ਪਾਣੀਆਂ ਨੂੰ ਫਿਰ ਆਪਣੇ ਅਧਿਕਾਰ ਖੇਤਰ ਵਿੱਚ ਰੱਖ ਲਿਆ। ਸਾਫ਼ ਗੱਲ ਇਹ ਹੈ ਕਿ ਪੰਜਾਬ ਕਦੇ ਦਿੱਲੀ ਦੀ ਮਨਜ਼ੂਰੀ ਤੋਂ ਬਿਨਾਂ ਇੱਕ ਸੂਆ ਵੀ ਨਹੀਂ ਪੁੱਟ ਸਕਦਾ। ਪੰਜਾਬ ਦੇ ਕੁੱਲ ਪਾਣੀਆਂ ਦਾ 75.5% ਤੋਂ ਵੀ ਵੱਧ ਹਿੱਸਾ ਕੇਂਦਰ ਸਰਕਾਰ ਨੇ ਪੰਜਾਬ ਤੋਂ ਖੋਹ ਕੇ ਬਾਕੀ ਸੂਬਿਆਂ ਦੇ ਹਵਾਲੇ ਕਰ ਦਿੱਤਾ ਹੈ, ਉਹ ਵੀ ਮੁਫ਼ਤ। ਪੰਜਾਬ ਦੇ ਕੁੱਲ 17 ਮਿਲੀਅਨ ਏਕੜ ਫੁੱਟ ਪਾਣੀ ਵਿੱਚੋਂ ਪੰਜਾਬ ਲਈ ਬਚਿਆ ਸਿਰਫ਼ 4.22 ਮਿਲੀਅਨ ਏਕੜ ਫੁੱਟ ਪਾਣੀ। ਮਤਲਬ ਚੌਥੇ ਹਿੱਸੇ ਤੋਂ ਵੀ ਘੱਟ। ਪੰਜਾਬ ਦਾ ਕੋਈ ਸਮਝੌਤਾ ਨਹੀਂ ਸੀ, ਕੋਈ ਸਹਿਮਤੀ ਨਹੀਂ ਸੀ, ਬਸ ਇੰਦਰਾ ਗਾਂਧੀ ਨੇ ਫੁਰਮਾਨ ਜਾਰੀ ਕਰ ਦਿੱਤਾ ਸੀ। ਉਸ ਸਮੇਂ ਪੰਜਾਬ ਦੇ ਮੁੱਖ ਮੰਤਰੀ ਗਿਆਨੀ ਜੈਲ ਸਿੰਘ ਸਨ ਜਦੋਂ 24 ਮਾਰਚ 1974 ਨੂੰ ਭਾਰਤ ਸਰਕਾਰ ਨੇ ਪੰਜਾਬ ਦਾ 75% ਤੋਂ ਵੀ ਜ਼ਿਆਦਾ ਪਾਣੀ ਲੁੱਟ ਲਿਆ ਤੇ ਪੰਜਾਬ ਨੂੰ ਬਰਬਾਦ ਕਰ ਦਿੱਤਾ। ਪੰਜਾਬ ਨੇ ਆਪਣੀਆਂ ਫ਼ਸਲਾਂ ਦੀਆਂ ਜ਼ਰੂਰਤ ਨੂੰ ਪੂਰਾ ਕਰਨ ਲਈ ਧਰਤੀ ਹੇਠਲੇ ਪਾਣੀ ਨੂੰ ਕੱਢਣਾ ਸ਼ੁਰੂ ਕਰ ਦਿੱਤਾ ਤੇ ਹੋਰਨਾਂ ਸੂਬਿਆਂ ਨੂੰ ਆਪਣਾ ਪਾਣੀ ਮੁਫ਼ਤ ਦੇ ਰਿਹਾ ਹੈ। ਪੰਜਾਬ ਨੂੰ ਇਸ ਸਮੇਂ 79 ਮਿਲੀਅਨ ਏਕੜ ਫੁੱਟ ਪਾਣੀ ਦੀ ਜ਼ਰੂਰਤ ਹੈ ਜਿਸ ਵਿੱਚ 54 ਮਿਲੀਅਨ ਏਕੜ ਫੁੱਟ ਪਾਣੀ ਖੇਤੀਬਾੜੀ ਕਰਨ ਲਈ, 10 ਮਿਲੀਅਨ ਏਕੜ ਫੁੱਟ ਸ਼ਹਿਰਾਂ ਦੀਆਂ ਲੋੜਾਂ ਪੂਰੀਆਂ ਕਰਨ ਲਈ ਅਤੇ 5 ਮਿਲੀਅਨ ਏਕੜ ਫੁੱਟ ਸਾਡੇ ਕਾਰੋਬਾਰ ਕਰਨ ਲਈ ਖ਼ਪਤ ਹੁੰਦਾ ਹੈ। ਇੱਕ ਮਿਲੀਅਨ ਏਕੜ ਫੁੱਟ ਪਾਣੀ ਦਾ ਭਾਵ ਇਹ ਹੈ ਕਿ 10 ਲੱਖ ਏਕੜ ਵਿੱਚ ਇੱਕ ਹਜ਼ਾਰ ਗੀਗਾ ਲੀਟਰ ਪਾਣੀ ਭਰਿਆ ਹੋਵੇ।

ਜੇ ਪੰਜਾਬ ਦੇ ਕੁੱਲ ਦਰਿਆਵਾਂ ਦੇ ਪਾਣੀ ਦਾ ਹਿਸਾਬ ਲਾਈਏ ਤਾਂ ਜਿੰਨੀ ਸਾਡੀ ਇੱਕ ਸਾਲ ਦੀ ਜ਼ਰੂਰਤ ਹੈ, ਉਸ ਦੇ ਹਿਸਾਬ ਨਾਲ ਸਾਡਾ ਅੱਧਾ ਪਾਣੀ ਵੀ ਪੂਰਾ ਨਹੀਂ ਹੁੰਦਾ। ਹੁਣ ਇਹ ਦੇਖ ਲਓ ਕਿ ਜਿਹੜੇ ਕਿਸਾਨਾਂ ਨੂੰ ਨਹਿਰੀ ਪਾਣੀ ਮਿਲਦਾ ਹੈ, ਉਹ ਉਸ ਦਾ ਖ਼ਰਚਾ ਦਿੰਦੇ ਹਨ। ਜਿਹੜਾ ਪੰਜਾਬ ਦਾ ਆਪਣਾ ਪਾਣੀ ਬਾਹਰਲੇ ਸੂਬਿਆਂ ਨੂੰ ਜਾ ਰਿਹਾ ਹੈ, ਉਹ ਜਾ ਰਿਹਾ ਹੈ। ਉਹ ਵੀ ਉਸ ਸਮੇਂ ਜਦੋਂ ਪੰਜਾਬ ਬੂੰਦ-ਬੂੰਦ ਨੂੰ ਤਰਸ ਰਿਹਾ ਹੈ। ਇੰਦਰਾ ਗਾਂਧੀ ਦੇ ਇਸ ਧੱਕੇ ਨਾਲ ਤਾਂ ਸ੍ਰੀ ਅਨੰਦਪੁਰ ਸਾਹਿਬ ਦੇ ਮਤੇ ਦਾ ਜਨਮ ਹੋਇਆ ਸੀ। ਇੱਕ ਪਾਸੇ ਤਾਂ ਪੰਜਾਬ ਦਾ ਪਾਣੀ ਬਾਹਰਲੇ ਸੂਬਿਆਂ ਨੂੰ ਜਾ ਰਿਹਾ ਹੈ, ਦੂਜੇ ਪਾਸੇ ਪੰਜਾਬ ਦਾ ਕਿਸਾਨ ਧਰਤੀ ਹੇਠਲੇ ਪਾਣੀ ਨੂੰ ਮੋਟਰਾਂ ਤੇ ਸਬਮਰਸੀਬਲ ਪੰਪਾਂ ਨਾਲ ਕੱਢਣ ਲਈ ਮਜਬੂਰ ਹੈ। ਅੱਜ ਦੇ ਸਮੇਂ ਪੰਜਾਬ ਵਿੱਚ 15 ਤੋਂ 20 ਲੱਖ ਟਿਊਬਵੈੱਲ ਹਨ। ਦੁਨੀਆਂ ਵਿੱਚ ਬਹੁਤ ਘੱਟ ਪੰਜਾਬ ਵਰਗੇ ਖੇਤਰ ਹਨ ਜਿਨ੍ਹਾਂ ਦੇ ਹੇਠਾਂ ਕੁਦਰਤ ਨੇ ਪਾਣੀ ਦਿੱਤਾ ਹੈ। ਪਹਿਲਾਂ ਧਰਤੀ ਹੇਠਲੇ ਪਾਣੀ ਦਾ ਪੱਧਰ 20-25 ਫੁੱਟ ਡੂੰਘਾਈ 'ਤੇ ਮੌਜੂਦ ਸੀ ਜਿਸ ਦੀ ਵਰਤੋਂ ਖੂਹਾਂ ਤੇ ਹੱਥ ਵਾਲੇ ਨਲਕਿਆਂ ਨਾਲ ਕੀਤੀ ਜਾਂਦੀ ਰਹੀ ਹੈ। ਪੰਜਾਬ ਦੀ ਧਰਤੀ ਦੀ ਪਾਣੀ ਦੀ ਪਹਿਲੀ ਪਰਤ ਤਾਂ ਬਹੁਤ ਸਮਾਂ ਪਹਿਲਾਂ ਖ਼ਤਮ ਹੋ ਗਈ ਹੈ। ਜੇ ਅਸੀਂ ਨਹੀਂ ਸਮਝੇ ਤਾਂ ਪੰਜਾਬ ਵਿੱਚ ਪਾਣੀ ਖ਼ਤਮ ਹੋ ਜਾਵੇਗਾ।

# ਪਾਣੀ ਲਈ ਤਰਸ ਰਿਹਾ ਅਰਬਪਤੀਆਂ ਦਾ ਦੇਸ਼

ਅਕਸ਼ੈ ਸ਼ੁਕਲਾ

ਅਖ਼ਬਾਰਾਂ ਵਿੱਚ ਨਾਲ-ਨਾਲ ਛਪੀਆਂ ਦੋ ਖ਼ਬਰਾਂ ਦੇਸ਼ ਦੀਆਂ ਦੋ ਵੱਖ-ਵੱਖ ਤਸਵੀਰਾਂ ਪੇਸ਼ ਕਰ ਰਹੀਆਂ ਸਨ। ਇੱਕ ਸੀ ਮੁੰਬਈ ਵਿੱਚ ਵਧ ਰਹੇ ਅਮੀਰਾਂ ਦੀ ਅਤੇ ਦੂਜੀ ਬੇਂਗਲੁਰੂ ਸਮੇਤ ਦੱਖਣ ਭਾਰਤ ਦੇ ਰਾਜਾਂ ਵਿੱਚ ਡੂੰਘਾ ਹੋ ਰਿਹਾ ਪਾਣੀ ਦਾ ਸੰਕਟ। ਪਹਿਲਾਂ ਗੱਲ ਕਰੀਏ ਅਮੀਰਾਂ ਦੀ ਵਧਦੀ ਗਿਣਤੀ ਦੀ। ਹੁਰੁਨ ਗਲੋਬਲ ਰਿਚ ਲਿਸਟ ਦੀ ਰਿਪੋਰਟ ਦੇ ਅਨੁਸਾਰ, ਪਿਛਲੇ ਸਾਲ ਭਾਰਤ ਵਿੱਚ 94 ਨਵੇਂ ਅਰਬਪਤੀ ਬਣਾਏ ਗਏ ਸਨ। ਇਸ ਤੋਂ ਬਾਅਦ ਹੁਣ ਦੇਸ਼ 'ਚ ਅਰਬਪਤੀਆਂ ਦੀ ਗਿਣਤੀ 271 ਹੋ ਗਈ ਹੈ। ਇਨ੍ਹਾਂ ਸਾਰਿਆਂ ਦੀ ਦੌਲਤ ਇੱਕ ਟ੍ਰਿਲੀਅਨ ਅਮਰੀਕੀ ਡਾਲਰ ਦੇ ਬਰਾਬਰ ਹੈ।



ਦੇਸ਼ ਦੇ ਸਭ ਤੋਂ ਵੱਧ ਅਰਬਪਤੀ ਮੁੰਬਈ ਵਿੱਚ ਰਹਿੰਦੇ ਹਨ। ਇੱਥੇ 92 ਅਰਬਪਤੀਆਂ ਵਿੱਚੋਂ 26 ਸਿਰਫ਼ ਇੱਕ ਸਾਲ ਵਿੱਚ ਵਧੇ ਹਨ। ਇੱਥੇ ਅਮੀਰਾਂ ਦੀ ਗਿਣਤੀ ਇੰਨੀ ਤੇਜ਼ੀ ਨਾਲ ਵਧੀ ਹੈ ਕਿ ਮੁੰਬਈ ਦੁਨੀਆਂ ਦੀ ਤੀਜੀ ਅਤੇ ਏਸ਼ੀਆ ਦੀ ਪਹਿਲੀ ਸਭ ਤੋਂ ਵੱਡੀ ਅਰਬਪਤੀਆਂ ਦੀ ਰਾਜਧਾਨੀ ਬਣ ਗਈ ਹੈ। ਇਸ ਨੇ ਬੀਜਿੰਗ ਨੂੰ ਵੀ ਪਛਾੜ ਦਿੱਤਾ ਹੈ, ਜਿੱਥੇ ਦੋ ਸਾਲ ਪਹਿਲਾਂ ਤੱਕ ਦੁਨੀਆ ਦੇ ਸਭ ਤੋਂ ਅਮੀਰ ਲੋਕ ਰਹਿੰਦੇ ਸਨ। ਦਿੱਲੀ ਵੀ ਪਹਿਲੀ ਵਾਰ ਅਰਬਪਤੀਆਂ ਦੀ ਰਾਜਧਾਨੀ ਦੀ ਸੂਚੀ ਵਿੱਚ ਸਿਖਰਲੇ ਦਸਾਂ ਵਿੱਚ ਆ ਗਈ ਹੈ।

ਵਿਡੰਬਨਾ ਇਹ ਹੈ ਕਿ ਇੱਕ ਪਾਸੇ ਦੇਸ਼ ਵਿੱਚ ਅਮੀਰਾਂ ਦੀ ਗਿਣਤੀ ਵੱਧ ਰਹੀ ਹੈ, ਦੂਜੇ ਪਾਸੇ ਦੱਖਣ ਦਾ ਵੱਡਾ ਹਿੱਸਾ ਪਾਣੀ ਨੂੰ ਤਰਸ ਰਿਹਾ ਹੈ। ਖਾਸ ਕਰਕੇ ਬੇਂਗਲੁਰੂ, ਜੋ ਦੋ ਸਾਲ ਪਹਿਲਾਂ ਹੜ੍ਹਾਂ ਵਿੱਚ ਡੁੱਬ ਗਿਆ ਸੀ, ਹੁਣ ਸੋਕੇ ਦੀ ਮਾਰ ਝੱਲ ਰਿਹਾ ਹੈ। ਕਰੀਬ 1.5 ਕਰੋੜ ਦੀ ਆਬਾਦੀ ਵਾਲਾ ਦੇਸ਼ ਦਾ ਆਈਟੀ ਹੱਬ ਚਾਰ ਦਹਾਕਿਆਂ ਦੇ ਸਭ ਤੋਂ ਭਿਆਨਕ ਪਾਣੀ ਸੰਕਟ ਦਾ ਸਾਹਮਣਾ ਕਰ ਰਿਹਾ ਹੈ। ਟੂਟੀਆਂ ਵਿੱਚ ਪਾਣੀ ਨਹੀਂ ਆ ਰਿਹਾ। ਬਹੁਮੰਜ਼ਿਲਾ ਇਮਾਰਤਾਂ ਵਿੱਚ ਰਹਿਣ ਵਾਲੇ ਲੋਕ ਟੈਂਕਰਾਂ ਵਿੱਚ ਪਾਣੀ ਭਰ ਕੇ ਉਪਰੋਂ ਲੈ ਜਾ ਰਹੇ ਹਨ। ਪ੍ਰਸ਼ਾਸਨ ਨੇ ਲੋਕਾਂ ਨੂੰ ਪਾਣੀ ਦੀ ਵਰਤੋਂ ਸੀਮਤ ਕਰਨ ਦੀ ਅਪੀਲ ਕੀਤੀ ਹੈ। ਅਜਿਹਾ ਨਾ ਕਰਨ ਵਾਲਿਆਂ ਨੂੰ ਜੁਰਮਾਨਾ ਕੀਤਾ ਜਾ ਰਿਹਾ ਹੈ। ਮਾਨਸੂਨ 'ਚ ਅਜੇ ਦੋ ਮਹੀਨੇ ਬਾਕੀ ਹਨ। ਜੇਕਰ ਅਪ੍ਰੈਲ ਵਿੱਚ ਹੀ ਇਹੀ ਸਥਿਤੀ ਰਹੀ ਤਾਂ ਅਗਲੇ ਦੋ ਮਹੀਨਿਆਂ ਵਿੱਚ ਸਥਿਤੀ ਕੀ ਹੋਵੇਗੀ?

ਇਹ ਸਥਿਤੀ ਸਿਰਫ ਬੇਂਗਲੁਰੂ ਹੀ ਨਹੀਂ, ਸਗੋਂ ਦੱਖਣੀ ਭਾਰਤ ਦੇ ਕਈ ਸ਼ਹਿਰਾਂ ਦੀ ਹੈ। ਦੇਸ਼ ਦੇ 150 ਵੱਡੇ ਜਲ ਭੰਡਾਰਾਂ ਦੇ ਭੰਡਾਰਨ ਦੀ ਸਥਿਤੀ ਬਾਰੇ ਕੇਂਦਰੀ ਜਲ ਕਮਿਸ਼ਨ ਦੇ ਅੰਕੜਿਆਂ 'ਤੇ ਨਜ਼ਰ ਮਾਰੀਏ ਤਾਂ ਪਤਾ ਚੱਲਦਾ ਹੈ ਕਿ ਦੱਖਣੀ ਭਾਰਤ



ਵਿੱਚ ਪਾਣੀ ਦਾ ਪੱਧਰ ਦਸ ਸਾਲਾਂ ਦੀ ਔਸਤ ਦੇ ਮੁਕਾਬਲੇ 29 ਫੀਸਦੀ ਹੇਠਾਂ ਚਲਾ ਗਿਆ ਹੈ। ਆਂਧਰਾ ਪ੍ਰਦੇਸ਼ ਦੇ ਜਲ ਭੰਡਾਰਾਂ ਵਿੱਚ ਦਸ ਸਾਲਾਂ ਦੀ ਔਸਤ ਨਾਲੋਂ ਲਗਭਗ 67 ਫੀਸਦੀ ਘੱਟ ਪਾਣੀ ਹੈ।

ਲੋਕ ਸਭਾ ਚੋਣਾਂ ਲਈ ਵੋਟਿੰਗ ਦੀ ਤਰੀਕ ਨੇੜੇ ਹੈ। ਲੋਕ-ਲੁਭਾਊ ਵਾਅਦੇ ਅਤੇ ਵਿਕਾਸ ਦੇ ਦਾਅਵੇ ਕਰਨ ਵਾਲੇ ਆਗੂ ਜਲਦੀ ਹੀ ਤੁਹਾਡੇ ਦਰਵਾਜ਼ੇ 'ਤੇ ਦਸਤਕ ਦੇਣ ਵਾਲੇ ਹਨ। ਜਦੋਂ ਉਹ ਵੋਟਾਂ ਮੰਗਣ ਆਉਂਦੇ ਹਨ ਤਾਂ ਉਨ੍ਹਾਂ ਨੂੰ ਜ਼ਰੂਰ ਪੁੱਛੋ ਕਿ ਆਜ਼ਾਦੀ ਦੇ 75 ਸਾਲ ਬਾਅਦ ਵੀ ਆਮ ਲੋਕ ਪਾਣੀ ਨੂੰ ਕਿਉਂ ਤਰਸ ਰਹੇ ਹਨ?

# ਕੀ ਹਨ ਪੰਜਾਬ ਦੇ ਵਿਸ਼ੇਸ਼ ਮਸਲੇ ?

ਡਾ. ਸਰਬਜੀਤ ਸਿੰਘ



ਲੋਕਤੰਤਰ ਵਿੱਚ ਜੋ ਸਰਕਾਰ ਚੁਣੀ ਜਾਂਦੀ ਹੈ, ਉਹ ਲੋਕਾਂ ਲਈ ਅਤੇ ਲੋਕਾਂ ਦੁਆਰਾ ਚੁਣੀ ਜਾਂਦੀ ਹੈ। ਲੋਕਤੰਤਰ ਵਿੱਚ ਬਹੁਤ ਸਾਰੇ ਅਹਿਮ ਥੰਮ੍ਹ ਹੁੰਦੇ ਹਨ ਜਿਨ੍ਹਾਂ ਵਿੱਚ ਲੋਕਾਂ ਦੁਆਰਾ ਚੁਣੇ ਹੋਏ ਨੁਮਾਇੰਦੇ, ਨੌਕਰਸ਼ਾਹੀ, ਨਿਆਂਪਾਲਿਕਾ ਅਤੇ ਮੀਡੀਆ ਦੀ ਮਹੱਤਵਪੂਰਨ ਭੂਮਿਕਾ ਹੁੰਦੀ ਹੈ। ਲੋਕਤੰਤਰ ਵਿੱਚ ਲੋਕਾਂ ਦੁਆਰਾ ਚੁਣੇ ਗਏ ਪ੍ਰਤੀਨਿਧ ਅਤੇ ਨੌਕਰਸ਼ਾਹਾਂ ਦੇ ਵਿੱਚ ਤਾਲਮੇਲ ਬਣਿਆ ਰਹੇ, ਇਹ ਸਾਡੇ ਸੰਵਿਧਾਨ ਦੀ ਖ਼ੂਬਸੂਰਤੀ ਹੈ। ਪੰਜਾਬ ਦੀ ਖੁਸ਼ਹਾਲੀ, ਇਸਦੀ ਚੜ੍ਹਦੀ ਕਲਾ ਅਤੇ ਇਸ ਖਿੱਤੇ ਦੇ ਮੋਹ ਬਾਰੇ ਇਤਿਹਾਸ ਗਵਾਹ ਹੈ ਕਿ ਪੰਜਾਬ ਗੁਰੂਆਂ ਦੇ ਨਾਂ 'ਤੇ ਵਸਦਾ ਰਿਹਾ ਹੈ। ਵਿਦੇਸ਼ੀ ਧਾੜਵੀ ਜਦੋਂ ਸਾਰਾ ਕੁਝ ਲੁੱਟ ਕੇ ਵਾਪਸ ਜਾ ਰਹੇ ਹੁੰਦੇ ਸਨ ਤਾਂ ਪੰਜਾਬ ਦੀ ਜ਼ਰਖੇਜ਼ ਧਰਤੀ ਅਤੇ ਇੱਥੋਂ ਦੇ ਵਸਨੀਕ ਹੀ ਉਨ੍ਹਾਂ ਦਾ ਮੁਕਾਬਲਾ ਕਰਕੇ ਆਪਣੇ ਦੇਸ਼ ਦੀ ਆਨ, ਬਾਨ ਅਤੇ ਸ਼ਾਨ ਦੀ ਰੱਖਿਆ ਕਰਦੇ ਨਜ਼ਰ ਆਉਂਦੇ ਸਨ। ਪੰਜਾਬ ਦੇ ਇਸ ਖਿੱਤੇ ਵਿੱਚ ਪੰਜਾਬੀਅਤ ਦਾ ਜੋ ਦਰਿਆ ਵਗਦਾ ਰਿਹਾ ਹੈ, ਉਸ ਦੀ ਬਦੌਲਤ ਹੀ ਇਸ ਨੇ ਇੱਕ ਸਾਂਝੇ ਸੱਭਿਆਚਾਰ ਅਤੇ ਭਾਈਚਾਰੇ ਦੇ ਰੂਪ ਵਿੱਚ ਪੂਰੀ ਦੁਨੀਆਂ ਵਿੱਚ ਮਨੁੱਖਤਾ ਦੇ ਭਲੇ ਦੀ ਗੱਲ ਕਰਦੇ ਹੋਏ ਆਪਣੀ ਹੋਂਦ ਸਥਾਪਤ ਕੀਤੀ। ਜਿਸ ਖਿੱਤੇ ਦਾ ਅਜਿਹਾ ਗੌਰਵਸ਼ਾਲੀ ਤੇ ਪ੍ਰਭਾਵਸ਼ਾਲੀ ਇਤਿਹਾਸ ਹੋਵੇ ਅਤੇ ਆਧੁਨਿਕ ਸਥਿਤੀ ਵਿੱਚ ਉਸ ਦੇ ਵਾਰਸ ਇਸ ਖਿੱਤੇ ਨੂੰ ਛੱਡਣ ਲਈ ਮਜਬੂਰ ਹੋ ਜਾਣ ਤਾਂ ਕੁਝ ਪਹਿਲੂ ਜ਼ਰੂਰ ਹੋਣਗੇ ਜਿਨ੍ਹਾਂ ਬਾਰੇ ਸਾਨੂੰ ਸੋਚਣਾ ਪਵੇਗਾ।

ਪੰਜਾਬ ਨੇ ਆਪਣੀ ਮਿਹਨਤ ਸਦਕਾ ਦੇਸ਼ ਦੇ ਸਿਰਕੱਢ ਸੂਬਿਆਂ ਵਿੱਚ ਆਪਣਾ ਸਥਾਨ ਬਣਾਇਆ ਤੇ ਸਾਰੇ ਦੇਸ਼ ਦਾ ਢਿੱਡ ਭਰਦੇ ਹੋਏ, ਅਨਾਜ ਦੀ ਕ੍ਰਾਂਤੀ ਲਿਆਂਦੀ। ਇਸ ਨੂੰ ਖੇਤੀ ਪ੍ਰਧਾਨ ਸੂਬਾ ਵੀ ਕਿਹਾ ਜਾਣ ਲੱਗ ਪਿਆ। ਇੱਕ ਪਾਸੇ ਸੂਬਾ ਜਿੱਥੇ ਆਪਣੇ ਬਾਹੂਬਲ ਨਾਲ ਵਿਦੇਸ਼ੀ ਧਾੜਵੀਆਂ ਦਾ ਡਟ ਕੇ ਮੁਕਾਬਲਾ ਕਰਦਾ ਰਿਹਾ, ਉੱਥੇ ਹੀ ਆਜ਼ਾਦੀ ਤੋਂ ਬਾਅਦ ਜਦੋਂ ਦੇਸ਼ ਨੇ ਵਿਕਾਸ ਦਾ ਰਸਤਾ ਫ਼ੜਿਆ ਤਾਂ ਇਸ ਸੂਬੇ ਨੇ ਪੂਰੇ ਦੇਸ਼ ਵਾਸੀਆਂ ਲਈ ਅਨਾਜ ਪੈਦਾ ਕਰਕੇ, ਆਪਣੀ ਸਭ ਤੋਂ ਵੱਡੀ ਪਹਿਲ ਕਦਮੀ ਜ਼ਾਹਿਰ ਕੀਤੀ। ਦੇਸ਼ ਦੇ ਵੱਖ- ਵੱਖ ਸੂਬਿਆਂ ਵਿੱਚੋਂ ਪੰਜਾਬ ਦਾ ਨਾਮ ਸਿਰ ਚੜ੍ਹ ਕੇ ਬੋਲਦਾ ਰਿਹਾ ਅਤੇ ਫ਼ਿਰ ਹੌਲੀ ਹੌਲੀ ਉਸ ਪੰਜਾਬ ਦੀ ਤਸਵੀਰ ਇੰਨੀ ਬਦਲ ਜਾਣੀ, ਕੀ ਇਨ੍ਹਾਂ ਪਹਿਲੂਆਂ ਪਿੱਛੇ ਲੋਕਤੰਤਰਿਕ ਤਰੀਕੇ ਨਾਲ ਚੱਲ ਰਹੀਆਂ ਸਰਕਾਰਾਂ ਜ਼ਿੰਮੇਵਾਰ ਨਹੀਂ ਹਨ ? ਮੌਜੂਦਾ ਸਥਿਤੀ ਦੀ ਗੱਲ ਕਰੀਏ, ਜਿੱਥੇ ਪੰਜਾਬ ਅਤੇ ਪੰਜਾਬੀਅਤ ਨੂੰ ਕਈ ਸਮੱਸਿਆਵਾਂ ਵਿਸ਼ਵਵਿਆਪੀ ਰੂਪ ਵਿੱਚ ਦਰਪੇਸ਼ ਹੋ ਰਹੀਆਂ ਹਨ ਉੱਥੇ ਹੀ ਪੰਜਾਬ ਦੇ ਵਸਨੀਕਾਂ ਨੂੰ ਚੰਗੀ ਸਿਹਤ, ਸਿੱਖਿਆ ਅਤੇ ਸੁਰੱਖਿਆ ਦੀਆਂ ਸਹੂਲਤਾਂ ਤੋਂ ਵਾਂਝੇ ਰਹਿ ਕੇ ਇਸ ਖਿੱਤੇ ਦੀ ਮਹਾਨ ਵਿਰਾਸਤ ਨੂੰ ਛੱਡ ਕੇ ਪਰਵਾਸ ਕਰਨਾ ਪੈ ਰਿਹਾ ਹੈ। ਸਿੱਖਿਆ ਦੀ ਗੱਲ ਕਰੀਏ ਤਾਂ ਅੱਜ ਪੰਜਾਬ ਸੂਬੇ ਵਿੱਚ ਸਿੱਖਿਆ ਦੇ ਉੱਪਰ ਨਿੱਜੀਕਰਨ ਦੀ ਤੂਤੀ ਬੋਲ ਰਹੀ ਹੈ। ਸੂਬੇ ਵਿੱਚ ਪਿਛਲੇ ਕਈ ਦਹਾਕਿਆਂ ਤੋਂ ਚੱਲ ਰਹੀਆਂ ਸਰਕਾਰਾਂ ਨੇ ਜਿਵੇਂ ਇਨ੍ਹਾਂ ਨਿੱਜੀ ਸੰਸਥਾਵਾਂ ਅੱਗੇ ਆਤਮ ਸਮਰਪਣ ਕਰ ਦਿੱਤਾ ਹੋਵੇ। ਸਮੇਂ ਦੀਆਂ ਸਰਕਾਰਾਂ ਨੂੰ ਸਮੂਹ ਪੰਜਾਬੀਆਂ ਦੇ ਕੁਝ ਸਵਾਲ ਹਨ, ਜਿਨ੍ਹਾਂ ਪ੍ਰਤੀ ਸਰਕਾਰ ਦੀ ਜ਼ਿੰਮੇਵਾਰੀ ਬਣਦੀ ਹੈ।

ਪਹਿਲਾ ਵੱਡਾ ਮਸਲਾ – ਪ੍ਰਾਇਮਰੀ ਸਕੂਲਾਂ ਦੇ ਅਧਿਆਪਕਾਂ ਤੋਂ ਲੈ ਕੇ ਕਾਲਜਾਂ, ਯੂਨੀਵਰਸਿਟੀਆਂ ਦੇ ਅਧਿਆਪਕ ਸਹਿਬਾਨ ਧਰਨਿਆਂ ਉੱਤੇ ਬੈਠੇ ਹੋਏ ਹਨ। ਇੱਕ ਪਾਸੇ ਤਾਂ ਸੂਬਾ ਸਰਕਾਰ ਕੇਂਦਰ ਸਰਕਾਰ ਉੱਤੇ ਦੋਸ਼ ਲਾਉਂਦੀ ਹੈ ਕਿ ਉਹ ਸਾਡੀ ਮਦਦ ਨਹੀਂ ਕਰਦੇ ਪਰ ਦੂਜੇ ਪਾਸੇ ਕੇਂਦਰ ਵੱਲੋਂ ਮੁਲਾਜ਼ਮਾਂ ਲਈ ਦਿੱਤੇ ਗਏ ਪੇ ਸਕੇਲ ਅਤੇ ਹੋਰ ਰਿਆਇਤਾਂ ਨੂੰ ਪਿਛਲੇ ਕਈ ਸਾਲਾਂ ਤੋਂ ਪੂਰਨ ਰੂਪ ਵਿੱਚ ਲਾਗੂ ਨਾ ਕਰਕੇ ਪੰਜਾਬ ਸਰਕਾਰ ਅਧਿਆਪਕਾਂ ਨਾਲ ਧ੍ਰੋਹ ਕਮਾ ਰਹੀ ਹੈ। ਲੋਕਾਂ ਦੁਆਰਾ ਚੁਣੇ ਹੋਏ ਪ੍ਰਤੀਨਿਧ, ਜਿੱਥੇ ਲੋਕ ਮੰਗਾਂ ਨੂੰ ਅਣਗੌਲਿਆਂ ਕਰ ਰਹੇ ਹਨ ਉਨ੍ਹਾਂ ਦਾ ਸਾਥ ਉੱਚ ਪੱਧਰੀ ਨੌਕਰਸ਼ਾਹੀ ਵੀ ਡਟ ਕੇ ਦੇ ਰਹੀ ਹੈ। ਉੱਚ ਸਿੱਖਿਆ ਵਿੱਚ ਸੱਤਵੇਂ ਪੇ ਸਕੇਲ ਦੀ ਜੇਕਰ ਗੱਲ ਕਰੀਏ ਤਾਂ ਇਹ 2016 ਵਿੱਚ ਕੇਂਦਰ ਸਰਕਾਰ ਵੱਲੋਂ ਲਾਗੂ ਕਰ ਦਿੱਤਾ ਗਿਆ ਸੀ ਪਰ ਸੂਬੇ ਦੀ ਪਿਛਲੀ ਸਰਕਾਰ ਨੇ 2021 ਵਿੱਚ ਪੰਜਾਬ ਵਿੱਚ ਇਸ ਪੇ ਸਕੇਲ ਨੂੰ ਅਪੂਰਨ ਤੌਰ 'ਤੇ ਲਾਗੂ ਕਰਨ ਦੀ ਕਵਾਇਦ ਸ਼ੁਰੂ ਕੀਤੀ ਹੈ। ਸਭ ਤੋਂ ਨਿੰਦਣਯੋਗ ਗੱਲ ਇਹ ਹੈ ਕਿ ਇਸ ਪੇ ਸਕੇਲ ਵਿੱਚ ਗਰਾਂਟ ਇਨ ਏਡ ਕਾਲਜਾਂ ਦੇ ਅਧਿਆਪਕਾਂ ਨੂੰ ਬਾਹਰ ਰੱਖਿਆ ਗਿਆ ਹੈ। ਸੂਬੇ ਦੇ ਉੱਚ ਪੱਧਰੀ ਨੌਕਰਸ਼ਾਹ ਜਦੋਂ ਅਜਿਹੀਆਂ ਨੀਤੀਆਂ ਬਣਾਉਂਦੇ ਹਨ ਤਾਂ ਸ਼ਾਇਦ ਉਹ ਭੁੱਲ ਜਾਂਦੇ ਹਨ ਕਿ ਉਨ੍ਹਾਂ ਨੂੰ ਆਪਣਾ ਪੇ ਸਕੇਲ ਕਈ ਸਾਲ ਪਹਿਲਾਂ ਮਿਲ ਚੁੱਕਾ ਹੈ ਅਤੇ ਉਹ ਸੂਬੇ ਦੇ ਹੋਰ ਮੁਲਾਜ਼ਮਾਂ ਦਾ ਪੇ ਸਕੇਲ ਰੋਕ ਕੇ ਉਨ੍ਹਾਂ ਨਾਲ ਧ੍ਰੋਹ ਕਮਾ ਰਹੇ ਹਨ। ਮੁਲਾਜ਼ਮਾਂ ਦੇ ਬਹੁਤ ਸਾਰੇ ਵਫ਼ਦ ਜਦੋਂ ਸਰਕਾਰ ਤਕ ਪਹੁੰਚ ਕਰਦੇ ਹਨ ਤਾਂ ਉਨ੍ਹਾਂ ਨੂੰ ਅਗਲੇ ਕੁਝ ਦਿਨਾਂ ਤਕ ਪੇ ਸਕੇਲ ਲਾਗੂ ਕਰਨ ਦਾ ਹੌਸਲਾ ਦੇ ਕੇ ਵਾਪਸ ਤੋਰ ਦਿੱਤਾ ਜਾਂਦਾ ਹੈ। ਇਹ ਸਿਲਸਿਲਾ ਕਈ ਮਹੀਨਿਆਂ ਤੋਂ ਚੱਲ ਰਿਹਾ ਹੈ। ਪੰਜਾਬ ਸਰਕਾਰ ਦੇ



ਵਿਭਾਗਾਂ ਵਿੱਚ ਉੱਚ ਪਦਵੀਆਂ 'ਤੇ ਬੈਠੇ ਨੌਕਰਸ਼ਾਹ, ਇਹ ਕਿਸ ਤਰ੍ਹਾਂ ਸੋਚ ਸਕਦੇ ਹਨ ਕਿ ਆਪ ਤਾਂ ਨਵਾਂ ਪੇ ਸਕੇਲ ਲੈਣ ਅਤੇ ਜਦੋਂ ਸੂਬੇ ਦੇ ਹੋਰ ਮੁਲਾਜ਼ਮਾਂ ਨੂੰ ਨਵਾਂ ਪੇ ਸਕੇਲ ਦੇਣ ਦੀ ਵਾਰੀ ਆਵੇ ਤਾਂ ਉਹ ਫ਼ਾਈਲਾਂ ਦੱਬ ਕੇ ਬੈਠ ਜਾਣ। ਸਿੱਖਿਆ ਇੱਕ ਅਜਿਹਾ ਸੰਕਲਪ ਹੈ ਜੋ ਹਰੇਕ ਵਿਦਿਆਰਥੀ ਦਾ ਅਧਿਕਾਰ ਹੈ ਅਤੇ ਸਰਕਾਰ ਦਾ ਇਹ ਫ਼ਰਜ਼ ਹੁੰਦਾ ਹੈ ਕਿ ਉਹ ਪਹਿਲਕਦਮੀ ਕਰਕੇ ਇਸ ਗੱਲ ਵੱਲ ਦੇਵੇ ਕਿ ਹਰੇਕ ਵਿਦਿਆਰਥੀ ਤਕ ਸਸਤੀ ਤੇ ਢੁਕਵੀਂ ਸਿੱਖਿਆ ਪਹੁੰਚੇ।

ਪਿਛਲੇ ਸਮੇਂ ਤੋਂ ਲੈ ਕੇ ਹੁਣ ਤਕ ਦੇਖੋ ਕਿ ਸੂਬੇ ਅੰਦਰ ਸਰਕਾਰੀ ਕਾਲਜ ਅਤੇ ਸਰਕਾਰੀ ਯੂਨੀਵਰਸਿਟੀਆਂ ਦੀ ਜੋ ਹਾਲਤ ਹੋ ਗਈ ਹੈ, ਉਹ ਜੱਗ ਜ਼ਾਹਰ ਹੈ। ਸੂਬੇ ਦੇ ਸਰਕਾਰੀ ਕਾਲਜਾਂ ਵਿੱਚ ਰੈਗੂਲਰ ਅਧਿਆਪਕਾਂ ਦੀ ਗਿਣਤੀ ਇੰਨੀ ਘਟ ਚੁੱਕੀ ਹੈ ਕਿ ਬਹੁਤ ਸਾਰੇ ਕਾਲਜਾਂ ਵਿੱਚ ਸਿਰਫ਼ ਇੱਕ ਹੀ ਰੈਗੂਲਰ ਅਧਿਆਪਕ ਰਹਿ ਚੁੱਕਾ ਹੈ। ਪਿਛਲੇ ਕਈ ਸਾਲਾਂ ਤੋਂ ਪੜ੍ਹੇ ਲਿਖੇ ਯੋਗ ਉਮੀਦਵਾਰਾਂ ਨੂੰ ਸਿਰਫ਼ ਥੋੜ੍ਹੀ ਜਿਹੀ ਤਨਖ਼ਾਹ ਦੇ ਕੇ ਉਨ੍ਹਾਂ ਦੇ ਭਵਿੱਖ ਨਾਲ ਖਿਲਵਾੜ ਕੀਤਾ ਜਾ ਰਿਹਾ ਹੈ। ਇੱਕ ਪਾਸੇ ਸੂਬੇ ਦੇ ਸਰਕਾਰੀ ਕਾਲਜਾਂ ਦੀ ਤਰਸਯੋਗ ਹਾਲਤ ਹੈ ਤੇ ਦੂਜੇ ਪਾਸੇ ਖੁੰਬਾਂ ਵਾਂਗ ਉੱਗ ਰਹੀਆਂ ਪ੍ਰਾਈਵੇਟ ਯੂਨੀਵਰਸਿਟੀਆਂ ਅਤੇ ਨਿੱਜੀ ਵਿੱਦਿਅਕ ਸੰਸਥਾਵਾਂ ਹਨ, ਜਿਨ੍ਹਾਂ ਦੀਆਂ ਇਮਾਰਤਾਂ ਅਸਮਾਨ ਛੂਹ ਰਹੀਆਂ ਹਨ। ਕੀ ਸਰਕਾਰ ਦੀ ਤਵੱਜੋ ਨਹੀਂ ਹੈ ਕਿ ਉਹ ਆਪਣੀਆਂ ਡੁੱਬ ਰਹੀਆਂ ਵਿੱਦਿਅਕ ਸੰਸਥਾਵਾਂ ਨੂੰ ਸੰਭਾਲੇ ਅਤੇ ਪੜ੍ਹੇ ਲਿਖੇ ਲੋਕਾਂ ਨੂੰ ਰੁਜ਼ਗਾਰ ਦੇ ਕੇ ਆਪਣੀ ਲੋਕਤੰਤਰਿਕ ਜ਼ਿੰਮੇਵਾਰੀ ਨਿਭਾਵੇ।

ਦੂਜਾ ਵੱਡਾ ਮਸਲਾ, ਪੰਜਾਬ ਸੂਬੇ ਦੀ ਜੇਕਰ ਸਿਹਤ ਸਹੂਲਤਾਂ ਗੱਲ ਕਰੀਏ ਤਾਂ ਪਿਛਲੇ ਕਈ ਦਹਾਕਿਆਂ ਤੋਂ ਸਿਹਤ ਸਹੂਲਤਾਂ ਦਾ ਜੋ ਨਿਘਾਰ ਆਇਆ ਹੈ ਉਸ ਨੇ ਲੋਕਾਂ ਦਾ ਸਰਕਾਰੀ ਹਸਪਤਾਲਾਂ ਤੋਂ ਮੋਹ ਭੰਗ ਕਰ ਦਿੱਤਾ ਹੈ। ਕਈ ਦਹਾਕਿਆਂ ਤੋਂ ਸਰਕਾਰੀ ਹਸਪਤਾਲਾਂ ਦੀ ਨਿੱਘਰਦੀ ਹਾਲਤ ਅਤੇ ਮਾੜੀਆਂ ਸਿਹਤ ਸਹੂਲਤਾਂ ਨੇ ਪਤਾ ਨਹੀਂ ਕਿੰਨੀਆਂ ਜਾਨਾਂ ਖੋਹ ਲਈਆਂ ਹਨ। ਦੂਜੇ ਪਾਸੇ ਜਦੋਂ ਅਸੀਂ ਸਿਹਤ ਸਹੂਲਤਾਂ ਵਿੱਚ ਨਿੱਜੀਕਰਨ ਦੇਖਦੇ ਹਾਂ ਤਾਂ ਵੱਡੇ ਵੱਡੇ ਹਸਪਤਾਲ ਪੰਜਾਬ ਅੰਦਰ ਖੁੱਲ੍ਹ ਚੁੱਕੇ ਹਨ। ਇਨ੍ਹਾਂ ਨਿੱਜੀ ਹਸਪਤਾਲਾਂ ਵਿੱਚ ਆਮ ਬੰਦੇ ਦੀ ਹੁੰਦੀ ਲੁੱਟ ਨੇ ਮਨੁੱਖੀ ਮਾਨਸਿਕਤਾ ਨੂੰ ਇੰਨੀ ਡੂੰਘੀ ਸੱਟ ਮਾਰੀ ਹੈ ਕਿ ਲੋਕਾਂ ਦਾ ਯਕੀਨ ਹਸਪਤਾਲਾਂ ਤੋਂ ਉੱਠ ਗਿਆ ਹੈ। ਇਹ ਹਸਤਪਤਾਲ ਸਰਕਾਰ ਵੱਲੋਂ ਜਾਰੀ ਕੀਤਾ ਹੈਲਥ ਕਾਰਡ ਨਹੀਂ ਮੰਨਦੇ ਅਤੇ ਇਨ੍ਹਾਂ ਨਿੱਜੀ ਹਸਪਤਾਲਾਂ ਨੇ ਲੋਕਾਂ ਨੂੰ ਇੰਨਾ ਲੁੱਟਿਆ ਕਿ ਕਈ ਲੋਕ ਆਪਣੀ ਜਾਨ ਤਾਂ ਬਚਾ ਚੁੱਕੇ ਹਨ ਪਰ ਆਪਣੀ ਸਾਰੀ ਪੂੰਜੀ ਲੁਟਾ ਕੇ ਅੱਜ ਮਰਿਆਂ ਵਰਗੇ ਹੋ ਗਏ ਹਨ। ਕੀ ਸਰਕਾਰ ਦਾ ਕੰਮ ਸਿਰਫ਼ ਇਹੀ ਹੈ ਕਿ ਉਹ ਧੜਾਧੜ ਸੂਬੇ ਅੰਦਰ ਪ੍ਰਾਈਵੇਟ ਹਸਪਤਾਲ ਖੋਲ੍ਹਣ ਦੀ ਇਜਾਜ਼ਤ ਦੇਈ ਜਾਵੇ ਅਤੇ ਸਰਕਾਰੀ ਹਸਪਤਾਲਾਂ ਉੱਪਰ ਧਿਆਨ ਨਾ ਦੇ ਕੇ ਸਿੱਧੇ ਰੂਪ ਵਿੱਚ ਲੋਕਾਂ ਦੀ ਜ਼ਿੰਦਗੀ ਇਨ੍ਹਾਂ ਨਿੱਜੀ ਹੱਥਾਂ ਵਿੱਚ ਦੇ ਦੇਵੇ ?

ਤੀਜਾ ਵੱਡਾ ਮਸਲਾ ਕਿਸੇ ਵੀ ਸੂਬੇ ਅੰਦਰ ਸੁਰੱਖਿਆ ਦਾ ਹੁੰਦਾ ਹੈ। ਸੂਬੇ ਅੰਦਰ ਨਿੱਤ ਵਾਪਰ ਰਹੀਆਂ ਘਟਨਾਵਾਂ ਨੇ ਅੱਜ ਆਮ ਆਦਮੀ ਨੂੰ ਘਰ ਤੋਂ ਨਿਕਲਣ ਵੇਲੇ ਸੋਚਣ ਲਈ ਮਜਬੂਰ ਕਰ ਦਿੱਤਾ ਹੈ। ਸੂਬੇ ਅੰਦਰ ਪੈਦਾ ਹੋ ਰਹੀ ਗੈਂਗਵਾਰ, ਜਿਸਦੀਆਂ ਜੜ੍ਹਾਂ ਕਈ ਦਹਾਕੇ ਪਹਿਲਾਂ ਤੋਂ ਪੈਦਾ ਹੋ ਚੁੱਕੀਆਂ ਹਨ, ਪੂਰੇ ਸੂਬੇ ਦੇ ਨੱਕ ਵਿੱਚ ਦਮ ਕਰ ਰੱਖਿਆ ਹੈ। ਸੂਬੇ ਦਾ ਪੁਲਿਸ ਪ੍ਰਬੰਧ ਸੜਕਾਂ 'ਤੇ ਚਲਾਨ ਰੂਪ ਵਿੱਚ ਉਗਰਾਹੀ ਕਰਦਾ ਨਜ਼ਰ ਆ ਰਿਹਾ ਹੈ ਪਰ ਜੋ ਹਾਲਤ ਸੁਰੱਖਿਆ ਪੱਖ ਤੋਂ ਨਿੱਘਰ ਰਹੀ ਹੈ, ਉਸ ਵੱਲ ਉਸਦੀ ਕੋਈ ਤਵੱਜੋ ਨਹੀਂ ਹੈ। ਸੂਬੇ ਵਿੱਚੋਂ ਨੌਜਵਾਨਾਂ ਦਾ ਪਰਵਾਸ ਹੋਣਾ, ਇਸ ਪਿੱਛੇ ਸੂਬੇ ਦੀ ਸੁਰੱਖਿਆ ਦੇ ਢੁਕਵੇਂ ਪ੍ਰਬੰਧ ਦਾ ਨਾ ਹੋਣਾ ਵੀ ਹੈ। ਅੱਜ ਬੱਚਿਆਂ ਦੇ ਮਾਪੇ ਚਿੰਤਤ ਹਨ ਕਿ ਜੇਕਰ ਉਨ੍ਹਾਂ ਦੇ ਬੱਚੇ ਇਸ ਖਿੱਤੇ ਵਿੱਚ ਰਹੇ ਤਾਂ ਉਨ੍ਹਾਂ ਦਾ ਭਵਿੱਖ ਕੀ ਹੋਵੇਗਾ ?

ਚੌਥਾ ਵੱਡਾ ਮਸਲਾ ਸੂਬੇ ਅੰਦਰ ਨਸ਼ੇ ਦਾ ਹੈ। ਨੌਜਵਾਨ ਇੱਕ ਪਾਸੇ ਆਪਣੀ ਮਿਹਨਤ ਕਰ ਰਿਹਾ ਹੈ ਅਤੇ ਪੂਰਾ ਜ਼ੋਰ ਲਾ ਕੇ ਪੜ੍ਹ ਲਿਖ ਰਿਹਾ ਹੈ। ਵਿਦਿਆਰਥੀ ਜਦੋਂ ਪੜ੍ਹ ਲਿਖ ਜਾਂਦਾ ਹੈ ਤਾਂ ਉਸ ਨੂੰ ਰੁਜ਼ਗਾਰ ਦੀ ਜ਼ਰੂਰਤ ਹੁੰਦੀ ਹੈ ਪਰ ਸਰਕਾਰਾਂ ਨੇ ਪਿਛਲੇ ਲੰਮੇ ਸਮੇਂ ਤੋਂ ਅਜਿਹਾ ਪ੍ਰਬੰਧ ਅਪਣਾ ਲਿਆ ਹੈ ਕਿ ਸੂਬੇ ਅੰਦਰ ਸਰਕਾਰੀ ਨੌਕਰੀਆਂ ਦੀ ਬਹੁਤ ਘਾਟ ਹੈ। ਵਿਦਿਆਰਥੀ ਪ੍ਰੇਸ਼ਾਨ ਹੁੰਦਾ ਹੈ ਤੇ ਕਈ ਗਲਤ ਫ਼ੈਸਲੇ ਲੈਂਦਾ ਹੋਇਆ ਨਸ਼ੇ ਦਾ ਸਹਾਰਾ ਲੈਣ ਲੱਗ ਪੈਂਦਾ ਹੈ। ਪਿਛਲੇ ਕਈ ਸਾਲਾਂ ਤੋਂ ਬਹੁਤ ਸਾਰੇ ਘਰਾਂ ਦੇ ਚਿਰਾਗ ਨਸ਼ੇ ਨੇ ਬੁਝਾ ਦਿੱਤੇ ਹਨ ਪਰ ਬੜੀ ਹੈਰਾਨੀ ਦੀ ਗੱਲ ਹੈ ਸਮੇਂ ਦੀਆਂ ਸਰਕਾਰਾਂ ਬਹੁਤ ਵੱਡੇ ਵੱਡੇ ਵਾਅਦੇ ਤੇ ਦਾਅਵੇ ਕਰਦੀਆਂ ਹਨ ਪਰ ਜਦੋਂ ਜ਼ਮੀਨੀ ਹਕੀਕਤ ਦੀ ਗੱਲ ਹੁੰਦੀ ਹੈ ਤਾਂ ਉਹ ਬਿਲਕੁਲ ਹੀ ਉਲਟ ਨਜ਼ਰ ਆਉਂਦੀ ਹੈ।

ਪੰਜਵਾਂ ਵੱਡਾ ਮਸਲਾ ਸਰਕਾਰੀ ਇਸ਼ਤਿਹਾਰਬਾਜ਼ੀ ਦਾ ਹੈ। ਦੇਸ਼ ਵਿੱਚ ਚੋਣਾਂ ਸਿਰ 'ਤੇ ਹਨ, ਇਸਦਾ ਅੰਦਾਜ਼ਾ ਸਾਨੂੰ ਘਰੋਂ ਨਿਕਲਦਿਆਂ ਹੀ ਹੋ ਜਾਂਦਾ ਹੈ ਜਦੋਂ ਅਸੀਂ ਆਕਾਸ਼ ਨੂੰ ਛੂਹ ਰਹੇ ਵੱਡੇ ਵੱਡੇ ਸਰਕਾਰੀ ਇਸ਼ਤਿਹਾਰ ਦੇਖਦੇ ਹਾਂ ਜੋ ਪਿਛਲੇ ਕਈ ਮਹੀਨਿਆਂ ਤੋਂ ਪੰਜਾਬ ਸਰਕਾਰ ਦੀ ਪ੍ਰਸ਼ੰਸਾ ਕਰ ਰਹੇ। ਇਹ ਇਸ਼ਤਿਹਾਰ ਉਨ੍ਹਾਂ ਪਿੰਡਾਂ ਤਕ ਵੀ ਪਹੁੰਚ ਗਏ ਹਨ, ਜਿੱਥੇ ਲੋੜੀਂਦੀਆਂ ਸਰਕਾਰੀ ਸਹੂਲਤਾਂ ਪਹੁੰਚਣ ਵਿੱਚ ਅਜੇ ਕਈ ਦਹਾਕੇ ਲੱਗਣੇ ਹਨ। ਮੌਜੂਦਾ ਸਰਕਾਰ ਦੇ ਬੁਲਾਰੇ ਜਦੋਂ ਵੀ ਕਦੇ ਜਨਤਾ ਨੂੰ ਸੰਬੋਧਨ ਹੁੰਦੇ ਸਨ ਤਾਂ ਖਾਸ ਕਰਕੇ ਇੱਕ ਗੱਲ ਦੀ ਦੁਹਾਈ ਪਾਉਂਦੇ ਰਹੇ ਕਿ ਸਰਕਾਰ ਕੋਲ ਪੈਸਾ ਬਹੁਤ ਹੈ। ਸੂਬੇ ਅੰਦਰ ਵੱਖ ਵੱਖ ਅਹੁਦਿਆਂ 'ਤੇ ਕੰਮ ਕਰ ਰਹੇ ਮੁਲਾਜ਼ਮ, ਜਿਹੜੇ ਸੜਕਾਂ 'ਤੇ ਧੂੜ ਫ਼ੱਕ ਰਹੇ ਹਨ ਅਤੇ ਜਦੋਂ ਆਪਣੇ ਹੱਕਾਂ ਦੀ ਗੱਲ ਕਰਦੇ ਹਨ ਤਾਂ ਸਰਕਾਰ ਡੰਗ ਟਪਾਉਣ ਵਾਲੀਆਂ ਗੱਲਾਂ ਕਰ ਰਹੀ ਹੈ। ਸਰਕਾਰ ਡਿਜੀਟਲ ਮੀਡੀਆ ਤੋਂ ਲੈ ਕੇ ਇਲੈਕਟ੍ਰੌਨਿਕ ਮੀਡੀਆ ਤਕ ਇਸ਼ਤਿਹਾਰ ਦੇਣ ਲਈ ਪੱਬਾਂ ਭਾਰ ਹੋਈ ਪਈ ਹੈ। ਕੀ ਇਸ਼ਤਿਹਾਰਬਾਜ਼ੀ ਲਈ ਲੋਕਾਂ ਦਾ ਇੰਨਾ ਪੈਸਾ ਖਰਚ ਕਰਨਾ ਜਾਇਜ਼ ਹੈ ? ਉਹ ਵੀ ਉਦੋਂ, ਜਦੋਂ ਸੂਬੇ ਉੱਪਰ ਲੱਖਾਂ ਕਰੋੜ ਦਾ ਕਰਜ਼ਾ ਸਰਕਾਰ ਸੂਬੇ ਦੇ ਸਾਰੇ ਮੁਲਾਜ਼ਮਾਂ ਨੂੰ ਠਿੱਠ ਕਰਦੀ ਹੋਈ ਉਨ੍ਹਾਂ ਦੀਆਂ ਨਿਗੂਣੀਆਂ ਮੰਗਾਂ ਵੀ ਪੂਰੀਆਂ ਨਹੀਂ ਕਰ ਰਹੀ ਹੈ।

ਛੇਵਾਂ ਵੱਡਾ ਮਸਲਾ ਵੀ.ਆਈ.ਪੀ. ਕਲਚਰ ਦਾ ਹੈ। ਅਸੀਂ ਸਰਕਾਰ ਦੇ ਐਸ਼ੋ ਆਰਾਮ ਦੀ ਗੱਲ ਕਰਦੇ ਹਾਂ ਤਾਂ ਪੰਜਾਬ ਸਰਕਾਰ ਦੇ ਮੁੱਖ ਮੰਤਰੀ ਦਾ ਹੈਲੀਕਾਪਟਰ ਦਿਨ ਵਿੱਚ ਕਈ ਕਈ ਵਾਰ ਉੱਡਦਾ ਹੈ ਜਿਸ ਵਿੱਚ ਪੈਸਾ ਪਾਣੀ ਵਾਂਗ ਫ਼ੂਕਿਆ ਜਾ ਰਿਹਾ ਹੈ। ਕੀ ਲੋਕਾਂ ਦਾ ਪ੍ਰਤੀਨਿਧ, ਲੋਕ ਸੇਵਕ ਹੋ ਕੇ ਲੋਕਾਂ ਦੇ ਵਿੱਚ ਰਹਿ ਕੇ ਸਫ਼ਰ ਨਹੀਂ ਕਰ ਸਕਦਾ ਹੈ ? ਇੱਕ ਪਾਸੇ ਸੂਬੇ ਦੇ ਮੁਲਾਜ਼ਮ ਹਨ ਜੋ ਰਿਟਾਇਰਮੈਂਟ ਪਿੱਛੋਂ ਆਪਣੀ ਪੈਨਸ਼ਨ ਬਹਾਲੀ ਲਈ ਧੱਕੇ ਖਾ ਰਹੇ ਹਨ ਅਤੇ ਦੂਜੇ ਪਾਸੇ ਇਹ ਲੋਕਾਂ ਦੇ ਚੁਣੇ ਹੋਏ ਪ੍ਰਤੀਨਿਧ ਹਨ, ਜੋ ਸਰਕਾਰ ਵਿੱਚ ਰਹਿੰਦਿਆਂ ਤਾਂ ਐਸ਼ੋ ਆਰਾਮ ਦੀਆਂ ਸਹੂਲਤਾਂ ਮਾਣਦੇ ਹਨ ਅਤੇ ਬਾਅਦ ਵਿੱਚ ਵੀ ਮੋਟੀਆਂ ਪੈਨਸ਼ਨਾਂ ਅਤੇ ਮੈਡੀਕਲ ਖਰਚੇ ਕਲੇਮ ਕਰਕੇ ਲੋਕਾਂ ਦੇ ਟੈਕਸ ਦੇ ਪੈਸੇ ਨੂੰ ਨਿੰਬੂ ਵਾਂਗ ਨਿਚੋੜ ਕੇ ਖਤਮ ਕਰ ਰਹੇ ਹਨ। ਅੱਜ ਸੂਬੇ ਦੀ ਸਥਿਤੀ ਬਹੁਤ ਹੀ ਨਾਜ਼ੁਕ ਹੈ। ਸੂਬੇ ਦਾ ਨੌਜਵਾਨ ਪੜ੍ਹਨਾ ਚਾਹੁੰਦਾ ਹੈ ਪਰ ਉਸ ਨੂੰ ਆਪਣਾ ਭਵਿੱਖ ਨਜ਼ਰ ਨਹੀਂ ਆ ਰਿਹਾ। ਉਹ ਰੁਜ਼ਗਾਰ ਦੀ ਪ੍ਰਾਪਤੀ ਲਈ ਵਿਦੇਸ਼ਾਂ ਵੱਲ ਭੱਜ ਰਿਹਾ ਹੈ।

ਭਾਰਤ ਦੇਸ਼ ਵਿੱਚ ਵੱਖ ਵੱਖ ਧਰਮਾਂ, ਜਾਤਾਂ ਦੇ ਲੋਕ ਰਹਿੰਦੇ ਹਨ ਤੇ ਬਹੁਤ ਵਧੀਆ ਆਪਸੀ ਭਾਈਚਾਰਾ ਹੈ ਪਰ ਜਦੋਂ ਦੇਸ਼ ਦੀਆਂ ਚੋਣਾਂ ਨੇੜੇ ਆਉਂਦੀਆਂਹਨ ਤਾਂ ਅਜਿਹੇ ਬਹੁਤ ਸਾਰੇ ਰਾਜਨੀਤਿਕ ਮੁੱਦੇ ਪੈਦਾ ਹੋ ਜਾਂਦੇ ਹਨ ਜੋ ਪਿਛਲੇ ਕਈ ਦਹਾਕਿਆਂ ਤੋਂ ਬਣੇ ਹੋਏ ਹਨ। ਉਨ੍ਹਾਂ ਦਾ ਹੱਲ ਸਰਕਾਰਾਂ ਨਾ ਕਰਦੀਆਂ ਹਨ ਤੇ ਨਾ ਹੀ ਕਰਨਾ ਚਾਹੁੰਦੀਆਂ ਹਨ। ਲੋਕਾਂ ਦਾ ਰੋਹ ਜਦੋਂ ਪੈਦਾ ਹੁੰਦਾ ਹੈ ਤਾਂ ਸਰਕਾਰਾਂ ਕੁਝ ਜਾਂਚ ਕਮੇਟੀਆਂ ਬਣਾ ਕੇ ਉਨ੍ਹਾਂ ਮੁੱਦਿਆਂ ਨੂੰ ਹੱਲ ਕਰਨ ਦਾ ਨਾਟਕ ਤਾਂ ਜ਼ਰੂਰ ਕਰਦੀਆਂ ਹਨ (ਬਾਕੀ ਸਫ਼ਾ 31 'ਤੇ)

# ਆਧੁਨਿਕਤਾ ਦੇ ਸਿਆਹ-ਸਫ਼ੈਦ ਤਰਕ ਨਾਲ ਜੂਝਦਿਆਂ ਸਿੱਖ ਪੰਥ ਦੀ ਜ਼ਿੰਮੇਵਾਰੀ



ਪ੍ਰਭਸ਼ਰਨਬੀਰ ਸਿੰਘ

ਜਦੋਂ ਦਿਮਾਗ ਵਿੱਚ ਕੋਈ ਵਿਚਾਰ ਪੈਦਾ ਹੁੰਦੈ, ਜ਼ਰੂਰੀ ਨਹੀਂ ਕਿ ਉਸਨੂੰ ਤਤਫ਼ਟ ਹੀ ਬਾਹਰ ਕੱਢ ਦਿੱਤਾ ਜਾਵੇ। ਉਸ ਵਿਚਾਰ ਦੀ ਜੜ੍ਹ ਹੋਣੀ ਵੀ ਜਰੂਰੀ ਹੁੰਦੀ ਹੈ। ਨਹੀਂ ਤਾਂ ਵਿਚਾਰ ਨਹੀਂ, ਵਿਚਾਰ ਦੀ ਲਾਸ਼ ਹੀ ਬਾਹਰ ਆਉਂਦੀ ਹੈ। ਕਈ ਵਾਰ ਕੋਈ ਵਿਚਾਰ ਵੇਖਣ ਪਾਖਣ ਨੂੰ ਬਹੁਤ ਸੋਹਣਾ ਹੁੰਦੈ, ਪਰ ਪੰਥ ਦੇ ਵਡੇਰੇ ਹਿੱਤਾਂ ਲਈ ਉਹ ਆਤਮਘਾਤੀ ਵੀ ਹੁੰਦੈ। ਅਜਿਹੇ ਮੌਕੇ ਵਿਚਾਰ ਕਰਨ ਵਾਲੇ ਦਾ ਫ਼ਰਜ਼ ਬਣਦਾ ਹੁੰਦੈ ਕਿ ਉਹ ਸੋਚੇ ਕਿ ਉਹਨੇ ਵਕਤੀ ਵਾਹ ਵਾਹ ਲੈਣੀ ਹੈ ਜਾਂ ਦੂਰ ਸਮੇਂ ਦੇ ਗਰਭ ਵਿੱਚ ਸੁੱਤੀ ਕੌਮ ਦੀ ਹੋਣੀ ਨਾਲ ਆਪਣੇ ਸ਼ਬਦਾਂ ਨੂੰ ਬਗਲਗੀਰ ਕਰਵਾਉਣਾ ਹੈ।

ਨਾ ਤਾਂ ਗਰਭ ਵਿਚੋਂ ਬੱਚਾ ਹੀ ਉਸੇ ਵੇਲੇ ਬਾਹਰ ਆਉਂਦੈ ਤੇ ਨਾ ਹੀ ਬੀਜ਼ ਧਰਤੀ ਵਿਚੋਂ ਛੜੱਪੇ ਮਾਰ ਕੇ ਨਿਕਲਦੈ। ਦੋਹੇਂ ਕੁਝ ਵਕਤ ਹਨ੍ਹੇਰੇ ਵਿੱਚ ਗੁਜਾਰਦੇ ਹਨ। ਹਨ੍ਹੇਰੇ ਵਿੱਚ ਗੁਜਾਰੇ ਇਸ ਵਕਤ ਦੌਰਾਨ ਹੀ ਉਹਨਾਂ ਨੂੰ ਜੀਵਨ ਦੀ ਦਾਤ ਬਖਸ਼ਿਸ਼ ਵਿਚ ਮਿਲਦੀ ਹੈ। ਕੁੱਖ, ਭਾਵੇਂ ਧਰਤੀ ਦੀ ਹੋਵੇ ਜਾਂ ਮਾਂ ਦੀ, ਆਪਣੇ ਆਪ ਨੂੰ ਓਹਲੇ ਵਿੱਚ ਰੱਖਦੀ ਹੈ। ਇਸੇ ਓਹਲੇ ਵਿੱਚ ਹੀ ਜੀਵਨ ਉਗਮਦੈ। ਫ਼ੈਕਟਰੀਆਂ ਵਿੱਚ ਹਨ੍ਹੇਰਾ ਨਹੀਂ, ਹਰ ਵੇਲੇ ਚਾਨਣ ਹੁੰਦੈ, ਪਰ ਫ਼ੈਕਟਰੀਆਂ ਸਿਰਫ਼ ਨਿਰਜਿੰਦ ਚੀਜ਼ਾਂ ਹੀ ਬਣਾ ਸਕਦੀਆਂ ਨੇ, ਜੀਵਨ ਦੀ ਧੜਕਣ ਦਾ ਇੱਕ ਪਲ ਵੀ ਨਹੀਂ ਦੇ ਸਕਦੀਆਂ। ਫ਼ੈਕਟਰੀਆਂ ਵਿਚੋਂ ਮਾਲ ਧੜਾਧੜ ਬਾਹਰ ਆਉਂਦੈ। ਜਿੰਨੀ ਤੇਜ਼ੀ ਨਾਲ ਕੋਈ ਫ਼ੈਕਟਰੀ ਮਾਲ ਪੈਦਾ ਕਰਦੀ ਹੈ, ਓਨਾ ਹੀ ਵੱਧ ਮੁਨਾਫ਼ਾ ਵੀ ਕਮਾਉਂਦੀ ਹੈ ਪਰ ਜੀਵਨ ਤਾਂ ਸਹਿਜ ਵਿੱਚ ਵਿਗਸਦੈ ਕਿਉਂਕਿ ਇਸ ਪਿੱਛੇ ਮੁਨਾਫ਼ੇ ਦਾ ਲਾਲਚ ਨਹੀਂ ਹੁੰਦਾ। ਜੀਵਨ ਸਰਬਕਾਲੀ ਹੁੰਦੈ, ਇਸੇ ਲਈ ਕਾਹਲੀ ਵਿੱਚ ਨਹੀਂ ਪੈਂਦਾ।

ਕੌਮਾਂ ਦੇ ਸੰਘਰਸ਼ਾਂ ਨੂੰ ਵੀ ਕਿਸੇ ਵੱਡੇ ਜ਼ਾਵੀਏ ਵਿੱਚ ਰੱਖ ਕੇ ਵਾਚਣ ਦੀ ਲੋੜ ਹੁੰਦੀ ਹੈ। ਕਿਸੇ ਵੀ ਕੌਮ ਲਈ ਆਪਣੀ ਸਹਿਜ ਭਰਪੂਰ 'ਨਿਰਾਲੀ ਚਾਲ' ਨੂੰ ਛੱਡਣਾ ਖ਼ੁਦਕੁਸ਼ੀ ਸਾਬਤ ਹੋ ਸਕਦੈ। ਗੁਰੂ ਸਾਹਿਬ ਫ਼ੁਰਮਾਉਂਦੇ ਹਨ:

ਭਗਤਾ ਕੀ ਚਾਲ ਨਿਰਾਲੀ

ਮਨੁੱਖ ਜਿੰਨੇ ਮਰਜ਼ੀ ਕੰਕਰੀਟ ਦੇ ਜੰਗਲ ਉਸਾਰ ਲਵੇ, ਅੰਤ ਨੂੰ ਜਿੱਤਣਾ ਤਾਂ ਘਾਹ ਨੇ ਹੀ ਹੈ ਪਰ ਕਈ ਵਾਰੀ ਜੀਵਨ ਦੀ ਸਰਸਬਜ਼ ਤਬੀਅਤ ਨੂੰ ਸਹਿਕਦਾ ਰੱਖਣ ਲਈ ਕਿਲ੍ਹੇ ਵੀ ਉਸਾਰਨੇ ਪੈਂਦੇ ਹਨ। ਜੰਗਲ ਦੀ ਭਰਪੂਰ ਤਾਜ਼ਗੀ ਦਾ ਆਪਣਾ ਇੱਕ ਹੁਸਨ ਤਾਂ ਹੈ, ਪਰ ਉਹਦੇ ਇੱਕ ਹਿੱਸੇ ਨੂੰ ਸਾਫ਼ ਕਰਕੇ ਉਹਦੇ 'ਤੇ ਹਲ ਵਾਹੁਣਾ ਵੀ ਰੱਬੀ ਹੁਕਮ ਦੇ ਅਨੁਸਾਰੀ ਹੀ ਹੈ ਬਸ਼ਰਤੇ ਕਿ ਹਲ ਮਸ਼ੀਨੀ ਨਾ ਹੋਵੇ। ਮਸ਼ੀਨਾਂ ਕਿੰਨੀਆਂ ਵੀ ਘਾਤਕ ਕਿਉਂ ਨਾ ਹੋਣ, ਸਦੀਵੀ ਨਹੀਂ ਹੋ ਸਕਦੀਆਂ। ਅੰਤ ਨੂੰ ਤਾਂ ਧਰਤੀ ਨੇ ਕਿਰਤੀ ਹੱਥਾਂ ਵਿੱਚ ਹੀ ਮੌਲਣਾ ਹੈ। ਪਰ ਕਈ ਵਾਰ ਮਸ਼ੀਨ ਨਾਲ ਲੜਨ ਲਈ ਵੀ ਮਸ਼ੀਨ ਦੀ ਲੋੜ ਪੈਂਦੀ ਹੈ। ਅਜਿਹੀ ਸਥਿਤੀ ਵਿੱਚ ਕੀ ਕੀਤਾ ਜਾਵੇ, ਇਸਦਾ ਫ਼ੈਸਲਾ ਕਾਹਲ਼ੀ ਵਿੱਚ ਨਹੀਂ ਹੋ ਸਕਦਾ। ਮਸ਼ੀਨਾਂ ਫ਼ੈਕਟਰੀਆਂ ਵਿੱਚ ਹੀ ਬਣਦੀਆਂ ਹਨ ਜੰਗਲਾਂ ਵਿੱਚ ਨਹੀਂ। ਸਾਡੇ ਸਮਿਆਂ ਦਾ ਵੱਡਾ ਸੁਆਲ ਇਹ ਹੈ ਕਿ ਕੀ ਆਧੁਨਿਕਤਾ ਨਾਲ ਲੜਨ ਲਈ ਆਧੁਨਿਕ ਸੰਦ ਵਰਤੇ ਜਾ ਸਕਦੇ ਹਨ ਜਾਂ ਨਹੀਂ। ਜੇ ਨਹੀਂ ਵਰਤੇ ਜਾ ਸਕਦੇ ਤਾਂ ਇਹ ਕੌਣ ਭੁੱਲ ਸਕਦੈ ਕਿ ਫ਼ੇਸਬੁੱਕ ਵੀ ਇੱਕ ਆਧੁਨਿਕ ਸੰਦ ਹੀ ਹੈ।



ਜੰਗਲਾਂ ਤੋਂ ਖੇਤ ਬਣੇ, ਖੇਤਾਂ 'ਤੇ ਫ਼ੈਕਟਰੀਆਂ ਬਣੀਆਂ, ਫ਼ੈਕਟਰੀਆਂ ਵਿੱਚ ਬਣੇ ਟੈਂਕ ਸਾਡੇ ਗੁਰਧਾਮਾਂ ਨੂੰ ਢਾਹੁਣ ਆਏ ਤਾਂ ਪੰਜਾਬ ਦੀ ਮਿੱਟੀ ਦੇ ਜਾਇਆਂ ਨੇ ਫ਼ੈਕਟਰੀਆਂ ਵਿੱਚ ਬਣੇ ਸੰਦ ਵਰਤੇ। ਵਰਤਣੇ ਹੀ ਸਨ। ਇਸ ਟਕਰਾਅ ਵਿਚੋਂ ਮਹਾਨ ਇਤਿਹਾਸ ਪੈਦਾ ਹੋਇਆ। ਫ਼ੇਰ ਗਿਆਨ ਸੱਤਾ ਦਾ ਔਜਾਰ ਬਣਿਆ। ਇਸ ਗਿਆਨ ਨੇ ਲੋਕ ਮਨਾਂ ਨੂੰ ਗੁਮਰਾਹ ਕੀਤਾ ਤੇ ਆਪਣੇ ਲਹੂ ਨਾਲ ਮਾਂ-ਧਰਤ ਨੂੰ ਸਿੰਜਣ ਵਾਲੇ ਸੂਰਮਿਆਂ ਨੂੰ ਖਲਨਾਇਕ ਬਣਾ ਧਰਿਆ। ਇਸ ਝੂਠ ਗਿਆਨ ਦਾ ਪਾਜ ਉਧੇੜਨ ਲਈ ਉਸੇ ਗਿਆਨ ਨੂੰ ਸੰਦ ਬਣਾਉਣਾ ਹੈ। ਇੱਕ ਪੱਤਰਕਾਰ ਇਹ ਜਾਣਦੇ ਹੋਏ ਵੀ ਆਪਣੀ ਪੱਤਰਕਾਰੀ ਨਹੀਂ ਛੱਡਦਾ ਕਿ ਸਾਰਾ ਮੀਡੀਆ ਸੱਤਾ ਦਾ ਦਲਾਲ ਹੈ। ਛੱਡਣੀ ਚਾਹੀਦੀ ਵੀ ਨਹੀਂ। ਅਜਿਹਾ ਕਰਨਾ ਤਾਂ ਹੱਥੋਂ ਹਥਿਆਰ ਸਿੱਟਣ ਵਾਲੀ ਗੱਲ ਹੋਵੇਗੀ। ਆਪਣੇ ਪੰਥ-ਦਰਦ ਨੂੰ ਫ਼ੇਸਬੁੱਕ ਦੇ ਜਰੀਏ ਲੋਕਾਂ ਨਾਲ ਸਾਂਝਾ ਕਰਨ ਵਾਲਾ ਜੋਸ਼ੀਲਾ ਨੌਜਵਾਨ ਇਹ ਜਾਣਦੇ ਹੋਏ ਵੀ ਫ਼ੇਸਬੁੱਕ ਨਹੀਂ ਛੱਡਦਾ ਕਿ ਆਖਰਕਾਰ ਫ਼ੇਸਬੁੱਕ ਇੱਕ ਵਪਾਰ ਹੀ ਹੈ ਜਿਸਨੇ ਅੰਤ ਨੂੰ ਸੱਤਾ ਦੇ ਦਰ 'ਤੇ ਹੀ ਨਤਮਸਤਕ ਹੋਣੈ। ਉਹ ਵੀ ਅਜਿਹਾ ਕਰਕੇ ਠੀਕ ਹੀ ਕਰਦੈ ਕਿਉਂਕਿ ਸਮੇਂ ਦਾ ਤਕਾਜ਼ਾ ਇਸਦੀ ਮੰਗ ਕਰਦਾ ਹੈ। ਪੱਛਮੀ ਤਰਜ਼ ਦੀ ਯੂਨੀਵਰਸਿਟੀ ਵਿੱਚ ਪੜ੍ਹਦਾ ਸਿੱਖ ਨੌਜਵਾਨ ਇਹ ਜਾਣਦਾ ਹੋਇਆ ਵੀ ਯੂਨੀਵਰਸਿਟੀ ਨਹੀਂ ਛੱਡਦਾ ਕਿ ਪੱਛਮੀ ਗਿਆਨ ਮਨੁੱਖ ਨੂੰ ਗ਼ੁਲਾਮ ਬਣਾਉਂਦਾ ਹੈ। ਛੱਡਣੀ ਚਾਹੀਦੀ ਵੀ ਨਹੀਂ ਕਿਉਂਕਿ ਗੁਰੂ ਸਾਹਿਬਾਨ ਦਾ ਹੁਕਮ ਹੈ:

ਅੰਜਨ ਮਾਹਿ ਨਿਰੰਜਨਿ ਰਹੀਐ ਜੋਗ ਜੁਗਤਿ ਇਵ ਪਾਈਐ

ਇਹ ਜਗਤ ਕਾਲਖ ਦੀ ਕੋਠੜੀ ਹੈ। ਰਹਿਣਾ ਵੀ ਇਸੇ ਵਿੱਚ ਹੈ ਤੇ ਪਾਹ ਵੀ ਨਹੀਂ ਲੱਗਣ ਦੇਣਾ। ਇਹੀ ਸਿੱਖੀ ਹੈ। ਜਿਹੜਾ ਦਾਗ਼ ਲੱਗਣ ਦੇ ਡਰੋਂ ਭੱਜ ਗਿਆ, ਉਹ ਜੋਗੀ ਹੋ ਸਕਦੈ, ਸਿੱਖ ਨਹੀਂ। ਆਧੁਨਿਕਤਾ ਨਾਲ ਸਾਡੇ ਸਿਰਜਣਾਤਮਕ ਟਕਰਾਅ ਨੂੰ ਜਿੱਤਣ ਦੀ ਰਮਜ਼ ਇਸੇ ਨੁਕਤੇ ਵਿੱਚ ਲੁਕੀ ਹੈ। ਆਧੁਨਿਕਤਾ ਵਿਰੁੱਧ ਸਾਡਾ ਉਚੇਰਾ ਸੰਘਰਸ਼ ਜੰਗਲਾਂ ਅਤੇ ਖੇਤਾਂ ਤੋਂ ਲੈ ਕੇ ਫ਼ੈਕਟਰੀਆਂ ਅਤੇ ਯੂਨੀਵਰਸਿਟੀਆਂ ਤੱਕ ਫ਼ੈਲਿਆ ਹੋਇਆ ਹੈ। ਮਹਾਰਾਜਾ ਰਣਜੀਤ ਸਿੰਘ ਦੇ ਰਾਜ ਵਿੱਚ ਵੀ ਫ਼ੈਕਟਰੀਆਂ ਸਨ ਤੇ ਉਹ ਸਮਾਨ ਵੀ ਯੂਰਪੀ ਫ਼ੈਕਟਰੀਆਂ ਤੋਂ ਵਧੀਆ ਬਣਾਉਂਦੀਆਂ ਸਨ। ਪਰ ਫ਼ਿਰ ਵੀ ਅਸੀਂ ਹਾਰ ਗਏ। ਕਿਉਂ? ਕਿਉਂਕਿ ਸਾਡਾ ਪੱਛਮੀ ਫ਼ਲਸਫ਼ੇ ਦੇ ਮਹੀਨ ਤਰਕ ਨਾਲ ਇਤਿਹਾਸਕ ਭੇੜ ਹੋਣਾ ਅਜੇ ਬਾਕੀ ਸੀ। ਇਹ ਭੇੜ ਉਨ੍ਹੀਵੀਂ ਮਸੀਹੀ ਸਦੀ ਦੇ ਸ਼ੁਰੂ ਵਿੱਚ ਹੀ ਆਰੰਭ ਹੋ ਗਿਆ ਸੀ ਤੇ ਅਜੇ ਤੱਕ ਚੱਲ ਰਿਹੈ। ਇਸ ਭੇੜ ਵਿਚੋਂ ਜਿਹੜਾ ਜੇਤੂ ਹੋ ਕੇ ਨਿੱਕਲੇਗਾ, ਦੁਨੀਆਂ ਉੱਤੇ ਉਸੇ ਦੇ ਹੀ ਝੰਡੇ ਝੂਲਣਗੇ।

ਆਧੁਨਿਕਤਾ ਹੁਣ ਤੱਕ ਹੋਈਆਂ ਬਾਕੀ ਸਾਰੀਆਂ ਰਾਜਨੀਤਿਕ-ਸੱਭਿਆਚਾਰਕ ਪੈਰਾਡਾਇਮਾਂ ਤੋਂ ਵੱਖਰੀ ਹੈ। ਇਸਦੀਆਂ ਕੋਈ ਹੱਦਾਂ ਨਹੀਂ ਹਨ। ਜਿਸ ਨਾਲ ਲੜਦੀ ਹੈ ਉਸੇ ਨੂੰ ਆਪਣੇ ਵਰਗਾ ਬਣਾ ਲੈਂਦੀ ਹੈ ਤੇ ਅਗਲੇ ਨੂੰ ਪਤਾ ਵੀ ਨਹੀਂ ਲੱਗਦਾ ਕਿ ਮੇਰੇ ਨਾਲ ਹੋ ਕੀ ਗਿਆ। ਇਸਦੇ ਤਰਕ ਦੀ ਅਸਲ ਤਾਕਤ ਹੀ ਇਹ ਹੈ ਕਿ ਇਹਦਾ ਸਿੱਧਾ ਵਿਰੋਧ ਵੀ ਇਸਦੇ ਘੇਰੇ ਵਿੱਚ ਹੀ ਰਹਿੰਦਾ ਹੈ। ਇਸੇ ਦਾ ਹੀ ਪਾਣੀ ਭਰਦਾ ਰਹਿੰਦਾ ਹੈ। ਆਧੁਨਿਕਤਾ ਵਿਰੁੱਧ ਸਾਡੇ ਆਤਮਿਕ ਸੰਘਰਸ਼ ਦਾ ਵਕਤੀ ਪ੍ਰਾਪੇਗੰਡੇ ਵਿੱਚ ਪਲਟਣਾ ਸਾਡੇ ਲਈ ਘਾਤਕ ਸਿੱਧ ਹੋਵੇਗਾ।

ਸਮੂਹ ਪੰਥ-ਦਰਦੀ ਵੀਰਾਂ ਦੇ ਚਰਨਾਂ ਵਿੱਚ ਸਨਿਮਰ ਬੇਨਤੀ ਹੈ ਕਿ ਸਹਿਜ ਦਾ ਪੱਲਾ ਕਦੇ ਨਾ ਛੱਡੋ। ਧੀਰਜ ਰੱਖੋ। ਆਪਣੇ ਦਿਮਾਗਾਂ ਨੂੰ ਸੋਸ਼ਲ ਮੀਡੀਆ ਪੋਸਟਾਂ ਦੀਆਂ ਫ਼ੈਕਟਰੀਆਂ ਨਾ ਬਣਾਓ। ਸੋਸ਼ਲ ਮੀਡੀਏ ਨੂੰ ਵਰਤੋ ਜ਼ਰੂਰ ਪਰ ਥੋੜ੍ਹਾ ਜਿਹਾ ਨਿਰਲੇਪ ਅਤੇ ਸਹਿਜ ਵਿੱਚ ਰਹਿ ਕੇ। ਸਾਡੇ ਸੰਘਰਸ਼ ਦੇ ਕਾਇਨਾਤੀ ਪਸਾਰ ਹਨ। ਸਿੱਖੀ ਦਾ ਆਧੁਨਿਕਤਾ ਨਾਲ ਆਤਮਿਕ ਸੰਘਰਸ਼ ਇੱਕ ਦਿਨ ਦੁਨੀਆ ਨੂੰ ਨਵੀਂ ਦਿਸ਼ਾ ਦੇਵੇਗਾ। ਇਹ ਮੇਰਾ ਭਰੋਸਾ ਹੈ ਬਸ਼ਰਤੇ ਕਿ ਸਿੱਖ ਆਧੁਨਿਕਤਾ ਦੇ ਸਿਆਹ-ਸਫ਼ੈਦ ਤਰਕ ਨੂੰ ਆਤਮਸਾਤ ਨਾ ਕਰ ਲੈਣ। ਸਿਆਹ-ਸਫ਼ੈਦ ਤਰਕ ਵਿਰੋਧੀ ਜੁਟਾਂ ਦੇ ਖਲਜਗਣ ਤੋਂ ਬਾਹਰ ਨਹੀਂ ਆ ਸਕਦਾ। ਉਹਨੂੰ ਹਰ ਚੀਜ ਦਿਨ-ਰਾਤ ਹੀ ਦਿਸਦੀ ਹੈ। ਅੰਮ੍ਰਿਤ ਵੇਲਾ ਤੇ ਰਹਿਰਾਸ ਦਾ ਵੇਲਾ ਨਹੀਂ ਦਿਖਦੇ। ਪਰ ਇਹੀ ਉਹ ਦੋ ਵੇਲੇ ਹਨ ਜਦੋਂ ਸਾਡੀ ਰੂਹ ਨਾਮਰਸ ਵਿੱਚ ਸਹਿਜੇ ਹੀ ਸਰਸ਼ਾਰ ਹੋ ਜਾਂਦੀ ਹੈ। ਇਹਨਾਂ ਦੋਹਾਂ ਵੇਲਿਆਂ ਵਿੱਚ ਦਿਨ ਤੇ ਰਾਤ ਸੰਜੋਗੀ ਹੁੰਦੇ ਹਨ। ਆਪਣੇ ਆਪ ਨੂੰ ਭੁੱਲ ਕੇ ਇੱਕ ਦੂਜੇ ਵਿੱਚ ਲੀਨ ਹੋ ਜਾਂਦੇ ਹਨ। ਭਾਵੇਂ ਗੁਰੂ ਸਾਹਿਬਾਨ ਨੇ ਮਨ ਨੂੰ ਜੋਤ ਸਰੂਪ ਦੱਸਿਆ ਹੈ ਪਰ ਅੰਧਕਾਰ ਨੂੰ ਵੀ ਤਾਂ ਨਮਸਕਾਰ ਕੀਤਾ ਹੈ। ਵਿਰੋਧੀ ਜੁਟਾਂ ਦੇ ਇਸ ਸੰਜੋਗੀ ਮੇਲ ਨੂੰ ਆਪਣੀ ਵਿਚਾਰਸ਼ੀਲਤਾ ਦਾ ਹਿੱਸਾ ਬਣਾਏ ਬਗੈਰ ਅਸੀਂ ਸਿੱਖੀ ਦੇ ਬਾਗ਼ ਨੂੰ ਇਸ ਧਰਤਿ ਸੁਹਾਵੀ 'ਤੇ ਮਹਿਕਦਾ ਰੱਖਣ ਵਿੱਚ ਆਪਣਾ ਬਣਦਾ ਹਿੱਸਾ ਨਹੀਂ ਪਾ ਸਕਦੇ। ਉਂਝ ਇਹ ਬਾਗ਼ ਤਾਂ ਹਮੇਸ਼ਾ ਮਹਿਕਦਾ ਰਿਹਾ ਹੈ ਤੇ ਗੁਰੂ ਦੀ ਕਿਰਪਾ ਨਾਲ ਰਹੇਗਾ ਵੀ। ਸੁਆਲ ਤਾਂ ਇਹ ਹੈ ਕਿ ਅਸੀਂ ਇਸਨੂੰ ਮਹਿਕਦਾ ਰੱਖਣ ਦੀ ਸੇਵਾ ਲੁੱਟ ਰਹੇ ਹਾਂ ਜਾਂ ਨਹੀਂ। ਗੁਰੂ ਸਾਹਿਬਾਨ ਵੱਲੋਂ ਆਪਣੇ ਕਰ-ਕਮਲਾਂ ਦੁਆਰਾ ਸਥਾਪਤ ਕੀਤੇ ਬਾਗ਼ਾਂ ਨੂੰ ਮੁੜ ਜੀਵੰਤ ਕਰਨ ਦੀ ਲੋੜ ਹੈ। ਜੰਗਲ ਤੇ ਬਾਗ਼ ਇੱਕ ਦੂਜੇ ਦੇ ਵਿਰੋਧੀ ਨਹੀਂ, ਸਗੋਂ ਪੂਰਕ ਹੁੰਦੇ ਹਨ। ਜੰਗਲ ਉਸ ਹਨ੍ਹੇਰੀ ਕੁੱਖ ਦੀ ਨਿਆਈਂ ਹੈ ਜਿਸ ਵਿੱਚ ਕੁਝ ਸਮਾਂ ਗੁਜਾਰਨਾ ਵੀ ਜਰੂਰੀ ਹੈ ਤੇ ਉਸ ਵਿਚੋਂ ਬਾਹਰ ਆ ਕੇ ਖੇਤਾਂ ਤੇ ਬਾਗ਼ਾਂ ਦੀ ਸਿਰਜਣਾ ਕਰਨੀ ਵੀ ਜਰੂਰੀ ਹੈ। ਜੰਗਲ ਦਾ ਹਿਰਦਾ ਐਨਾ ਵਿਸ਼ਾਲ ਹੁੰਦੈ ਕਿ ਉਹ ਇਸ ਵਿਛੋੜੇ ਨੂੰ ਧੋਖੇ ਵਜੋਂ ਨਹੀਂ ਵੇਖਦਾ ਸਗੋਂ ਇਸ ਵਿਛੋੜੇ ਨੂੰ ਹੀ ਆਪਣਾ ਅੰਤਿਮ ਲਖਸ਼ ਮੰਨਦਾ ਹੈ। ਬਿਲਕੁਲ ਇਸੇ ਤਰ੍ਹਾਂ ਮਾਂ ਦੀ ਕੁੱਖ ਹੁੰਦੀ ਹੈ। ਉਸ ਵਿੱਚ ਰਹਿਣਾ ਵੀ ਜ਼ਰੂਰੀ ਹੈ ਤੇ ਬਾਹਰ ਆਉਣਾ ਵੀ। ਸਿਆਹ-ਸਫ਼ੈਦ ਤਰਕ ਜੀਵਨ ਦੇ ਇਸ ਮੁਢਲੇ ਵਿਰੋਧਾਭਾਸ ਨੂੰ ਨਹੀਂ ਸਮਝ ਸਕਦਾ। ਕਈ ਵਾਰ ਸਾਡੇ ਭੋਲੇ ਵੀਰ ਆਧੁਨਿਕਤਾ ਦਾ ਵਿਰੋਧ ਕਰਦੇ ਕਰਦੇ ਅਚੇਤ ਹੀ ਆਧੁਨਿਕਤਾ ਦੇ ਸਿਆਹ-ਸਫ਼ੈਦ ਤਰਕ ਨੂੰ ਅਪਣਾ ਲੈਂਦੇ ਹਨ। ਇਸ ਤ੍ਰਾਸਦੀ ਦਾ ਮੁੱਖ ਕਾਰਨ ਕਾਹਲੀ ਹੈ। ਗੁਰੂ ਵੱਲੋਂ ਬਖਸ਼ੀ ਸਹਿਜ-ਭਰਪੂਰ ਨਿਰਾਲੀ ਚਾਲ ਨੂੰ ਭੁੱਲਣਾ ਹੈ।

ਤਰਕ ਨੂੰ ਜਿੱਤਣ ਦੀ ਕਾਹਲੀ ਵਿੱਚ ਤਾਰਕਿਕ ਨਾ ਬਣੋ। ਦੁਨੀਆਂ ਚਿੱਟੀ-ਕਾਲੀ ਨਹੀਂ, ਰੰਗ-ਬਰੰਗੀ ਹੈ। ਗੁਰੂ ਸਾਹਿਬ ਤਾਂ ਫ਼ੁਰਮਾਉਂਦੇ ਹਨ ਕਿ ਸਿਰਫ਼ ਰੰਗ-ਬਰੰਗੀ ਵੀ ਨਹੀਂ, ਸਗੋਂ ਇੱਕੋ ਵੇਲੇ ਇੱਕਰੰਗੀ ਵੀ ਹੈ ਤੇ ਰੰਗ ਬਰੰਗੀ ਵੀ:

ਆਪੇ ਹਰਿ ਇਕ ਰੰਗੁ ਹੈ ਆਪੇ ਬਹੁ ਰੰਗੀ

ਇਹਦੇ ਸੁਹਣੱਪ ਨੂੰ ਪਛਾਣ ਕੇ ਆਪਣੀ ਵਿਚਾਰਸ਼ੀਲਤਾ ਨੂੰ ਇਸ ਵਿੱਚ ਰੰਗੋ। ਜੇ ਪੱਛਮ ਧੁਰ ਅੰਦਰ ਤੱਕ ਬਸਤੀਵਾਦੀ ਹਿੰਸਾ ਵਿੱਚ ਲਬਰੇਜ਼ ਹੈ ਤਾਂ ਬ੍ਰਾਹਮਣਵਾਦ ਵੀ ਪੂਰਬ ਦੇ ਰਗੋ-ਰੇਸ਼ੇ ਵਿੱਚ ਸਮਾਇਆ ਹੋਇਆ ਹੈ। ਗੁਰੂ ਦਾ ਸਰਬ ਪਾਸਾਰੀ ਸ਼ਬਦ ਇਹਨਾਂ ਦੋਹਾਂ ਤੋਂ ਪਾਰ ਵੀ ਗੂੰਜਦੈ ਤੇ ਇਹਨਾਂ ਦੇ ਅੰਦਰ ਇੱਕ ਨਵੀਂ ਧੜਕਣ ਵੀ ਪੈਦਾ ਕਰਦੈ। ਇਹ ਜੀਵਨ ਦਾਤੀ ਧੜਕਣ ਹੀ ਸਾਡੀ ਉਹ ਸੌਗਾਤ ਹੈ ਜਿਹੜੀ ਅਸੀਂ ਗੁਰਾਂ ਦੇ ਦਰ ਤੋਂ ਲੈ ਕੇ ਪੂਰੇ ਜਗਤ ਵਿੱਚ ਵੰਡਣੀ ਹੈ। ਇਹੀ ਅਕਾਲ ਪੁਰਖ ਦਾ ਹੁਕਮ ਹੈ। ਤੇ ਹੁਕਮ ਕੀ ਹੈ? ਕਾਇਨਾਤ ਵਿੱਚ ਮੁੜ ਮੁੜ ਸੰਤੁਲਨ ਸਥਾਪਤ ਕਰਨ ਦੀ ਸਹਿਜ ਚਾਲ ਦਾ ਨਾਂ ਹੀ ਗੁਰੂ ਸਾਹਿਬਾਨ ਨੇ ਹੁਕਮ ਰੱਖਿਆ ਹੈ।

ਇਸ ਸੰਤੁਲਨ ਨੂੰ ਬਣਾਈ ਰੱਖਣ ਲਈ ਚੱਲ ਰਹੀ ਆਦਿ-ਜੁਗਾਦੀ ਜੰਗ ਦੇ ਅਸੀਂ ਮਾਮੂਲੀ ਸਿਪਾਹੀ ਹਾਂ। ਗੁਰਸ਼ਬਦ ਸਾਡੇ ਅੰਦਰ ਉਹ ਬਲ ਪੈਦਾ ਕਰਦੈ ਜਿਸ ਨਾਲ ਅਸੀਂ ਆਪਣੀ ਤਿਲਫੁਲ ਸੇਵਾ ਇਸ ਜੰਗ ਵਿੱਚ ਪਾਉਂਦੇ ਹਾਂ। ਗੁਰੂ-ਬਖ਼ਸ਼ੀ ਕਿਰਪਾਨ ਆਦਿ-ਸ਼ਸਤਰ ਹੈ। ਹੋਰ ਕੋਈ ਵੀ ਸ਼ਸਤਰ ਇਹਦਾ ਮੁਕਾਬਲਾ ਨਹੀਂ ਕਰ ਸਕਦਾ। ਜਦੋਂ ਕਦੇ ਇਸ ਧਰਤਿ ਦੀ ਹਿੱਕ 'ਤੇ ਇਤਿਹਾਸ ਦੀ ਆਖਰੀ ਜੰਗ ਲੜੀ ਜਾਵੇਗੀ ਤਾਂ ਉਸਦਾ ਫ਼ੈਸਲਾ ਇਹ ਕਿਰਪਾਨ ਹੀ ਕਰੇਗੀ। ਪਰ ਫ਼ੈਕਟਰੀਆਂ ਤੇ ਯੂਨੀਵਰਸਿਟੀਆਂ ਵਿੱਚ ਬਣੇ ਅਧੂਰੇ ਸ਼ਸਤਰਾਂ ਨੂੰ ਵਰਤਣ ਦੀ ਵੀ ਕੋਈ ਮਨਾਹੀ ਨਹੀਂ। ਜਦੋਂ ਅਕਾਲ ਕਾਲ ਵਿੱਚ ਉੱਤਰਦੈ ਤਾਂ ਉਹ ਫ਼ਾਨੀ ਚੀਜ਼ਾਂ ਨੂੰ ਵੀ ਆਪਣੇ ਸਦੀਵੀ ਰੰਗ ਵਿੱਚ ਰੰਗ ਲੈਂਦੈ। ਪੂਰੇ ਤੇ ਅਧੂਰੇ, ਕਾਲ ਤੇ ਅਕਾਲ ਵਿੱਚ ਕੋਈ ਸਿੱਧਾ ਵਿਰੋਧ ਨਹੀਂ ਹੈ, ਦੋਵੇਂ ਹੀ ਕਾਇਨਾਤੀ ਹੁਕਮ ਵਿੱਚ ਬੱਧੇ ਚੱਲ ਰਹੇ ਹਨ। ਅਧੂਰੇ 'ਤੇ ਪੂਰੇ ਦੀ ਬਖ਼ਸ਼ਿਸ਼ ਦਾ ਨਮੂਦਾਰ ਹੋਣਾ ਅਤੇ ਅਕਾਲ ਦਾ ਕਾਲ ਨੂੰ ਆਪਣੀ ਆਦਿ-ਜੁਗਾਦੀ ਧੜਕਣ ਨਾਲ ਸਰਸ਼ਾਰ ਕਰਨਾ ਹੀ ਕਾਦਰ ਦੀ ਅਸਲੀ ਲੀਲ੍ਹਾ ਹੈ।

# ਭਾਰਤ ਵਿੱਚ ਖ਼ੁਦਕੁਸ਼ੀਆਂ ਦੀ ਸਮੱਸਿਆ



ਰਣਜੀਤ ਸਿੰਘ ਕੁਕੀ

## ਹਰ ਅੱਠ ਮਿੰਟਾਂ ਵਿੱਚ ਇੱਕ ਭਾਰਤੀ ਨੌਜਵਾਨ ਕਰ ਲੈਂਦਾ ਹੈ ਖ਼ੁਦਕੁਸ਼ੀ

ਦੁਨੀਆਂ ਵਿੱਚ ਸਭ ਤੋਂ ਵੱਧ ਖ਼ੁਦਕੁਸ਼ੀਆਂ ਭਾਰਤ ਵਿੱਚ ਹੁੰਦੀਆਂ ਹਨ। 'ਦੀ ਨੈਸ਼ਨਲ ਕ੍ਰਾਈਮ ਰਿਕਾਰਡ ਬਿਊਰੋ' ਦੀ ਰਿਪੋਰਟ ਅਨੁਸਾਰ 2022 ਵਿੱਚ 1.71 ਲੱਖ ਲੋਕਾਂ ਨੇ ਖ਼ੁਦਕੁਸ਼ੀ ਕੀਤੀ। ਭਾਰਤ ਵਿੱਚ ਖ਼ੁਦਕੁਸ਼ੀ ਦਰ 12.4

ਪ੍ਰਤੀ 1,00,000 ਹੋ ਗਈ ਹੈ। ਡਾਕਟਰੀ ਪ੍ਰਮਾਣੀਕਰਣ ਦੀ ਘਾਟ, ਕਲੰਕ ਅਤੇ ਹੋਰ ਕਾਰਕਾਂ ਕਰਕੇ ਇਹ ਅੰਕੜੇ ਘੱਟ ਹਨ।

ਬਦਕਿਸਮਤੀ ਨਾਲ, 41% ਖ਼ੁਦਕੁਸ਼ੀਆਂ 30 ਸਾਲ ਤੋਂ ਘੱਟ ਉਮਰ ਦੇ ਨੌਜਵਾਨਾਂ ਦੁਆਰਾ ਕੀਤੀਆਂ ਜਾਂਦੀਆਂ ਹਨ। ਹਰ ਅੱਠ ਮਿੰਟਾਂ ਵਿੱਚ ਇੱਕ ਭਾਰਤੀ ਨੌਜਵਾਨ ਖ਼ੁਦਕੁਸ਼ੀ ਕਰਕੇ ਮਰ ਜਾਂਦਾ ਹੈ। ਮਾਨਸਿਕ ਸਿਹਤ ਸਮੱਸਿਆਵਾਂ (54%), ਨਕਾਰਾਤਮਕ ਜਾਂ ਸਦਮੇ ਵਾਲੇ ਪਰਿਵਾਰਕ ਮੁੱਦੇ (36%), ਅਕਾਦਮਿਕ ਤਣਾਅ (23%), ਸਮਾਜਿਕ ਅਤੇ ਜੀਵਨਸ਼ੈਲੀ ਕਾਰਕ (20%), ਹਿੰਸਾ (22%), ਆਰਥਿਕ ਤੰਗੀ (9.1%) ਅਤੇ ਸਬੰਧਾਂ ਦੇ ਕਾਰਕ (9%)। ਸਰੀਰਕ ਅਤੇ ਜਿਨਸੀ

ਸ਼ੋਸ਼ਣ, ਪ੍ਰੀਖਿਆ ਵਿੱਚ ਅਸਫਲਤਾ, ਅੰਤਰ-ਪੀੜ੍ਹੀ ਸੰਘਰਸ਼, ਮਾਪਿਆਂ ਦਾ ਦਬਾਅ , ਸ਼ਰਾਬ ਅਤੇ ਨਸ਼ੀਲੇ ਪਦਾਰਥਾਂ ਦੀ ਵਰਤੋਂ ਅਤੇ ਜਾਤੀ ਭੇਦਭਾਵ ਨੌਜਵਾਨਾਂ ਦੀ ਖ਼ੁਦਕੁਸ਼ੀ ਨਾਲ ਜੁੜੇ ਹੋਏ ਮੁੱਦੇ ਹਨ।




ਇੱਕ ਮੈਟਾ ਵਿਸ਼ਲੇਸ਼ਣ ਤੋਂ ਪਤਾ ਲੱਗਿਆ ਹੈ ਕਿ ਜਿਹੜੇ ਨੌਜਵਾਨ ਦਿਨ ਵਿੱਚ ਦੋ ਘੰਟੇ ਤੋਂ ਵੱਧ ਸੋਸ਼ਲ ਮੀਡੀਆ ਦੀ ਵਰਤੋਂ ਕਰਦੇ ਹਨ, ਉਹ ਵਧੇਰੇ ਆਤਮ ਹੱਤਿਆ ਕਰਦੇ ਹਨ। ਇੱਕ ਸਿਹਤਮੰਦ ਜੀਵਨ ਸ਼ੈਲੀ (ਚੰਗੀ ਖ਼ੁਰਾਕ, ਨਿਯਮਤ

ਸਰੀਰਕ ਕਸਰਤ, ਇੰਟਰਨੈੱਟ ਦੀ ਸੰਜਮੀ ਅਤੇ ਢੁਕਵੀਂ ਵਰਤੋਂ, ਯੋਗਾ ਅਤੇ ਧਿਆਨ) ਨੂੰ ਅਪਣਾਉਣ ਨਾਲ ਮਾਨਸਿਕ ਸਿਹਤ ਵਿੱਚ ਸੁਧਾਰ ਹੁੰਦਾ ਹੈ ਅਤੇ ਨੌਜਵਾਨਾਂ ਵਿੱਚ ਖ਼ੁਦਕੁਸ਼ੀ ਨੂੰ ਘਟਾਉਂਦਾ ਹੈ। ਘਰੇਲੂ ਹਿੰਸਾ ਅਤੇ ਸ਼ਰਾਬ ਦੇ ਸੇਵਨ ਨੂੰ ਘਟਾ ਕੇ ਪਰਿਵਾਰਕ ਮਾਹੌਲ ਨੂੰ ਸੁਧਾਰਨਾ ਅਤੇ ਲੋੜਵੰਦਾਂ ਨੂੰ ਆਰਥਿਕ ਸਹਾਇਤਾ ਪ੍ਰਦਾਨ ਕਰਕੇ ਖ਼ੁਦਕੁਸ਼ੀਆਂ ਨੂੰ ਘਟਾਇਆ ਜਾ ਸਕਦਾ ਹੈ।

ਸਿਹਤ ਮੰਤਰਾਲੇ ਨੇ ਭਾਰਤ ਲਈ ਇੱਕ ਰਾਸ਼ਟਰੀ ਆਤਮ ਹੱਤਿਆ ਰੋਕਥਾਮ ਰਣਨੀਤੀ ਵਿਕਸਿਤ ਕਰਨ ਲਈ ਨਵੰਬਰ 2019 ਵਿੱਚ ਇੱਕ ਟਾਸਕ ਫੋਰਸ ਦਾ ਗਠਨ ਕੀਤਾ ਸੀ। ਅੰਤਮ ਰਣਨੀਤੀ 21 ਨਵੰਬਰ, 2022 ਨੂੰ 2030 ਤੱਕ

ਖ਼ੁਦਕੁਸ਼ੀਆਂ ਨੂੰ 10% ਤੱਕ ਘਟਾਉਣ ਦੇ ਉਦੇਸ਼ ਨਾਲ ਸ਼ੁਰੂ ਕੀਤੀ ਗਈ ਸੀ ਜਿਸ ਵਿੱਚ ਸਿਹਤ, ਸਿੱਖਿਆ, ਸੂਚਨਾ ਅਤੇ ਪ੍ਰਸਾਰਣ ਅਤੇ ਸਮਾਜ ਭਲਾਈ ਮੰਤਰਾਲਿਆਂ ਵਿਚਕਾਰ ਸਹਿਯੋਗ ਜ਼ਰੂਰੀ ਹੈ। ਇਹ ਰਣਨੀਤੀ ਸਕੂਲੀ ਸਿਹਤ

ਰਾਜਦੂਤਾਂ ਅਤੇ ਯੂਥ ਕਲੱਬਾਂ ਰਾਹੀਂ ਮਾਨਸਿਕ ਸਿਹਤ ਨੂੰ ਉਤਸ਼ਾਹਿਤ ਕਰਨ ਅਤੇ ਨਸ਼ਿਆਂ ਨੂੰ ਘਟਾਉਣ ਲਈ ਵਿਦਿਅਕ ਸੰਸਥਾਵਾਂ ਅਤੇ ਯੁਵਾ ਸੰਸਥਾਵਾਂ ਦਾ ਲਾਭ ਉਠਾਉਣ ਦੀ ਲੋੜ 'ਤੇ ਕੇਂਦਰਿਤ ਹੈ। ਅਜਿਹੀਆਂ ਰਣਨੀਤੀਆਂ ਨੂੰ ਰਾਜ, ਜ਼ਿਲ੍ਹਾ ਅਤੇ ਕਮਿਊਨਿਟੀ ਪੱਧਰ 'ਤੇ ਜਲਦੀ ਤੋਂ ਜਲਦੀ ਲਾਗੂ ਕਰਨ ਦੀ ਲੋੜ ਹੈ।

# ਕੈਨੇਡਾ ਦੇ ਕਾਨੂੰਨ ਨੇ ਬੱਚਿਆਂ ਨੂੰ ਬਾਗ਼ੀ ਅਤੇ ਮਾਪਿਆਂ ਨੂੰ ਕੀਤਾ ਬੇਵੱਸ



ਪ੍ਰਿੰਸੀਪਲ ਵਿਜੈ ਕੁਮਾਰ



ਕੈਨੇਡਾ ਆਉਣ ਤੋਂ ਪਹਿਲਾਂ ਤੇ ਆਪਣੇ ਦੇਸ਼ ਦੀ ਧਰਤੀ 'ਤੇ ਜ਼ਿੰਦਗੀ ਜਿਉਂਦਿਆਂ ਕੈਨੇਡਾ ਦੀ ਜ਼ਿੰਦਗੀ ਬਾਰੇ ਸਭ ਕੁਝ ਬਹੁਤ ਵਧੀਆ ਸੁਣੀਦਾ ਸੀ। ਮਨ ਵਿੱਚ ਬਹੁਤ ਵਧੀਆ ਵਾਤਾਵਰਣ, ਸ਼ੁੱਧ ਪੌਣ ਪਾਣੀ, ਡਾਲਰਾਂ ਵਿੱਚ ਕਮਾਈ, ਵੱਡੀਆਂ ਵੱਡੀਆਂ ਗੱਡੀਆਂ, ਇੱਕੋ ਜਿਹੇ ਖੁੱਲ੍ਹੇ ਡੁੱਲ੍ਹੇ ਘਰ, ਚਾਰੇ ਪਾਸੇ ਹਰਿਆਲੀ ਅਤੇ ਸਹੂਲਤਾਂ ਹੀ ਸਹੂਲਤਾਂ ਦੀ ਤਸਵੀਰ ਉੱਕਰੀ ਹੋਈ ਸੀ ਪਰ ਇਸ ਮੁਲਕ ਵਿੱਚ ਸੱਤ ਮਹੀਨੇ ਦਾ ਅਰਸਾ ਗੁਜ਼ਾਰਨ ਤੋਂ ਬਾਅਦ ਮੇਰਾ ਅਨੁਭਵ ਇਹ ਕਹਿੰਦਾ ਹੈ ਕਿ ਇੱਥੋਂ ਦੀ ਜ਼ਿੰਦਗੀ ਦਾ ਇੱਕ ਦੂਜਾ ਪਾਸਾ ਵੀ ਹੈ। ਇਸ ਮੁਲਕ ਵਿੱਚ ਰਹਿਣ ਵਾਲੇ ਲੋਕਾਂ ਦੀ ਜਿੰਦਗੀ ਐਨੀ ਸੌਖੀ ਵੀ ਨਹੀਂ ਹੈ। ਡਾਲਰਾਂ ਵਿੱਚ ਕਮਾਈ ਕਹਿਣੀ ਸੌਖੀ ਹੈ ਪਰ ਕਮਾਉਣ ਲਈ ਲੋਕਾਂ ਨੂੰ ਜਿਸ ਸੰਘਰਸ਼ਮਈ ਦੌਰ ਵਿੱਚੋਂ ਗੁਜ਼ਰਨਾ ਪੈਂਦਾ ਹੈ, ਉਸਦੇ ਦਰਦ ਨੂੰ ਬਿਆਨ ਕਰਨਾ ਸੌਖੀ ਗੱਲ ਨਹੀਂ। ਡਾਲਰਾਂ ਦੀ ਕਮਾਈ ਦੀ ਜ਼ਮੀਨੀ ਹਕੀਕਤ ਕੁਝ ਹੋਰ ਹੈ। ਜੇਕਰ ਕਮਾਈ ਡਾਲਰਾਂ ਵਿੱਚ ਹੈ ਤਾਂ ਖਰਚਾ ਵੀ ਡਾਲਰਾਂ ਵਿੱਚ ਹੀ ਹੈ। ਵੱਡੇ ਘਰਾਂ ਵਿੱਚ ਪਏ ਸਮਾਨ, ਬੀਮੇ ਤੇ ਗੱਡੀਆਂ ਦੀਆਂ ਕਿਸ਼ਤਾਂ ਲਈ ਲਏ ਬੈਂਕ ਕਰਜ਼ ਨੂੰ ਉਤਾਰਨ ਲਈ ਜ਼ਿੰਦਗੀ ਦਾ ਅਨੰਦ ਲੈਣ ਵਾਲੇ ਸਾਲ ਇਸੇ ਦੌੜ ਵਿੱਚ ਗੁਜ਼ਰ ਜਾਂਦੇ ਹਨ। ਉਸ ਕਰਜ਼ ਦੀਆਂ ਕਿਸ਼ਤਾਂ ਉਤਾਰਨ ਲਈ ਵੱਧ ਤੋਂ ਵੱਧ ਕਮਾਈ ਦੇ ਚੱਕਰ ਵਿੱਚ ਪਤੀ ਪਤਨੀ ਦੀ ਜ਼ਿੰਦਗੀ ਮਸ਼ੀਨ ਵਾਂਗ ਚੱਲਣ ਲੱਗ ਪੈਂਦੀ ਹੈ। ਉਹ ਦੋਨੋਂ ਚਾਹੁੰਦੇ ਹੋਏ ਵੀ ਇਸ ਮਸ਼ੀਨੀ ਜ਼ਿੰਦਗੀ ਤੋਂ ਬਾਹਰ ਨਹੀਂ ਨਿਕਲ ਪਾਉਂਦੇ।

ਮਾਪਿਆਂ ਨੂੰ ਆਪਣੀ ਰੋਜ਼ਮੱਰਾ ਦੀ ਜ਼ਿੰਦਗੀ ਵਿੱਚ ਪੇਸ਼ ਆਉਣ ਵਾਲੀਆਂ ਸਮੱਸਿਆਵਾਂ ਵਿੱਚੋਂ ਇੱਕ ਸਮੱਸਿਆ ਬੱਚਿਆਂ ਦੇ ਪਾਲਣ ਪੋਸਣ ਦੀ ਵੀ ਹੈ। ਇਸ ਸਮੱਸਿਆ ਦੀ ਚਰਚਾ ਕਰਨ ਤੋਂ ਪਹਿਲਾਂ ਇਹ ਦੱਸਣਾ ਜ਼ਰੂਰੀ ਹੈ ਕਿ ਕੈਨੇਡਾ ਸਰਕਾਰ ਵੱਲੋਂ ਬੱਚੇ ਦੇ ਜਨਮ ਤੋਂ ਪਹਿਲਾਂ ਤੇ ਬਾਅਦ ਬੱਚੇ ਦੀ ਮਾਂ ਨੂੰ ਇੱਕ ਸਾਲ ਦੀ, ਪਿਤਾ ਨੂੰ ਇੱਕ ਮਹੀਨੇ ਦੀ ਜਣੇਪਾ ਛੁੱਟੀ, ਛੁੱਟੀ ਦੌਰਾਨ ਮਾਂ ਦੀ ਨੌਕਰੀ ਕੱਚੀ ਹੋਣ 'ਤੇ ਅੱਧੀ ਤਨਖਾਹ, ਪੱਕੀ ਨੌਕਰੀ ਹੋਣ 'ਤੇ ਪੂਰੀ ਤਨਖਾਹ, ਪਿਤਾ ਨੂੰ ਪੂਰੀ ਤਨਖਾਹ, ਮਾਂ ਤੇ ਬੱਚੇ ਨੂੰ ਪੂਰੀਆਂ ਡਾਕਟਰੀ ਸਹੂਲਤਾਂ ਤੇ ਬੱਚੇ ਦੇ ਪਾਲਣ ਪੋਸਣ ਲਈ ਜਨਮ ਤੋਂ ਹੀ ਮਾਂ ਬਾਪ ਦੀ ਆਮਦਨ ਅਨੁਸਾਰ ਮਾਲੀ ਸਹਾਇਤਾ ਆਦਿ ਸਹੂਲਤਾਂ ਮੁਹਈਆ ਕਰਵਾਈਆਂ ਜਾਂਦੀਆਂ ਹਨ। ਪਰ ਇਸਦੇ ਬਾਵਜੂਦ ਵੀ ਬੱਚੇ ਦੇ ਜਨਮ ਤੋਂ ਬਾਅਦ ਪਤੀ ਪਤਨੀ ਦੇ ਸਾਹਮਣੇ ਬਹੁਤ ਸਾਰੀਆਂ ਸਮੱਸਿਆਵਾਂ ਖੜ੍ਹੀਆਂ ਹੋ ਜਾਂਦੀਆਂ ਹਨ, ਜਿਨ੍ਹਾਂ ਦਾ ਸਾਹਮਣਾ ਕਰਨਾ ਅਸਾਨ ਨਹੀਂ ਹੁੰਦਾ।

ਪਹਿਲੇ ਵਰਗ ਵਿੱਚ ਉਹ ਮਾਪੇ ਆਉਂਦੇ ਹਨ ਜੋ ਬੱਚੇ ਨੂੰ ਕੈਨੇਡਾ ਦਾ ਪੱਕਾ ਨਾਗਰਿਕ ਬਣਾਉਣ ਤੇ ਖੁਦ ਨੂੰ ਇਸ ਮੁਲਕ ਦਾ ਬਾਸ਼ਿੰਦਾ ਬਣਾਉਣ ਦਾ ਲਾਭ ਲੈਣ ਲਈ ਇੱਥੇ ਆ ਕੇ ਬੱਚੇ ਨੂੰ ਜਨਮ ਦਿੰਦੇ ਹਨ। ਜੇਕਰ ਉਹ ਦੋਵੇਂ ਨੌਕਰੀ ਕਰਦੇ ਹਨ, ਉਨ੍ਹਾਂ ਨੇ ਬੈਂਕ ਦੀਆਂ ਕਿਸ਼ਤਾਂ ਉਤਾਰਨੀਆਂ ਹੁੰਦੀਆਂ ਹਨ ਪਰ ਉਨ੍ਹਾਂ ਦੇ ਪਰਿਵਾਰ ਵਿੱਚ ਬੱਚੇ ਦੀ ਦੇਖ ਭਾਲ ਕਰਨ ਵਾਲਾ ਕੋਈ ਨਹੀਂ, ਉਨ੍ਹਾਂ ਮਾਪਿਆਂ ਨੂੰ ਬਹੁਤ ਸਮੱਸਿਆਵਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਦੋਹਾਂ ਦੇ ਨੌਕਰੀ 'ਤੇ ਚਲੇ ਜਾਣ ਤੋਂ ਬਾਅਦ ਬੱਚੇ ਨੂੰ ਕੌਣ ਸੰਭਾਲੇ ? ਉਹ ਨੌਕਰੀਆਂ ਤੇ ਬੱਚਿਆਂ ਦੇ ਪਾਲਣ ਪੋਸਣ ਵਿਚਕਾਰ ਪਿਸਣ ਲੱਗ ਪੈਂਦੇ ਹਨ। ਦੋਹਾਂ ਦੇ ਨੌਕਰੀ ਕਰਨ ਦੀ ਮਜਬੂਰੀ ਹੋਣ ਕਾਰਨ ਉਨ੍ਹਾਂ ਨੂੰ ਸਮਝ ਨਹੀਂ ਆਉਂਦਾ ਕਿ ਉਹ ਕੀ ਕਰਨ। ਪਰਿਵਾਰ ਵਿੱਚ ਤਣਾਅ ਦਾ ਮਾਹੌਲ ਪੈਦਾ ਹੋਣ ਲੱਗ ਪੈਂਦਾ ਹੈ। ਜ਼ਿੰਦਗੀ ਜਿਊਣ ਦਾ ਰਸ ਪੇਤਲਾ ਪੈਣ ਲੱਗ ਪੈਂਦਾ ਹੈ। ਆਪਣੀਆਂ ਸਮੱਸਿਆਵਾਂ ਦਾ ਹੱਲ ਕੱਢਣ ਲਈ ਉਹ ਬੱਚਿਆਂ ਦੀ ਦੇਖਭਾਲ ਲਈ ਆਪਣੇ ਮਾਪਿਆਂ, ਸੱਸ ਸਹੁਰੇ ਅਤੇ ਹੋਰ ਰਿਸ਼ਤੇਦਾਰਾਂ ਨੂੰ ਲਿਆਉਂਦੇ ਹਨ। ਉਨ੍ਹਾਂ ਬਜ਼ੁਰਗਾਂ ਅਤੇ ਰਿਸ਼ਤੇਦਾਰਾਂ ਦੇ ਆਉਣ ਨਾਲ ਬੱਚਿਆਂ ਦੇ ਪਾਲਣ ਪੋਸਣ ਤੇ ਦੇਖਭਾਲ ਦੀ ਸਮੱਸਿਆ ਥੋੜ੍ਹੀ ਬਹੁਤ ਤਾਂ ਘੱਟ ਹੋ ਜਾਂਦੀ ਹੈ ਪਰ ਉਨ੍ਹਾਂ ਦੇ ਆਉਣ ਨਾਲ ਉਨ੍ਹਾਂ ਲਈ ਉਨ੍ਹਾਂ ਦੇ ਖਾਣ ਪੀਣ, ਸਿਹਤ, ਰਹਿਣ ਸਹਿਣ, ਵਿਚਾਰਕ ਭਿੰਨਤਾ, ਇਲਾਜ, ਉਨ੍ਹਾਂ ਦੇ ਆਉਣ ਜਾਣ ਅਤੇ ਬੀਮੇ ਦਾ ਖਰਚ ਤੇ ਹੋਰ ਕਈ ਸਮੱਸਿਆਵਾਂ ਖੜ੍ਹੀਆਂ ਹੋ ਜਾਂਦੀਆਂ ਹਨ। ਕਈ ਵੇਰ ਤਾਂ ਬਜ਼ੁਰਗਾਂ ਦੀਆਂ ਸਮੱਸਿਆਵਾਂ ਨੂੰ ਲੈ ਕੇ ਪਤੀ ਪਤਨੀ ਵਿੱਚ ਟਕਰਾਅ ਦੀ ਸਥਿਤੀ ਪੈਦਾ ਹੋ ਜਾਂਦੀ ਹੈ। ਪਤੀ ਬਜ਼ੁਰਗਾਂ ਤੇ ਪਤਨੀ ਵਿਚਕਾਰ ਪਿਸਣ ਲੱਗ ਪੈਂਦਾ ਹੈ। ਜਿਨ੍ਹਾਂ ਪਤੀ ਪਤਨੀਆਂ ਦੇ ਬਜ਼ੁਰਗ ਸਾਲ ਛੇ ਮਹੀਨੇ ਦਾ ਅਰਸਾ ਗੁਜ਼ਾਰਨ ਤੋਂ ਬਾਅਦ ਜਾਂ ਫ਼ੇਰ ਹੋਰ ਕਾਰਨਾਂ ਕਰਕੇ ਵਾਪਸ ਚਲੇ ਜਾਂਦੇ ਹਨ, ਉਹ ਬੱਚੇ ਦੇ ਪਾਲਣ ਪੋਸਣ ਜਾਂ ਉਸਦੇ ਪ੍ਰਬੰਧ ਲਈ ਡੇਕੇਅਰ ਜਾਂ ਫ਼ੇਰ ਨੈਨੀ (ਨੌਕਰਾਣੀ) ਦਾ ਪ੍ਰਬੰਧ ਕਰਨ ਦਾ ਯਤਨ ਕਰਦੇ ਹਨ। ਨੈਨੀ ਜਾਂ ਡੇ ਕੇਅਰ ਦਾ ਖਰਚਾ ਅਦਾ ਕਰਨਾ ਘੱਟ ਆਮਦਨ ਵਾਲੇ ਪਤੀ ਪਤਨੀ ਦੇ ਵੱਸ ਦੀ ਗੱਲ ਨਹੀਂ ਕਿਉਂਕਿ ਉਹ ਦੋਵੇਂ ਬਹੁਤ ਮਹਿੰਗੇ ਹਨ।

ਜਿਹੜੇ ਪਤੀ ਪਤਨੀ ਆਪਣੇ ਬੱਚਿਆਂ ਨੂੰ ਡੇ ਕੇਅਰ ਵਿੱਚ ਭੇਜ ਵੀ ਦਿੰਦੇ ਹਨ, ਉਨ੍ਹਾਂ ਦੀਆਂ ਸਮੱਸਿਆਵਾਂ ਅੱਡ ਤਰ੍ਹਾਂ ਦੀਆਂ ਹੁੰਦੀਆਂ ਹਨ। ਬੱਚਿਆਂ ਦਾ ਡੇ ਕੇਅਰ ਵਿੱਚ ਬਿਮਾਰ ਹੋਣਾ, ਉਨ੍ਹਾਂ ਨੂੰ ਲਿਆਉਣ ਛੱਡਣ ਦੀ ਸਮੱਸਿਆ, ਨੈਨੀਆਂ ਦੀਆਂ ਆਦਤਾਂ, ਉਨ੍ਹਾਂ ਦਾ ਵਿਵਹਾਰ, ਉਨ੍ਹਾਂ ਦਾ ਛੇਤੀ ਛੇਤੀ ਛੱਡਕੇ ਚਲੇ ਜਾਣ 'ਤੇ ਬੱਚਿਆਂ ਦੇ ਮਾਪਿਆਂ ਅੱਗੇ ਚੁਣੌਤੀਆਂ ਖੜ੍ਹੀਆਂ ਕਰਦਾ ਹੈ। ਆਰਥਿਕ ਸੰਕਟ ਦੇ ਸ਼ਿਕਾਰ ਮਾਪਿਆਂ, ਜਿਨ੍ਹਾਂ ਕੋਲ ਆਉਣ ਜਾਣ ਦਾ ਸਾਧਨ ਗੱਡੀ ਨਹੀਂ ਹੁੰਦੀ, ਜਿਹੜੇ ਬੇਸਮਿੰਟਾਂ ਵਿੱਚ ਰਹਿੰਦੇ ਹਨ ਤੇ ਜਿਨ੍ਹਾਂ ਨੂੰ ਕਈ ਵਾਰ ਨੌਕਰੀ ਲੱਭਣ ਨੂੰ ਸਮਾਂ ਲੱਗ ਜਾਂਦਾ ਹੈ, ਉਨ੍ਹਾਂ ਮਾਪਿਆਂ ਨੂੰ ਬੱਚਿਆਂ ਦੇ ਪਾਲਣ ਪੋਸਣ ਵਿੱਚ ਗੰਭੀਰ ਦਿੱਕਤਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਜਿਹੜੇ ਮਾਪਿਆਂ ਦੀਆਂ ਨੌਕਰੀਆਂ ਹੋਟਲਾਂ, ਰੈਸਟੋਰੈਂਟਾਂ, ਸਕਿਉਰਟੀ ਤੇ ਹੋਰ ਖੇਤਰਾਂ ਵਿੱਚ ਹੋਣ ਕਰਕੇ ਡਿਊਟੀ ਦੁਪਹਿਰ ਤੋਂ ਬਾਅਦ ਸ਼ੁਰੂ ਹੋ ਕੇ ਰਾਤ ਤਕ ਹੁੰਦੀ ਹੈ, ਉਨ੍ਹਾਂ ਮਾਪਿਆਂ ਨੂੰ ਬੱਚਿਆਂ ਦੇ ਪਾਲਣ ਪੋਸਣ ਵਿੱਚ ਬਹੁਤ ਔਕੜਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਚਾਰ ਮਹੀਨੇ ਮੌਸਮ ਦੀ ਬਹੁਤ ਜ਼ਿਆਦਾ ਖਰਾਬੀ ਹੋਣ ਕਾਰਨ ਬੱਚਿਆਂ ਦਾ ਘਰਾਂ ਤੋਂ ਬਾਹਰ ਨਾ ਨਿਕਲ ਸਕਣਾ, ਘਰਾਂ ਦੇ ਵਿਹੜੇ ਨਾ ਹੋਣ ਕਾਰਨ ਬੱਚਿਆਂ ਦੇ ਖੇਡਣ ਲਈ ਬੱਚਿਆਂ ਦੀ ਸੰਗਤ ਨਾ ਹੋਣਾ, ਵੱਖ ਵੱਖ ਦੇਸ਼ਾਂ ਦੇ ਲੋਕ ਹੋਣ ਕਾਰਨ ਬੱਚਿਆਂ ਦਾ ਮੇਲ ਮਿਲਾਪ ਨਾ ਹੋਣਾ, ਡਾਕਟਰੀ ਸਹੂਲਤਾਂ ਦੀ ਘਾਟ ਕਾਰਨ ਬੱਚਿਆਂ ਦੇ ਸਰਵਪੱਖੀ ਵਿਕਾਸ ਅਤੇ ਪਾਲਣ ਪੋਸਣ ਲਈ ਵੱਡੀਆਂ ਸਮੱਸਿਆਵਾਂ ਪੈਦਾ ਕਰਦੇ ਹਨ। ਕੈਨੇਡਾ ਦੇ ਕਾਨੂੰਨ ਅਨੁਸਾਰ ਗੱਡੀ ਵਿੱਚ ਸਫ਼ਰ ਕਰਦਿਆਂ ਬੱਚਿਆਂ ਦੇ ਮਾਪੇ ਬੱਚਿਆਂ ਨੂੰ ਗੋਦੀ ਵਿੱਚ ਨਹੀਂ ਲੈ ਸਕਦੇ, ਬੱਚਿਆਂ ਦੀ ਸੁਰੱਖਿਆ ਵਾਸਤੇ ਉਨ੍ਹਾਂ ਅੱਡ-ਅੱਡ ਸੀਟਾਂ ਹੋਣੀਆਂ ਜ਼ਰੂਰੀ ਹਨ। ਜੇਕਰ ਮਾਪੇ ਇਸ ਕਾਨੂੰਨ ਦੀ ਉਲੰਘਣਾ ਕਰਦੇ ਹਨ ਤਾਂ ਪੁਲਿਸ ਇਹ ਕਹਿਕੇ ਬੱਚੇ ਨੂੰ ਲੈ ਜਾਂਦੀ ਹੈ ਕਿ ਤੁਸੀਂ ਆਪਣੇ ਬੱਚੇ ਦਾ ਚੰਗੀ ਤਰ੍ਹਾਂ ਪਾਲਣ ਪੋਸਣ ਨਹੀਂ ਕਰ ਸਕਦੇ। ਘਰਾਂ ਵਿੱਚ ਬੱਚੇ ਦੇ ਸੌਣ ਪੈਣ ਦੇ ਵੀ ਕਾਨੂੰਨ ਬਹੁਤ ਸਖ਼ਤ ਹਨ। ਕੈਨੇਡਾ ਦੇ ਪੌਣ ਪਾਣੀ ਅਤੇ ਮੌਸਮ ਅਨੁਸਾਰ ਇੱਥੋਂ ਦੇ ਬੱਚਿਆਂ ਦੇ ਸਰੀਰ ਦੀਆਂ ਕਿਰਿਆਵਾਂ, ਰਿੜ੍ਹਨਾ, ਬੈਠਣਾ, ਤੁਰਨਾ, ਦੰਦ ਕੱਢਣਾ ਅਤੇ ਬੋਲਣਾ ਸਮੇਂ ਸਿਰ ਨਹੀਂ ਹੁੰਦੀਆਂ। ਸਕੂਲਾਂ ਅਤੇ ਘਰਾਂ ਵਿੱਚ ਬੱਚਿਆਂ ਵੱਲੋਂ ਕਿਸੇ ਵੀ ਤਰ੍ਹਾਂ ਦੀ ਸ਼ਰਾਰਤ 'ਤੇ ਗਲਤੀ ਕਰਨ 'ਤੇ ਸਜ਼ਾ ਦੇਣੀ ਤਾਂ ਦੂਰ ਦੀ ਗੱਲ ਹੈ, ਝਿੜਕਿਆ ਵੀ ਨਹੀਂ ਜਾ ਸਕਦਾ। ਇਸ ਕਾਨੂੰਨ ਨੇ ਬੱਚਿਆਂ ਨੂੰ ਬਾਗੀ ਅਤੇ ਮਾਪਿਆਂ ਨੂੰ ਬੇਵੱਸ ਕਰਕੇ ਰੱਖ ਦਿੱਤਾ ਹੈ। ਪੰਜ ਸਾਲ ਦੀ ਉਮਰ ਵਿੱਚ ਸਕੂਲ ਭੇਜਣ ਦੇ ਕਾਨੂੰਨ ਕਾਰਨ ਬੱਚਿਆਂ ਨੂੰ ਘਰ ਵਿੱਚ ਸੰਭਾਲਣਾ ਮਾਪਿਆਂ ਲਈ ਔਖ ਪੈਦਾ ਕਰ ਦਿੰਦਾ ਹੈ।

ਮਾਤ ਭਾਸ਼ਾ ਅਤੇ ਅੰਗਰੇਜ਼ੀ ਨੂੰ ਲੈ ਕੇ ਬੱਚੇ ਅਤੇ ਉਨ੍ਹਾਂ ਦੇ ਮਾਪਿਆਂ ਨੂੰ ਸਮੱਸਿਆ ਪੇਸ਼ ਆਉਂਦੀ ਹੈ। (ਬਾਕੀ ਸਫ਼ਾ 31 'ਤੇ)

DIAMOND TRANSPORTATION
DIAMOND
Transportation Logistics, Inc.
Dry Van ਤੇ Reefer ਦੇ ਕੰਮ ਲਈ
Owner Operators ਦੀ ਲੋੜ
Good Pay
Dedicated Routs
Weekly Payment
ਇਕ ਹਫ਼ਤੇ 'ਚ ਪੇਮੈਂਟ ਲਵੋ



ਅੱਜ ਹੀ ਕਾਲ ਕਰੋ :
ਗੁਲਵਿੰਦਰ ਸਿੰਘ ਗਾਖ਼ਲ
209.487.3699
ਹਰਨੇਕ ਸਿੰਘ ਅਟਵਾਲ
209.351.5965
2850 Loomis Rd, Stockton, CA 95205

# ਕਾਵਿ-ਧਾਰਾ ਦਾ ਮਜ਼ਾਕੀਆ ਰੰਗ ਸਿੱਠਣੀਆਂ

ਭੋਲਾ ਸਿੰਘ ਸ਼ਮੀਰੀਆ



ਸਿੱਠਣੀਆਂ ਸਾਡੇ ਸੱਭਿਆਚਾਰ ਦੀ ਕਾਵਿ-ਧਾਰਾ ਦੀ ਇੱਕ ਮਹੱਤਵਪੂਰਨ ਵਿਧਾ ਹੈ। 'ਸਿੱਠਣੀ' ਸ਼ਬਦ 'ਸਿੱਠ' ਤੋਂ ਬਣਿਆ ਹੈ ਜਿਸਦਾ ਭਾਵ ਹੈ ਮਜ਼ਾਕ, ਵਿਅੰਗ, ਕਟਾਖਸ਼ ਜਾਂ ਮਖੌਲ। ਸਿੱਠਣੀਆਂ ਵਿਆਹ ਦੇ ਸਮੇਂ ਕੁੜੀ ਵਾਲੇ ਪਰਿਵਾਰ ਵੱਲੋਂ ਲਾੜੇ ਵਾਲੀ ਧਿਰ ਨੂੰ ਵਿਅੰਗਆਤਮਕ ਤਰੀਕੇ ਨਾਲ ਕਾਵਿ-ਰੂਪ ਵਿੱਚ ਸੰਬੋਧਨੀ ਤਰੀਕੇ ਨਾਲ ਗਾ ਕੇ ਸੁਣਾਈਆਂ ਜਾਂਦੀਆਂ ਹਨ। ਇਨ੍ਹਾਂ ਦੀ ਪੇਸ਼ਕਾਰੀ ਸਮੇਂ ਸਰੀਰਕ ਮੁਦਰਾਵਾਂ ਤੇ ਚਿਹਰੇ ਦੇ ਹਾਵ-ਭਾਵਾਂ ਨੂੰ ਵੀ ਇਸ ਦਾ ਹਿੱਸਾ ਬਣਾਇਆ ਜਾਂਦਾ ਹੈ। ਜਿਵੇਂ ਬਾਹਾਂ ਮਾਰਕੇ ਜਾਂ ਸੱਜੇ ਹੱਥ ਨਾਲ ਮੁੱਕੀ ਵੱਟ ਕੇ ਖੱਬੇ ਹੱਥ ਦੀ ਤਲੀ 'ਤੇ ਵਾਰ-ਵਾਰ ਮਾਰ ਕੇ ਜਾਂ ਘੁੰਡ ਨੂੰ ਨਖਰੇ ਦੇ ਤੌਰ 'ਤੇ ਕੱਢ ਕੇ ਜਾਂ ਹੱਥ ਨੂੰ ਮੁੱਕੀ ਦੇ ਤੌਰ 'ਤੇ ਵਰਤ ਕੇ ਆਦਿ ਅਦਾਵਾਂ ਰਾਹੀਂ ਇਨ੍ਹਾਂ ਦੀ ਪੇਸ਼ਕਾਰੀ ਕੀਤੀ ਜਾਂਦੀ ਹੈ।

ਇਸ ਸਮੇਂ ਅਨੈਤਿਕ ਸ਼ਬਦਾਂ ਅਤੇ ਚਰਿੱਤਰਹੀਣਤਾ ਵਰਗੇ ਦੋਸ਼ਾਂ ਦਾ ਵੀ ਸਾਡਾ ਸਮਾਜਿਕ ਸੰਵਿਧਾਨ ਗੁੱਸਾ ਨਹੀਂ ਮੰਨਦਾ। ਸਗੋਂ ਇਸ ਤਰ੍ਹਾਂ ਦੇ ਮਜ਼ਾਕਾਂ ਤੇ ਕਟਾਖਸ਼ਾਂ ਨੂੰ ਹੱਸ ਕੇ ਸਵੀਕਾਰ ਕਰ ਲਿਆ ਜਾਂਦਾ ਹੈ। ਫਿਰ ਹੌਲੀ-ਹੌਲੀ ਇਨ੍ਹਾਂ ਮਿਹਣਿਆਂ ਨੂੰ ਜੁਆਬ ਦੇ ਰੂਪ ਵਿੱਚ ਲਿਆ ਜਾਣ ਲੱਗ ਪਿਆ। ਇਸੇ ਤਰ੍ਹਾਂ ਜੰਨ ਬੰਨ੍ਹਣੀ ਤੇ ਫਿਰ ਜੰਨ ਛੁਡਾਉਣ ਦੇ ਰੂਪ ਵਿੱਚ ਇਹ ਪਰੰਪਰਾ ਸਾਡੇ ਸਨਮੁੱਖ ਹੁੰਦੀ ਹੈ। ਹੁਣ ਜਾਗੋ ਦੇ ਰੂਪ ਵਿੱਚ ਨਾਨਕਿਆਂ ਤੇ ਦਾਦਕਿਆਂ ਦਾ ਮੇਹਣੋ-ਮੇਹਣੀ ਹੋਣਾ ਇਸ ਦਾ ਮੌਜੂਦਾ ਰੂਪ ਹੈ। ਸਿੱਠਣੀਆਂ ਦੀ ਉਤਪਤੀ ਬਾਰੇ ਕਈ ਦੰਦ-ਕਥਾਵਾਂ ਪ੍ਰਚੱਲਿਤ ਹਨ। ਕਿਹਾ ਜਾਂਦਾ ਹੈ ਕਿ ਕਿਸੇ ਸਮੇਂ ਜ਼ੋਰਾਵਰਾਂ ਵੱਲੋਂ ਔਰਤਾਂ ਨੂੰ ਉਧਾਲ ਕੇ ਲਿਜਾਇਆ ਜਾਂਦਾ ਸੀ। ਉਧਾਲੀ ਗਈ ਔਰਤ ਦੇ ਪਰਿਵਾਰਕ ਮਰਦ ਉਸ ਨੂੰ ਲੱਭਣ ਜਾਂ ਲੜਾਈ ਝਗੜੇ ਦੇ ਮੰਤਵ ਨਾਲ ਆਪਣੇ ਘਰਾਂ 'ਚੋਂ ਨਿਕਲਦੇ ਸਨ। ਉਨ੍ਹਾਂ ਤੋਂ ਬਾਅਦ ਉਨ੍ਹਾਂ ਘਰਾਂ ਦੀਆਂ ਔਰਤਾਂ ਹੋਰ ਤਾਂ ਕੁਝ ਨਹੀਂ ਸੀ ਕਰ ਸਕਦੀਆਂ, ਉਹ ਘਰਾਂ ਵਿੱਚ ਬਹਿ ਕੇ ਉਨ੍ਹਾਂ ਜ਼ੋਰਾਵਰਾਂ ਨੂੰ ਲਾਹਣਤਾਂ ਪਾ ਕੇ ਕੋਸਦੀਆਂ ਰਹਿੰਦੀਆਂ। ਹੌਲੀ-ਹੌਲੀ ਇਹ ਪਰੰਪਰਾ ਗੁੱਸੇ ਦੇ ਭਾਵ ਤੋਂ ਖਿਸਕਦੀ-ਖਿਸਕਦੀ ਲਾੜੀ ਵਾਲੀ ਧਿਰ ਦੀ ਵਿਰਾਸਤ ਬਣ ਗਈ ਤੇ ਇਸ ਦਾ ਰੂਪ ਗੁੱਸੇ ਤੋਂ ਮਜ਼ਾਕ ਜਾਂ ਕਟਾਖਸ਼ ਦੇ ਰੂਪ ਵਿੱਚ ਬਦਲ ਗਿਆ। ਦੂਜਾ ਇਸ ਦੀ ਉਤਪਤੀ ਦਾ ਕਾਰਨ ਇਹ ਵੀ ਮੰਨਿਆ ਜਾਂਦਾ ਹੈ ਕਿ ਕਿਸੇ ਸਮੇਂ ਭੂਤਾਂ ਪ੍ਰੇਤਾਂ ਜਾਂ ਓਪਰੀ ਸ਼ੈਅ ਦੇ ਵਹਿਮ ਨੂੰ ਕਾਫ਼ੀ ਮੰਨਿਆ ਜਾਂਦਾ ਸੀ। ਵਿਆਹ ਵਰਗੀ ਪਵਿੱਤਰ ਰਸਮ ਨੂੰ ਇਨ੍ਹਾਂ ਰੂਹਾਂ ਦੇ ਪ੍ਰਭਾਵ ਤੋਂ ਬਚਾਉਣ ਲਈ ਇਸ ਤਰ੍ਹਾਂ ਦੇ ਰੰਗ ਵਿੱਚ ਭੰਗ ਪਾਉਣ ਵਾਲੇ ਸ਼ਬਦਾਂ ਦੀ ਵਰਤੋਂ ਕੀਤੀ ਜਾਂਦੀ ਸੀ। ਜਿਵੇਂ ਮਾਂ ਆਪਣੇ ਬੱਚੇ ਨੂੰ ਨੁਹਾ ਕੇ ਸੋਹਣੇ ਕੱਪੜੇ ਪਾਉਣ ਤੋਂ ਬਾਅਦ ਮੱਥੇ 'ਤੇ ਕਾਲਾ ਟਿੱਕਾ ਲਾ ਦਿੰਦੀ ਹੈ।

ਕੰਨਿਆ ਧਿਰ ਦੀਆਂ ਔਰਤਾਂ ਸਿੱਠਣੀਆਂ ਦੇ ਘੇਰੇ ਵਿੱਚ ਸਭ ਤੋਂ ਪਹਿਲਾਂ ਕੁੜਮ ਨੂੰ ਹੀ ਲੈਂਦੀਆਂ ਹਨ;

* ਹੋਰ ਤਾਂ ਜਾਨੀ ਊਠਾਂ 'ਤੇ ਆਏ,
ਕੁੜਮ ਲਿਆਇਆ ਟੱਟੂ।
ਨੀਂ ਮੰਨੋ ਦਾ ਜਣਿਆ,
ਵਿਹੜੇ ਦੀ ਜੜ ਪੱਟੂ।

* ਜੇ ਕੁੜਮਾਂ ਤੇਰੀਆਂ ਅੱਖਾਂ ਦੁਖਦੀਆਂ
ਮੋਗਿਓਂ 'ਲਾਜ ਕਰਾ ਲੈ, ਤੇਰਾ ਫੈਦਾ ਹੋ ਜੂ।
ਇੱਕ ਲੂਣ ਦੀ ਡਲੀ, ਇੱਕ ਤੇਲ ਦੀ ਫਲੀ
ਵਿੱਚ ਮਿਰਚਾਂ ਦੀ ਲੱਪ ਪਾ ਲੈ, ਤੇਰਾ ਫੈਦਾ ਹੋ ਜੂ।

* ਸਾਡੇ ਤਾਂ ਵਿਹੜੇ ਵਿੱਚ ਤਾਣਾ ਤਣੀਂਦਾ
ਲਾੜੇ ਦਾ ਪਿਓ ਤਾਂ ਕਾਣਾ ਸੁਣੀਂਦਾ
ਐਨਕ ਲਵਾਉਣੀ ਪਈ।

ਕੁੜਮ ਤੋਂ ਬਾਅਦ ਵਿਚੋਲੇ ਦੀ ਵਾਰੀ ਆਉਂਦੀ ਹੈ। ਭਾਵੇਂ ਵਿਚੋਲਾ ਦੋਵੇਂ ਪਰਿਵਾਰਾਂ ਲਈ ਸਾਂਝਾ ਪਾਤਰ ਹੁੰਦਾ ਹੈ। ਕੰਨਿਆ ਧਿਰ ਵੱਲੋਂ ਵਿਚੋਲੇ ਨੂੰ ਇਸ ਕਰਕੇ ਨਿਸ਼ਾਨਾ ਬਣਾਇਆ ਜਾਂਦਾ ਹੈ ਕਿਉਂਕਿ ਉਹ ਹੀ ਕੁੜੀਆਂ ਦੀ ਡਾਰ ਵਿੱਚੋਂ ਕੁੜੀ (ਲਾੜੀ) ਨੂੰ ਵਿਛੋੜਨ ਦਾ ਸਬੱਬ ਬਣਿਆ ਹੈ। ਇਸ ਗੁੱਸੇ ਨੂੰ ਉਹ ਸਿੱਠਣੀਆਂ ਦੇ ਰੂਪ ਵਿੱਚ ਕੱਢ ਕੇ ਹੌਲੀਆਂ ਹੁੰਦੀਆਂ ਹਨ:

* ਕੁੜਮੋਂ-ਕੁੜਮੀਂ ਵਰਤਣਗੇ
ਵਿਚੋਲੇ ਬੈਠੇ ਤਰਸਣਗੇ।

* ਮੱਕੀ ਦਾ ਦਾਣਾ ਟਿੰਡ ਵਿੱਚ ਨੀਂ
ਵਿਚੋਲਾ ਨ੍ਹੀਂ ਛੱਡਣਾ ਪਿੰਡ ਵਿੱਚ ਨੀਂ।
ਕੁੜਮੋਂ-ਕੁੜਮੀਂ ਸੌ ਵਾਰੀ
ਵਿਚੋਲੇ ਦੇ ਸਿਰ ਵਿੱਚ ਚੌ ਮਾਰੀ।

* ਕੁੜਮੋਂ-ਕੁੜਮੀਂ ਬੁਰੀ ਹੋਈ ਐ
ਵਿਚੋਲੇ ਦੀ ਮਾਂ ਕੋਲੇ ਕੁੜੀ ਹੋਈ ਐ।

ਜੰਨ ਵਿੱਚ ਜੇ ਕੋਈ ਜ਼ਿਆਦਾ ਚਾਂਭਲ ਕੇ ਮੁੱਛਾਂ ਨੂੰ ਵੱਟ ਦਿੰਦਾ ਹੈ ਤਾਂ ਅਜਿਹਾ ਜਾਨੀ ਵੀ ਮੇਲਣਾਂ ਦੇ ਨਿਸ਼ਾਨੇ 'ਤੇ ਚੜ੍ਹ ਜਾਂਦਾ ਹੈ। ਉਸ ਦੀਆਂ ਹਰਕਤਾਂ ਨੂੰ ਦੇਖ ਕੇ ਕੋਈ ਔਰਤ ਕਹਿ ਉਠਦੀ ਹੈ:

ਮੁੱਛਾਂ ਵੇ ਤੇਰੀਆਂ ਲੰਮੀਆਂ (ਨਾਭੀ ਪੱਗ ਵਾਲਿਆ),
ਜਿਉਂ ਬਿੱਲੀ ਦੀ ਵੇ ਪੂਛ।
ਕੈਂਚੀ ਲੈ ਕੇ ਕੱਟ ਦਿਆਂ
ਤੈਨੂੰ ਮਣ-ਮਣ ਚੜ੍ਹਜੇ ਰੂਪ।

ਪੈਲੇਸ-ਕਲਚਰ ਨੇ ਸਾਡੇ ਵਿਆਹਾਂ ਵਿੱਚ ਨਿਭਾਈਆਂ ਜਾ ਰਹੀਆਂ ਇਨ੍ਹਾਂ ਕੀਮਤੀ ਪਰੰਪਰਾਵਾਂ ਦਾ ਖਾਤਮਾ ਕਰ ਦਿੱਤਾ ਹੈ। ਹੁਣ ਸਿਰਫ਼ ਜਾਗੋ ਦੇ ਰੂਪ ਵਿੱਚ 'ਨਾਨਕੇ ਮੇਲ' ਦੀ ਆਮਦ ਪਿੰਡਾਂ ਵਿੱਚ ਕੁਝ ਜਿਉਂਦੀ ਹੈ ਪ੍ਰੰਤੂ ਇਸ 'ਤੇ ਵੀ ਹੁਣ ਡੀਜੇ ਕਲਚਰ ਦਾ ਬਾਜ਼ਾਰੀ ਰੂਪ ਚੜ੍ਹਦਾ ਜਾ ਰਿਹਾ ਹੈ।



## 21 ਅਪ੍ਰੈਲ ਪ੍ਰਕਾਸ਼ ਉਤਸਵ 'ਤੇ ਵਿਸ਼ੇਸ਼

# ਕੀ ਧੰਨਾ ਭਗਤ ਪੱਥਰ ਜਾਂ ਮੂਰਤੀ ਪੂਜਕ ਸਨ ?



ਬਲਬਿੰਦਰ ਸਿੰਘ ਸਿਡਨੀ
(ਆਸਟ੍ਰੇਲੀਆ)

ਭਾਈ ਕਾਨ੍ਹ ਸਿੰਘ ਅਨੁਸਾਰ ਭਗਤ ਧੰਨਾ ਦਾ ਜਨਮ ਟਾਂਕ ਦੇ ਇਲਾਕੇ ਧੁਆਨ ਪਿੰਡ ਵਿੱਚ ਸੰਮਤ 1473 ਵਿਚ ਹੋਇਆ। ਆਪ ਦੀ ਬਾਣੀ ਗੁਰੂ ਗ੍ਰੰਥ ਸਾਹਿਬ ਦੇ ਰਾਗ ਆਸਾ ਅਤੇ ਧਨਾਸਰੀ ਵਿੱਚ ਦਰਜ ਹੈ। ਬੜੇ ਅਫਸੋਸ ਦੀ ਗੱਲ ਹੈ ਕਿ ਕੁੱਝ ਪ੍ਰਚਾਰਕ ਅਤੇ ਕਥਾਵਾਚਕ ਭਗਤ ਧੰਨਾ ਬਾਰੇ ਕਹਿੰਦੇ ਹਨ ਕਿ ਆਪ ਨੇ ਸਾਲ ਗ੍ਰਾਮ ਪੱਥਰ ਦੀ ਪੂਜਾ ਕਰਕੇ ਪ੍ਰਭੂ ਦੀ ਪ੍ਰਾਪਤੀ ਕੀਤੀ।

1) ਭਗਤ ਬਾਣੀ ਅਨੁਸਾਰ, ਭਗਤ ਧੰਨਾ ਦੇ ਪਿਤਾ ਦਾ ਨਾਮ ਮਾਹੀ ਸੀ। ਇਨ੍ਹਾਂ ਦਾ ਇਲਾਕਾ ਮਾਰਵਾੜ ਸੀ। ਆਪ ਮਾਮੂਲੀ ਜਿਮੀਦਾਰ ਸਨ। ਕਿਸੇ ਬ੍ਰਾਹਮਣ ਕੋਲੋਂ ਸਾਲਗਰਾਮ ਲੈ ਕੇ ਪੂਜਾ ਕਰਨ ਲੱਗੇ। ਜਦੋਂ ਕੋਈ ਫਲ ਪ੍ਰਾਪਤ ਨਾ ਹੋਇਆ ਤਾਂ ਸਾਲਗਰਾਮ ਉਸ ਨੇ ਬ੍ਰਾਹਮਣ ਨੂੰ ਮੋੜ ਦਿੱਤਾ। ਕਹਿਣ ਲੱਗੇ ਕਿ ਸਾਲਗ੍ਰਾਮ ਮੇਰੇ ਨਾਲ ਗੁੱਸੇ ਹੈ, ਮੇਰੀ ਰੋਟੀ ਨਹੀਂ ਖਾਂਦਾ। ਬ੍ਰਾਹਮਣ ਨੇ ਅਸਲ ਗੱਲ ਦੱਸੀ ਕਿ ਭਾਈ ਇਹ ਤਾਂ ਪੱਥਰ ਹੈ, ਇਹ ਖਾਂਦਾ ਪੀਂਦਾ ਕੁਝ ਨਹੀਂ, ਰੱਬ ਤਾਂ ਹੋਰ ਹੈ।

2) ਭਾਈ ਕਾਨ੍ਹ ਸਿੰਘ ਜੀ ਅਨੁਸਾਰ, ਸਵਾਮੀ ਰਾਮਾਨੰਦ ਤੋਂ ਕਾਂਸ਼ੀ ਜਾ ਕੇ ਗੁਰ ਦੀਖਿਆ ਲਈ, ਪਹਿਲੀ ਉਮਰ ਵਿੱਚ ਇਹ ਮੂਰਤੀ ਪੂਜਕ ਰਹੇ ਪਰ ਅੰਤ ਨੂੰ ਅਕਾਲ ਪੁਰਖ ਦਾ ਉਪਾਸ਼ਕ ਹੋ ਕੇ ਪਰਮਪਦ ਦਾ ਅਧਿਕਾਰੀ ਬਣੇ। (ਪੰਨਾ 673 ਮਹਾਨ ਕੋਸ਼)

3) ਇੱਕ ਪ੍ਰਚਲਤ ਕਹਾਣੀ ਦਾ ਜ਼ਿਕਰ ਭਾਈ ਗੁਰਦਾਸ ਵੀ ਦਸਵੀਂ ਵਾਰ ਦੀ 13ਵੀਂ ਪਉੜੀ ਵਿੱਚ ਜਿਕਰ ਕਰਦੇ ਹੋਏ ਲਿਖਦੇ ਹਨ

ਬ੍ਰਾਹਮਣੁ ਪੂਜੇ ਦੇਵਤੇ, ਧੰਨਾ ਗਊ ਚਰਾਵਣ ਆਵੈਂ॥ ਧੰਨੇ ਡਿਠਾ ਚਲਿਤ ਏਹੁ, ਪੂਛੈ ਬ੍ਰਾਹਮਣ ਆਖਿ ਸੁਣਾਵੈ॥ ਠਾਕੁਰ ਦੀ ਸੇਵਾ ਕਰੈ, ਜੋ ਇਛੈ ਸੋਈ ਫਲ ਪਾਵੈ। ਧੰਨਾ ਕਰਦਾ ਜੋਦੜੀ, ਮੈਂ ਭਿ ਦੇਹ ਇੱਕ, ਜੇ ਤੁਧ ਭਾਵੈ॥ ਪਥਰੁ ਇੱਕ ਲਪੇਟਿ ਕਰਿ, ਦੇ ਧੰਨੈ ਨੋ ਗੈਲ1 ਛੁਡਾਵੈ॥ ਠਾਕੁਰ ਨੋ ਨ੍ਹਾਵਾਲਿਕੈ, ਛਾਹਿ, ਰੋਟੀ ਲੈ ਭੋਗੁ ਚੜ੍ਹਾਵੈ॥ ਹਥਿ ਜੋੜਿ ਮਿਨਤਾਂ ਕਰੈ ਪੈਰੀ ਪੈ ਪੈ ਬਹੁਤ ਮਨਾਵੈ॥ ਹਉਂ ਭੀ ਮੁਹੁ ਨਾ ਜੁਠਾਲਸਾਂ, ਤੂੰ ਰੂਠਾ ਮੈਂ ਕਿਹੁ ਨਾ ਸੁਖਾਵੈ॥ ਗੋਸਾਈ ਪਰਤਖਿ ਹੋਇ, ਰੋਟੀ ਖਾਇ, ਛਾਹਿ ਮੁਹਿ ਲਾਵੈ॥ ਭੋਲਾ ਭਾਉ ਗੋਬਿੰਦੁ ਮਿਲਾਵੈ ॥13॥



ਇੱਕ ਬ੍ਰਾਹਮਣ ਕਈ ਦੇਵਤਿਆਂ ਅਤੇ ਪੱਥਰ ਦੀਆਂ ਮੂਰਤ ਦੀ ਪੂਜਾ ਕਰਦਾ ਸੀ। ਧੰਨਾ ਉੱਥੇ ਗਊਆਂ ਚਾਰਨ ਆਉਂਦਾ ਸੀ। ਧੰਨਾ ਉਸ ਨੂੰ ਦੇਖਕੇ ਪੁੱਛਣ ਲੱਗਾ, ਇਹ ਕੀ ਕਰਦੇ ਹੋ ਬ੍ਰਾਹਮਣ ਨੇ ਉੱਤਰ ਦਿੱਤਾ, ਠਾਕੁਰ ਦੀ ਪੂਜਾ ਕਰਦਾ ਹਾਂ ਇਸ ਨਾਲ ਮਨੋ ਕਾਮਨਾ ਪੂਰੀ ਹੋ ਜਾਂਦੀ ਹੈ।

ਧੰਨਾ ਮਿੰਨਤ ਕਰਨ ਲੱਗਾ ਕਿ ਇੱਕ ਠਾਕੁਰ (ਸਾਲਗ੍ਰਾਮ ਦਾ ਪੱਥਰ) ਉਸ ਨੂੰ ਵੀ ਦੇ ਦਿਓ। ਤਾਂ ਇੱਕ ਸਾਲ ਗ੍ਰਾਮ ਦੇ ਕੇ ਬ੍ਰਾਹਮਣ ਨੇ ਧੰਨੇ ਤੋਂ ਖਹਿੜਾ ਛੁਡਾਇਆ। ਧੰਨੇ ਨੇ ਠਾਕੁਰ ਨੂੰ ਇਸ਼ਨਾਨ ਕਰਵਾ ਕੇ ਉਸ ਅੱਗੇ ਰੋਟੀ ਅਤੇ ਲੱਸੀ ਭੋਗ ਲਈ ਰੱਖੀ। ਜਦ ਠਾਕੁਰ ਨੇ ਰੋਟੀ ਨਾ ਖਾਧੀ ਤਾਂ ਧੰਨਾ ਹੱਥ ਜੋੜ ਕੇ ਮਿੰਨਤਾਂ ਅਤੇ ਡੰਡੌਤ ਕਰਕੇ ਠਾਕੁਰ ਨੂੰ ਮਨਾਉਣ ਲੱਗਾ ਅਤੇ ਕਹਿਣ ਲੱਗਾ, ਜਦੋਂ ਤੱਕ ਤੂੰ ਭੋਜਨ ਨਹੀਂ ਛਕਦਾ ਤਾਂ ਮੈਂ ਭੀ ਮੂੰਹ ਜੂਠਾ ਨਹੀਂ ਕਰਾਂਗਾ। ਜਦੋਂ ਤੂੰ ਰੁੱਸਿਆ ਹੋਵੇ ਤਾਂ ਮੈਨੂੰ ਕੁਝ ਵੀ ਚੰਗਾ ਨਹੀਂ ਲਗਦਾ। ਇਸ ਤਰ੍ਹਾਂ ਠਾਕੁਰ ਨੇ ਪਰਤੱਖ ਹੋ ਕੇ ਰੋਟੀ ਖਾਧੀ ਅਤੇ ਲੱਸੀ ਪੀਣ ਲੱਗਾ। ਭੋਲਾ ਭਾ ਗੋਬਿੰਦ ਮਿਲਾ ਦੇਂਦਾ ਹੈ।

ਨੋਟ: ਭਾਈ ਗੁਰਦਾਸ ਇਸ ਵਾਰ ਰਾਹੀਂ ਪੱਥਰ ਵਿੱਚੋਂ ਰੱਬ ਦੇ ਪ੍ਰਗਟ ਹੋਣ ਦੀ ਪੁਸ਼ਟੀ ਨਹੀਂ ਕਰ ਰਹੇ। ਉਹ ਲੋਕ ਕਥਾ ਦਾ ਇਸ ਵਾਰ ਵਿੱਚ ਬਿਆਨ ਕਰ ਰਹੇ ਹਨ। ਵਾਰ ਵਿੱਚ ਕਿਸੇ ਇੱਕ ਉੱਘੇ ਕਾਰਨਾਮੇ ਦਾ ਵਰਨਣ ਹੁੰਦਾ ਹੈ। ਸਾਰੀ ਕਹਾਣੀ ਨਹੀਂ ਹੁੰਦੀ।

ਗੁਰੂ ਗ੍ਰੰਥ ਸਾਹਿਬ ਸਿੱਖਾਂ ਦਾ ਗੁਰੂ ਹੈ। ਇਸ ਵਿੱਚ ਕੋਈ ਆਪਾ ਵਿਰੋਧੀ ਭਾਵ ਦਰਜ ਨਹੀਂ ਹੈ। ਜਿਵੇਂ ਅਸੀਂ ਪਹਿਲਾਂ ਦੱਸ ਚੁੱਕੇ ਹਾਂ ਕਿ ਭਗਤ ਧੰਨਾ ਜੀ ਦੀ ਬਾਣੀ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਹੈ। ਗੁਰੂ ਗ੍ਰੰਥ ਸਾਹਿਬ ਵਿੱਚ ਕਿਤੇ ਭੀ ਮੂਰਤੀ ਪੂਜਾ ਦੀ ਪੁਸ਼ਟੀ ਨਹੀਂ ਕੀਤੀ ਗਈ ਬਲਕਿ ਇਸ ਦਾ ਵਿਰੋਧ ਕੀਤਾ ਗਿਆ ਹੈ। ਇਸ ਸੰਬੰਧੀ ਭਗਤ ਧੰਨਾ ਜੀ ਦੀ ਬਾਣੀ ਰਾਂਹੀ ਆਓ ਦੇਖੀਏ ਉਨ੍ਹਾਂ ਦੇ ਵਿਚਾਰ

ਭ੍ਰਮਤ ਫਿਰਤ ਬਹੁ ਜਨਮ ਬਿਲਾਨੇ ਤਨੁ ਮਨੁ ਧਨੁ ਨਹੀ ਧੀਰੇ ॥ ਲਾਲਚ ਬਿਖੁ ਕਾਮ ਲੁਬਧ ਰਾਤਾ ਮਨਿ ਬਿਸਰੇ ਪ੍ਰਭ ਹੀਰੇ ॥1॥ ਰਹਾਉ ॥ ਬਿਖੁ ਫਲ ਮੀਠ ਲਗੇ ਮਨ ਬਉਰੇ ਚਾਰ ਬਿਚਾਰ ਨ ਜਾਨਿਆ ॥ ਗੁਨ ਤੇ ਪ੍ਰੀਤਿ ਬਢੀ ਅਨ ਭਾਂਤੀ ਜਨਮ ਮਰਨ ਫਿਰਿ ਤਾਨਿਆ ॥1॥ ਜੁਗਤਿ ਜਾਨਿ ਨਹੀ ਰਿਦੈ ਨਿਵਾਸੀ ਜਲਤ ਜਾਲ ਜਮ ਫੰਧ ਪਰੇ ॥ ਬਿਖੁ ਫਲ ਸੰਚਿ ਭਰੇ ਮਨ ਐਸੇ ਪਰਮ ਪੁਰਖ ਪ੍ਰਭ ਮਨ ਬਿਸਰੇ ॥2॥ ਗਿਆਨ ਪ੍ਰਵੇਸੁ ਗੁਰਹਿ ਧਨੁ ਦੀਆ ਧਿਆਨੁ ਮਾਨੁ ਮਨ ਏਕ ਮਏ ॥ ਪ੍ਰੇਮ ਭਗਤਿ ਮਾਨੀ ਸੁਖੁ ਜਾਨਿਆ ਤ੍ਰਿਪਤਿ ਅਘਾਨੇ ਮੁਕਤਿ ਭਏ ॥3॥ ਜੋਤਿ ਸਮਾਇ ਸਮਾਨੀ ਜਾ ਕੈ ਅਛਲੀ ਪ੍ਰਭੁ ਪਹਿਚਾਨਿਆ ॥ ਧੰਨੈ ਧਨੁ ਪਾਇਆ ਧਰਣੀਧਰੁ ਮਿਲਿ ਜਨ ਸੰਤ ਸਮਾਨਿਆ ॥4॥1॥

(ਗੁਰੂ ਗ੍ਰੰਥ ਸਾਹਿਬ, ਪੰਨਾ 487)

ਪ੍ਰੋਫੈਸਰ ਸਾਹਿਬ ਸਿੰਘ ਇਸ ਸ਼ਬਦ ਦੇ ਅਰਥ ਇਸ ਤਰ੍ਹਾਂ ਕਰਦੇ ਹਨ, ਮਾਇਆ ਦੇ ਮੋਹ ਵਿੱਚ ਭਟਕਦਿਆਂ ਕਈ ਜਨਮ ਲੰਘ ਜਾਂਦੇ ਹਨ, ਇਹ ਸਰੀਰ ਨਾਸ਼ ਹੋ ਜਾਂਦਾ ਹੈ, ਮਨ ਭਟਕਦਾ ਰਹਿੰਦਾ ਹੈ ਤੇ ਧਨ ਵੀ ਟਿਕਿਆ ਨਹੀਂ ਰਹਿੰਦਾ। ਲੋਭੀ ਜੀਵ ਜ਼ਹਿਰ ਰੂਪੀ ਪਦਾਰਥਾਂ ਦੇ ਲਾਲਚ ਵਿੱਚ, ਕਾਮ ਵਾਸ਼ਨਾ ਵਿੱਚ, ਰੰਗਿਆ ਰਹਿੰਦਾ ਹੈ, ਅਤੇ ਰਸ ਦੇ ਮਨ ਵਿਚੋਂ ਅਮੋਲਕ ਪ੍ਰਭੂ ਵਿਸਰ ਜਾਂਦਾ ਹੈ ॥2॥ ਰਹਾਉ ॥

ਹੇ ਕਮਲੇ ਮਨ! ਇਹ ਜ਼ਹਿਰ ਰੂਪੀ ਫਲ ਤੈਨੂੰ ਮਿੱਠੇ ਲਗਦੇ ਹਨ, ਤੈਨੂੰ ਸੋਹਣੀ ਵਿਚਾਰ ਨਹੀਂ ਫੁਰਦੀ, ਗੁਣਾਂ ਵਿਚੋਂ ਹਟ ਕੇ ਹੋਰ ਹੋਰ ਕਿਸਮ ਦੀ ਪ੍ਰੀਤ ਤੇਰੇ ਅੰਦਰ ਵਧ ਰਹੀ ਹੈ, ਅਤੇ ਤੇਰਾ ਜਨਮ ਮਰਨ ਦਾ ਤਾਣਾ ਤਣਿਆ ਜਾ ਰਿਹਾ ਹੈ ॥2॥

ਹੇ ਮਨ! ਤੂੰ ਜੀਵਨ ਦੀ ਜੁਗਤਿ ਸਮਝ ਕੇ ਇਹ ਜੁਗਤ ਆਪਣੇ ਅੰਦਰ ਪੱਕੀ ਨਾ ਕੀਤੀ, ਤ੍ਰਿਸ਼ਨਾ ਵਿੱਚ ਸੜਦੇ ਤੈਨੂੰ ਜਮਾਂ ਦਾ ਜਾਲ, ਜਮਾਂ ਦੇ ਫਾਹੇ ਪੈ ਗਏ ਹਨ। ਹੇ ਮਨ! ਤੂੰ ਵਿਸ਼ੇ ਰੂਪ ਜ਼ਹਿਰ ਦੇ ਫਲ ਹੀ ਇੱਕਠੇ ਕਰਕੇ ਸਾਂਭਦਾ ਰਹਿ, ਤੇ ਅਜਿਹਾ ਸਾਂਭਦਾ ਰਿਹਾ ਕਿ ਤੈਨੂੰ ਪਰਮ ਪੁਰਖ ਪ੍ਰਭੂ ਭੁੱਲ ਗਿਆ ॥2॥

ਜਿਸ ਮਨੁੱਖ ਨੂੰ ਗੁਰੂ ਨੇ ਗਿਆਨ ਦਾ ਪ੍ਰਵੇਸ਼ ਰੂਪ ਧਨ ਦਿੱਤਾ ਉਸ ਦੀ ਸੂਰਤ ਪ੍ਰਭੂ ਵਿੱਚ ਜੁੜ ਗਈ। ਉਸ ਦੇ ਅੰਦਰ ਸ਼ਰਧਾ ਬਣ ਗਈ, ਉਸਦਾ ਮਨ ਪ੍ਰਭੂ ਨਾਲ ਇੱਕ ਮਿੱਕ ਹੋ ਗਿਆ, ਉਸਨੂੰ ਪ੍ਰਭੂ ਦਾ ਪਿਆਰ, ਪ੍ਰਭੂ ਦੀ ਭਗਤੀ ਚੰਗੀ ਲੱਗੀ, ਉਸ ਦੀ ਸੁੱਖ ਨਾਲ ਸਾਂਝ ਬਣ ਗਈ, ਉਹ ਮਾਇਆ ਵੱਲੋਂ ਚੰਗੀ ਤਰ੍ਹਾਂ ਰੱਜ ਗਿਆ। ਤੇ ਬੰਧਨਾ ਤੋਂ ਮੁਕਤ ਹੋ ਗਿਆ ॥3॥

ਜਿਸ ਮਨੁੱਖ ਦੇ ਅੰਦਰ ਪ੍ਰਭੂ ਦੀ ਸਰਬ ਵਿਆਪਕ ਜੋਤਿ ਟਿਕ ਗਈ, ਉਸਨੇ ਮਾਇਆ ਵਿੱਚ ਨਾ ਛਲੇ ਜਾਣ ਵਾਲੇ ਪ੍ਰਭੂ ਨੂੰ ਪਛਾਣ ਲਿਆ। ਮੈਂ ਧੰਨੇ ਨੇ, ਭੀ ਉਸ ਪ੍ਰਭੂ ਦਾ ਨਾਮ ਧਨ ਲੱਭ ਲਿਆ ਹੈ ਜੋ ਸਾਰੀ ਧਰਤੀ ਦਾ ਆਸਰਾ ਹੈ, ਮੈਂ ਧੰਨਾ ਭੀ ਸੰਤ ਜਨਾ ਨੂੰ ਮਿਲਕੇ ਪ੍ਰਭੂ ਵਿੱਚ ਲੀਨ ਹੋ ਗਿਆ ਹਾਂ॥

ਭਗਤ ਧੰਨਾ ਜੀ ਆਪਣੀ ਜ਼ਬਾਨੀ ਇਹ ਕਹਿ ਰਹੇ ਹਨ ਕਿ ਮੈਨੂੰ ਗੁਰੂ ਨੇ ਨਾਮ ਧਨ ਦਿੱਤਾ ਅਤੇ ਸੰਤਾਂ ਦੀ ਸੰਗਤ ਵਿੱਚ ਮੈਨੂੰ ਪ੍ਰਭੂ ਲੱਭਾ। ਕੱਚੀਆਂ ਪਿੱਲੀਆਂ ਕਹਾਣੀਆਂ ਦਾ ਆਸਰਾ ਲੈ ਕੇ ਸਾਡੇ ਪ੍ਰਚਾਰਕ ਕਹਿ ਰਹੇ ਹਨ ਕਿ ਧੰਨੇ ਨੇ ਇੱਕ ਬ੍ਰਾਹਮਣ ਤੋਂ ਸਾਲਗ੍ਰਾਮ ਲੈਕੇ ਉਸ ਦੀ ਪੂਜਾ ਕੀਤੀ, ਉਸ ਠਾਕੁਰ ਪੂਜਾ ਤੋਂ ਧੰਨੇ ਨੂੰ ਪਰਮਾਤਮਾ ਮਿਲਿਆ। ਇਹ ਸੱਚ ਨਹੀਂ ਹੈ।

ਅਸੀਂ ਦੇਖਣਾ ਹੈ ਕਿ ਅਸੀਂ ਆਪਣੇ ਗੁਰੂ 'ਤੇ ਭਰੋਸਾ ਰੱਖਣਾ ਹੈ ਜਾਂ ਇਨ੍ਹਾਂ ਮਨ ਘੜਤ ਕਹਾਣੀਆਂ ਤੇ, ਸਾਡਾ ਵਿਸ਼ਵਾਸ਼ ਪੂਰਨ ਗੁਰੂ, ਗੁਰੂ ਗ੍ਰੰਥ ਸਾਹਿਬ ਤੇ ਹੋਣਾ ਚਾਹੀਦਾ ਹੈ।

ਇਸ ਗੱਲ ਨੂੰ ਹੋਰ ਵਧੇਰੇ ਸਪਸ਼ਟ ਕਰਨ ਵਾਸਤੇ, ਗੁਰੂ ਗ੍ਰੰਥ ਦੇ ਰਚਾਇਤਾ, ਗੁਰੂ ਅਰਜਨ ਪਾਤਸ਼ਾਹ ਨੇ ਭੀ ਇਸੇ ਰਾਗ ਵਿੱਚ, ਇਸੇ ਹੀ ਪੰਨੇ ਤੇ ਇਸੇ ਸ਼ਬਦ ਦੇ ਨਾਲ ਆਪ ਇੱਕ ਸ਼ਬਦ ਉਚਾਰਿਆ ਅਤੇ ਦੱਸਿਆ ਕਿ ਭਗਤ ਨਾਮ ਦੇਵ, ਕਬੀਰ, ਰਵਿਦਾਸ ਅਤੇ ਸੈਣ ਦੀ ਸੁਣੀ ਹੋਈ ਸ਼ੋਭਾ ਸੁਣ ਕੇ ਭਗਤ ਧੰਨਾ ਭੀ ਪ੍ਰਭੂ ਭਗਤੀ ਵਿੱਚ ਜੁੜ ਗਿਆ ਅਤੇ ਇਸ ਤਰ੍ਹਾਂ ਕਰਨ ਨਾਲ ਉਨ੍ਹਾਂ ਦਾ ਮਿਲਾਪ ਪ੍ਰਭੂ ਨਾਲ ਹੋ ਗਿਆ। ਪੂਰਾ ਸ਼ਬਦ ਇਸ ਤਰ੍ਹਾਂ ਹੈ –

ਗੋਬਿੰਦ ਗੋਬਿੰਦ ਗੋਬਿੰਦ ਸੰਗਿ ਨਾਮਦੇਉ ਮਨੁ ਲੀਣਾ ॥ ਆਢ1 ਦਾਮ ਕੋ ਛੀਪਰੋ ਹੋਇਓ ਲਾਖੀਣਾ3 ॥1॥ ਰਹਾਉ ॥ ਬੁਨਨਾ ਤਨਨਾ ਤਿਆਗਿ ਕੈ ਪ੍ਰੀਤਿ ਚਰਨ ਕਬੀਰਾ ॥ ਨੀਚ ਕੁਲਾ ਜੋਲਾਹਰਾ ਭਇਓ ਗੁਨੀਯ ਗਹੀਰਾ ॥1॥ ਰਵਿਦਾਸੁ ਢੁਵੰਤਾ ਢੋਰ ਨੀਤਿ ਤਿਨਿ ਤਿਆਗੀ ਮਾਇਆ ॥ ਪਰਗਟੁ ਹੋਆ ਸਾਧਸੰਗਿ ਹਰਿ ਦਰਸਨੁ ਪਾਇਆ ॥2॥ ਸੈਨੁ ਨਾਈ ਬੁਤਕਾਰੀਆ ਓਹੁ ਘਰਿ ਘਰਿ ਸੁਨਿਆ ॥ ਹਿਰਦੇ ਵਸਿਆ ਪਾਰਬ੍ਰਹਮੁ ਭਗਤਾ ਮਹਿ ਗਨਿਆ ॥3॥ ਇਹ ਬਿਧਿ ਸੁਨਿ ਕੈ ਜਾਟਰੋ ਉਠਿ ਭਗਤੀ ਲਾਗਾ ॥ ਮਿਲੇ ਪ੍ਰਤਖਿ ਗੁਸਾਈਆ ਧੰਨਾ ਵਡਭਾਗਾ ॥4॥2॥

(ਗੁਰੂ ਗ੍ਰੰਥ ਸਾਹਿਬ, ਪੰਨਾ 487)

ਭਗਤ ਨਾਮ ਦੇਵ ਜੀ ਦਾ ਮਨ ਸਦਾ ਰੱਬ ਨਾਲ ਜੁੜਿਆ ਰਹਿੰਦਾ ਸੀ। ਉਸ ਹਰ ਵੇਲੇ ਦੀ ਯਾਦ ਦੀ ਬਰਕਤ ਨਾਲ ਅੱਧੀ ਕੌਡੀ ਦਾ ਗਰੀਬ ਛੀਂਬਾ ਮਾਨੋ ਲੱਖ ਪਤੀ ਬਣ ਗਿਆ ਹੋਵੇ। ਉਸ ਨੂੰ ਕਿਸੇ ਦੀ ਮੁਥਾਜੀ ਨਾ ਰਹੀ ॥ਰਹਾਉ॥

ਕੇਵਲ ਕਪੜਾ ਉਣਨ, ਤਾਣਾ, ਤਣਨ, ਦੀ ਲਗਨ ਛੱਡਕੇ ਕਬੀਰ ਨੇ ਪ੍ਰਭੂ ਚਰਨਾਂ ਨਾਲ ਲਗਨ ਲਾ ਲਈ, ਨੀਵੀ ਜਾਤ ਦਾ ਗਰੀਬ ਜੁਲਾਹਾ ਸੀ, (**ਬਾਕੀ ਸਫ਼ਾ 31 'ਤੇ**)



## ਪ੍ਰਕਾਸ਼ ਦਿਹਾੜੇ 'ਤੇ ਵਿਸ਼ੇਸ਼ ਲੇਖ

# ਸ੍ਰੀ ਗੁਰੂ ਤੇਗ਼ ਬਹਾਦਰ ਸਾਹਿਬ ਜੀ

ਪ੍ਰਮਿੰਦਰ ਸਿੰਘ ਪ੍ਰਵਾਨਾ
510-415-9377

ਜਉ ਤਉ ਪ੍ਰੇਮ ਖੇਲਣ ਕਾ ਚਾਉ ॥ ਸਿਰੁ ਧਰਿ ਤਲੀ ਗਲੀ ਮੇਰੀ ਆਉ ॥ ਇਤੁ ਮਾਰਗਿ ਪੈਰੁ ਧਰੀਜੈ ॥ ਸਿਰੁ ਦੀਜੈ ਕਾਣਿ ਨ ਕੀਜੈ ॥ ਹੇ ਭਾਈ, ਜੇ ਤੈਨੂੰ ਪ੍ਰਭੂ ਪ੍ਰੇਮ ਦੀ ਖੇਡ ਖੇਡਣ ਦਾ ਸ਼ੌਕ ਹੈ ਤਾਂ ਆਪਣਾ ਸਿਰ ਤਲੀ ਉੱਤੇ ਰੱਖ ਕੇ ਮੇਰੀ ਗਲੀ ਵਿੱਚ ਆ। ਲੋਕ ਲਾਜ ਛੱਡ ਕੇ ਹਉਮੈ ਦੂਰ ਕਰ ਕੇ ਆ। ਪ੍ਰਭੂ ਪ੍ਰੀਤ ਦੇ ਇਸ ਰਸਤੇ ਉੱਤੇ, ਤਦੋਂ ਹੀ ਪੈਰ ਧਰਿਆ ਜਾ ਸਕਦਾ ਹੈ, ਜਦੋਂ ਸਿਰ ਭੇਟਾ ਕੀਤਾ ਜਾਏ ਪਰ ਕੋਈ ਝਿਜਕ ਨਾਂਹ ਕੀਤੀ ਜਾਏ। ਜਦੋਂ ਬਿਨਾਂ ਕਿਸੇ ਝਿਜਕ ਦੇ ਲੋਕ ਲਾਜ ਅਤੇ ਹਉਮੈ ਛੱਡੀ ਜਾਏ।

ਸਿੱਖ ਧਰਮ ਦੀ ਨੀਂਹ ਸਤ ਅਤੇ ਕੁਰਬਾਨੀ 'ਤੇ ਰੱਖੀ ਗਈ ਹੈ। ਸਿੱਖ ਧਰਮ ਦਾ ਸੰਕਲਪ, ਮਨੁੱਖਤਾ ਦੀ ਭਲਾਈ ਅਤੇ ਮਨੁੱਖ ਦੀ ਮੁਕੰਮਲ ਆਜ਼ਾਦੀ ਹੈ। ਫਿਰ ਇਸ ਵਾਸਤੇ ਕੁਰਬਾਨੀ ਦੀ ਲੋੜ ਪਏ ਤਾਂ ਪਿੱਛੇ ਨਾ ਹਟਿਆ ਜਾਵੇ। ਸਿਰ ਧੜ ਦੀ ਬਾਜੀ ਲਗਾ ਕੇ ਸ਼ਹੀਦ ਹੋਣਾ ਹੈ। ਸਿੱਖ ਧਰਮ ਵਿੱਚ ਜ਼ੁਲਮ ਖ਼ਿਲਾਫ਼ ਜੂਝ ਕੇ ਸ਼ਹੀਦ ਹੋਣ ਦੀਆਂ ਬੇਮਿਸਾਲ ਲਾਸਾਨੀ ਸ਼ਹੀਦੀਆਂ ਦਰਜ਼ ਹਨ।

ਗੁਰੂ ਤੇਗ਼ ਬਹਾਦਰ ਸਾਹਿਬ ਜੀ ਨੇ ਧਰਮ ਦੀ ਰੱਖਿਆ ਲਈ ਸ਼ਹਾਦਤ ਦਿੱਤੀ। ਮਨੁੱਖਤਾ ਦੇ ਭਲੇ ਲਈ ਅਤੇ ਰੱਖਿਆ ਲਈ ਹਮੇਸ਼ਾ ਸਿੰਘਾਂ ਨੇ ਅਜਿਹੀਆਂ ਸ਼ਹਾਦਤਾਂ ਦਿੱਤੀਆਂ ਹਨ ਕਿ ਸ਼ਹਾਦਤਾਂ ਦੀ ਹੱਦ ਹੀ ਮੁਕਾ ਦਿੱਤੀ। ਦੁਨੀਆਂ ਦੇ ਇਤਿਹਾਸ ਵਿੱਚ ਕਿਸੇ ਆਦਰਸ਼ ਲਈ ਸ਼ਹੀਦ ਹੋਣ ਦੀ ਪ੍ਰੰਪਰਾ ਹੈ। ਉਸੇ ਪ੍ਰੰਪਰਾਗਤ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਸ਼ਹੀਦੀ ਦੀ ਮਿਸਾਲ ਹੈ।

ਗੁਰੂ ਅਰਜਨ ਦੇਵ ਸਾਹਿਬ ਜੀ ਦੀ ਸ਼ਹੀਦੀ ਤੋਂ ਸਿੱਖ ਇਤਿਹਾਸ ਵਿੱਚ ਸ਼ਹੀਦੀਆਂ ਦਾ ਦੌਰ ਸ਼ੁਰੂ ਹੁੰਦਾ ਹੈ, ਜਦੋਂ ਮੁਗਲ ਬਾਦਸ਼ਾਹ ਜਹਾਂਗੀਰ ਨੂੰ ਸਿੱਖਾਂ ਦੀ ਵੱਧਦੀ ਤਾਕਤ ਤੋਂ ਖਤਰਾ ਜਾਪਣ ਲੱਗਿਆ, ਟਕਰਾਓ ਲਾਜ਼ਮੀ ਸੀ। ਗੁਰੂ ਅਰਜਨ ਦੇਵ ਸਾਹਿਬ ਜੀ ਨੇ ਸਿੱਖ ਕੌਮ ਤੇ ਆਉਣ ਵਾਲੇ ਖ਼ਤਰਿਆਂ ਲਈ ਕੌਮ ਨੂੰ ਤਿਆਰ ਹੋਣ ਲਈ ਆਪਣੀ ਸ਼ਹਾਦਤ ਦੀ ਮਿਸਾਲ ਦਿੱਤੀ।

ਇਸੇ ਸਿਲਸਿਲੇ ਵਿੱਚ ਗੁਰੂ ਤੇਗ ਬਹਾਦਰ ਸਾਹਿਬ ਜੀ ਦਾ ਪ੍ਰਕਾਸ਼ 1 ਅਪ੍ਰੈਲ 1621 ਨੂੰ ਮਾਤਾ ਨਾਨਕੀ ਅਤੇ ਗੁਰਪਿਤਾ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਗ੍ਰਹਿ ਗੁਰੂ ਕੇ ਮਹਿਲ ਅੰਮ੍ਰਿਤਸਰ ਵਿਖੇ ਹੋਇਆ। ਆਪ ਪੰਜ ਭਰਾਵਾਂ ਅਤੇ ਇੱਕ ਭੈਣ ਤੋਂ ਛੋਟੇ ਸਨ। ਆਪ ਜੀ ਨੇ 9 ਸਾਲ ਤਕ ਦੀ ਉਮਰ ਅੰਮ੍ਰਿਤਸਰ ਵਿੱਚ ਗੁਜ਼ਾਰੀ। ਆਪ ਸੰਤ ਸੁਭਾਅ, ਗੰਭੀਰ ਵਿਚਾਰਾਂ ਵਾਲੇ, ਨਿਡਰ, ਬਹਾਦਰ ਅਤੇ ਤਿਆਗੀ ਸਨ। ਆਪ ਜੀ ਨੇ ਗੁਰਬਾਣੀ ਅਤੇ ਪ੍ਰਭੂ ਪਿਆਰ ਵਿੱਚ ਲੀਨ ਹੋ ਕੇ ਆਪਣੀਆਂ ਖ਼ਾਹਸ਼ਾਂ 'ਤੇ ਕਾਬੂ ਪਾ ਲਿਆ ਸੀ। ਗੁਰਮਤਿ ਵਿਦਿਆ ਦੇ ਨਾਲ ਨਾਲ ਸ਼ਸਤਰ ਵਿਦਿਆ ਅਤੇ ਘੋੜ ਸਵਾਰੀ ਵਿੱਚ ਵੀ ਨਿਪੁੰਨ ਸਨ। ਗੁਰਪਿਤਾ ਗੁਰੂ ਹਰਿਗੋਬਿੰਦ ਸਾਹਿਬ ਜੀ ਵੱਲੋਂ ਲੜੀ ਕਰਤਾਰਪੁਰ ਦੀ ਜੰਗ ਵਿੱਚ ਆਪ ਨੇ ਬਹਾਦਰੀ ਦੇ ਅਜਿਹੇ ਜੌਹਰ ਵਿਖਾਏ ਕਿ ਆਪ ਜੀ ਦਾ ਨਾਉਂ ਤਿਆਗ ਮਲ ਤੋਂ ਤੇਗ ਬਹਾਦਰ ਹੋ ਗਿਆ। ਆਪ ਜੀ ਦਾ ਵਿਆਹ ਕਰਤਾਰਪੁਰ ਜਲੰਧਰ ਨਿਵਾਸੀ, ਲਾਲ ਚੰਦ ਦੀ ਸਪੁੱਤਰੀ ਗੁਜਰੀ ਜੀ ਨਾਲ ਹੋਇਆ। ਗੁਰੂ ਗੋਬਿੰਦ ਸਿੰਘ ਸਾਹਿਬ ਜੀ ਦਾ ਪ੍ਰਕਾਸ਼ 22 ਦਸੰਬਰ 1666 ਨੂੰ ਹੋਇਆ।

ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਨੇ ਆਪਣੇ ਜੋਤੀ ਜੋਤਿ ਸਮਾਉਣ ਵੇਲੇ ਆਪਣੇ ਤੋਂ ਬਾਅਦ ਗੁਰੂ ਬਾਰੇ 'ਬਾਬਾ ਵੱਸੇ ਗਰਾਮ ਬਕਾਲੇ' ਦਾ ਇਸ਼ਾਰਾ ਕੀਤਾ। ਇਸ ਨੂੰ ਇੱਕ ਭੇਦ ਬਣਾ ਕੇ 22 ਗੁਰੂ ਹੋਣ ਦੇ ਦਾਅਵੇਦਾਰ ਬਣ ਬੈਠੇ। ਅੰਤ ਮੱਖਣ ਸ਼ਾਹ ਲੁਬਾਣਾ ਸਿੱਖ ਨੇ 20 ਮਾਰਚ 1665 ਨੂੰ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਗੁਰੂ ਹੋਣ ਦਾ ਭੇਦ ਖੋਲ੍ਹਿਆ। ਆਪ ਜੀ ਨੇ ਪ੍ਰਚਾਰਕ ਦੌਰੇ ਆਰੰਭ ਕੀਤੇ। ਅਨੰਦਪੁਰ ਨਗਰ ਵਸਾਇਆ। ਸਮਕਾਲੀ ਮੁਗਲ ਬਾਦਸ਼ਾਹ ਔਰੰਗਜ਼ੇਬ ਨੇ ਗੈਰ ਮੁਸਲਮਾਨਾਂ ਤੇ ਜਬਰੀ ਧਰਮ ਪ੍ਰੀਵਰਤਨ ਦੀ ਖੂਨੀ ਨੀਤੀ ਅਪਣਾਈ ਹੋਈ ਸੀ। ਉਹ ਪਰਜਾ ਤੇ ਮੁਸਲਮਾਨ ਬਣਨ ਲਈ ਤਸ਼ੱਦਦ ਕਰਦਾ ਸੀ। ਇਸ ਵਿਦਰੋਹ ਵਿੱਚ ਔਰੰਗਜ਼ੇਬ ਦੇ ਸਤਾਏ ਹੋਏ ਕਸ਼ਮੀਰੀ ਪੰਡਿਤ, ਕ੍ਰਿਪਾ ਰਾਮ ਦੀ ਅਗਵਾਈ ਹੇਠ ਗੁਰੂ ਸਾਹਿਬ ਜੀ ਦੀ ਸ਼ਰਨ ਹੇਠ ਆਏ ਅਤੇ ਫ਼ਰਿਆਦ ਕੀਤੀ ਕਿ ਧਰਮ ਦੀ ਰੱਖਿਆ ਕਰੋ। ਸਮਰੱਥ ਗੁਰੂ ਜਾਣ ਗਏ ਸਨ ਕਿ ਔਰੰਗਜ਼ੇਬ ਨੇ ਜ਼ੁਲਮ ਦੀ ਹੱਦ ਮੁਕਾ ਦਿੱਤੀ ਹੈ। ਗੁਰੂ ਸਾਹਿਬ ਜੀ ਨੇ ਦ੍ਰਿੜ੍ਹ ਕਰਵਾਇਆ ਕਿ ਨਾ ਕਿਸੇ ਨੂੰ ਡਰਾਊ, ਨਾ ਕਿਸੇ ਤੋਂ ਡਰੋ। ਔਰੰਗਜ਼ੇਬ ਨੇ ਗੁਰੂ ਸਾਹਿਬ ਜੀ ਨੂੰ ਤਲਬ ਕਰ ਲਿਆ।



ਗੁਰੂ ਸਾਹਿਬ ਜੀ ਨੂੰ ਆਗਰੇ ਤੋਂ ਗ੍ਰਿਫ਼ਤਾਰ ਕਰ ਲਿਆ ਗਿਆ। ਫ਼ੌਜ ਦੀ ਨਿਗਰਾਨੀ ਹੇਠ ਦਿੱਲੀ ਲਿਆਂਦਾ ਗਿਆ। ਗੁਰੂ ਸਾਹਿਬ ਜੀ ਨੇ ਨਾਲ ਗਏ ਸਿੱਖਾਂ ਭਾਈ ਮਤੀ ਦਾਸ, ਭਾਈ ਸਤੀ ਦਾਸ, ਭਾਈ ਦਿਆਲਾ ਜੀ ਨੂੰ ਵੀ ਕੈਦ ਕਰ ਲਿਆ ਗਿਆ। ਮੁਗਲਈ ਫਿਤਰਤ ਅਨੁਸਾਰ ਪਹਿਲਾਂ ਗੁਰੂ ਸਾਹਿਬ ਜੀ ਨੂੰ ਇਸਲਾਮ ਕਬੂਲ ਕਰ ਲੈਣ ਦੇ ਲਾਲਚ ਦਿੱਤੇ ਗਏ, ਫਿਰ ਡਰਾਵੇ ਅਤੇ ਕਤਲ ਕਰ ਦੇਣ ਦੀ ਧਮਕੀ ਦਿੱਤੀ ਗਈ। ਮੌਤ ਦੀ ਦਹਿਸ਼ਤ ਵਿਖਾ ਕੇ ਭੈਭੀਤ ਕਰਨ ਲਈ ਭਾਈ ਮਤੀ ਦਾਸ ਜੀ ਨੂੰ ਆਰੇ ਨਾਲ ਚੀਰ ਕੇ ਸ਼ਹੀਦ ਕੀਤਾ । ਭਾਈ ਦਿਆਲਾ ਜੀ ਨੂੰ ਉਬਲਦੀ ਵਲਟੋਹੀ ਵਿੱਚ ਸ਼ਹੀਦ ਕੀਤਾ। ਭਾਈ ਸਤੀ ਦਾਸ ਜੀ ਨੂੰ ਰੂੰ ਵਿੱਚ ਲਪੇਟ ਕੇ ਸਾੜਦਿਆਂ ਸ਼ਹੀਦ ਕੀਤਾ। ਗੁਰੂ ਸਾਹਿਬ ਜੀ ਅਡੋਲ ਰਹੇ। ਇਹ ਅਣ ਮਨੁੱਖੀ ਤਸ਼ੱਦਦ ਵੀ ਗੁਰੂ ਸਾਹਿਬ ਜੀ ਦੇ ਨਿਸਚੈ ਨੂੰ ਡੋਗ ਨਹੀਂ ਸਕਿਆ।

ਗੁਰੂ ਸਾਹਿਬ ਜੀ ਨੂੰ ਕੈਦ ਕਰ ਲਿਆ ਗਿਆ। ਅੰਤ ਸਰਕਾਰੀ ਹਾਕਮਾਂ , ਕਾਜ਼ੀ, ਮੌਲਵੀ ਨੇ ਗੁਰੂ ਸਾਹਿਬ ਜੀ ਨੂੰ ਬਾਦਸ਼ਾਹ ਔਰੰਗਜ਼ੇਬ ਦਾ ਹੁਕਮ ਸੁਣਾਇਆ ਕਿ ਕਲਮਾਂ ਪੜੋ ਅਤੇ ਮੁਸਲਮਾਨ ਹੋ ਜਾਵੋ। ਕਰਾਮਾਤਾਂ ਦਿਖਾਓ ਜਾਂ ਮਰਨ ਲਈ ਤਿਆਰ ਹੋ ਜਾਵੋ।

ਗੁਰੂ ਸਾਹਿਬ ਨੇ ਸ਼ਾਂਤ ਚਿੱਤ ਉੱਤਰ ਦਿੱਤਾ ਕਿ ਅਸਾਂ ਨਾ ਆਪਣਾ ਧਰਮ ਛੱਡਣਾ ਹੈ ਅਤੇ ਨਾ ਕੋਈ ਕਰਾਮਾਤ ਵਿਖਾਉਣੀ ਹੈ। ਅਸੀਂ ਮੌਤ ਦੀ ਸਜ਼ਾ ਲਈ ਤਿਆਰ ਹਾਂ। ਸਮਾਣੇ ਦੇ ਸੱਯਦ ਜਲਾਲਦੀਨ ਜਲਾਦ ਨੇ ਤਲਵਾਰ ਨਾਲ ਵਾਰ ਕੀਤਾ ਅਤੇ ਗੁਰੂ ਸਾਹਿਬ ਜੀ ਦਾ ਸੀਸ ਧੜ ਨਾਲੋਂ ਅਲਗ ਕਰਕੇ 24 ਨਵੰਬਰ 1675 ਨੂੰ ਸ਼ਹੀਦ ਕਰ ਦਿੱਤਾ। ਜਿਥੇ ਗੁਰਦੁਆਰਾ ਸੀਸ ਗੰਜ ਦਿੱਲੀ ਸੁਸ਼ੋਭਿਤ ਹੈ। ਗੁਰੂ ਸਾਹਿਬ ਜੀ ਦੀ ਲਾਸਾਨੀ ਸ਼ਹਾਦਤ ਨਾਲ ਦਿੱਲੀ ਵਿੱਚ ਹਾਹਾਕਾਰ ਮੱਚ ਗਈ। ਔਰੰਗਜ਼ੇਬ ਦਾ ਹੁਕਮ ਸੀ ਕਿ ਗੁਰੂ ਸਾਹਿਬ ਜੀ ਦੇ ਸਰੀਰ ਦੇ ਟੁਕੜੇ ਟੁਕੜੇ ਕਰ ਕੇ ਸ਼ਹਿਰ ਦੇ ਚਾਰ ਦਰਵਾਜ਼ਿਆਂ 'ਤੇ ਥਾਂ ਥਾਂ ਲਟਕਾ ਦਿੱਤਾ ਜਾਵੇ। ਔਰੰਗਜ਼ੇਬ ਦੇ ਜ਼ੁਲਮ ਨੂੰ ਵੇਖ ਕੇ ਲੋਕ ਕਰਾਹ ਉੱਠੇ ਕਿ ਇੱਕ ਸੰਤ ਨੂੰ ਕਿਵੇਂ ਬੇਰਹਿਮੀ ਨਾਲ ਸ਼ਹੀਦ ਕੀਤਾ ਹੈ। ਲੋਕਾਂ ਵਿੱਚ ਭਗਦੜ ਮੱਚ ਗਈ। ਸ਼ਰਧਾਲੂ ਸਿੱਖ ਭਾਈ ਜੈਤਾ ਜੀ (ਜੀਵਨ ਸਿੰਘ ਰੰਗਰੇਟਾ) ਨੇ ਗੁਰੂ ਸਾਹਿਬ ਜੀ ਦੇ ਸੀਸ ਨੂੰ ਸੰਭਾਲ ਕੇ ਆਨੰਦਪੁਰ ਸਾਹਿਬ ਪਹੁੰਚਾਇਆ। ਉੱਥੇ ਗੁਰੂ ਸਾਹਿਬ ਦੇ ਸੀਸ ਦਾ ਸੰਸਕਾਰ ਕੀਤਾ ਗਿਆ, ਜਿਥੇ ਗੁਰਦੁਆਰਾ ਸੀਸ ਗੰਜ ਅਨੰਦਪੁਰ ਸਾਹਿਬ ਹੈ। ਗੁਰੂ ਗੋਬਿੰਦ ਸਿੰਘ ਜੀ ਨੇ ਭਾਈ ਜੈਤਾ ਜੀ ਨੂੰ ਗਲ ਨਾਲ ਲਾ ਕੇ ਕਿਹਾ ਕਿ ਰੰਗਰੇਟਾ ਗੁਰੂ ਕਾ ਬੇਟਾ। ਭਾਈ ਲੱਖੀ ਸ਼ਾਹ ਵਣਜਾਰੇ ਅਤੇ ਭਾਈ ਊਦੇ ਸਿੰਘ ਜੀ ਨੇ ਵਿਉਂਤ ਬਣਾ ਕੇ ਗੁਰੂ ਤੇਗ ਬਹਾਦਰ ਜੀ ਦੇ ਧੜ ਨੂੰ ਇੱਕ ਰੂੰ ਨਾਲ ਲੱਦੇ ਗੱਡੇ ਵਿੱਚ ਸੰਭਾਲ ਲਿਆ। ਵਣਜਾਰਾ ਨੇ ਗੁਰੂ ਸਾਹਿਬ ਦੇ ਧੜ ਦਾ ਸਸਕਾਰ ਆਪਣਾ ਘਰ ਸਾੜ ਕੇ ਕੀਤਾ ਤਾਂ ਕਿ ਸਰਕਾਰ ਨੂੰ ਖ਼ਬਰ ਨਾ ਹੋਵੇ। ਉੱਥੇ ਗੁਰਦੁਆਰਾ ਰਕਾਬ ਗੰਜ ਸੁਸ਼ੋਭਿਤ ਹੈ। ਮਾਰਚ 29, 1676 ਨੂੰ ਗੁਰੂ ਗੋਬਿੰਦ ਸਿੰਘ ਜੀ ਨੇ ਸਿੱਖਾਂ ਦੇ ਦਸਵੇਂ ਗੁਰੂ ਵਜੋਂ ਜਿੰਮੇਵਾਰੀ ਸੰਭਾਲ ਲਈ।

ਗੁਰੂ ਤੇਗ ਬਹਾਦਰ ਜੀ ਦੀ ਕੁਰਬਾਨੀ ਸੰਸਾਰ ਵਿੱਚ ਵਿਲੱਖਣ ਹੈ। ਇਹ ਕੁਰਬਾਨੀ ਮਾਨਵਤਾ ਨੂੰ ਬਚਾਉਣ ਹਿੱਤ ਦਿੱਤੀ ਗਈ ਹੈ। ਇਸ ਗੌਰਵਮਈ ਕੁਰਬਾਨੀ ਨੇ ਸੰਸਾਰ ਨੂੰ ਹੱਕ, ਸੱਚ, ਇਨਸਾਫ਼ ਅਤੇ ਧਰਮ ਦੀ ਰੱਖਿਆ ਲਈ ਮਰ ਮਿਟਣ ਦਾ ਜਜ਼ਬਾ ਭਰਦੀ ਹੈ। ਗੁਰੂ ਸਾਹਿਬ ਜੀ ਦੀ ਸ਼ਹਾਦਤ ਨੇ ਮਜਲੂਮਾਂ, ਨਿਤਾਣਿਆਂ ਅਤੇ ਨਿਮਾਣਿਆਂ ਦੇ ਹਿਰਦੇ ਵਿੱਚ ਜ਼ੁਲਮ ਵਿਰੁੱਧ ਲੜਨ ਦਾ ਜੋਸ਼ ਭਰਿਆ ਹੈ। ਆਪ ਜੀ ਦੀ ਕੁਰਬਾਨੀ ਸਿੱਖ ਕੌਮ ਲਈ ਹਮੇਸ਼ਾ ਪ੍ਰੇਰਣਾ ਸਰੋਤ ਹੈ।

ਗੁਰੂ ਤੇਗ ਬਹਾਦਰ ਜੀ ਦੇ ਜੀਵਨ ਆਦਰਸ਼ ਦਾ ਇੱਕ ਪਹਿਲੂ ਉਹਨਾਂ ਦੀ ਸ਼ਹੀਦੀ ਅਤੇ ਦੂਸਰਾ ਉਹਨਾਂ ਦੀ ਗੁਰਬਾਣੀ ਰਚਨਾ ਹੈ। ਜੋ ਗੁਰੂ ਗਰੰਥ ਸਾਹਿਬ ਜੀ ਵਿੱਚ ਦਰਜ ਹੈ। ਜੋ ਗੁਰੂ ਗੋਬਿੰਦ ਸਿੰਘ ਜੀ ਵੱਲੋਂ 1706 ਵਿੱਚ ਦਮਦਮਾ ਸਾਹਿਬ, ਤਲਵੰਡੀ ਸਾਬੋ ਵਿਖੇ ਦਰਜ ਕੀਤੀ ਗਈ। ਆਪ ਜੀ ਦੀ ਬਾਣੀ ਵਿੱਚ 59 ਪਦੇ (15 ਰਾਗਾਂ) ਵਿੱਚ ਅਤੇ 57 ਸਲੋਕ ਦਰਜ਼ ਹਨ ਕਿ ਇਹ ਰਚਨਾ ਪਰਮਾਤਮਾ ਦੀ ਰਚੀ ਹੋਈ ਹੈ। ਸਭਨਾਂ ਵਿੱਚ ਉਹ ਆਪ ਹੀ ਵਸਦਾ ਹੈ। ਆਪ ਜੀ ਦੀ ਬਾਣੀ ਦੁਨਿਆਵੀ ਮਾਇਆ ਨਾਲੋਂ ਤੋੜ ਕੇ ਨਾਮ ਨਾਲ ਜੋੜਦੀ ਹੈ। ਦੋ ਜੀਵਨ ਸਥਿਤੀਆਂ ਸਮਾਨ ਅੰਤਰ ਇੱਕ ਮਾਇਆ ਅਤੇ ਦੂਸਰਾ ਪਰਮਾਤਮਾ ।ਪਹਿਲੀ ਸਥਿਤੀ ਸੰਸਾਰਕ ਹੈ, ਜਿਸ ਵਿੱਚ ਧੰਨ ਸੰਪਤੀ, ਕਾਮ, ਕ੍ਰੋਧ, ਲੋਭ, ਮੋਹ , ਹੰਕਾਰ ਦੀ ਪ੍ਰਵਿਰਤੀ ਹੈ। ਦੂਸਰੀ ਸਥਿਤੀ ਵਿੱਚ ਸੰਸਾਰ ਦੇ ਮੋਹ ਤੋਂ ਛੁਟਕਾਰਾ ਪਾ ਕੇ ਪਰਮਾਤਮਾ ਨੂੰ ਪਾਉਣਾ ਹੈ। ਨਾਮ ਦੁਆਰਾ ਮੁਕਤੀ ਦਾ ਰਾਹ ਹੈ। ਮਨੁੱਖ ਸੰਸਾਰਕ ਵਸਤੂਆਂ ਨੂੰ ਹੀ ਪੂਰਨ ਸਮਝਣ ਲੱਗਦਾ ਹੈ। ਉਹਨਾਂ ਦਾ ਗੁਲਾਮ ਬਣ ਜਾਂਦਾ ਹੈ। ਜੀਵਨ ਵਿਅਰਥ ਹੋ ਕੇ ਰਹਿ ਜਾਂਦਾ ਹੈ। ਸੁੱਖਾਂ ਦੀ ਤਲਾਸ਼ ਵਿੱਚ ਭਟਕਦਾ ਹੈ। ਗੁਰੂ ਸਾਹਿਬ ਜੀ ਇਹਨਾਂ ਦੋਹਾਂ ਪ੍ਰਸਥਿਤੀਆਂ ਤੋਂ ਸੁਚੇਤ ਕਰਦੇ ਹਨ। ਨਾਮ ਨਾਲ ਜੋੜਦੇ ਹਨ। ਮਨੁੱਖ ਕੰਚਨ ਅਤੇ ਕਾਮਨੀ ਵਿੱਚ ਡੁੱਬ ਕੇ ਰਹਿ ਜਾਂਦਾ ਹੈ। ਹੋਰ ਗੁਰਬਾਣੀ ਵੇਰਵੇ ਹਨ:

ਹੇ ਭਾਈ, ਇਹ ਮਨ ਰਤਾ ਭਰ ਵੀ ਮੇਰਾ ਕਿਹਾ ਨਹੀਂ ਮੰਨਦਾ। ਮੈਂ ਆਪਣੇ ਵੱਲੋਂ ਇਸ ਨੂੰ ਸਿੱਖਿਆ ਦੇ ਕੇ ਥੱਕ ਗਿਆ ਹਾਂ। ਫਿਰ ਵੀ ਇਹ ਖੋਟੀ ਮੱਤ ਵੱਲੋਂ ਹਟਦਾ ਨਹੀਂ।

ਹੇ ਭਾਈ ਮਾਇਆ ਦੇ ਨਸ਼ੇ ਵਿੱਚ ਮਨ ਝੱਲਾ ਹੋਇਆ ਪਿਆ ਹੈ। ਕਦੇ ਇਹ ਪਰਮਾਤਮਾ ਦੀ ਸਿਫ਼ਤ ਸਲਾਹ ਦੀ ਬਾਣੀ ਨਹੀਂ ਉਚਾਰਦਾ। ਵਿਖਾਵਾ ਕਰਕੇ ਦੁਨੀਆਂ ਨੂੰ ਠੱਗਦਾ ਰਹਿੰਦਾ ਹੈ। ਠੱਗੀ ਨਾਲ ਇਕੱਠੇ ਕੀਤੇ ਧੰਨ ਦੇ ਰਾਹੀਂ ਆਪਣਾ ਪੇਟ ਭਰਦਾ ਰਹਿੰਦਾ ਹੈ। ਹੇ ਭਾਈ ਕੁੱਤੇ ਦੀ ਪੂਛਲ ਵਾਂਗ ਇਹ ਮਨ ਕਦੇ ਵੀ ਸਿੱਧਾ ਨਹੀਂ ਹੁੰਦਾ। ਕਿਸੇ ਦੀ ਵੀ ਦਿੱਤੀ ਸਿੱਖਿਆ ਨੂੰ ਧਿਆਨ ਨਾਲ ਨਹੀਂ ਸੁਣਦਾ। ਹੇ ਨਾਨਕ, ਮੁੜ ਇਸ ਨੂੰ ਆਖ ਹੇ ਮਨ ਪਰਮਾਤਮਾ ਦੇ ਨਾਮ ਦਾ ਭਜਨ ਕਰਿਆ ਕਰ, ਜਿਸਦੀ ਬਰਕਤ ਨਾਲ ਤੇਰਾ ਜਨਮ ਮਨੋਰਥ ਹਲ ਹੋ ਜਾਵੇ।

ਮਨੁੱਖ ਨੂੰ ਪਰਮਾਤਮਾ ਦੇ ਭਾਣੇ ਵਿੱਚ ਰਹਿਣਾ ਚਾਹੀਦਾ ਹੈ। ਹੇ ਭਾਈ, ਜਿਹੜਾ ਮਨੁੱਖ ਦੁੱਖਾਂ ਵਿੱਚ ਘਬਰਾਉਂਦਾ ਨਹੀਂ, ਜਿਸ ਮਨੁੱਖ ਦੇ ਹਿਰਦੇ ਵਿੱਚ ਸੁੱਖਾਂ ਨਾਲ ਮੋਹ ਨਹੀਂ। ਕਿਸੇ ਕਿਸਮ ਦਾ ਡਰ ਨਹੀਂ। ਜਿਹੜਾ ਮਨੁੱਖ ਸੋਨੇ ਨੂੰ ਮਿੱਟੀ ਸਮਾਨ ਸਮਝਦਾ ਹੈ। ਉਸ ਦੇ ਅੰਦਰ ਪਰਮਾਤਮਾ ਦਾ ਨਿਵਾਸ ਹੋ ਜਾਂਦਾ ਹੈ।

ਹੇ ਭਾਈ ਜਿਸ ਮਨੁੱਖ ਦੇ ਅੰਦਰ ਕਿਸੇ ਦੀ ਚੁਗਲੀ ਬੁਰਾਈ ਨਹੀਂ। ਕਿਸੇ ਦੀ ਖੁਸ਼ਮੰਦ ਨਹੀਂ, ਜਿਸ ਦੇ ਅੰਦਰ ਨਾ ਲੋਭ ਹੈ ਨਾ ਹੰਕਾਰ ਹੈ। ਜਿਹੜਾ ਮਨੁੱਖ ਖੁਸ਼ੀ ਅਤੇ ਗਮੀ ਤੋਂ ਨਿਰਲੇਪ ਰਹਿੰਦਾ ਹੈ। ਜਿਸ ਨੂੰ ਨਾ ਆਦਰ ਪੋਹ ਸਕਦਾ ਹੈ, ਨਾ ਨਰਾਦਰੀ। ਉਸ ਮਨੁੱਖ ਦੇ ਹਿਰਦੇ ਵਿੱਚ ਪਰਮਾਤਮਾ ਦਾ ਨਿਵਾਸ ਹੋ ਜਾਂਦਾ ਹੈ। ਹੇ ਭਾਈ, ਜਿਹੜਾ ਮਨੁੱਖ ਆਸਾਂ ਉਮੀਦਾਂ ਸਭ ਤਿਆਗ ਦਿੰਦਾ ਹੈ। ਜਗਤ ਤੋਂ ਨਿਰਮੋਹ ਰਹਿੰਦਾ ਹੈ। ਜਿਸ ਮਨੁੱਖ ਨੂੰ ਨਾ ਕਾਮ ਵਾਸਨਾ ਛੋਹ ਸਕਦੀ ਹੈ। ਨਾ ਕ੍ਰੋਧ ਛੋਹ ਸਕਦਾ ਹੈ। ਉਸ ਮਨੁੱਖ ਦੇ ਅੰਦਰ ਪਰਮਾਤਮਾ ਦਾ ਨਿਵਾਸ ਹੋ ਜਾਂਦਾ ਹੈ। ਪਰ ਹੇ ਨਾਨਕ , ਜਿਸ ਮਨੁੱਖ ਉੱਤੇ ਗੁਰੂ ਨੇ ਮਿਹਰ ਕੀਤੀ ਹੈ, ਉਸਨੇ ਹੀ ਜੀਵਨ ਦੀ ਇਹ ਜਾਚ ਸਮਝੀ ਹੈ। ਉਹ ਮਨੁੱਖ ਪਰਮਾਤਮਾ ਨਾਲ ਇਉਂ ਇੱਕ ਮਿੱਕ ਹੋ ਜਾਂਦਾ ਹੈ, ਜਿਵੇਂ ਪਾਣੀ ਨਾਲ ਪਾਣੀ ਮਿਲ ਜਾਂਦਾ ਹੈ।

ਪਰਮਾਤਮਾ ਤਾਂ ਮਨੁੱਖ ਦੇ ਹਿਰਦੇ ਵਿੱਚ ਵਸਦਾ ਹੈ। ਹੇ ਭਾਈ ਪਰਮਾਤਮਾ ਨੂੰ ਲੱਭਣ ਵਾਸਤੇ ਜੰਗਲਾਂ ਵਿੱਚ ਕਿਉਂ ਜਾਂਦਾ ਹੈ ? ਪਰਮਾਤਮਾ ਸਭ ਵਿੱਚ ਵੱਸਣ ਵਾਲਾ ਹੈ। ਫਿਰ ਵੀ ਸਦਾ ਮਾਇਆ ਦੇ ਪ੍ਰਭਾਵ ਤੋਂ ਨਿਰਪੇਖ ਰਹਿੰਦਾ ਹੈ। ਉਹ ਪਰਮਾਤਮਾ ਤੇਰੇ ਨਾਲ ਹੀ ਵਸਦਾ ਹੈ। ਹੇ ਭਾਈ। ਫੁੱਲ ਦੀ ਸੁੰਗਧੀ ਜਿਵੇਂ ਫੁੱਲ ਵਿੱਚ ਹੀ ਵਸਦੀ ਹੈ, ਜਿਵੇਂ ਸ਼ੀਸ਼ਾ ਵੇਖਣ ਵਾਲੇ ਦਾ ਅਕਸ ਵੱਸਦਾ ਹੈ। ਤਿਵੇਂ ਪਰਮਾਤਮਾ ਇੱਕ ਰਸ ਸਭਨਾਂ ਦੇ ਅੰਦਰ ਵਸਦਾ ਹੈ। ਇਸ ਵਾਸਤੇ ਉਸ ਨੂੰ ਆਪਣੇ ਹਿਰਦੇ ਵਿੱਚ ਲੱਭ। ਹੇ ਭਾਈ ਗੁਰੂ ਦਾ ਆਤਮਕ ਜੀਵਨ ਦਾ ਉਪਦੇਸ਼ ਇਹ ਦੱਸਦਾ ਹੈ ਕਿ ਆਪਣੇ ਸਰੀਰ ਦੇ ਅੰਦਰ ਅਤੇ ਆਪਣੇ ਸਰੀਰ ਤੋਂ ਬਾਹਰ ਹਰ ਥਾਂ ਇੱਕ ਪਰਮਾਤਮਾ ਨੂੰ ਵਸਦਾ ਸਮਝੋ। ਹੇ ਦਾਸ ਨਾਨਕ ਆਪਣਾ ਆਤਮਿਕ ਜੀਵਨ ਪ੍ਰੱਖਣ ਤੋਂ ਬਿਨਾਂ ਮਨ ਉੱਤੋਂ ਭਟਕਣਾ ਦਾ ਜਾਲਾ ਦੂਰ ਨਹੀਂ ਹੋ ਸਕਦਾ। ਤੇ ਉਤਨਾ ਚਿਰ ਸਰਬ ਵਿਆਪਕ ਪਰਮਾਤਮਾ ਦੀ ਸੂਝ ਨਹੀਂ ਆ ਸਕਦੀ।

ਜਦੋਂ ਪਰਮਾਤਮਾ ਨਾਲ ਸਾਂਝ ਪੈ ਜਾਂਦੀ ਏ ਤਾਂ ਡਰ ਮੁੱਕ ਜਾਂਦਾ ਹੈ। ਹੇ ਨਾਨਕ ਆਖ – ਹੇ ਮਾਨ ਸੁਣ ਜਿਹੜਾ ਮਨੁੱਖ ਕਿਸੇ ਨੂੰ ਕੋਈ ਡਰਾਵੇ ਨਹੀਂ ਦਿੰਦਾ ਅਤੇ ਕਿਸੇ ਦੇ ਡਰਾਵੇ ਨਹੀਂ ਮੰਨਦਾ। ਡਰਾਵਿਆਂ ਤੋਂ ਘਬਰਾਉਂਦਾ ਨਹੀਂ, ਉਸ ਨੂੰ ਆਤਮਿਕ ਜੀਵਨ ਦੀ ਸੂਝ ਵਾਲਾ ਸਮਝ।

ਹੇ ਨਾਨਕ, ਆਖ ਹੇ ਭਾਈ ਜਿਸ ਮਨੁੱਖ ਦਾ ਮਨ ਹਰ ਵੇਲੇ ਮਾਇਆ ਦੇ ਮੋਹ ਵਿੱਚ ਫਸਿਆ ਰਹਿੰਦਾ ਹੈ, ਜਿਸ ਨੂੰ ਪਰਮਾਤਮਾ ਦਾ ਨਾਮ ਸਦਾ ਭੁਲਾ ਰਹਿੰਦਾ ਹੈ। ਦੱਸੋ ਪਰਮਾਤਮਾ ਦੇ ਭਜਨ ਤੋਂ ਬਿਨਾਂ ਉਸਦਾ ਜਿਉਣਾ ਕਿਸ ਕੰਮ ?

ਹੇ ਨਾਨਕ, ਆਖ ਹੇ ਭਾਈ ਜਿਸ ਮਨੁੱਖ ਦਾ ਮਨ ਹਰ ਵੇਲੇ ਮਾਇਆ ਦੇ ਮੋਹ ਵਿੱਚ ਫਸਿਆ ਰਹਿੰਦਾ ਹੈ, ਜਿਸ ਨੂੰ ਪਰਮਾਤਮਾ ਦਾ ਨਾਮ ਸਦਾ ਭੁਲਾ ਰਹਿੰਦਾ ਹੈ। ਦਸ ਪਰਮਾਤਮਾ ਦੇ ਭਜਨ ਤੋਂ ਬਿਨਾ ਉਸਦਾ ਜਿਉਣਾ ਕਿਸ ਕੰਮ ?

ਹੇ ਨਾਨਕ ਆਖ ਹੇ ਮਨ ਜੋ ਕੁਝ ਪਰਮਾਤਮਾ ਨੂੰ ਚੰਗਾ ਲੱਗਦਾ ਹੈ, ਜਰੂਰ ਉਹ ਹੀ ਹੁੰਦਾ ਹੈ। ਜੀਵ ਭਾਵੇਂ ਸੁੱਖਾਂ ਦੀ ਪ੍ਰਾਪਤੀ ਵਾਸਤੇ ਅਨੇਕਾਂ ਯਤਨ ਕਰਦਾ ਰਹਿੰਦਾ ਹੈ। ਦੁੱਖਾਂ ਵਾਸਤੇ ਯਤਨ ਨਹੀਂ ਕਰਦਾ। ਪਰ ਫਿਰ ਵੀ ਰਜਾ ਅਨੁਸਾਰ ਦੁੱਖ ਭੀ ਆ ਹੀ ਪੈਂਦੇ ਹਨ। ਸੁੱਖ ਭੀ ਤਦੋਂ ਹੀ ਮਿਲਦਾ ਹੈ, ਜਦੋਂ ਪ੍ਰਭੂ ਦੀ ਰਜ਼ਾ ਹੋਵੇ।

ਹੇ ਭਾਈ ਪ੍ਰਭੂ ਦੇ ਨਾਮ ਤੋਂ ਵਿੱਛੜ ਕੇ ਜਦੋਂ ਮਾਇਆ ਦੇ ਮੋਹ ਦੀਆਂ ਫਾਹੀਆਂ ਮਨੁੱਖ ਨੂੰ ਆ ਪੈਂਦੀਆਂ ਹਨ, ਉਹਨਾਂ ਫਾਹੀਆਂ ਨੂੰ ਕੱਟਣ ਲਈ ਮਨੁੱਖ ਦੇ ਅੰਦਰੋਂ ਆਤਮਿਕ ਤਾਕਤ ਮੁੱਕ ਜਾਂਦੀ ਹੈ। ਮਾਇਆ ਦਾ ਟਾਕਰਾ ਕਰਨ ਲਈ ਮਨੁੱਖ ਪਾਸੋਂ ਕੋਈ ਵੀ ਹੀਲਾ ਨਹੀਂ ਕੀਤਾ ਜਾ ਸਕਦਾ। ਹੇ ਨਾਨਕ, ਆਖ ਹੇ ਹਰੀ , ਇਹੋ ਜਿਹੇ ਵੇਲੇ ਹੁਣ ਤੇਰਾ ਹੀ ਆਸਰਾ ਹੈ। ਕਿਵੇਂ ਤੂੰ ਤੇਂਦੂਏ ਤੋਂ ਛਡਾਉਣ ਲਈ ਹਾਥੀ ਦਾ ਸਹਾਈ ਬਣਿਆ ਤਿਵੇਂ ਸਹਾਈ ਬਣ ਭਾਵ ਮਾਇਆ ਦੇ ਮੋਹ ਦੇ ਬੰਧਨਾ ਤੋਂ ਖ਼ਲਾਸੀ ਹਾਸਲ ਕਰਨ ਲਈ ਪਰਮਾਤਮਾ ਦੇ ਦਰ 'ਤੇ ਅਰਦਾਸ ਹੀ ਇੱਕ ਵਸੀਲਾ ਹੈ। ਹੇ ਭਾਈ ਜਦੋਂ ਮਨੁੱਖ ਪ੍ਰਭੂ ਦੇ ਦਰ ਤੇ ਡਿੱਗਦਾ ਹੈ ਤਾਂ ਮਾਇਆ ਦਾ ਟਾਕਰਾ ਕਰਨ ਲਈ ਉਸ ਦੇ ਅੰਦਰ ਆਤਮਿਕ ਬਲ ਪੈਦਾ ਹੋ ਜਾਂਦਾ ਹੈ। ਮਾਇਆ ਦੇ ਮੋਹ ਦੇ ਬੰਧਨ ਟੁੱਟ ਜਾਂਦੇ ਹਨ। ਮੋਹ ਦਾ ਟਾਕਰਾ ਕਰਨ ਲਈ ਹਰੇਕ ਹੀਲਾ ਸਫਲ ਹੋ ਸਕਦਾ ਹੈ, ਸੋ ਹੇ ਨਾਨਕ, ਆਖ ਹੇ ਪ੍ਰਭੂ ਸਭ ਕੁਝ ਤੇਰੇ ਹੱਥ ਵਿੱਚ ਹੈ। ਤੇਰੀ ਪੈਦਾ ਕੀਤੀ ਮਾਇਆ ਭੀ ਤੇਰੇ ਅਧੀਨ ਹੈ। ਇਸ ਤੋਂ ਬਚਣ ਲਈ ਤੂੰ ਮਦਦਗਾਰ ਹੋ ਸਕਦਾ ਹੈ।




# ਵਾਤਾਵਰਣ ਨੂੰ ਬਚਾਉਣ ਲਈ ਸਾਰਿਆਂ ਦਾ ਸਹਿਯੋਗ ਜ਼ਰੂਰੀ



ਵਾਤਾਵਰਨ ਨੂੰ ਬਚਾਉਣ ਲਈ ਕਿਸੇ ਜਾਣ-ਪਛਾਣ ਦੀ ਲੋੜ ਨਹੀਂ ਹੈ। ਇਹ ਮੁੱਦਾ ਪਿਛਲੇ ਕਾਫੀ ਸਮੇਂ ਤੋਂ ਚਿੰਤਾ ਦੇ ਵੱਖ-ਵੱਖ ਖੇਤਰਾਂ 'ਤੇ ਦਿਖਾਈ ਦੇਣ ਵਾਲੇ ਪ੍ਰਦੂਸ਼ਣ ਦੇ ਡੂੰਘੇ ਪ੍ਰਭਾਵਾਂ ਕਾਰਨ ਧਿਆਨ ਦੇ ਕੇਂਦਰ ਵਿੱਚ ਹੈ। ਨਤੀਜੇ ਵਜੋਂ, ਸਾਡੇ ਵਾਤਾਵਰਣ ਨੂੰ ਬਚਾਉਣ ਦੇ ਤਰੀਕਿਆਂ ਦੀ ਖੋਜ ਵਿੱਚ ਬਹੁਤ ਸਾਰੀਆਂ ਖੋਜਾਂ ਅਤੇ ਵਿਚਾਰ ਵੀ ਸਾਹਮਣੇ ਆਏ ਹਨ।

ਸਾਰੇ ਸਬੰਧਤ ਵਿਸ਼ਿਆਂ ਵਿੱਚੋਂ ਸਭ ਤੋਂ ਮਹੱਤਵਪੂਰਨ ਇਹ ਹੈ ਕਿ ਵਾਤਾਵਰਣ ਨੂੰ ਪ੍ਰਦੂਸ਼ਣ ਤੋਂ ਕਿਵੇਂ ਬਚਾਇਆ ਜਾਵੇ। ਹਵਾ ਦੀ ਗੁਣਵੱਤਾ, ਪਾਣੀ ਦੀ ਗੁਣਵੱਤਾ ਅਤੇ ਮਿੱਟੀ ਵਰਗੇ ਹੋਰ ਪੱਧਰਾਂ ਦਾ ਨਿਘਾਰ ਮਹੱਤਵਪੂਰਨ ਖੇਤਰ ਹਨ ਜਿਨ੍ਹਾਂ 'ਤੇ ਲਗਾਤਾਰ ਧਿਆਨ ਦੇਣ ਦੀ ਲੋੜ ਹੈ।

ਇਸ ਵਿੱਚ ਵਿਦਿਆਰਥੀਆਂ ਨੂੰ ਵੱਖ-ਵੱਖ ਤਕਨੀਕਾਂ ਤੋਂ ਜਾਣੂ ਕਰਵਾਇਆ ਜਾਂਦਾ ਹੈ ਕਿ ਵਾਤਾਵਰਣ ਨੂੰ ਪ੍ਰਦੂਸ਼ਣ ਤੋਂ ਕਿਵੇਂ ਬਚਾਇਆ ਜਾ ਸਕਦਾ ਹੈ। ਤੁਹਾਡੇ ਰੋਜ਼ਾਨਾ ਜੀਵਨ ਵਿੱਚ ਅਜਿਹੀਆਂ ਤਕਨੀਕਾਂ ਦਾ ਅਭਿਆਸ ਕਿਵੇਂ ਕਰਨਾ ਹੈ ਇਸ ਬਾਰੇ ਡੂੰਘਾਈ ਨਾਲ ਗਿਆਨ ਪ੍ਰਾਪਤ ਕਰਨਾ ਤੁਹਾਡੇ ਲਈ ਮਹੱਤਵਪੂਰਨ ਹੈ।

**ਪ੍ਰਦੂਸ਼ਣ ਨੂੰ ਰੋਕਣ ਦੇ ਪ੍ਰਮੁੱਖ ਤਰੀਕੇ**

ਆਉਣ ਵਾਲੀਆਂ ਪੀੜ੍ਹੀਆਂ ਲਈ ਇੱਕ ਟਿਕਾਊ ਵਾਤਾਵਰਣ ਪ੍ਰਦਾਨ ਕਰਨਾ ਇੱਕ ਨਾਗਰਿਕ ਦੀਆਂ ਬੁਨਿਆਦੀ ਜ਼ਿੰਮੇਵਾਰੀਆਂ ਵਿੱਚੋਂ ਇੱਕ ਹੈ। ਵਧਦੇ ਸ਼ਹਿਰੀਕਰਨ ਅਤੇ ਵਿਸ਼ਵੀਕਰਨ ਨਾਲ ਵਾਤਾਵਰਨ ਨੂੰ ਪ੍ਰਦੂਸ਼ਣ ਤੋਂ ਬਚਾਉਣਾ ਬੇਹੱਦ ਜ਼ਰੂਰੀ ਹੋ ਗਿਆ ਹੈ।

**ਆਵਾਜਾਈ ਦੇ ਵਿਕਲਪ**

ਆਵਾਜਾਈ ਦੇ ਇੱਕ ਢੰਗ ਦੀ ਚੋਣ ਕਰਨਾ ਜੋ ਘੱਟ ਪ੍ਰਦੂਸ਼ਣ ਪੈਦਾ ਕਰਦਾ ਹੈ, ਹਵਾ ਪ੍ਰਦੂਸ਼ਣ ਨੂੰ ਕਾਫੀ ਹੱਦ ਤੱਕ ਘਟਾਉਣ ਵਿੱਚ ਮਦਦ ਕਰ ਸਕਦਾ ਹੈ। ਨਤੀਜੇ ਵਜੋਂ, ਵਾਤਾਵਰਣ-ਅਨੁਕੂਲ ਵਾਹਨਾਂ ਜਿਵੇਂ ਸਾਈਕਲ, ਈ-ਬਾਈਕ ਦੀ ਵਰਤੋਂ ਪ੍ਰਦੂਸ਼ਣ ਨੂੰ ਘਟਾਉਣ ਲਈ ਸੁਵਿਧਾਜਨਕ ਵਿਕਲਪ ਹਨ।



**ਊਰਜਾ ਸਰੋਤ ਵਿੱਚ ਤਬਦੀਲੀ**

ਵਾਤਾਵਰਨ ਪ੍ਰਦੂਸ਼ਣ ਨੂੰ ਕੰਟਰੋਲ ਕਰਨ ਲਈ ਊਰਜਾ ਦੇ ਨਵਿਆਉਣਯੋਗ ਸਰੋਤਾਂ ਦਾ ਸਹਾਰਾ ਲੈਣਾ ਇੱਕ ਮਹੱਤਵਪੂਰਨ ਉਪਾਅ ਹੈ। ਬਿਜਲੀ ਉਤਪਾਦਨ ਲਈ ਊਰਜਾ ਸਰੋਤਾਂ ਜਿਵੇਂ ਪਾਣੀ, ਹਵਾ ਅਤੇ ਸੂਰਜੀ ਊਰਜਾ ਦੀ ਵਰਤੋਂ ਜ਼ਰੂਰੀ ਤੌਰ 'ਤੇ ਰਵਾਇਤੀ ਅਤੇ ਸੀਮਤ ਸਰੋਤਾਂ ਨੂੰ ਬਚਾਉਣ ਵਿੱਚ ਵੀ ਮਦਦ ਕਰਦੀ ਹੈ।

**ਰਸਾਇਣਕ ਵਰਤੋਂ**

ਵੱਖ-ਵੱਖ ਹਾਨੀਕਾਰਕ ਰਸਾਇਣਾਂ ਦੀ ਵਰਤੋਂ ਪਲਾਂਟਾਂ, ਖੇਤੀ ਉਪਜਾਂ ਆਦਿ ਵਿੱਚ ਕੀਤੀ ਜਾਂਦੀ ਹੈ। ਇਹ ਸਾਰੇ ਪ੍ਰਦੂਸ਼ਕਾਂ ਦੇ ਸਰੋਤ ਹਨ ਅਤੇ ਵਾਤਾਵਰਣ ਨੂੰ ਭਾਰੀ ਨੁਕਸਾਨ ਪਹੁੰਚਾਉਂਦੇ ਹਨ। ਹੋਰ ਈਕੋ-ਅਨੁਕੂਲ ਵਿਕਲਪਾਂ 'ਤੇ ਜਾਣ ਨਾਲ ਹਵਾ ਪ੍ਰਦੂਸ਼ਣ ਨੂੰ ਘਟਾਉਣ ਲਈ ਪ੍ਰਭਾਵਸ਼ਾਲੀ ਢੰਗ ਨਾਲ ਕਦਮ ਚੁੱਕੇ ਜਾ ਸਕਦੇ ਹਨ।

**ਪਾਣੀ ਦੀ ਸੰਭਾਲ**

ਪਾਣੀ ਦੀ ਸੁਚੱਜੀ ਵਰਤੋਂ ਵਾਤਾਵਰਨ ਪ੍ਰਦੂਸ਼ਣ ਦਾ ਸਭ ਤੋਂ ਵਧੀਆ ਉਪਾਅ ਹੈ। ਇਸ ਦੀ ਬੇਲੋੜੀ ਵਰਤੋਂ ਸੁੱਕੇ ਇਲਾਕਿਆਂ ਦੇ ਵਸਨੀਕਾਂ ਨੂੰ ਪਾਣੀ ਦੀ ਮੁੱਢਲੀ ਲੋੜ ਤੋਂ ਵੀ ਵਾਂਝਾ ਕਰ ਦਿੰਦੀ ਹੈ। ਇਸ ਲਈ ਪਾਣੀ ਦੀ ਵਰਤੋਂ ਨਿਯੰਤਰਿਤ ਤਰੀਕੇ ਨਾਲ ਕਰਨ ਦੀ ਸਲਾਹ ਦਿੱਤੀ ਜਾਂਦੀ ਹੈ ਤਾਂ ਜੋ ਹੋਰ ਲੋਕ ਵੀ ਇਸ ਦੀ ਵਰਤੋਂ ਕਰ ਸਕਣ।

**ਭੋਜਨ ਹਿੱਤ**

ਤੁਸੀਂ ਖੋਹੇ ਗਏ ਪ੍ਰੋਸੈਸਡ ਭੋਜਨਾਂ ਦਾ ਸੇਵਨ ਕਰਨ ਦੀਆਂ ਆਪਣੀਆਂ ਖਾਣ ਦੀਆਂ ਆਦਤਾਂ ਨੂੰ ਬਦਲ ਸਕਦੇ ਹੋ। ਇਸਦੀ ਬਜਾਏ, ਤੁਸੀਂ ਸਥਾਨਕ ਤੌਰ 'ਤੇ ਉਗਾਏ ਗਏ ਭੋਜਨਾਂ ਦੀ ਚੋਣ ਕਰ ਸਕਦੇ ਹੋ ਜੋ ਆਵਾਜਾਈ ਦੇ ਦੌਰਾਨ ਬਾਲਣ ਦੀ ਵਰਤੋਂ ਨੂੰ ਘਟਾ ਦੇਵੇਗਾ। ਇਹ ਪ੍ਰਦੂਸ਼ਣ ਨੂੰ ਘਟਾਉਣ ਦਾ ਇੱਕ ਤਰੀਕਾ ਹੋ ਸਕਦਾ ਹੈ। ਇਸ ਤੋਂ ਇਲਾਵਾ ਵਾਤਾਵਰਣ ਨੂੰ ਪ੍ਰਦੂਸ਼ਣ ਤੋਂ ਬਚਾਉਣ ਲਈ ਤੁਸੀਂ ਆਪਣੇ ਦੋਸਤਾਂ ਅਤੇ ਪਰਿਵਾਰ ਨੂੰ ਦੋ ਹੱਲ ਵੀ ਸੁਝਾ ਸਕਦੇ ਹੋ। ਇਹ ਉਹਨਾਂ ਨੂੰ ਉਹਨਾਂ ਦੀਆਂ ਕਾਰਵਾਈਆਂ ਪ੍ਰਤੀ ਸੁਚੇਤ ਰਹਿਣ ਵਿੱਚ ਮਦਦ ਕਰੇਗਾ ਅਤੇ ਤਰਜੀਹੀ ਤੌਰ 'ਤੇ ਉਹਨਾਂ ਨੂੰ ਭਵਿੱਖ ਵਿੱਚ ਵਧੇਰੇ ਜ਼ਿੰਮੇਵਾਰ ਬਣਨ ਵਿੱਚ ਮਦਦ ਕਰੇਗਾ।

ਤੁਹਾਨੂੰ ਦੂਜਿਆਂ ਨੂੰ ਪ੍ਰਦੂਸ਼ਣ ਨੂੰ ਕੰਟਰੋਲ ਕਰਨ ਦੇ ਤਰੀਕੇ ਸੁਝਾਉਣੇ ਚਾਹੀਦੇ ਹਨ। ਵਾਤਾਵਰਣ ਪ੍ਰਦੂਸ਼ਣ ਸੁਰੱਖਿਆ ਲਈ ਵਿਚਾਰਾਂ ਨੂੰ ਲਾਗੂ ਕਰਨ ਲਈ ਇੱਕ ਮੁਹਿੰਮ ਸ਼ੁਰੂ ਕਰਨਾ ਜਾਂ ਇੱਥੋਂ ਤੱਕ ਕਿ ਤੁਹਾਡੇ ਆਪਣੇ ਇਲਾਕੇ ਨਾਲ ਸ਼ੁਰੂ ਕਰਨਾ ਉਹ ਚੀਜ਼ ਹੈ ਜਿਸ ਬਾਰੇ ਤੁਹਾਨੂੰ ਵਿਚਾਰ ਕਰਨਾ ਚਾਹੀਦਾ ਹੈ।

ਇਸ ਤੋਂ ਇਲਾਵਾ, ਸੋਸ਼ਲ ਮੀਡੀਆ ਇੱਕ ਪ੍ਰਭਾਵਸ਼ਾਲੀ ਪਲੇਟਫਾਰਮ ਵੀ ਹੈ ਜਿੱਥੇ ਤੁਸੀਂ ਆਪਣੇ ਵਿਚਾਰ ਆਪਣੇ ਸਾਥੀਆਂ ਨਾਲ ਸਾਂਝੇ ਕਰ ਸਕਦੇ ਹੋ। ਯਾਦ ਰੱਖੋ, ਜਦੋਂ ਤੁਸੀਂ ਅੱਗੇ ਆਉਂਦੇ ਹੋ ਤਾਂ ਹੀ ਜ਼ਿਆਦਾ ਲੋਕ ਇਨ੍ਹਾਂ ਨਵੀਨਤਾਕਾਰੀ ਵਿਚਾਰਾਂ ਤੋਂ ਪ੍ਰਭਾਵਿਤ ਹੁੰਦੇ ਹਨ ਜੋ ਬਹੁਤ ਤੇਜ਼ੀ ਨਾਲ ਲੋੜ ਬਣ ਰਹੇ ਹਨ।

ਬੱਚਿਆਂ ਨੂੰ ਵਾਤਾਵਰਨ ਪ੍ਰਦੂਸ਼ਣ ਨੂੰ ਰੋਕਣ ਦੇ ਤਰੀਕੇ ਸਿਖਾਉਣਾ ਅਤੇ ਦੂਜਿਆਂ ਤੱਕ ਸੰਦੇਸ਼ ਫੈਲਾਉਣ ਵਿੱਚ ਉਨ੍ਹਾਂ ਦੀ ਮਦਦ ਕਰਨਾ ਵੀ ਇੱਕ ਲੋੜ ਹੈ। ਸਾਰੀ ਪ੍ਰਕਿਰਿਆ ਕੁਦਰਤ ਦੀ ਸੰਭਾਲ ਦੇ ਦਾਇਰੇ ਵਿੱਚ ਹੋਰ ਲੋਕਾਂ ਨੂੰ ਲਿਆ ਸਕਦੀ ਹੈ। ਇਹ, ਬਦਲੇ ਵਿੱਚ, ਇੱਕ ਟਿਕਾਊ ਵਾਤਾਵਰਣ ਦੇ ਸਾਂਝੇ ਟੀਚੇ ਨੂੰ ਪ੍ਰਾਪਤ ਕਰਨ ਵਿੱਚ ਮਦਦ ਕਰੇਗਾ।

# ਸਮੁੰਦਰੀ ਵਾਤਾਵਰਣ ਨੂੰ ਬਚਾਉਣ ਦੀ ਲੋੜ

## ਸਮੁੰਦਰੀ ਵਾਤਾਵਰਣ ਪ੍ਰਣਾਲੀ ਦੇ ਨਾਜ਼ੁਕ ਸੰਤੁਲਨ ਨੂੰ ਪ੍ਰਭਾਵਿਤ ਕਰਦੀ ਹੈ ਗੰਦਗੀ



ਪਲਾਸਟਿਕ ਜ਼ਿੱਦੀ ਰਹਿੰਦ-ਖੂੰਹਦ ਹੈ ਅਤੇ ਬਾਇਓਡੀਗ੍ਰੇਡੇਬਲ ਨਹੀਂ ਹੈ। ਫਿਰ ਵੀ, ਕੀ ਤੁਸੀਂ ਜਾਣਦੇ ਹੋ ਕਿ ਪਲਾਸਟਿਕ ਦੀ ਸਾਡੀ ਅੰਨ੍ਹੇਵਾਹ ਵਰਤੋਂ ਹੁਣ ਸਾਡੇ ਸਮੁੰਦਰਾਂ ਵਿੱਚ ਵੀ ਦਾਖਲ ਹੋ ਗਈ ਹੈ?

ਸੰਯੁਕਤ ਰਾਸ਼ਟਰ ਦੇ ਅਨੁਸਾਰ, ਸਮੁੰਦਰੀ ਪ੍ਰਦੂਸ਼ਣ ਦਾ 80% ਜ਼ਮੀਨ ਅਧਾਰਿਤ ਮਲਬੇ ਕਾਰਨ ਹੁੰਦਾ ਹੈ। ਸਾਡੇ ਜਲ ਮਾਰਗ ਸਮੁੰਦਰ ਵਿੱਚ ਹਰ ਦਿਨ ਕਈ ਟਨ ਕੂੜਾ, ਮੁੱਖ ਤੌਰ 'ਤੇ ਛੱਡਿਆ ਪਲਾਸਟਿਕ ਅਤੇ ਉਦਯੋਗਿਕ ਰਹਿੰਦ-ਖੂੰਹਦ ਲੈ ਜਾਂਦੇ ਹਨ। ਇਸ ਤੋਂ ਇਲਾਵਾ, ਸਮੁੰਦਰੀ ਜਹਾਜ਼ ਅਤੇ ਮੱਛੀਆਂ ਫੜਨ ਵਾਲੀਆਂ ਕਿਸ਼ਤੀਆਂ ਰੱਦ ਕੀਤੇ ਗਏ ਮਾਲ, ਮੱਛੀਆਂ ਫੜਨ ਵਾਲੇ ਜਾਲਾਂ ਅਤੇ ਹੋਰ ਮਲਬੇ ਨੂੰ ਸਮੁੰਦਰ ਵਿੱਚ ਸੁੱਟਦੀਆਂ ਹਨ।

ਤੇਜ਼ ਸਮੁੰਦਰੀ ਲਹਿਰਾਂ, ਜਿਨ੍ਹਾਂ ਨੂੰ 'ਗਾਇਰਸ' ਕਿਹਾ ਜਾਂਦਾ ਹੈ, ਸਮੁੰਦਰੀ ਕੂੜਾ ਸਮੁੰਦਰ ਦੇ ਕੇਂਦਰ ਵਿੱਚ ਬਹੁਤ ਦੂਰ ਲੈ ਜਾਂਦੀਆਂ ਹਨ। ਚੱਕਰਵਾਤ ਵਰਗੀਆਂ ਲਹਿਰਾਂ ਮਲਬੇ ਨੂੰ ਰਿੜਕਦੀਆਂ ਹਨ ਅਤੇ ਘੁੰਮਦੀਆਂ ਹਨ, ਕੂੜੇ ਅਤੇ ਕਬਾੜ ਨੂੰ ਆਪਣੇ ਚੱਕਰ ਵਿੱਚ ਖਿੱਚਦੀਆਂ ਹਨ। ਨਤੀਜੇ ਵਜੋਂ, ਲਗਭਗ 70% ਰੱਦੀ ਮਾਲ, ਕੂੜਾ ਤੇ ਮਲਬਾ ਸਮੁੰਦਰ ਦੇ ਤਲ 'ਤੇ ਡੁੱਬ ਜਾਂਦੇ ਹਨ, ਜਿਸ ਨਾਲ ਸਮੁੰਦਰ ਦੇ ਤਲ 'ਤੇ ਇੱਕ ਵਿਸ਼ਾਲ ਕੂੜੇ ਦਾ ਪਹਾੜ ਬਣ ਜਾਂਦਾ ਹੈ।

ਦੂਜੇ ਪਾਸੇ, ਜ਼ਿਆਦਾਤਰ ਪਲਾਸਟਿਕ ਦੀ ਰਹਿੰਦ-ਖੂੰਹਦ ਫੋਟੋਡੀਗਰੇਡੇਸ਼ਨ (ਸੂਰਜ ਦੀ ਰੌਸ਼ਨੀ ਦੇ ਕਾਰਨ ਟੁੱਟਣ) ਅਤੇ ਤੇਜ਼ ਸਮੁੰਦਰੀ ਲਹਿਰਾਂ ਕਾਰਨ ਛੋਟੇ ਟੁਕੜਿਆਂ ਜਾਂ ਮਾਈਕ੍ਰੋਪਲਾਸਟਿਕਸ ਵਿੱਚ ਟੁੱਟ ਜਾਂਦੀ ਹੈ। ਨਤੀਜੇ ਵਜੋਂ, ਲੱਖਾਂ ਮਾਈਕ੍ਰੋਪਲਾਸਟਿਕਸ ਖੇਤਰ ਵਿੱਚ ਤੈਰਦੇ ਹਨ, ਜਿਸ ਨਾਲ ਪਾਣੀ ਗੰਦਾ ਹੋ ਜਾਂਦਾ ਹੈ। ਕੁਝ ਟੁਕੜੇ ਮਲਬੇ ਦੇ ਨਾਲ ਮਿਲ ਕੇ ਕਈ ਸੌ ਫੁੱਟ ਲੰਬਾਈ ਤੱਕ ਠੋਸ ਸਥਾਈ ਟਾਪੂ ਵਰਗੀ ਬਣਤਰ ਬਣਾਉਂਦੇ ਹਨ।

ਸਮੁੰਦਰੀ ਮਲਬੇ ਦਾ ਅਜਿਹਾ ਭੰਡਾਰ ਹੋਣ ਕਰਕੇ 'ਵੱਡਾ ਸਮੁੰਦਰੀ ਕੂੜਾ ਖੇਤਰ' ਪੈਦਾ ਹੋ ਰਿਹਾ ਹੈ। ਸਾਡੇ ਸਮੁੰਦਰਾਂ ਵਿੱਚ ਪੰਜ ਕੇਂਦਰ ਹਨ ਅਤੇ ਉਨ੍ਹਾਂ ਸਾਰਿਆਂ ਵਿੱਚ ਕੂੜੇ ਦੇ ਢੇਰ ਵਧ ਰਹੇ ਹਨ। ਸਭ ਤੋਂ ਵੱਡਾ ਗ੍ਰੇਟ ਪੈਸੀਫਿਕ ਗਾਰਬੇਜ ਪੈਚ ਹੈ।



ਗੰਦਗੀ ਸਮੁੰਦਰੀ ਵਾਤਾਵਰਣ ਪ੍ਰਣਾਲੀ ਦੇ ਨਾਜ਼ੁਕ ਸੰਤੁਲਨ ਨੂੰ ਪ੍ਰਭਾਵਤ ਕਰਦੀ ਹੈ। ਡੂੰਘੇ ਸਮੁੰਦਰਾਂ ਵਿੱਚ ਗੋਤਾਖੋਰਾਂ ਨੇ ਮੱਛੀ ਫੜਨ ਦੇ ਜਾਲਾਂ ਵਿੱਚ ਫਸਣ ਤੋਂ ਬਾਅਦ ਕਈ ਦੁਰਲੱਭ ਅਤੇ ਵਿਦੇਸ਼ੀ ਸਮੁੰਦਰੀ ਪ੍ਰਜਾਤੀਆਂ ਨੂੰ ਮਰਿਆ ਪਾਇਆ ਹੈ। ਇਸ ਤੋਂ ਇਲਾਵਾ, ਬਹੁਤ ਸਾਰੇ ਸਮੁੰਦਰੀ ਜਾਨਵਰ ਅਣਜਾਣੇ ਵਿੱਚ ਮਾਈਕ੍ਰੋਪਲਾਸਟਿਕਸ ਦਾ ਸੇਵਨ ਕਰਦੇ ਹਨ, ਉਹਨਾਂ ਨੂੰ ਭੋਜਨ ਸਮਝਦੇ ਹਨ, ਇੱਥੋਂ ਤੱਕ ਕਿ ਟੁਕੜਿਆਂ ਨੂੰ ਆਪਣੇ ਬੱਚਿਆਂ ਨੂੰ ਵੀ ਖੁਆਉਂਦੇ ਹਨ ਅਤੇ ਅੰਤ ਵਿੱਚ ਭੁੱਖ ਨਾਲ ਮਰ ਜਾਂਦੇ ਹਨ ਜਾਂ ਉਹਨਾਂ ਦੇ ਅੰਗਾਂ ਨੂੰ ਨੁਕਸਾਨ ਪਹੁੰਚਾਉਂਦੇ ਹਨ।

ਇਸ ਤੋਂ ਇਲਾਵਾ, ਗਾਇਰਸ ਪੈਚ ਬਹੁਤ ਦੂਰੀ 'ਤੇ ਲੈ ਜਾਂਦੇ ਹਨ, ਸੰਭਾਵੀ ਤੌਰ 'ਤੇ ਹਮਲਾਵਰ ਪ੍ਰਜਾਤੀਆਂ ਨੂੰ ਦੂਜੇ ਵਾਤਾਵਰਣ ਪ੍ਰਣਾਲੀਆਂ ਵਿੱਚ ਲੈ ਜਾਂਦੇ ਹਨ, ਨਾਜ਼ੁਕ ਕੁਦਰਤੀ ਸੰਤੁਲਨ ਨੂੰ ਵਿਗਾੜਦੇ ਹਨ। ਇਸ ਤੋਂ ਇਲਾਵਾ, ਕੂੜੇ ਦੇ ਢੇਰ ਸੂਰਜ ਦੀ ਰੌਸ਼ਨੀ ਨੂੰ ਪਲੈਂਕਟਨ ਅਤੇ ਐਲਗੀ ਤੱਕ ਪਹੁੰਚਣ ਤੋਂ ਰੋਕਦੇ ਹਨ - ਸਮੁੰਦਰਾਂ ਵਿੱਚ ਮੁੱਖ ਉਤਪਾਦਕ - ਉਹਨਾਂ ਦੇ ਬਚਾਅ ਨੂੰ ਖ਼ਤਰਾ ਬਣਾਉਂਦੇ ਹਨ। ਜੇਕਰ ਪਲੈਂਕਟਨ ਅਤੇ ਐਲਗੀ ਨਸ਼ਟ ਹੋ ਜਾਂਦੇ ਹਨ, ਤਾਂ ਪੂਰੇ ਭੋਜਨ ਦੇ ਜਾਲ 'ਤੇ ਤਰੰਗ ਪ੍ਰਭਾਵ ਪੈਣਗੇ।

ਮਾਹਿਰਾਂ ਦਾ ਮੰਨਣਾ ਹੈ ਕਿ ਕੂੜੇ ਦੇ ਡੰਪਾਂ ਨੂੰ ਸਾਫ਼ ਕਰਨਾ ਲਗਭਗ ਅਸੰਭਵ ਹੈ ਕਿਉਂਕਿ ਇਹ ਪਹੁੰਚਯੋਗ ਖੇਤਰਾਂ ਵਿੱਚ ਬਣਾਏ ਗਏ ਹਨ ਅਤੇ ਆਰਥਿਕ ਤੌਰ 'ਤੇ ਸਮਰੱਥ ਨਹੀਂ ਹਨ। ਇਸ ਤੋਂ ਇਲਾਵਾ, ਪਲਾਸਟਿਕ ਦੇ ਨਿਪਟਾਰੇ ਦੇ ਤਰੀਕੇ ਪਾਣੀ ਵਿੱਚ ਮੌਜੂਦ ਲੱਖਾਂ ਜੀਵਾਂ ਨੂੰ ਮਾਰ ਸਕਦੇ ਹਨ। ਵਰਤਮਾਨ ਵਿੱਚ, ਅਸੀਂ ਸਮੁੰਦਰੀ ਮਲਬੇ ਨੂੰ ਵਧਣ ਤੋਂ ਰੋਕਣ ਦਾ ਇੱਕੋ ਇੱਕ ਤਰੀਕਾ ਹੈ ਸਮੁੰਦਰ ਵਿੱਚ ਦਾਖਲ ਹੋਣ ਵਾਲੇ ਕੂੜੇ, ਮਲਬੇ ਅਤੇ ਹੋਰ ਰਹਿੰਦ-ਖੂੰਹਦ ਦੀ ਮਾਤਰਾ ਨੂੰ ਬਹੁਤ ਘੱਟ ਕਰਨਾ।

TRANS-ALLIANCE
TOGETHER WE SAVE

## FUEL DISCOUNTS
UPTO 80 CENTS PER GALLON DISCOUNT
MAJOR NETWORK OF TRUCK STOPS

## FUEL CARDS
NO CREDIT - NO PROBLEM
BEST CUSTOMER SERVICE




FLEET ONE FACTORING
WE WANT TO MAKE FACTORING EASY FOR YOU
SAME-DAY FUNDING - NO HIDDEN FEES
COMPETITIVE RATES - 97% ADVANCE RATE

## YOU BREAK DOWN
WE SHOW UP
24-HOUR ROADSIDE ASSISTANCE

## TRUCK REPAIR & TIRE DISCOUNTS
GET NATIONAL ACCOUNT
NEARLY 3,000 HIGHLY SKILLED TECHNICIANS COAST TO COAST

## FUEL MANAGEMENT
DAILY FUEL RATES IN PHONE APP

CALL FOR MORE INFO

(855)641-6955, (888)795-7035

ਕਹਾਣੀ

ਐਸ ਸਾਕੀ

# ਨੰਬਰ ਬਿਆਸੀ



ਨੱਸੀ ਜਾਂਦੀ ਟੈਕਸੀ ਇੱਕ ਘਰ ਮੂਹਰੇ ਆ ਕੇ ਰੁਕ ਗਈ। ਮਾਸਟਰ ਸੰਤੋਖ ਸਿੰਘ ਨੂੰ ਸ਼ਾਮ ਦੇ ਪੰਜ ਵਜੇ ਹੀ ਸਾਈਡ ਦੇ ਸ਼ੀਸ਼ੇ ਰਾਹੀਂ ਟੈਕਸੀ ਤੋਂ ਬਾਹਰ ਘੁਸਮੁਸਾ ਜਿਹਾ ਦਿੱਸਿਆ। ਉਹ ਆਪਣੇ ਪੁੱਤ ਅਜੀਤ ਨਾਲ ਟੈਕਸੀ 'ਚੋਂ ਬਾਹਰ ਨਿਕਲ ਆਇਆ। ਉਹ ਪਹਿਲੀ ਵਾਰ ਆਪਣੇ ਪੁੱਤ ਨਾਲ ਆਸਟਰੇਲੀਆ ਆਇਆ ਸੀ। ਮਾਸਟਰ ਸੰਤੋਖ ਸਿੰਘ ਦੀ ਨਜ਼ਰ ਉਸ ਘਰ ਵੱਲ ਚਲੀ ਗਈ ਜਿਸ ਸਾਹਮਣੇ ਟੈਕਸੀ ਖੜ੍ਹੀ ਸੀ। ਇਹ ਉਸ ਦੇ ਪੁੱਤਰ ਦਾ ਘਰ ਸੀ। ਪਿੰਡੋਂ ਤੁਰਨ ਤੋਂ ਪਹਿਲਾਂ ਸੰਤੋਖ ਸਿੰਘ ਨੇ ਸੋਚਿਆ ਸੀ ਕਿ ਉਸ ਦੇ ਪੁੱਤ ਕੋਲ ਛੋਟਾ ਜਿਹਾ ਅਪਾਰਟਮੈਂਟ ਹੀ ਹੋਵੇਗਾ। ਕਿਉਂ ਜੋ ਉਹ ਅਕਸਰ ਅਖ਼ਬਾਰਾਂ ਵਿੱਚ ਪੜ੍ਹਦਾ ਸੀ ਕਿ ਉਸ ਦੇ ਮੁਲਕ ਦੇ ਲੋਕ ਵਿਦੇਸ਼ ਜਾ ਕੇ ਮਸਾਂ ਕੋਈ ਛੋਟਾ ਜਿਹਾ ਅਪਾਰਟਮੈਂਟ ਹੀ ਖ਼ਰੀਦ ਪਾਉਂਦੇ ਹਨ।

ਡਿੱਕੀ ਵਿੱਚੋਂ ਦੋ ਸੂਟਕੇਸ ਕੱਢ ਅਜੀਤ ਆਪਣੇ ਬਾਪੂ ਜੀ ਨੂੰ ਨਾਲ ਲੈ ਘਰ ਵੱਲ ਤੁਰ ਪਿਆ। ਡੋਰ ਬੈੱਲ ਵਜਾਉਣ 'ਤੇ ਦਰਵਾਜ਼ਾ ਖੁੱਲ੍ਹ ਗਿਆ। ਇੱਕ ਔਰਤ ਤੇ ਉਸ ਨਾਲ ਖੜ੍ਹੇ ਅੱਠ-ਨੌਂ ਵਰ੍ਹਿਆਂ ਦੇ ਮੁੰਡੇ ਨੇ ਮਾਸਟਰ ਸੰਤੋਖ ਸਿੰਘ ਦੇ ਪੈਰੀਂ ਹੱਥ ਲਾਇਆ। ਇਹ ਸੰਤੋਖ ਸਿੰਘ ਦੀ ਨੂੰਹ ਤੇ ਉਸ ਦਾ ਪੋਤਾ ਮਿੱਕੀ ਸਨ। ਅਜਿਹਾ ਹੋਣ 'ਤੇ ਸੰਤੋਖ ਸਿੰਘ ਦਾ ਅੰਦਰ ਖ਼ੁਸ਼ੀ ਨਾਲ ਭਰ ਗਿਆ ਕਿਉਂਕਿ ਉਸ ਨੂੰ ਨਹੀਂ ਜਾਪਦਾ ਸੀ ਕਿ ਵਿਦੇਸ਼ 'ਚ ਰਹਿਣ ਵਾਲੀ ਉਸ ਦੀ ਨੂੰਹ ਅਤੇ ਉੱਥੇ ਹੀ ਜਨਮੇ ਉਸ ਦੇ ਪੋਤੇ ਦੇ ਅਜਿਹੇ ਚੰਗੇ ਸੰਸਕਾਰ ਹੋਣਗੇ।

ਘਰ ਸਚਮੁੱਚ ਹੀ ਬਹੁਤ ਵੱਡਾ ਸੀ। ਨੂੰਹ ਗਾਇਤਰੀ ਨੇ ਸਹੁਰੇ ਦਾ ਸੂਟਕੇਸ ਤੇ ਬੈਗ ਉਸ ਦੇ ਬੈੱਡਰੂਮ ਵਿੱਚ ਰੱਖ ਦਿੱਤਾ। ਹੱਥ-ਮੂੰਹ ਧੋ ਮਾਸਟਰ ਸੰਤੋਖ ਸਿੰਘ ਡਰਾਇੰਗ ਰੂਮ ਵਿੱਚ ਆ ਸੋਫੇ 'ਤੇ ਬਹਿ ਗਿਆ। ਗਾਇਤਰੀ ਚਾਹ ਬਣਾ ਕੇ ਲੈ ਆਈ। ਚਾਹ ਪੀਂਦੇ ਹੋਏ ਸਾਰੇ ਗੱਲਾਂ ਕਰਦੇ ਰਹੇ।

ਲੰਬੇ ਸਫ਼ਰ ਦਾ ਥੱਕਿਆ ਹੋਣ 'ਤੇ ਰਾਤੀਂ ਰੋਟੀ ਖਾ ਕੇ ਸੰਤੋਖ ਸਿੰਘ ਆਪਣੇ ਬੈੱਡਰੂਮ ਵਿੱਚ ਸੌਣ ਚਲਾ ਗਿਆ। ਬੈੱਡ 'ਤੇ ਲੰਮੇ ਪਏ ਸੰਤੋਖ ਸਿੰਘ ਦੀ ਸੋਚ ਫੇਰ ਉਹਦੇ ਪਿੰਡ ਪਹੁੰਚ ਜਾਂਦੀ ਹੈ। ਕਾਸ਼ਤਕਾਰ ਪਰਿਵਾਰ ਸੀ ਉਨ੍ਹਾਂ ਦਾ। ਬਾਪੂ ਮੰਗਲ ਬਲ੍ਹਦਾਂ ਨਾਲ ਖੇਤੀ ਕਰਿਆ ਕਰਦਾ ਸੀ। ਦੋ ਪੁੱਤ ਸਨ ਉਹਦੇ। ਸੰਤੋਖ ਸਿੰਘ, ਗੁਰਦਿੱਤੇ ਨਾਲੋਂ ਦੋ ਵਰ੍ਹੇ ਛੋਟਾ ਸੀ। ਵੱਡਾ ਗੁਰਦਿੱਤਾ ਤਾਂ ਮਸਾਂ ਪੰਜਵੀਂ ਪਾਸ ਹੀ ਕਰ ਸਕਿਆ, ਪਰ ਸੰਤੋਖ ਸਿੰਘ ਪੰਜਵੀਂ ਪਾਸ ਕਰਕੇ ਨਾਲ ਦੇ ਪਿੰਡ ਮਿਡਲ ਸਕੂਲ ਵਿੱਚ ਜਾਣ ਲੱਗਾ। ਫਿਰ ਸ਼ਹਿਰੋਂ ਹਾਈ ਸਕੂਲ ਪਾਸ ਕਰਕੇ ਕਾਲਜ ਦਾਖ਼ਲਾ ਲੈ ਲਿਆ। ਅੰਗਰੇਜ਼ੀ ਦੀ ਐੱਮ ਏ ਕਰ ਉਸ ਨੇ ਟੀਚਰਜ਼ ਟਰੇਨਿੰਗ ਕੀਤੀ ਤੇ ਫਿਰ ਸ਼ਹਿਰ ਦੇ ਉਸੇ ਸਰਕਾਰੀ ਸਕੂਲ 'ਚ ਅਧਿਆਪਕ ਲੱਗ ਗਿਆ ਜਿੱਥੋਂ ਉਸ ਨੇ ਹਾਈ ਸਕੂਲ ਪਾਸ ਕੀਤਾ ਸੀ। ਪਹਿਲਾਂ ਵੱਡੇ ਦਾ ਵਿਆਹ ਹੋਇਆ ਤੇ ਫਿਰ ਸੰਤੋਖ ਸਿੰਘ ਨੇ ਆਪਣੇ ਨਾਲ ਕੰਮ ਕਰਦੀ ਮਨਜੀਤ ਨਾਂ ਦੀ ਅਧਿਆਪਕਾ ਨਾਲ ਵਿਆਹ ਕਰਵਾ ਲਿਆ। ਸੰਤੋਖ ਸਿੰਘ ਇੱਕ ਪੁੱਤ ਦਾ ਪਿਤਾ ਬਣ ਗਿਆ ਜਦੋਂਕਿ ਵੱਡੇ ਗੁਰਦਿੱਤੇ ਘਰ ਦੋ ਕੁੜੀਆਂ ਤੇ ਇੱਕ ਪੁੱਤ ਜਨਮਿਆ।

ਸੰਤੋਖ ਸਿੰਘ ਦਾ ਪੁੱਤ ਅਜੀਤ ਚੰਗੇ ਨੰਬਰਾਂ ਨਾਲ ਹਾਈ ਸਕੂਲ ਪਾਸ ਕਰਕੇ ਇੰਜੀਨੀਅਰਿੰਗ ਦੀ ਪੜ੍ਹਾਈ ਲਈ ਆਸਟਰੇਲੀਆ ਚਲਾ ਗਿਆ। ਉਸ ਨੇ ਇੰਜਨੀਅਰਿੰਗ ਪਾਸ ਕੀਤੀ। ਉਹ ਮੁੜ ਆਪਣੇ ਪਿੰਡ ਨਾ ਗਿਆ ਤੇ ਇੱਥੇ ਹੀ ਪੱਕਾ ਹੋ ਗਿਆ। ਫਿਰ ਆਪਣੇ ਨਾਲ ਕੰਮ ਕਰਦੀ ਗਾਇਤਰੀ ਨਾਂ ਦੀ ਕੁੜੀ ਨਾਲ ਵਿਆਹ ਕਰਵਾ ਲਿਆ।

ਵਿਆਹ ਕਰਵਾ ਕੇ ਪੰਦਰਾਂ ਦਿਨਾਂ ਲਈ ਆਪਣੇ ਪਿੰਡ ਆਇਆ। ਮਾਸਟਰ ਸੰਤੋਖ ਸਿੰਘ ਤੇ ਮਨਜੀਤ ਨੂੰ ਥੋੜ੍ਹੇ ਦਿਨਾਂ ਵਿੱਚ ਹੀ ਪਤਾ ਲੱਗ ਗਿਆ ਸੀ ਕਿ ਉਨ੍ਹਾਂ ਦੀ ਨੂੰਹ ਬਹੁਤ ਨੇਕ ਸੁਭਾਅ ਦੀ ਸੇਵਾ ਭਾਵ ਵਾਲੀ ਕੁੜੀ ਹੈ।

ਛੁੱਟੀਆਂ ਕੱਟ ਕੇ ਦੋਵੇਂ ਆਸਟਰੇਲੀਆ ਮੁੜ ਗਏ। ਦੋਵਾਂ ਨੇ ਸੰਤੋਖ ਸਿੰਘ ਤੇ ਮਨਜੀਤ ਨੂੰ ਇੰਡੀਆ ਛੱਡ ਕੇ ਨਾਲ ਚੱਲਣ ਲਈ ਕਿਹਾ, ਪਰ ਉਹ ਨਾ ਤਾਂ ਪਿੰਡ ਅਤੇ ਨਾ ਹੀ ਆਪਣਿਆਂ ਨੂੰ ਛੱਡ ਸਕੇ! ਆਸਟਰੇਲੀਆ 'ਚ ਰਹਿੰਦੇ ਹੋਏ ਅਜੀਤ ਤੇ ਗਾਇਤਰੀ ਇੱਕ ਪੁੱਤ ਦੇ ਮਾਪੇ ਬਣ ਗਏ। ਉਹ ਮੁੜ ਇੰਡੀਆ ਤਾਂ ਨਹੀਂ ਜਾ ਸਕੇ, ਪਰ ਇੰਨੀ ਦੂਰ ਰਹਿੰਦੇ ਹੋਏ ਉਹ ਦੋਵੇਂ ਚਿੱਠੀਆਂ ਤੇ ਫੋਨ ਰਾਹੀਂ ਸੰਤੋਖ ਸਿੰਘ ਤੇ ਮਨਜੀਤ ਨਾਲ ਜੁੜੇ ਰਹੇ।

ਮਾਸਟਰ ਸੰਤੋਖ ਸਿੰਘ ਤੇ ਮਨਜੀਤ ਨੂੰ ਪੈਨਸ਼ਨ ਮਿਲ ਗਈ ਸੀ। ਸੰਤੋਖ ਸਿੰਘ ਕਦੇ ਖੇਤ ਗੇੜਾ ਮਾਰ ਆਉਂਦਾ। ਫਿਰ ਇੱਕ ਦਿਨ ਮਨਜੀਤ ਵੀ ਚਲੀ ਗਈ। ਮਾਸਟਰ ਸੰਤੋਖ ਸਿੰਘ ਇਕੱਲਾ ਰਹਿ ਗਿਆ। ਕੁਝ ਦਿਨਾਂ ਦੀ ਛੁੱਟੀ ਲੈ ਕੇ ਅਜੀਤ ਪਿੰਡ ਆਇਆ। ਉਹ ਆਪਣੇ ਬਾਪੂ ਜੀ ਨੂੰ ਬਹੁਤ ਪਿਆਰ ਕਰਦਾ ਸੀ। ਮਾਂ ਦੇ ਚਲੇ ਜਾਣ ਬਾਅਦ ਉਸ ਨੂੰ ਪਤਾ ਸੀ ਕਿ ਇਕੱਲਿਆਂ ਉਸ ਦੇ ਬਾਪੂ ਜੀ ਲਈ ਪਿੰਡ ਵਿੱਚ ਰਹਿਣਾ ਕਿੰਨਾ ਔਖਾ ਸੀ। ਉਸ ਨੇ ਉਨ੍ਹਾਂ ਨੂੰ ਆਪਣੇ ਕੋਲ ਲਿਆਉਣ ਦਾ ਸਾਰਾ ਪ੍ਰਬੰਧ ਕਰ ਲਿਆ ਸੀ। ਪੁੱਤ ਨੂੰ ਵੇਖ ਮਾਸਟਰ ਸੰਤੋਖ ਸਿੰਘ ਬਹੁਤ ਖ਼ੁਸ਼ ਹੋਇਆ, ਪਰ ਜਦੋਂ ਅਜੀਤ ਨੇ ਆਪਣੀ ਮਾਂ ਦੀ ਗੱਲ ਕੀਤੀ ਤਾਂ ਉਸ ਦੀਆਂ ਅੱਖਾਂ ਭਰ ਆਈਆਂ। ਭਾਵੇਂ ਸੰਤੋਖ ਸਿੰਘ ਨੇ ਪੁੱਤ ਨਾਲ ਨਾ ਜਾਣ ਲਈ ਬਹੁਤ ਕਿਹਾ, ਪਰ ਉਸ ਨੂੰ ਪੁੱਤ ਅੱਗੇ ਅਖੀਰ ਹਾਰ ਮੰਨਣੀ ਹੀ ਪਈ।

ਆਸਟਰੇਲੀਆ ਆ ਕੇ ਉਸ ਲਈ ਪਹਿਲੀ ਰਾਤ ਬਹੁਤ ਸੁੱਖ ਭਰੀ ਸੀ। ਪਤਨੀ ਮਨਜੀਤ ਦੇ ਦੇਹਾਂਤ ਮਗਰੋਂ ਉਹ ਖ਼ੁਦ ਨੂੰ ਬਹੁਤ ਇਕੱਲਾ ਮਹਿਸੂਸ ਕਰਨ ਲੱਗ ਪਿਆ ਸੀ। ਇੱਥੇ ਪੁੱਤ, ਨੂੰਹ ਤੇ ਪੋਤੇ ਨੂੰ ਵੇਖ ਉਸ ਨੂੰ ਇਹ ਅਹਿਸਾਸ ਜ਼ਰੂਰ ਹੋ ਗਿਆ ਸੀ ਕਿ ਹੁਣ ਉਹ ਇਕੱਲਾ ਨਹੀਂ ਹੈ।

ਸ਼ਨਿੱਚਰਵਾਰ ਐਤਵਾਰ ਦੋ ਛੁੱਟੀਆਂ ਸਦਕਾ ਦੋ ਦਿਨ ਘੁੰਮਦਿਆਂ ਤੇ ਆਸਟਰੇਲੀਆ ਦੀਆਂ ਪ੍ਰਸਿੱਧ ਥਾਵਾਂ ਵੇਖਣ ਵਿੱਚ ਲੰਘ ਗਏ। ਮਾਸਟਰ ਸੰਤੋਖ ਸਿੰਘ ਨੂੰ ਇਸ ਤਰ੍ਹਾਂ ਹੋਣਾ ਬਹੁਤ ਚੰਗਾ ਲੱਗਾ ਸੀ।

ਫਿਰ ਸੋਮਵਾਰ ਦਾ ਦਿਨ ਆਇਆ। ਸੰਤੋਖ ਸਿੰਘ ਨੇ ਸਵੇਰੇ ਵੇਖਿਆ ਕਿ ਪੋਤਾ ਤੇ ਨੂੰਹ ਤਿਆਰ ਖੜ੍ਹੇ ਸਨ। ਨਾਸ਼ਤਾ ਬਣਾ, ਸਬਜ਼ੀ ਤੇ ਫੁਲਕੇ ਲਾਹ ਕੇ ਰਸੋਈ ਵਿੱਚ ਰੱਖਿਆ ਸਭ ਕੁਝ ਸਮਝਾ ਨੂੰਹ ਗਾਇਤਰੀ ਪੁੱਤ ਨੂੰ ਨਾਲ ਲੈ ਘਰੋਂ ਬਾਹਰ ਨਿਕਲ ਗਈ। ਫਿਰ ਪੁੱਤ ਅਜੀਤ ਤਿਆਰ ਹੋ ਕੇ ਆਪਣੇ ਕਮਰੇ ਵਿੱਚੋਂ ਬਾਹਰ ਆਇਆ ਤੇ ਉਸ ਦੇ ਪੈਰ ਛੂਹ ਬਾਹਰ ਖੜ੍ਹੀ ਆਪਣੀ ਕਾਰ ਵੱਲ ਤੁਰ ਪਿਆ।

ਉਨ੍ਹਾਂ ਦੇ ਜਾਣ ਬਾਅਦ ਸੰਤੋਖ ਸਿੰਘ ਜਾਗਿਆ। ਨਾਸ਼ਤਾ ਕੀਤਾ। ਟੀਵੀ 'ਤੇ ਅੰਗਰੇਜ਼ੀ ਖ਼ਬਰਾਂ ਵੇਖੀਆਂ। ਮਾਸਟਰ ਸੰਤੋਖ ਸਿੰਘ ਨੇ ਦੀਵਾਰ ਉੱਤੇ ਟੰਗੀ ਘੜੀ 'ਤੇ ਨਜ਼ਰ ਮਾਰੀ ਤਾਂ ਅਜੇ ਸਵੇਰ ਦੇ ਗਿਆਰਾਂ ਹੀ ਵੱਜੇ ਸਨ।

ਕੁਝ ਚਿਰ ਉਹ ਚੁੱਪ ਖੜ੍ਹਾ ਰਿਹਾ। ਫਿਰ ਪਤਾ ਨਹੀਂ ਕੀ ਸੋਚ ਕੇ ਉਹ ਬੂਹਾ ਖੋਲ੍ਹ ਘਰੋਂ ਬਾਹਰ ਆ ਗਿਆ। ਉਸ ਸੋਚਿਆ ਕਿ ਬਾਹਰ ਤੁਰਦੇ-ਫਿਰਦੇ ਲੋਕਾਂ ਨੂੰ ਵੇਖ ਉਸ ਦਾ ਮਨ ਬਹਿਲ ਜਾਵੇਗਾ। ਉਹ ਕਿਸੇ ਨਾਲ ਗੱਲਾਂ ਕਰ ਸਕੇਗਾ, ਪਰ ਬਾਹਰ ਤਾਂ ਉਸ ਨੂੰ ਕੋਈ ਵੀ ਨਹੀਂ ਦਿੱਸਿਆ। ਉਸ ਨੇ ਚਾਰੇ ਪਾਸੇ ਨਜ਼ਰ ਮਾਰੀ। ਬਾਹਰ ਤਾਂ ਸੁੰਨਸਾਨ ਸੀ। ਸੰਤੋਖ ਸਿੰਘ ਕਾਫ਼ੀ ਚਿਰ ਬਾਹਰ ਖੜੋਤਾ ਰਿਹਾ ਤੇ ਫਿਰ ਅੰਦਰ ਆ ਗਿਆ।

ਉਸ ਦਾ ਇਹ ਪਹਿਲਾ ਦਿਨ ਬਹੁਤ ਔਖਾ ਲੰਘਿਆ। ਕੁਝ ਦਿਨਾ ਮਗਰੋਂ ਉਸ ਨੇ ਇੱਥੇ ਗੁਰਦੁਆਰਾ ਲੱਭ ਲਿਆ। ਉਹ ਦੋਵੇਂ ਵੇਲੇ ਪੈਦਲ ਉੱਥੇ ਚਲਿਆ ਜਾਂਦਾ ਸੀ। ਉਸ ਨੇ ਸਵੇਰੇ-ਸ਼ਾਮ ਸੈਰ ਕਰਨ ਲਈ ਵੀ ਥਾਂ ਲੱਭ ਲਈ ਸੀ। ਸ਼ਨਿੱਚਰਵਾਰ ਤੇ ਐਤਵਾਰ ਤਾਂ ਉਸ ਦੇ ਬੱਚਿਆਂ ਨਾਲ ਲੰਘ ਜਾਂਦੇ। ਬਹੁਤ ਰੁੱਝਿਆਂ ਵੀ ਗਾਇਤਰੀ ਸਹੁਰੇ ਦਾ ਪੂਰਾ ਖ਼ਿਆਲ ਰੱਖਣ ਦੀ ਕੋਸ਼ਿਸ਼ ਕਰਦੀ ਸੀ।

ਮਹੀਨੇ ਦੇ ਆਖ਼ਰੀ ਸ਼ਨਿੱਚਰਵਾਰ ਸਾਰਾ ਦਿਨ ਅਜੀਤ ਘਰ ਸੀ। ਸ਼ਾਮ ਦੇ ਪੰਜ ਵਜੇ ਹਨੇਰਾ ਹੋਣ ਲੱਗਾ ਸੀ ਕਿ ਅਜੀਤ ਨੇ ਕਿਹਾ, "ਬਾਪੂ ਜੀ, ਤੁਸੀਂ ਤਿਆਰ ਹੋ ਜਾਵੋ।"

"ਕਿਉਂ ਪੁੱਤ ਕਿਤੇ ਜਾਣਾ ਹੈ?" ਸੰਤੋਖ ਸਿੰਘ ਨੇ ਪੁੱਛਿਆ। "ਹਾਂ ਬਾਪੂ ਜੀ, ਇਸ ਬਲਾਕ 'ਚ ਨੰਬਰ ਬਿਆਸੀ ਵਿੱਚ ਡੇਵਿਡ ਦੇ ਘਰ ਜਾਣਾ ਹੈ।"

ਡੇਵਿਡ ਬਾਰੇ ਕੁਝ ਵੀ ਪੁੱਛੇ ਬਿਨਾਂ ਉਹ ਤਿਆਰ ਹੋਣ ਲੱਗਾ। ਨੰਬਰ ਬਿਆਸੀ ਇਸੇ ਬਲਾਕ ਵਿੱਚ ਬਾਹਰੋਂ ਵੇਖਣ ਨੂੰ ਵੱਡਾ ਸਾਰਾ ਦੋ ਮੰਜ਼ਿਲਾ ਘਰ ਸੀ ਜਿਸ ਬਾਰੇ ਅਜੀਤ ਨੂੰ ਸਭ ਪਤਾ ਸੀ। ਉੱਥੇ ਪਹੁੰਚ ਸੰਤੋਖ ਸਿੰਘ ਨੂੰ ਨੰਬਰ ਬਿਆਸੀ ਮੂਹਰੇ ਵੱਡਾ ਸਾਰਾ ਲਾਅਨ ਦਿਖਾਈ ਦਿੱਤਾ ਜਿਸ ਵਿੱਚ ਪਹਿਲਾਂ ਤੋਂ ਹੀ ਦਸ-ਬਾਰਾਂ ਮਰਦ ਤੇ ਔਰਤਾਂ ਦਿੱਸੀਆਂ। ਅਜੀਤ ਨੇ ਉਸ ਘਰ ਜਾ ਆਪਣੇ ਬਾਪੂ ਜੀ ਦੀ, ਜਿਸ ਬੰਦੇ ਨਾਲ ਜਾਣ-ਪਛਾਣ ਕਰਵਾਈ, ਉਹ ਕੋਈ ਸੱਤਰ ਤੋਂ ਵੀ ਵੱਧ ਉਮਰ ਦਾ ਇੱਕ ਲੰਬਾ ਗੋਰਾ ਅੰਗਰੇਜ਼ ਡੇਵਿਡ ਸੀ। ਉਹ ਬਹੁਤ ਗਰਮਜੋਸ਼ੀ ਨਾਲ ਮਾਸਟਰ ਸੰਤੋਖ ਸਿੰਘ ਨੂੰ ਮਿਲਿਆ।

ਬਾਹਰ ਲਾਅਨ ਵਿੱਚ ਸਰਦੀ ਵੱਧ ਹੋਣ ਕਰਕੇ ਦੋ ਸਟੈਂਡਿੰਗ ਗੈਸ ਹੀਟਰ ਚੱਲ ਰਹੇ ਸਨ। ਇੱਕ ਪਾਸੇ ਨੂੰ ਕਰਕੇ ਬਾਰਬੀਕਿਊ 'ਤੇ ਸਬਜ਼ੀਆਂ ਭੁੰਨੀਆਂ ਜਾ ਰਹੀਆਂ ਸਨ। ਮਾਸ ਭੁੰਨਿਆ ਜਾ ਰਿਹਾ ਸੀ। ਉਸ ਨੇੜੇ ਮੇਜ਼ 'ਤੇ ਸ਼ਰਾਬ ਦੀਆਂ ਤਿੰਨ-ਚਾਰ ਬੋਤਲਾਂ ਪਈਆਂ ਸਨ। ਗਿਲਾਸ ਪਏ ਸਨ। ਕੁਰਸੀਆਂ 'ਤੇ ਬੈਠ ਸਾਰੇ ਕੁਝ ਖਾ ਰਹੇ ਸਨ। ਗੱਪਾਂ ਮਾਰ ਰਹੇ ਸਨ।

ਮਾਸਟਰ ਸੰਤੋਖ ਸਿੰਘ ਤੇ ਅਜੀਤ ਵੀ ਕੁਰਸੀਆਂ 'ਤੇ ਬੈਠ ਗਏ। ਅਜੀਤ ਨੇ ਆਪਣੇ ਬਾਪੂ ਜੀ ਨੂੰ ਦੱਸਿਆ, "ਡੇਵਿਡ ਇਸ ਵੱਡੇ ਸਾਰੇ ਘਰ ਵਿੱਚ ਇਕੱਲਾ ਰਹਿੰਦਾ ਹੈ। ਇਹ ਸਰਕਾਰੀ ਨੌਕਰੀ ਤੋਂ ਰਿਟਾਇਰ ਹੋ ਚੁੱਕਿਆ ਹੈ। ਇਸ ਦੀ ਪਤਨੀ ਪੰਜ ਸਾਲ ਪਹਿਲਾਂ ਕੈਂਸਰ ਨਾਲ ਮਰ ਗਈ ਸੀ। ਇਸ ਦਾ ਇੱਕੋ-ਇੱਕ ਪੁੱਤ ਅਮਰੀਕਾ 'ਚ ਇੰਜੀਨੀਅਰ ਲੱਗਿਆ ਹੋਇਆ ਹੈ। ਉਸ ਨੂੰ ਇਸ ਸ਼ਾਂਤ ਮੁਲਕ ਵਿੱਚ ਰਹਿਣਾ ਪਸੰਦ ਨਹੀਂ ਸੀ। ਕੰਪਨੀ ਨੇ ਉਸ ਨੂੰ ਉੱਥੇ ਜਾਣ ਲਈ ਆਫ਼ਰ ਦਿੱਤੀ ਤਾਂ ਉਹ ਝੱਟ ਤਿਆਰ ਹੋ ਗਿਆ। ਉਸ ਨੇ ਨਹੀਂ ਸੋਚਿਆ ਕਿ ਬਾਅਦ ਵਿੱਚ ਉਸ ਦੇ ਇਕੱਲੇ ਡੈਡ ਦਾ ਕੀ ਹੋਵੇਗਾ? ਉਹ ਆਸਟਰੇਲੀਆ ਇੱਕ ਵਾਰੀ ਚੱਕਰ ਮਾਰ ਗਿਆ ਸੀ, ਜਦੋਂ ਉਹਦੀ ਮਾਂ ਮਰੀ ਸੀ। ਫਿਰ ਉਹ ਮੁੜ ਕੇ ਕਦੇ ਨਹੀਂ ਆਇਆ। ਇਸ ਮੁਲਕ ਵਿੱਚ ਇਸੇ ਤਰ੍ਹਾਂ ਹੁੰਦਾ ਹੈ। ਜਦੋਂ ਬੱਚੇ ਸਕੂਲ ਪਾਸ ਕਰ ਲੈਂਦੇ ਹਨ ਤਾਂ ਆਪਣੀ ਗਰਲ ਫਰੈਂਡ ਨਾਲ ਆਪਣੇ ਮਾਪਿਆਂ ਨਾਲੋਂ ਵੱਖਰੇ ਹੋ ਜਾਂਦੇ ਹਨ। ਡੇਵਿਡ ਨੇ ਆਪਣੀ ਇਕੱਲ ਦੂਰ ਕਰਨ ਲਈ ਟੌਮੀ ਤੇ ਸੈਮੂ ਨਾਂ ਦੇ ਕੁੱਤੇ ਪਾਲ ਰੱਖੇ ਹਨ। ਉਹ ਆਪਣੇ ਕੁੱਤਿਆਂ ਨੂੰ ਬਹੁਤ ਪਿਆਰ ਕਰਦਾ ਹੈ। ਓਹੀ ਇਸ ਦੀ ਇਕੱਲ ਦੂਰ ਕਰਦੇ ਹਨ। ਇਹ ਸਾਰਾ ਦਿਨ ਉਨ੍ਹਾਂ ਵਿੱਚ ਰੁੱਝਿਆ ਰਹਿੰਦਾ ਹੈ। ਉਹ ਤਾਂ ਰਾਤੀਂ ਸੌਂਦੇ ਵੀ ਇਹਦੇ ਨਾਲ ਹਨ। ਡੇਵਿਡ ਘਰ ਮਹੀਨੇ ਦੇ ਦੂਜੇ ਤੇ ਆਖ਼ਰੀ ਸ਼ਨਿੱਚਰਵਾਰ ਬਲਾਕ ਦੇ ਕਾਫ਼ੀ ਲੋਕ ਆਉਂਦੇ ਹਨ। ਦਾਰੂ ਪੀਂਦੇ ਹਨ। ਭੁੰਨਿਆ ਮਾਸ ਖਾਂਦੇ ਹਨ। ਡੇਵਿਡ ਬਹੁਤ ਸੋਹਣਾ ਵਾਇਲਨ ਵਜਾਉਂਦਾ। ਕਈ ਵਾਰੀ ਉਸ ਦੇ ਵਾਇਲਨ 'ਚੋਂ ਸੋਗ ਭਰੀ ਆਵਾਜ਼ ਨਿਕਲਦੀ ਹੈ। ਪਤਾ ਨਹੀਂ ਉਸ ਨੂੰ ਕੌਣ ਯਾਦ ਆਉਂਦਾ ਹੈ? ਆਪਣਾ ਪੁੱਤ ਜਾਂ ਫਿਰ ਆਪਣੀ ਪਤਨੀ। ਸਾਰੇ ਮੰਤਰ ਮੁਗਧ ਹੋਏ ਵਾਇਲਨ ਸੁਣਦੇ ਰਹਿੰਦੇ ਨੇ।"

ਜਦੋਂ ਮਾਸਟਰ ਸੰਤੋਖ ਸਿੰਘ ਪੁੱਤ ਅਜੀਤ ਨਾਲ ਘਰ ਮੁੜਿਆ ਤਾਂ ਰਾਤ ਦੇ ਦਸ ਵੱਜ ਰਹੇ ਸਨ। ਇਹ ਸਭ ਉਸ ਨੂੰ ਬਹੁਤ ਚੰਗਾ ਲੱਗਾ ਸੀ। ਨੰਬਰ ਬਿਆਸੀ 'ਚ ਜਾ ਕੇ ਉਹ ਭੁੱਲ ਹੀ ਗਿਆ ਸੀ ਕਿ ਇਸ ਮੁਲਕ ਵਿੱਚ ਟੁੱਟੇ-ਟੁੱਟੇ ਤੇ ਅੱਡ-ਅੱਡ ਲੋਕ ਰਹਿੰਦੇ ਹਨ। ਸਗੋਂ ਇੱਥੇ ਤਾਂ ਉਹ ਇੱਕ-ਦੂਜੇ ਨੂੰ ਇੰਜ ਮਿਲ ਰਹੇ ਸਨ ਜਿਵੇਂ ਇਹ ਤਾਂ ਸਾਰੇ ਕਦੇ ਵੱਖਰੇ ਹੋਏ ਹੀ ਨਹੀਂ। ਕਦੇ ਇਕੱਲੇ ਰਹੇ ਹੀ ਨਹੀਂ। ਡੇਵਿਡ ਨੂੰ ਵੇਖ ਉਹ ਆਪਣੇ ਬਾਰੇ ਸੋਚਣ ਲੱਗਦਾ, "ਜਦੋਂ ਡੇਵਿਡ ਇਕੱਲਾ ਬਿਨਾਂ ਕਿਸੇ ਆਸਰੇ ਦੇ ਰਹਿ ਸਕਦਾ। ਫਿਰ ਮੈਂ ਕਿਉਂ ਨਹੀਂ? ਮੇਰੇ ਨਾਲ ਤਾਂ ਮੇਰੀ ਨੂੰਹ ਹੈ। ਮੇਰਾ ਪੁੱਤ ਹੈ। ਮੇਰੇ ਨਾਲ ਤਾਂ ਮੇਰਾ ਪੋਤਾ ਹੈ।"

ਉਸ ਨੂੰ ਆਸਟਰੇਲੀਆ ਆਇਆਂ ਨੂੰ ਚਾਰ ਮਹੀਨੇ ਹੋ ਚੱਲੇ ਸਨ। ਹੁਣ ਉਸ ਦੇ ਦਿਨ ਸੁਖਾਲੇ ਲੰਘਦੇ ਸਨ, ਪਰ ਮਹੀਨੇ ਵਿੱਚ ਡੇਵਿਡ ਘਰ ਜਾਣਾ ਉਸ ਨੂੰ ਹੋਰ ਵੀ ਚੰਗਾ ਲੱਗਦਾ ਸੀ। ਉਹ ਆਪ ਅਤੇ ਉਸ ਦਾ ਪੁੱਤ ਸ਼ਰਾਬ ਨਹੀਂ ਪੀਂਦੇ ਸਨ। ਉਹ ਤਾਂ ਸ਼ਾਕਾਹਾਰੀ ਵੀ ਸਨ, ਪਰ ਤਾਂ ਵੀ ਉਹ ਉਸ ਥਾਂ ਦੇ ਮਾਹੌਲ ਨੂੰ ਪਸੰਦ ਕਰਦੇ ਸਨ। ਡੇਵਿਡ ਕਿੰਨਾ-ਕਿੰਨਾ ਚਿਰ ਵਾਇਲਨ ਵਜਾਉਂਦਾ ਰਹਿੰਦਾ। ਉੱਥੇ ਦੋ ਤਿੰਨ ਜਣੇ ਅੰਗਰੇਜ਼ੀ ਗੀਤ ਵੀ ਗਾਉਂਦੇ। ਉਨ੍ਹਾਂ ਵਿੱਚੋਂ ਕਈ ਡੇਵਿਡ ਦੇ ਕੁੱਤਿਆਂ ਨਾਲ ਵੀ ਖੇਡਦੇ ਰਹਿੰਦੇ ਸਨ। ਉੱਥੇ ਮਾਸਟਰ ਸੰਤੋਖ ਸਿੰਘ ਲਈ ਸਾਰਾ ਕੁਝ ਬਹੁਤ ਦਿਲਪ੍ਰਚਾਵੇ ਵਾਲਾ ਹੁੰਦਾ ਸੀ। ਫਿਰ ਇੱਕ ਸ਼ਾਮ ਅਜੀਤ ਚਿਰਕਾ ਪਹਿਲਾਂ ਆਪਣੀ ਡਿਊਟੀ ਤੋਂ ਘਰ ਆ ਬੋਲਿਆ, "ਬਾਪੂ ਜੀ, ਛੇਤੀ ਤਿਆਰ ਹੋ ਜਾਵੋ। ਅਸੀਂ ਹੁਣੇ ਡੇਵਿਡ ਘਰ ਜਾਣਾ ਹੈ।"

ਅਜੀਤ ਦੇ ਮੂੰਹੋਂ ਇਹ ਸੁਣ ਕੇ ਉਹ ਪੁੱਤ ਦੇ ਮੂੰਹ ਵੱਲ ਵੇਖਣ ਲੱਗਾ ਕਿਉਂਕਿ ਅੱਜ ਤਾਂ ਬੁੱਧਵਾਰ ਸੀ। ਫਿਰ ਡੇਵਿਡ ਘਰ? ਉਹ ਪੁੱਛਦਾ-ਪੁੱਛਦਾ ਹੀ ਰਹਿ ਗਿਆ, ਪਰ ਉਸ ਨੇ ਕੁਝ ਨਹੀਂ ਪੁੱਛਿਆ। ਉਹ ਛੇਤੀ ਨਾਲ ਤਿਆਰ ਹੋ ਪੁੱਤ ਨਾਲ ਡੇਵਿਡ ਦੇ ਘਰ ਵੱਲ ਤੁਰ ਪਿਆ।

ਨੰਬਰ ਬਿਆਸੀ ਬਾਹਰ ਸੜਕ 'ਤੇ ਗੱਡੀਆਂ ਦੀ ਲੰਮੀ ਕਤਾਰ ਲੱਗੀ ਹੋਈ ਸੀ। "ਅੱਗੇ ਤਾਂ ਕਦੇ ਇਸ ਤਰ੍ਹਾਂ ਨਹੀਂ ਹੋਇਆ" ਸੰਤੋਖ ਸਿੰਘ ਦੇ ਮਨ ਵਿੱਚ ਸੋਚ ਆਈ। ਉਹ ਪੁੱਤ ਨਾਲ ਘਰ ਅੰਦਰ ਦਾਖ਼ਲ ਹੋਇਆ ਤਾਂ ਉੱਥੇ ਬਹੁਤ ਸਾਰੇ ਬੰਦੇ ਬੈਠੇ ਦਿੱਸੇ। ਉਨ੍ਹਾਂ ਵਿੱਚੋਂ ਕੁਝ ਤਾਂ ਉਸ ਨੂੰ ਨੰਬਰ ਬਿਆਸੀ ਵਿੱਚ ਪਹਿਲੀ ਵਾਰੀ ਦਿਖਾਈ ਦਿੱਤੇ ਸਨ। ਉਹ ਸਾਰੇ ਚੁੱਪ ਸਨ। ਕੋਈ ਗੱਲ ਨਹੀਂ ਕਰ ਰਹੇ ਸਨ। ਕੁਝ ਬੋਲ ਨਹੀਂ ਰਹੇ ਸਨ। ਅੰਦਰ ਦਾ ਮਾਹੌਲ ਬਹੁਤ ਗ਼ਮਗੀਨ ਲੱਗ ਰਿਹਾ ਸੀ।

ਉਹ ਦੋਵੇਂ ਉਨ੍ਹਾਂ ਲੋਕਾਂ ਵਿੱਚ ਕੁਰਸੀਆਂ 'ਤੇ ਬਹਿ ਗਏ। ਅਜੀਤ ਨੇ ਆਪਣੇ ਬਾਪੂ ਜੀ ਨੂੰ ਹੌਲੇ ਦੇ ਕੇ ਕਿਹਾ, "ਬਾਪੂ ਜੀ, ਅਮਰੀਕਾ ਰਹਿੰਦਾ ਡੇਵਿਡ ਦਾ ਇਕੱਲਾ ਪੁੱਤ ਕਾਰ ਐਕਸੀਡੈਂਟ ਵਿੱਚ ਮਾਰਿਆ ਗਿਆ। ਭਾਵੇਂ ਇਸ ਗੱਲ ਨੂੰ ਤਾਂ ਹਫ਼ਤਾ ਹੋ ਚੱਲਿਆ, ਪਰ ਬਲਾਕ 'ਚ ਕੱਲ੍ਹ ਹੀ ਪਤਾ ਲੱਗਿਆ। ਅਸੀਂ ਸਾਰੇ ਉਸ ਦਾ ਅਫ਼ਸੋਸ ਕਰਨ ਲਈ ਨੰਬਰ ਬਿਆਸੀ ਵਿੱਚ ਆਏ ਹਾਂ।"

ਇਹ ਸੁਣ ਕੇ ਇੱਕ ਵਾਰੀ ਤਾਂ ਮਾਸਟਰ ਸੰਤੋਖ ਸਿੰਘ ਦਾ ਅੰਦਰ ਧੱਕ ਕਰਕੇ ਹੋ ਗਿਆ ਤੇ ਫਿਰ ਉਸ ਦੀ ਨਜ਼ਰ ਡੇਵਿਡ ਦੇ ਚਿਹਰੇ ਵੱਲ ਚਲੀ ਗਈ। ਉਹ ਥੋੜ੍ਹਾ ਚੁੱਪ ਜ਼ਰੂਰ ਦਿੱਸਿਆ। ਇਸ ਤੋਂ ਵੱਧ ਤਾਂ ਉੱਥੇ ਹੋਰ ਕੁਝ ਵੀ ਨਹੀਂ ਸੀ। ਸੰਤੋਖ ਸਿੰਘ ਨੂੰ ਚੇਤੇ ਆਇਆ ਕਿ ਉਸ ਦੇ ਪਿੰਡ ਤਾਂ ਇਸ ਤਰ੍ਹਾਂ ਨਹੀਂ ਸੀ ਹੋਇਆ ਜਦੋਂ ਲੰਬੜਦਾਰ ਗੁਰਮੇਲ ਸਿੰਘ ਦਾ ਜਵਾਨ ਪੁੱਤ ਮੋਟਰਸਾਈਕਲ 'ਤੇ ਜਾਂਦਾ ਟਰੈਕਟਰ ਨਾਲ ਟਕਰਾ ਕੇ ਮਰ ਗਿਆ ਸੀ। ਉਦੋਂ ਇਕੱਲੇ ਲੰਬਰਦਾਰ ਨੇ ਹੀ ਨਹੀਂ ਸਗੋਂ ਘਰ ਦੇ ਬਾਕੀ ਜੀਆਂ ਨੇ ਵੀ ਚੀਕਾਂ ਮਾਰ-ਮਾਰ ਕੇ ਜਿਵੇਂ ਆਕਾਸ਼ ਹੀ ਹਿਲਾ ਦਿੱਤਾ ਸੀ।

ਫਿਰ ਨੰਬਰ ਬਿਆਸੀ ਵਿੱਚ ਆਏ ਸਾਰੇ ਜਣੇ ਇੱਕ ਵਾਰੀ ਖੜ੍ਹੇ ਹੋ ਗਏ। ਕੁਝ ਚਿਰ ਲਈ ਉਨ੍ਹਾਂ ਅੱਖਾਂ ਬੰਦ ਕਰ ਲਈਆਂ। ਫਿਰ ਉਹ ਇੱਕ-ਇੱਕ ਕਰਕੇ ਘਰੋਂ ਬਾਹਰ ਜਾਣ ਲੱਗੇ। ਹਰ ਕੋਈ ਕੁਝ ਪਲਾਂ ਲਈ ਡੇਵਿਡ ਸਾਹਮਣੇ ਖੜ੍ਹਾ ਹੁੰਦਾ। ਉਨ੍ਹਾਂ ਵਿੱਚੋਂ ਕੋਈ ਵੀ ਕੁਝ ਬੋਲਦਾ ਨਹੀਂ ਸੀ। ਬਾਕੀ ਬਹੁਤੇ ਤਾਂ ਚੁੱਪ-ਚਾਪ ਘਰੋਂ ਬਾਹਰ ਨਿਕਲ ਜਾਂਦੇ।

ਜਦੋਂ ਮਾਸਟਰ ਸੰਤੋਖ ਸਿੰਘ ਦੀ ਵਾਰੀ ਆਈ ਤਾਂ ਉਸ ਦੇ ਮੂੰਹੋਂ 'ਵੈਰੀ ਸੈਡ' ਸਿਰਫ਼ ਦੋ ਸ਼ਬਦ ਹੀ ਨਿਕਲੇ ਤੇ ਫਿਰ ਉਹ ਪੁੱਤ ਨਾਲ ਆਪਣੇ ਘਰ ਵੱਲ ਤੁਰ ਪਿਆ। ਘਰ ਆ ਕੇ ਅਜੀਤ ਤਾਂ ਪੁੱਤ ਤੇ ਪਤਨੀ ਨੂੰ ਨਾਲ ਲੈ ਕੇ ਕਿਸੇ ਦੋਸਤ ਘਰ ਚਲਾ ਗਿਆ ਤੇ ਮਾਸਟਰ ਸੰਤੋਖ ਇਕੱਲਾ ਘਰ ਰਹਿ ਗਿਆ। ਉਸ ਦਾ ਅੰਦਰ ਬਹੁਤ ਉਦਾਸ ਸੀ। ਉਸ ਨੂੰ ਡੇਵਿਡ ਦਾ ਖ਼ਿਆਲ ਆਈ ਜਾ ਰਿਹਾ ਸੀ ਜਿਸ ਦਾ ਇਕੱਲਾ ਜੁਆਨ ਪੁੱਤ ਹਾਦਸੇ ਵਿੱਚ ਮਰ ਗਿਆ ਸੀ। ਅਜਿਹਾ ਹੋਣ 'ਤੇ ਪੁੱਤ ਅਜੀਤ ਦੇ ਬਹੁਤ ਕਹਿਣ ਉੱਤੇ ਵੀ ਸੰਤੋਖ ਸਿੰਘ ਉਨ੍ਹਾਂ ਨਾਲ ਪਾਰਟੀ 'ਤੇ ਨਹੀਂ ਸੀ ਗਿਆ। ਸ਼ਾਮ ਹੋਈ ਤੇ ਫਿਰ ਰਾਤ ਹੋ ਗਈ। ਅਜੀਤ ਅਜੇ ਵਾਪਸ ਨਹੀਂ ਸੀ ਮੁੜਿਆ। ਮਾਸਟਰ ਸੰਤੋਖ ਸਿੰਘ ਦਾ ਅੰਦਰ ਬਹੁਤ ਕਾਹਲਾ ਪੈ ਰਿਹਾ ਸੀ। ਉਸ ਦਾ ਮਨ ਕਰ ਰਿਹਾ ਸੀ ਕਿ ਉਹ ਇਕੱਲਾ ਡੇਵਿਡ ਘਰ ਚਲਿਆ ਜਾਵੇ। ਉਸ ਨਾਲ ਗੱਲਾਂ ਕਰੇ। ਉਸ ਨੂੰ ਦਿਲਾਸਾ ਦੇਵੇ। ਉਸ ਦਾ ਸਾਰਾ ਦੁੱਖ ਵੰਡ ਲਵੇ।

ਉਹ ਸੱਚਮੁੱਚ ਘਰੋਂ ਬਾਹਰ ਨਿਕਲ ਆਇਆ। ਉਹ ਡੇਵਿਡ ਦੇ ਘਰ ਵੱਲ ਹੋ ਲਿਆ। ਤੁਰਦਿਆਂ ਮਾਸਟਰ ਸੰਤੋਖ ਸਿੰਘ ਨੂੰ ਦੂਰੋਂ ਨੰਬਰ ਬਿਆਸੀ ਦਿਸਿਆ, ਪਰ ਘਰ ਅੰਦਰ ਘੁੱਪ ਹਨੇਰਾ ਦਿਖਾਈ ਦਿੱਤਾ। ਕੋਈ ਬੱਤੀ ਨਹੀਂ ਜਗ ਰਹੀ ਸੀ ਜਦੋਂਕਿ ਅਜਿਹਾ ਤਾਂ ਬਲਾਕ ਦੇ ਕਿਸੇ ਘਰ ਵਿੱਚ ਨਹੀਂ ਹੁੰਦਾ।

"ਉਹ ਜ਼ਰੂਰ ਪੁੱਤ ਦੇ ਦੁੱਖ ਵਿੱਚ ਘਰ 'ਚ ਹਨੇਰਾ ਕਰ ਮਰਿਆਂ ਵਾਂਗ ਬੈੱਡ 'ਤੇ ਲੰਮਾ ਪਿਆ ਹੋਵੇਗਾ।" ਇਹ ਸੋਚਦਾ ਹੋਇਆ ਸੰਤੋਖ ਸਿੰਘ ਨੰਬਰ ਬਿਆਸੀ ਨੇੜੇ ਪਹੁੰਚ ਗਿਆ, ਪਰ ਇਸ ਤਰ੍ਹਾਂ ਨਹੀਂ ਹੋਇਆ। ਭਾਵੇਂ ਨੰਬਰ ਬਿਆਸੀ ਵਿੱਚ ਉਸ ਵੇਲੇ ਘੁੱਪ ਹਨੇਰਾ ਸੀ, ਪਰ ਤਾਂ ਵੀ ਅੰਦਰੋਂ ਡੇਵਿਡ ਦੇ ਵਾਇਲਨ ਵਜਾਉਣ ਦੀ ਆਵਾਜ਼ ਆ ਰਹੀ ਸੀ।

ਤੁਰਦੇ ਹੋਏ ਮਾਸਟਰ ਸੰਤੋਖ ਸਿੰਘ ਦੇ ਕਦਮ ਰੁਕ ਗਏ। ਉਹ ਵਾਇਲਨ ਦੀ ਆਵਾਜ਼ ਸੁਣਨ ਲੱਗਿਆ। ਉਸ ਨੂੰ ਵਾਇਲਨ ਦੀਆਂ ਤਾਰਾਂ ਵਿੱਚੋਂ ਡੇਵਿਡ ਦੇ ਰੋਣ ਦੀ ਆਵਾਜ਼ ਸੁਣਾਈ ਦੇ ਰਹੀ ਸੀ। ਉਹ ਕਾਫ਼ੀ ਚਿਰ ਉੱਥੇ ਖੜ੍ਹਾ ਰਿਹਾ ਤੇ ਫਿਰ ਚੁੱਪ-ਚਾਪ ਆਪਣੇ ਘਰ ਆ ਗਿਆ।

ਤਿੰਨ-ਚਾਰ ਮਹੀਨੇ ਹੋਰ ਲੰਘ ਗਏ। ਮਹੀਨੇ ਦੇ ਦੂਜੇ ਤੇ ਆਖ਼ਰੀ ਸ਼ਨਿੱਚਰਵਾਰ ਫਿਰ ਸਾਰੇ ਡੇਵਿਡ ਘਰ ਇਕੱਠੇ ਹੋਣ ਲੱਗੇ। ਉੱਥੇ ਡੇਵਿਡ ਵਾਇਲਨ ਵਜਾਉਂਦਾ। ਇੱਕ-ਦੋ ਜਣੇ ਅੰਗਰੇਜ਼ੀ ਗੀਤ ਗਾਉਂਦੇ। ਇੱਕ-ਦੂਜੇ ਦੇ ਗਲ ਮਿਲਦੇ। ਜਿਵੇਂ ਉਹ ਸਾਰੇ ਕਦੋਂ ਦੇ ਡੇਵਿਡ ਦੇ ਪੁੱਤ ਦੀ ਮੌਤ ਬਾਰੇ ਭੁੱਲ ਗਏ ਸੀ। ਸਾਰਾ ਕੁਝ ਸਾਧਾਰਨ ਹੋ ਗਿਆ ਸੀ, ਪਰ ਮਾਸਟਰ ਸੰਤੋਖ ਸਿੰਘ?

ਇੱਕ ਦਿਨ ਅਜੀਤ ਫਿਰ ਆਫਿਸ ਤੋਂ ਦੋ ਘੰਟੇ ਪਹਿਲਾਂ ਆ ਗਿਆ। ਉਸ ਦਿਨ ਵੀ ਸ਼ਨਿੱਚਰਵਾਰ ਦੀ ਛੁੱਟੀ ਨਹੀਂ ਸੀ। ਉਹ ਜਿਵੇਂ ਬਹੁਤ ਕਾਹਲ ਵਿੱਚ ਸੀ। ਉਸ ਨੇ ਆਉਂਦਿਆਂ ਫਿਰ ਆਪਣੇ ਬਾਪੂ ਜੀ ਨੂੰ ਤਿਆਰ ਹੋਣ ਲਈ ਕਿਹਾ ਕਿਉਂਕਿ ਡੇਵਿਡ ਘਰ ਜਾਣਾ ਸੀ।

(ਬਾਕੀ ਸਫ਼ਾ 31 'ਤੇ)

# ਮੇਰੀ ਕਲਮ

## ਸਮਾਂ ਜਦ ਫ਼ੈਸਲਾ ਕਰਦਾ ਕਦੋਂ ਪੁੱਛਦਾ ਗਵਾਹਾਂ ਨੂੰ

ਅਮਰੀਕ ਡੋਗਰਾ

ਸਮਾਂ ਜਦ ਫ਼ੈਸਲਾ ਕਰਦਾ ਕਦੋਂ ਪੁੱਛਦਾ ਗਵਾਹਾਂ ਨੂੰ ।
ਮੈਂ ਇਹ ਗੱਲ ਦੱਸਣੀ ਚਾਹੁੰਨਾਂ ਇਨ੍ਹਾਂ ਸੰਸਦ ਦੇ ਸ਼ਾਹਾਂ ਨੂੰ।

ਤੁਹਾਡਾ ਕੰਮ ਢਾਹੁਣਾ ਮਸਜਿਦਾਂ ਤੇ ਖ਼ਾਨਕਾਹਾਂ ਨੂੰ।
ਅਸਾਡਾ ਫ਼ਰਜ਼ ਹੈ ਗੁਲਸ਼ਨ ਬਣਾਉਣਾ ਕਤਲਗਾਹਾਂ ਨੂੰ ।

ਸਮੇਂ ਦਾ ਕੀ ਪਤਾ ਉਹ ਕੀ ਤੋਂ ਕੀ ਇਕ ਪਲ ’ਚ ਕਰ ਦੇਵੇ
ਅਸੀਂ ਤਾਂ ਭੀਖ ਮੰਗਦੇ ਦੇਖਿਆ ਹੈ ਬਾਦਸ਼ਾਹਾਂ ਨੂੰ ।

ਉਹ ਸਾਰੇ ਸੂਲੀਆਂ ਲੈਕੇ ਤੇਰੇ ਮਹਿਲਾਂ ਨੂੰ ਆਵਣਗੇ
ਤੂੰ ਸੂਲੀ ਟੰਗਿਆ ਸੀ ਜਿੰਨਿਆਂ ਵੀ ਬੇਗੁਨਾਹਾਂ ਨੂੰ ।

ਤੇਰੇ ਹਾਸੇ ਦੀ ਝਾਲਰ ਵਿਛ ਗਈ ਹੋਣੀ ਹੈ ਖੇਤਾਂ ਵਿੱਚ
ਕਿਤੇ ਐਵੇਂ ਨਹੀਂ ਹੈ ਆ ਗਿਆ ਹੱਸਣਾ ਕਪਾਹਾਂ ਨੂੰ।

ਕਿਤੇ ਇਖਲਾਕ ਤੇ ਇਨਸਾਫ ਐਵੇਂ ਤਾਂ ਨਹੀਂ ਬਚਦੇ
ਤਸੀਹੇ ਝੱਲਣੇ ਪੈਂਦੇ ਨੇ ਪਹਿਲਾਂ ਪਾਤਸ਼ਾਹਾਂ ਨੂੰ।

ਭਵਿੱਖ ਸਾਡਾ ਡੁਬੋ ਕੇ ਆਪ ਜੋ ਹਸਦੇ ਨੇ ਪੱਤਣਾਂ ’ਤੇ
ਡੁਬੋ ਦੇਣਾ ਹੈ ਲਹਿਰਾਂ ਨੇ ਅਜਿਹੇ ਸਭ ਮਲਾਹਾਂ ਨੂੰ।

ਤੇਰੀ ਤਲਵਾਰ ਨੇ ਧੁੱਪ-ਛਾਂ-ਹਵਾ ਨੂੰ ਕਤਲ ਕਈ ਕਰਨਾ
ਮੁਹੱਬਤ ਨਾਲ ਭਰ ਦੇਵਾਂਗਾ ਮੈਂ ਕਾਤਲ ਨਿਗਾਹਾਂ ਨੂੰ।

## ਪੂਰੇ ਦੀ ਵਾ

ਅੰਮ੍ਰਿਤਾ ਪ੍ਰੀਤਮ



ਅੱਜ ਵਗਦੀ ਪੂਰੇ ਦੀ ਵਾ ।
ਦੋ ਅੱਖੀਆਂ ਦੀ ਨੀਂਦਰ ਵਿੱਚ ਤੂੰ
ਸੁਪਨਾ ਬਣ ਕੇ ਆ !
ਅੱਜ ਵਗਦੀ ਪੂਰੇ ਦੀ ਵਾ ।

ਹੁਣੇ ਮੈਂ ਖ਼ੁਸ਼ੀਆਂ ਦਾ ਮੂੰਹ ਤਕਿਆ
ਹੁਣੇ ਤਾਂ ਪਈਆਂ ਦਲੀਲੇ,
ਹੁਣੇ ਤਾਂ ਚੰਨ ਅਸਮਾਨੇ ਚੜ੍ਹਿਆ
ਹੁਣੇ ਤਾਂ ਬੱਦਲ ਨੀਲੇ,

ਹੁਣੇ ਜ਼ਿਕਰ ਸੀ ਤੇਰੇ ਮਿਲਣ ਦਾ
ਹੁਣੇ ਵਿਛੋੜੇ ਦਾ ।
ਅਜੇ ਵਗਦੀ ਪੂਰੇ ਦੀ ਵਾ ।

ਕਦਮਾਂ ਨੂੰ ਦੋ ਕਦਮ ਮਿਲੇ ਸਨ
ਜ਼ਿਮੀ ਨੇ ਸੁਣ ਲਈ ਸੋਅ,
ਪਾਣੀ ਦੇ ਵਿੱਚ ਘੁਲ ਗਈ ਠੰਢਕ
ਪੌਣਾਂ ਵਿੱਚ ਖੁਸ਼ਬੋ,

ਦਿਨ ਦਾ ਚਾਨਣ ਭੇਤ ਨਾ ਸਾਂਭੇ
ਰਾਤ ਨਾ ਦੇਂਦੀ ਰਾਹ ।
ਅੱਜ ਵਗਦੀ ਪੂਰੇ ਦੀ ਵਾ ।

ਅਜੇ ਮੇਰੇ ਦੋ ਕਦਮਾਂ ਨਾਲੋਂ
ਕਦਮ ਛੁਟਕ ਗਏ ਤੇਰੇ,
ਹੱਥ ਮੇਰੇ ਅਜ ਵਿੱਥਾਂ ਨਾਪਣ
ਅੱਖੀਆਂ ਟੋਹਣ ਹਨੇਰੇ,

ਜ਼ਿਮੀ ਤੋਂ ਲੈ ਕੇ ਅੰਬਰਾਂ ਤੀਕਣ
ਘਟਾਂ ਕਾਲੀਆਂ ਸ਼ਾਹ ।
ਅਜ ਵਗਦੀ ਪੂਰੇ ਦੀ ਵਾ ।

ਅੱਜ ਪਿਆ ਮੇਰੀ ਜਿੰਦ ਨੂੰ ਖੋਰੇ
ਦੋ ਅੱਖੀਆਂ ਦਾ ਪਾਣੀ,
ਮੀਟੇ ਹੋਏ ਮੇਰੇ ਦੋ ਹੋਠਾਂ ਦੀ
ਇੱਕ ਮਜਬੂਰ ਕਹਾਣੀ,

ਸਮੇਂ ਦੀਆਂ ਕਬਰਾਂ ਨੇ ਸਾਂਭੀ
ਸਮਾਂ ਜਗਾਵੇਗਾ ।
ਅੱਜ ਵਗਦੀ ਪੂਰੇ ਦੀ ਵਾ ।

ਦੋ ਅੱਖੀਆਂ ਦੀ ਨੀਂਦਰ ਵਿੱਚ ਤੂੰ
ਸੁਪਨਾ ਬਣ ਕੇ ਆ !
ਅੱਜ ਵਗਦੀ ਪੂਰੇ ਦੀ ਵਾ ।

## ਜੁਰਮ ਦਾ ਡਰ

ਰਵਿੰਦਰ ਸਿੰਘ ਕੁੰਦਰਾ
ਕਵੈਂਟਰੀ, ਯੂ.ਕੇ.
07748772308



ਬੀ. ਬੀ. ਸੀ. ਰੇਡੀਓ ਸ਼ੋਅ ਕਰਕੇ, ਘਰ ਜਾਣ ਲਈ ਜਦੋਂ ਮੈਂ ਉੱਠਿਆ,
ਸਕਿਉਰਿਟੀ ਟੀਮ ਦਾ ਇੱਕ ਬੰਦਾ, ਮੇਰੇ ਕੋਲ਼ ਅਛੋਪਲ਼ੇ ਆ ਢੁਕਿਆ।
ਕਹਿੰਦਾ ਤੇਰੀ ਕੈਮਰੇ ਉੱਤੇ, ਇੰਟਰਵਿਊ ਹੈ ਕੀਤੀ ਜਾਣੀ,
ਕੁੱਛ ਸਵਾਲ ਨੇ ਪੁੱਛੇ ਜਾਣੇਂ, ਰਿਕਾਰਡ ਹੋਵੇਗੀ ਤੇਰੀ ਕਹਾਣੀ।
ਸਵਾਲ ਉੱਠੇ ਕਈ ਤਰ੍ਹਾਂ ਦੇ, ਮੇਰੇ ਮਨ ਵਿੱਚ ਕਿੰਨੇ ਸਾਰੇ,
ਟੈਲੀਕਾਸਟ ਦੀ ਖ਼ੁਸ਼ੀ ਦੇ ਵਿੱਚ, ਮਨ ਲੈ ਰਿਹਾ ਸੀ ਖ਼ੂਬ ਹੁਲਾਰੇ।
ਮਾਣ ਨਾਲ਼ ਮੇਰਾ ਸੀਨਾ ਫੁੱਲਿਆ, ਮੇਰੇ ਵਿੱਚ ਤਾਂ ਹੈ ਖ਼ੂਬੀ ਕੋਈ,
ਮਸ਼ਹੂਰ ਲੋਕਾਂ ਦੀ ਸੂਚੀ ਵਿੱਚ, ਐਵੇਂ ਨਹੀਂ ਮੇਰੀ ਗਿਣਤੀ ਹੋਈ।
ਖ਼ੁਸ਼ੀ ਖ਼ੁਸ਼ੀ ਮੈਂ ਉੱਠ ਕੇ ਤੁਰਿਆ, ਉਸ ਭੱਦਰ ਪੁਰਸ਼ ਦੇ ਪਿੱਛੇ,
ਜਾ ਪਹੁੰਚਿਆ ਮੈਂ ਵਿੱਚ ਸਟੂਡਿਓ, ਬੇਸ਼ੁਮਾਰ ਜਿੱਥੇ ਕੈਮਰੇ ਡਿੱਠੇ।
ਲਾਈਟਾਂ ਸ਼ਾਈਟਾਂ ਉੱਪਰ ਥੱਲੇ, ਸੱਜੇ ਖੱਬੇ ਅਮਲਾ ਫੈਲਾ,
ਲੱਗਦਾ ਸੀ ਇਸ ਮਹੌਲ ਵਿੱਚ, ਮੈਂ ਹੀ ਸਾਂ ਇੱਕ ਬਾਂਕਾ ਛੈਲਾ।
ਸੋਹਣੇ ਜਿਹੇ ਇੱਕ ਸੋਫੇ ਉੱਤੇ, ਮੈਨੂੰ ਉਨ੍ਹਾਂ ਬਿਠਾ ਲਿਆ ਸੀ,
ਵੱਡਾ ਦਰਵਾਜ਼ਾ ਬੰਦ ਕਰਕੇ, ਅੰਦਰੋਂ ਕੁੰਡਾ ਲਾ ਲਿਆ ਸੀ।
ਉਡੀਕ ਰਿਹਾ ਸੀ ਬੜੀ ਹੀ ਜਲਦੀ, ਕਾਊਂਟ ਡਾਊਨ ਸ਼ੁਰੂ ਹੋਵੇਗਾ,
ਮੇਰੇ ਦੁਆਲ਼ੇ ਘੁੰਮਣਗੇ ਕੈਮਰੇ, ਅੱਗੇ ਪਿੱਛੇ ਕਰਿਊ ਹੋਵੇਗਾ।
ਪਰ ਉਡੀਕ ਦੀਆਂ ਸੁੰਦਰ ਘੜੀਆਂ, ਕਾਫੀ ਲੰਬੀਆਂ ਹੋਣ ਲੱਗ ਪਈਆਂ,
ਦੋ ਕੁ ਘੰਟੇ ਬੀਤਣ ਪਿੱਛੋਂ, ਤਰੇਲੀਆਂ ਮੈਨੂੰ ਆਉਣ ਲੱਗ ਪਈਆਂ।
ਦਾਲ਼ ਵਿੱਚ ਕੁੱਝ ਲੱਗਿਆ ਕਾਲ਼ਾ, ਮੈਨੂੰ ਸ਼ੱਕ ਕੋਈ ਹੋਰ ਹੀ ਪੈ ਗਿਆ,
ਸਕਿਉਰਿਟੀ ਵਾਲ਼ਾ ਕੈਮਰਾਮੈਨ ਦੇ, ਕੰਨ ਵਿੱਚ ਕੋਈ ਗੱਲ ਕਹਿ ਗਿਆ।
ਮੈਂ ਆਪਣੀ ਆਤਮਾ ਨੂੰ ਪੁੱਛਿਆ, ਕੀ ਮੈਂ ਕੋਈ ਜੁਰਮ ਹੈ ਕੀਤਾ ?
ਜਾਂ ਮੈਂ ਕਿਸੇ ਦਾ ਦਿਲ ਦੁਖਾਇਆ, ਜਾਂ ਝਗੜਾ ਕਿਸੇ ਨਾਲ਼ ਮੈਂ ਕੀਤਾ ?
ਲੱਗਦਾ ਸੀ ਖ਼ਾਸ ਕਿਸੇ ਕਾਰਨ, ਗਿਆ ਸੀ ਇਹ ਜਾਲ਼ ਵਿਛਾਇਆ,
ਕਿਸੇ ਗੁੱਝੇ ਮਕਸਦ ਖਾਤਰ, ਮੈਨੂੰ ਗਿਆ ਸੀ ਚੋਗਾ ਪਾਇਆ।
ਘਾਬਰ ਕੇ ਮੈਂ ਉੱਠ ਖੜੋਤਾ, ਭੱਜਣ ਦੀ ਮੈਂ ਕਰੀ ਤਿਆਰੀ,
ਮੇਰੀ ਪਤਲੀ ਹਾਲਤ ਦੇਖ ਕੇ, ਹੱਸ ਪਈ ਉਹ ਮੰਡਲੀ ਸਾਰੀ।
ਹਾਸੇ ਦੀ ਇਸ ਗੂੰਜ ਵਿੱਚ ਆਖਰ, ਮੇਰੀ ਜਾਨ ’ਚ ਜਾਨ ਫਿਰ ਆਈ,
ਅੱਖਾਂ ਖੁੱਲ੍ਹੀਆਂ ਸੁਪਨਾ ਟੁੱਟਿਆ, ਜੰਜਾਲ਼ ’ਚੋਂ ਮੇਰੀ ਹੋਈ ਰਿਹਾਈ।
ਨਾ ਉਹ ਚਮਕ ਦਮਕ ਨਾ ਕੈਮਰੇ, ਨਾ ਸਟੂਡਿਓ ਉਹ ਸੋਹਣ ਸੁਨੱਖਾ,
ਮੈਂ ਪਿਆ ਸੀ ਆਪਣੇ ਬੈੱਡ ’ਤੇ, ਸਾਹੋ ਸਾਹੀ ਹੱਕਾ ਬੱਕਾ।
ਸ਼ੁਕਰ ਕੀਤਾ ਮੈਂ ਫੇਰ ਰੱਬ ਦਾ, ਬਚ ਗਿਆ ਕਿਸੇ ਅਣਹੋਣੀ ਤੋਂ,
ਚੰਗਾ ਸੀ ਮੈਂ ਸਧਾਰਨ ਬੰਦਾ, ਚਮਕੀਲੀ ਐਸੀ ਜ਼ਿੰਦਗੀ ਸੋਹਣੀ ਤੋਂ।

## ਅਜੋਕਾ ਮਨੁੱਖ

ਉੱਤਮਵੀਰ ਸਿੰਘ ਦਾਊਂ

ਉਂਝ ਤਾਂ
ਹਰ ਸ਼ਖ਼ਸ
ਜੀਅ ਰਿਹਾ ਏ
ਚੈਨ ਦੀ ਜ਼ਿੰਦਗੀ
ਉੱਪਰੋਂ ਦਿਖਾਉਣ ਲਈ
ਕਿ ਸਭ ਕੁਝ ਹੈ ਠੀਕ
ਪਰ,
ਆਪਣੇ ਧੁਰ ਅੰਦਰ
ਲੁਕਾਈਂ ਬੈਠਾ ਏ
ਤੂਫ਼ਾਨ ਦੇ
ਆਉਣ ਤੋਂ ਪਹਿਲਾਂ
ਦਬੀ ਹੋਈ ਰੇਤ ਦੀ
ਖ਼ਾਮੋਸ਼ ਜਹੀ
ਬੇਚੈਨੀ
ਇਉਂ ਜਾਪਦਾ
ਜਿਵੇਂ ਪਲਾਂ ਛਿਣਾਂ ’ਚ
ਫਟ ਜਾਣਗੀਆਂ
ਦਿਮਾਗ਼ ਦੀਆਂ ਨਸਾਂ
ਤੇ ਓਹ
ਸਦਾ ਲਈ ਹੀ
ਚਿੰਤਾਵਾਂ, ਗੁਰਬਤਾਂ, ਤੋਹਮਤਾਂ ਦੀ
ਖ਼ਲਜਗਣ ਤੋਂ
ਹੋ ਜਾਏਗਾ ਸੁਰਖ਼ਰੂ
ਸ਼ਾਇਦ,
ਇਹੋ ਹੀ ਸੀ
ਉਸ ਦੀ ਹੋਂਦ ਦਾ
ਅੰਤ...

## ਸਾਉਣ ਮਹੀਨੇ ਕਾਲੇ ਬੱਦਲ, ਮੁੜਕੇ ਫੇਰ ਨੇ ਔੜੇ

ਇਕਬਾਲ ਦੀਵਾਨਾ



ਸਾਉਣ ਮਹੀਨੇ ਕਾਲੇ ਬੱਦਲ, ਮੁੜਕੇ ਫੇਰ ਨੇ ਔੜੇ ।
ਮੈਂ ‘ਦੀਨਾਰ’ ‘ਰਿਆਲ’ ਕੀ ਕਰਨੇ, ਪਾ ਵਤਨਾਂ ਵਲ ਮੋੜੇ ।
ਚੰਨ ਉਨ੍ਹਾਂ ਦੇ ਪੈਰਾਂ ਹੇਠਾਂ, ਜਿਹੜੇ ਉਦਮ ਕਰਦੇ,
ਹਿੱਕ ਤੋਂ ਬੇਰ ਨੂੰ ਚੁੱਕ ਨਾ ਸੱਕਣ, ਧੁਰ ਦਰਗਾਹੋਂ ਕੋੜ੍ਹੇ ।
ਪਰੇਮ ਨਗਰ ਦੇ ਕਾਇਦੇ-ਕੁੱਲੇ, ਦੁਨੀਆਂ ਨਾਲੋਂ ਵੱਖਰੇ,
ਗੂੜ੍ਹੀ ਹੁੰਦੀ ਹੋਰ ਮੁਹੱਬਤ, ਪੈਂਦੇ ਜਦੋਂ ਵਿਛੋੜੇ ।
ਇਸ਼ਕ ਸਮੁੰਦਰ ਦੇ ਵਿੱਚ ਬੀਬਾ, ਸੋਚ ਸਮਝ ਕੇ ਉੱਤਰੀਂ,
ਉੱਘ-ਸੁੱਘ ਇਹਦੀ ਕਿਤੇ ਨਾ ਲੱਭੀ, ਕਿੰਨੇ ਪੂਰ ਨੇ ਰੋੜ੍ਹੇ ।
ਅੱਗੇ ਈ ਜ਼ਖ਼ਮੋਂ-ਜ਼ਖ਼ਮ ‘ਦੀਵਾਨਾ’ ਪੱਥਰ ਹੋਰ ਨਾ ਮਾਰੋ,
ਜੇ ਅਪਣਾ ਝੱਸ ਪੂਰਾ ਕਰਨੈਂ, ਮਾਰੋ ਰੂੰ ਦੇ ਗੋਹੜੇ ।

## ਸ਼ੌਕ ਦੀ ਮਸਤੀ ਦੇ ਵਿੱਚ ਛਾਣੀ

ਅਸ.ਗਰ ‘ਸ਼ਾਮੀ’

ਸ਼ੌਕ ਦੀ ਮਸਤੀ ਦੇ ਵਿੱਚ ਛਾਣੀ, ਇੱਕ-ਇੱਕ ਗੁੱਠ ਜ਼ਮਾਨੇ ਦੀ ।
ਓੜਕ ਤੇਰੇ ਹੁਸਨ ਤੇ ਹੋਈ, ਅੰਤ ਅਖ਼ੀਰ ਫ਼ਸਾਨੇ ਦੀ ।

ਗੁੱਝੀਆਂ ਪੀੜਾਂ ਦੇ ਕੇ ਪੁੱਛੇਂ, ਹਾਲ ਨਿਮਾਣੇ ਲੋਕਾਂ ਦਾ,
ਕੀਹਦੇ ਕੋਲੋਂ ਸਿੱਖੀ ਏ ਤੂੰ, ਅਟਕਲ ਰੂਪ ਵਟਾਣੇ ਦੀ ।

ਜ਼ਿੱਦਲ ਸੱਜਣਾ ! ਆਪਣੀਆਂ ਸੋਚਾਂ ਵਿੱਚ ਤੂੰ ਕੁੱਝ ਤਰਮੀਮਾਂ ਕਰ,
ਮੈਨੂੰ ਭੁੱਲ ਜਾਵੇ ਨਾ ਆਦਤ, ਰਾਹ ਵਿੱਚ ਨੈਣ ਵਿਛਾਣੇ ਦੀ ।

ਅਣਖ਼ਾਂ ਦੀ ਤੱਕੜੀ ਤੇ ਮੈਨੂੰ, ਜ਼ਿਹਨ ਬਜ਼ਾਰੀ ਨਾਲ ਨਾ ਤੋਲ,
ਸ਼ੀਸ਼ ਝੁਕਾਣ ਤੋਂ ਵੱਧ ਏ ਮੈਨੂੰ, ਆਦਤ ਸ਼ੀਸ਼ ਕਟਾਣੇ ਦੀ ।

ਕਿਸਰਾਂ ਮੇਰੇ ਹੋਠਾਂ ’ਚੋਂ ਫੁੱਲ ਹਾਸਿਆਂ ਦੇ ਝੜ ਸਕਦੇ ਨੇ,
ਮੈਨੂੰ ਫਿਕਰ ਏ ਫੇਰ ਅੱਜ ‘ਅਸ.ਗਰ’ ਗ਼ਮ ਦੀ ਸ਼ਾਮ ਮਨਾਣੇ ਦੀ

## ਧਰਤੀ

ਸਮਰਜੀਤ ਸਿੰਘ ਸ਼ਮੀ



ਰੱਬ ਨੇ ਬਣਾਈ, ਧਰਤੀ ਸ਼ਿੰਗਾਰ ਕੇ
ਸਭ ਰੰਗ ਪਾਏ, ਆਪਣੇ ਪਸਾਰ ’ਤੇ
ਪੁੱਠਾ ਗੇੜਾ ਦੇ ਤਾ, ਬੰਦੇ ਨੇ ਸਵਾਰ ਕੇ
ਦਾਤੇ ਦੀਆਂ ਖੁੱਲ੍ਹਾਂ, ਤਾਈ ਜਿੰਦੇ ਮਾਰ ਕੇ

ਜੰਗਲ ਕਟਾਤੇ, ਵੱਢ ਦਿੱਤੇ ਰੁੱਖ ਜੀ
ਹੋ ਗਿਆ ਹੈ ਕੈਸਾ , ਦੇਖ ਲੌ ਮਨੁੱਖ ਜੀ
ਚਲਦਾ ਨਾ ਜ਼ੋਰ, ਵਧ ਗਈ ਭੁੱਖ ਜੀ
ਕਰਨਾ ਕੀ ਲੋਕੋ, ਲਗਦਾ ਹੈ ਦੁੱਖ ਜੀ

ਪੜ੍ਹੇ ਅਖ਼ਬਾਰਾਂ, ਤਾਂ ਵੀ ਨਹੀਂ ਜਾਗਦਾ
ਕੌਣ ਹੈ ਵਜਾਵੇ, ਵਾਜਾ ਮੌਤ ਰਾਗ ਦਾ
ਕੌਣ ਹੈ ਉਜਾੜੇ, ਰਾਖਾ ਕੌਣ ਬਾਗ ਦਾ
ਮਾੜਿਆ ਦੇ ਸੀਨੇ, ਗੋਲ਼ੀ ਕੌਣ ਦਾਗ਼ਦਾ

ਕੀ ਐ ਦੱਸ ਫ਼ੈਦਾ, ਛੱਡ ਪਰੇ ਖ਼ੋਰ ਨੂੰ
ਬੰਦ ਕਰੋ ਏਥੇ, ਗੱਲ ਛੇੜੋ ਹੋਰ ਨੂੰ
ਰਾਤ ਦੇ ਵਪਾਰੀ, ਲੱਭਦੇ ਨਾ ਭੋਰ ਨੂੰ
ਲੱਭਣਗੇ ਸ਼ਮੀ, ਪੈਲਾਂ ਪਾਂਦੇ ਮੋਰ ਨੂੰ

## ਇੱਕ ਦਿਨ

ਅਮਨਦੀਪ ਕੌਰ ਜੋਗਾ

ਤੂੰ ਬੀਜ ਕੋਈ ਸੋਖ਼ ਰੰਗ ਮੁਹੱਬਤਾਂ ਦਾ
ਮੈਂ ਬਣ ਕਰੂੰਬਲ ਉਗਮ ਆਵਾਂਗੀ ਇੱਕ ਦਿਨ
ਤੂੰ ਖੇਡ ਕੋਈ ਬਾਜੀ ਸੁੱਟ ਕੋਈ ਪੱਤਾ
ਮੈਂ ਆਪਣੀ ਵਾਰੀ ਪੁੱਗ ਆਵਾਂਗੀ ਇੱਕ ਦਿਨ
ਤੂੰ ਲਾ ਕੋਈ ਸੇਕ ਭਾਂਬੜ ਬਣਾ ਦੇ
ਮੈਂ ਬਣ ਚਿੰਗਾਰੀ ਸੁਲਗ ਆਵਾਂਗੀ ਇੱਕ ਦਿਨ
ਤੂੰ ਥਾਂ ਭਾਵੇਂ ਬੰਜਰਾਂ ’ਚ ਹੀ ਦੇਦੇ
ਮੈਂ ਉੱਥੇ ਵੀ ਉਗਮ ਆਵਾਂਗੀ ਇੱਕ ਦਿਨ
ਤੂੰ ਮੇਰੇ ਤਸੱਵਰ ’ਤੇ ਲੀਕ ਤਾਂ ਵਾਹ
ਮੈਂ ਬੇਰੰਗਿਆਂ ਨੂੰ ਰੰਗ ਆਵਾਂਗੀ ਇੱਕ ਦਿਨ।

## ਉਹ ਮੈਨੂੰ ਰਾਗ ਤੋਂ ਵੈਰਾਗ ਤੀਕਣ ਜਾਣਦਾ ਹੈ

ਸੁਰਜੀਤ ਪਾਤਰ



ਉਹ ਮੈਨੂੰ ਰਾਗ ਤੋਂ ਵੈਰਾਗ ਤੀਕਣ ਜਾਣਦਾ ਹੈ,
ਮੇਰੀ ਆਵਾਜ਼ ਦਾ ਉਹ ਰੰਗ ਵੀ ਪਹਿਚਾਣਦਾ ਹੈ

ਜ਼ਰਾ ਹਉਕਾ ਭਰਾਂ ਤਾਂ ਕੰਬ ਜਾਂਦਾ, ਡੋਲ ਜਾਂਦਾ,
ਅਜੇ ਉਹ ਸਿਰਫ਼ ਮੇਰੇ ਹਾਸਿਆਂ ਦੇ ਹਾਣ ਦਾ ਹੈ

ਮੇਰਾ ਮਹਿਰਮ ਮੇਰੇ ਇਤਿਹਾਸ ਦੀ ਹਰ ਪੈੜ ਜਾਣੇ,
ਮੇਰਾ ਮਾਲਕ ਸਿਰਫ਼ ਜੁਗਜਾਫੀਆਂ ਹੀ ਜਾਣਦਾ ਹੈ

ਉਹਨੂੰ ਆਖੋ ਕਿਸੇ ਮਿੱਟੀ ’ਚ ਉਗ ਕੇ ਖਿੜ ਪਵੇ ਉਹ,
ਉਹ ਐਵੇਂ ਰਸਤਿਆਂ ਦੀ ਖਾਕ ਕਾਹਨੂੰ ਛਾਣਦਾ ਹੈ

ਜਦੋਂ ਬੇਮਾਨੀਅਤ ਬਰਸੇ ਖਿਲਾਅ ’ਚੋਂ ਕੌਣ ਓਦੋਂ,
ਮੇਰੇ ਸਿਰ ’ਤੇ ਇਹ ਛਤਰੀ ਤਾਰਿਆਂ ਦੀ ਤਾਣਦਾ ਹੈ

# ਨੈਤਿਕ ਵਿਕਾਸ ਨੂੰ ਉਤਸ਼ਾਹਿਤ ਕਰਦੀਆਂ ਹਨ ਖੇਡਾਂ



ਮਾਪਿਆਂ ਦਾ ਸਭ ਤੋਂ ਵੱਡਾ ਟੀਚਾ ਸਿਹਤਮੰਦ, ਨੈਤਿਕ ਅਤੇ ਆਦਰਯੋਗ ਬਾਲਗਾਂ ਦਾ ਪਾਲਣ ਪੋਸ਼ਣ ਕਰਨਾ ਹੈ। ਅਸੀਂ ਚਾਹੁੰਦੇ ਹਾਂ ਕਿ ਸਾਡੇ ਬੱਚੇ ਆਪਣੇ ਆਪ ਨੂੰ ਪਸੰਦ ਕਰਨ ਅਤੇ ਉਨ੍ਹਾਂ ਦਾ ਆਦਰ ਕਰਨ, ਦੂਜਿਆਂ ਦਾ ਆਦਰ ਕਰਨ ਅਤੇ ਆਪਣੇ ਆਲੇ-ਦੁਆਲੇ ਦੇ ਲੋਕਾਂ ਦੇ ਜੀਵਨ ਨੂੰ ਬਿਹਤਰ ਬਣਾਉਣ।

ਜਿਵੇਂ ਕਿ ਸਮਾਜ ਇਸ ਸਮੇਂ ਸੰਕਟ ਨਾਲ ਜੂਝ ਰਿਹਾ ਹੈ, ਨੌਜਵਾਨ ਖੇਡਾਂ ਅਗਲੀ ਪੀੜ੍ਹੀ ਲਈ ਸੱਭਿਆਚਾਰ ਨੂੰ ਬਦਲਣ ਵਿੱਚ ਭੂਮਿਕਾ ਨਿਭਾ ਸਕਦੀਆਂ ਹਨ। ਜਦੋਂ ਕਿ ਬਹੁਤ ਸਾਰੇ ਕਾਰਕ ਮਰਦਾਂ ਅਤੇ ਔਰਤਾਂ ਦੇ ਬਾਲਗਾਂ ਦੇ ਰੂਪ ਵਿੱਚ ਗੱਲਬਾਤ ਕਰਨ ਦੇ ਤਰੀਕਿਆਂ ਵਿੱਚ ਯੋਗਦਾਨ ਪਾਉਂਦੇ ਹਨ, ਇੱਕ ਸਕਾਰਾਤਮਕ ਯੁਵਾ ਖੇਡਾਂ ਦਾ ਅਨੁਭਵ ਮੁੱਲਾਂ ਅਤੇ ਅੰਤਰ-ਵਿਅਕਤੀਗਤ ਹੁਨਰਾਂ ਨੂੰ ਸਿਖਾ ਸਕਦਾ ਹੈ ਜੋ ਲੜਕਿਆਂ ਅਤੇ ਲੜਕੀਆਂ ਦੋਵਾਂ ਨੂੰ ਨੈਤਿਕ ਅਤੇ ਸਤਿਕਾਰਯੋਗ ਬਾਲਗਾਂ ਵਜੋਂ ਵਿਕਸਤ ਕਰਨ ਵਿੱਚ ਮਦਦ ਕਰਦਾ ਹੈ।

ਖੇਡਾਂ ਐਥਲੀਟਾਂ ਨੂੰ ਮਿਹਨਤ ਅਤੇ ਕੰਮ ਦੀ ਨੈਤਿਕਤਾ ਦਾ ਆਦਰ ਕਰਨਾ ਸਿਖਾਉਂਦੀਆਂ ਹਨ। ਮਸ਼ਹੂਰ ਫੁੱਟਬਾਲ ਕੋਚ ਬਿਲ ਕਰੀ ਨੇ 'ਦ ਹਡਲ' ਦੇ ਸਿਰਲੇਖ ਵਾਲੇ ਇੱਕ ਲੇਖ ਵਿੱਚ ਲਿਖਿਆ, 'ਜਦੋਂ ਅਸੀਂ ਹਰ ਅੰਤਹੀਣ ਕਸਰਤ ਤੋਂ ਬਾਅਦ ਚਲਦੇ ਹਾਂ, ਤਾਂ ਅਸੀਂ ਜਾਣਦੇ ਹਾਂ ਕਿ ਹਰ ਕਿਸੇ ਦੇ ਸਰੀਰ 'ਤੇ ਪਸੀਨੇ ਦੀ ਮਹਿਕ ਇੱਕੋ ਜਿਹੀ ਆਉਂਦੀ ਹੈ। ਸਖ਼ਤ ਮਿਹਨਤ ਅਤੇ ਸਮਾਂ ਆਖਰਕਾਰ ਪੱਖਪਾਤ (ਲਿੰਗ, ਉਮਰ, ਨਸਲ, ਦੌਲਤ, ਵਿਸ਼ੇਸ਼ ਅਧਿਕਾਰ) ਨੂੰ ਤੋੜ ਦਿੰਦੇ ਹਨ ਅਤੇ ਲੋਕ ਐਥਲੀਟਾਂ ਨੂੰ ਯੋਗਤਾਵਾਂ 'ਤੇ ਇੱਕ ਦੂਜੇ ਦਾ ਮੁਲਾਂਕਣ ਕਰਨ ਦਿੰਦੇ ਹਨ। ਇਸ ਮੌਕੇ ਹੁਨਰ, ਕੰਮ, ਨੈਤਿਕਤਾ, ਵਚਨਬੱਧਤਾ, ਅਤੇ ਇਮਾਨਦਾਰੀ ਦਾ ਮੁਲਾਂਕਣ ਕੀਤਾ ਜਾਂਦਾ ਹੈ। ਖੇਡਾਂ ਵਿੱਚ ਟੀਮ ਦੇ ਸਾਥੀਆਂ ਨਾਲ ਉਹ ਤਜਰਬਾ ਹਾਸਲ ਕਰਨ ਤੋਂ ਬਾਅਦ, ਅਥਲੀਟ ਲੋਕਾਂ ਵਿੱਚ ਉਹਨਾਂ ਗੁਣਾਂ ਨੂੰ ਬਾਲਗਾਂ ਵਜੋਂ ਮਾਡਲ ਬਣਾਉਂਦੇ ਹਨ। ਖੇਡਾਂ ਸਿਖਾਉਂਦੀਆਂ ਹਨ ਕਿ ਰੂੜ੍ਹੀਵਾਦੀ ਧਾਰਨਾਵਾਂ ਦੀ ਬਜਾਏ ਕਦਰਾਂ-ਕੀਮਤਾਂ ਅਤੇ ਕਿਰਿਆਵਾਂ ਦੇ ਅਧਾਰ 'ਤੇ ਲੋਕਾਂ ਦਾ ਬਰਾਬਰ ਸਤਿਕਾਰ ਕਰੋ।

ਖੇਡਾਂ ਅਥਲੀਟਾਂ ਨੂੰ ਵਿਲੱਖਣ ਪ੍ਰਤਿਭਾਵਾਂ ਵਾਲੇ ਵਿਅਕਤੀਆਂ ਦਾ ਸਤਿਕਾਰ ਕਰਨਾ ਸਿਖਾਉਂਦੀਆਂ ਹਨ। ਜਿਹੜੇ ਲੋਕ ਦੂਜੇ ਲੋਕਾਂ ਦੇ ਹੁਨਰਾਂ, ਬੁੱਧੀ, ਜਾਂ ਪ੍ਰਤਿਭਾਵਾਂ ਤੋਂ ਖ਼ਤਰਾ ਮਹਿਸੂਸ ਕਰਦੇ ਹਨ, ਉਹ ਸ਼ਕਤੀ ਨੂੰ ਨਿਯੰਤਰਿਤ ਕਰਨ ਦੀ ਸਥਿਤੀ ਹਾਸਲ ਕਰਨ ਅਤੇ ਕਾਇਮ ਰੱਖਣ ਲਈ ਜ਼ੁਲਮ ਦੀ ਵਰਤੋਂ ਕਰਦੇ ਹਨ। ਯੁਵਕ ਖੇਡਾਂ ਬੱਚਿਆਂ ਨੂੰ ਜਲਦੀ ਸਿਖਾਉਂਦੀਆਂ ਹਨ ਕਿ ਵਿਅਕਤੀਗਤ ਟੀਮ ਦੇ ਸਾਥੀਆਂ ਕੋਲ ਵਿਲੱਖਣ ਹੁਨਰ ਹੁੰਦੇ ਹਨ ਅਤੇ ਉਹਨਾਂ ਨੂੰ ਦਬਾਉਣ ਦੀ ਬਜਾਏ ਮੁਕਾਬਲੇ ਦੇ ਖੇਤਰ ਵਿੱਚ ਅਤੇ ਬਾਹਰ ਉਹਨਾਂ ਪ੍ਰਤਿਭਾਵਾਂ ਦੀ ਵਰਤੋਂ ਕਰਨ ਦੇ ਫ਼ਾਇਦੇ ਹੁੰਦੇ ਹਨ।

ਬਾਲਗ ਹੋਣ ਦੇ ਨਾਤੇ, ਇਹ ਪਾਠ ਮਰਦਾਂ ਅਤੇ ਔਰਤਾਂ ਦੇ ਰੂਪ ਵਿੱਚ ਪ੍ਰਗਟ ਹੁੰਦਾ ਹੈ ਜੋ ਕਿਸੇ ਪ੍ਰੋਜੈਕਟ, ਨੌਕਰੀ, ਜਾਂ ਪਰਿਵਾਰ ਵਿੱਚ ਲਿਆਉਣ ਵਾਲੀਆਂ ਪ੍ਰਤਿਭਾਵਾਂ ਅਤੇ ਹੁਨਰਾਂ ਲਈ ਇੱਕ ਦੂਜੇ ਦੀ ਕਦਰ ਅਤੇ ਸਤਿਕਾਰ ਕਰਦੇ ਹਨ। ਇਹ ਉਹ ਬਾਲਗ ਹਨ ਜੋ ਵਿਅਕਤੀਗਤ ਵਡਿਆਈ ਨਾਲੋਂ ਟੀਮ ਦੀ ਸਫ਼ਲਤਾ ਦੀ ਵਧੇਰੇ ਪਰਵਾਹ ਕਰਦੇ ਹਨ, ਅਤੇ ਇਹ ਸਮਝਦੇ ਹਨ ਕਿ ਲੀਡਰਸ਼ਿਪ ਦੀਆਂ ਸਥਿਤੀਆਂ ਹਰ ਕਿਸੇ ਤੋਂ ਵਧੀਆ ਕੋਸ਼ਿਸ਼ ਲਿਆਉਣ ਬਾਰੇ ਹਨ।

ਖੇਡਾਂ ਐਥਲੀਟਾਂ ਨੂੰ ਸਹਿਯੋਗ ਰਾਹੀਂ ਅਗਵਾਈ ਕਰਨਾ ਸਿਖਾਉਂਦੀਆਂ ਹਨ।

ਬਹੁਤ ਸਾਰੇ ਮਾਪੇ ਲੀਡਰਸ਼ਿਪ ਹੁਨਰ ਵਿਕਸਿਤ ਕਰਨ ਲਈ ਬੱਚਿਆਂ ਨੂੰ ਯੁਵਾ ਖੇਡਾਂ ਵਿੱਚ ਹਿੱਸਾ ਲੈਣ ਲਈ ਉਤਸ਼ਾਹਿਤ ਕਰਦੇ ਹਨ। ਸ਼ਾਇਦ ਵਧੇਰੇ ਮਹੱਤਵਪੂਰਨ ਇਹ ਹੈ ਕਿ ਖੇਡ ਕਿਸ ਕਿਸਮ ਦੇ ਨੇਤਾ ਪੈਦਾ ਕਰਦੀ ਹੈ। ਅਥਲੀਟ ਇਹ ਸਿੱਖਦੇ ਹਨ ਕਿ ਫ਼ੋਰਸ ਜਾਂ ਡਰਾਉਣ-ਧਮਕਾਉਣ ਦੁਆਰਾ ਟੀਮ ਦੇ ਸਭ ਤੋਂ ਵਧੀਆ ਯਤਨਾਂ ਨੂੰ ਪ੍ਰਾਪਤ ਕਰਨ ਦਾ ਕੋਈ ਤਰੀਕਾ ਨਹੀਂ ਹੈ। ਜੇ ਤੁਸੀਂ ਕਿਸੇ ਵਿਅਕਤੀ ਤੋਂ ਸਭ ਤੋਂ ਵਧੀਆ ਕੋਸ਼ਿਸ਼ ਚਾਹੁੰਦੇ ਹੋ, ਤਾਂ ਉਸ ਵਿਅਕਤੀ ਨੂੰ ਕੀਮਤੀ, ਸੁਰੱਖਿਅਤ ਅਤੇ ਪ੍ਰਸ਼ੰਸਾ ਮਹਿਸੂਸ ਕਰਨ ਦੀ ਜ਼ਰੂਰਤ ਹੁੰਦੀ ਹੈ ਤਾਂ ਜੋ ਉਹ ਆਪਣਾ ਸਭ ਤੋਂ ਵਧੀਆ ਦੇਣਾ ਚਾਹੁਣ। ਮਹਾਨ ਖੇਡ ਟੀਮਾਂ ਦੇ ਆਗੂ ਡਰਾਉਣ-ਧਮਕਾਉਣ ਦੀ ਬਜਾਏ ਸਹਿਯੋਗ ਰਾਹੀਂ ਆਪਣੇ ਸਾਥੀਆਂ ਦੀ ਵਫ਼ਾਦਾਰੀ ਜਿੱਤਦੇ ਹਨ।

ਜਦੋਂ ਐਥਲੀਟ ਬਾਲਗਾਂ ਵਜੋਂ ਲੀਡਰਸ਼ਿਪ ਦੀਆਂ ਭੂਮਿਕਾਵਾਂ ਲੈਂਦੇ ਹਨ, ਤਾਂ ਉਹ ਸਹਿਯੋਗੀ ਤੌਰ 'ਤੇ ਅਗਵਾਈ ਕਰਦੇ ਹਨ। ਉਹ ਸਮਝਦੇ ਹਨ ਕਿ ਅਥਾਰਟੀ ਦੇ ਅੰਕੜੇ ਲੋਕਾਂ ਨੂੰ ਉਹ ਕਰਨ ਲਈ ਮਜ਼ਬੂਰ ਕਰ ਸਕਦੇ ਹਨ ਜੋ ਤੁਸੀਂ ਕਹਿੰਦੇ ਹੋ, ਪਰ ਜੋ ਲੋਕ ਕੀਮਤੀ, ਸੁਰੱਖਿਅਤ ਅਤੇ ਪ੍ਰਸ਼ੰਸਾ ਮਹਿਸੂਸ ਕਰਦੇ ਹਨ ਉਹ ਟੀਮ ਅਤੇ ਤੁਹਾਡੇ ਲਈ ਅੱਗੇ ਵਧਣਗੇ। ਖੇਡਾਂ ਖਿਡਾਰੀਆਂ ਨੂੰ ਹਾਰਨਾ ਸਿਖਾਉਂਦੀਆਂ ਹਨ। ਪਰੇਸ਼ਾਨੀ ਅਤੇ ਧੱਕੇਸ਼ਾਹੀ ਅਸੁਰੱਖਿਆ ਦੇ ਕਾਰਨ ਵਧਦੀ ਹੈ ਅਤੇ ਹਾਰਨ ਦਾ ਡਰ ਇੱਕ ਕਾਰਨ ਹੈ ਕਿ ਅਸੁਰੱਖਿਅਤ ਲੋਕ ਦੂਜਿਆਂ 'ਤੇ ਹਾਵੀ ਹੋਣ ਦੀ ਕੋਸ਼ਿਸ਼ ਕਰਦੇ ਹਨ। ਉਹ ਤਾਕਤ ਦੀ ਸਥਿਤੀ ਨੂੰ ਬਰਕਰਾਰ ਰੱਖਣ ਲਈ ਧਮਕਾਉਣ ਅਤੇ ਤਾਕਤ ਦੀ ਵਰਤੋਂ ਕਰਦੇ ਹਨ, ਜੇਕਰ ਉਹਨਾਂ ਦੀਆਂ ਅਸੁਰੱਖਿਆ ਅਤੇ ਕਮਜ਼ੋਰੀਆਂ ਦਾ ਪਰਦਾਫ਼ਾਸ਼ ਹੋ ਜਾਂਦਾ ਹੈ ਤਾਂ ਇਸਨੂੰ ਗੁਆਉਣ ਤੋਂ ਡਰਦੇ ਹਨ। ਦੂਜੇ ਪਾਸੇ, ਐਥਲੀਟ ਸਿੱਖਦੇ ਹਨ ਕਿ ਹਾਰਨ ਨਾਲ ਤੁਹਾਡਾ ਮੁੱਲ ਜਾਂ ਸਵੈ-ਮਾਣ ਘੱਟ ਨਹੀਂ ਹੁੰਦਾ। ਕਿਸੇ ਵੀ ਦਿਨ ਕਿਸੇ ਨੂੰ ਵੀ ਹਰਾਇਆ ਜਾ ਸਕਦਾ ਹੈ ਅਤੇ ਐਥਲੀਟ ਹਾਰ ਦੇ ਬਾਵਜੂਦ ਵੀ ਵਿਰੋਧੀ ਦੇ ਹੁਨਰ ਅਤੇ ਕੋਸ਼ਿਸ਼ ਦਾ ਆਦਰ ਕਰਨਾ ਸਿੱਖਦੇ ਹਨ। ਖੇਡਾਂ ਐਥਲੀਟਾਂ ਨੂੰ ਸਿਖਾਉਂਦੀਆਂ ਹਨ ਕਿ ਮੁਕਾਬਲਾ ਅਤੇ ਵਿਸਥਾਰ ਦੁਆਰਾ, ਜੀਵਨ - ਜਿੱਤਾਂ ਅਤੇ ਹਾਰਾਂ ਦੀ ਇੱਕ ਲੜੀ ਹੈ, ਜਿਸ ਵਿੱਚੋਂ ਕੋਈ ਵੀ ਇਹ ਨਹੀਂ ਬਦਲਦਾ ਕਿ ਤੁਸੀਂ ਕੌਣ ਹੋ? ਐਥਲੀਟ ਹਾਰਨ ਤੋਂ ਨਹੀਂ ਡਰਦੇ ਕਿਉਂਕਿ ਉਹ ਜਾਣਦੇ ਹਨ ਕਿ ਇਹ ਸੰਸਾਰ ਦਾ ਅੰਤ ਨਹੀਂ ਹੈ ਅਤੇ ਜਿੱਤਣ ਦਾ ਇੱਕ ਹੋਰ ਮੌਕਾ ਪ੍ਰਾਪਤ ਕਰਨ ਦਾ ਸਭ ਤੋਂ ਵਧੀਆ ਤਰੀਕਾ ਹੈ ਸਖ਼ਤ ਮਿਹਨਤ ਕਰਨਾ, ਅੱਗੇ ਵਧਣਾ ਅਤੇ ਇਸਨੂੰ ਕਮਾਉਣਾ।



ਬਾਲਗਾਂ ਵਿੱਚ, ਜਿੱਤਣ ਅਤੇ ਹਾਰਨ ਦੀ ਇਹ ਸਮਝ ਸਫ਼ਲ ਰਿਸ਼ਤਿਆਂ ਵਿੱਚ ਪਾਏ ਜਾਣ ਵਾਲੇ ਆਦਰਯੋਗ ਦੇਣ ਅਤੇ ਲੈਣ ਵਿੱਚ ਵਿਕਸਤ ਹੁੰਦੀ ਹੈ। ਤੁਹਾਨੂੰ ਹਮੇਸ਼ਾ ਆਪਣੇ ਤਰੀਕੇ ਨਾਲ ਪ੍ਰਾਪਤ ਕਰਨ ਦੀ ਲੋੜ ਨਹੀਂ ਹੈ, ਤੁਹਾਨੂੰ ਹਰ ਅਸਹਿਮਤੀ ਨੂੰ ਜਿੱਤਣ ਦੀ ਲੋੜ ਨਹੀਂ ਹੈ। ਇੱਕ ਸਾਥੀ ਜਾਂ ਸਹਿ-ਕਰਮਚਾਰੀ ਦੀ 'ਜਿੱਤ' ਦਾ ਮਤਲਬ ਜ਼ਰੂਰੀ ਤੌਰ 'ਤੇ ਤੁਹਾਡੇ ਲਈ 'ਜਿੱਤ' ਨਹੀਂ ਹੈ।

# ਹਾਕੀ: ਪੰਜ ਮੈਚਾਂ ਦੀ ਲੜੀ 'ਚ ਆਸਟ੍ਰੇਲੀਆ ਨੇ ਭਾਰਤ ਨੂੰ 5-0 ਨਾਲ ਹਰਾਇਆ

## ਆਸਟ੍ਰੇਲੀਆ ਦੀ ਟੀਮ ਨੇ 17 ਗੋਲ ਕੀਤੇ ਜਦਕਿ ਭਾਰਤ ਨੇ ਸਿਰਫ਼ ਸੱਤ ਗੋਲ ਕੀਤੇ

ਪਰਥ/ਏ.ਟੀ.ਨਿਊਜ਼ : ਆਸਟਰੇਲੀਆ ਨੇ ਭਾਰਤੀ ਪੁਰਸ਼ ਹਾਕੀ ਟੀਮ ਨੂੰ ਪੰਜਵੇਂ ਅਤੇ ਆਖਰੀ ਟੈਸਟ ਵਿੱਚ 3-2 ਨਾਲ ਹਰਾ ਕੇ ਪੰਜ ਮੈਚਾਂ ਦੀ ਲੜੀ ਵਿੱਚ 5-0 ਨਾਲ ਕਲੀਨ ਸਵੀਪ ਕੀਤਾ। ਪਿਛਲੇ ਚਾਰ ਮੈਚਾਂ ਵਿੱਚ ਭਾਰਤ ਨੂੰ 1-5, 2-4, 1-2, 1-3 ਨਾਲ ਹਾਰ ਝੱਲਣੀ ਪਈ ਸੀ। ਪੈਰਿਸ ਉਲੰਪਿਕ ਦੀ ਤਿਆਰੀ ਲਈ ਇਹ ਦੌਰਾ ਬਹੁਤ ਮਹੱਤਵਪੂਰਨ ਸੀ। ਭਾਰਤ ਲਈ ਕਪਤਾਨ ਹਰਮਨਪ੍ਰੀਤ ਸਿੰਘ (4ਵੇਂ ਮਿੰਟ) ਅਤੇ ਬੌਬੀ ਸਿੰਘ ਧਾਮੀ (53ਵੇਂ ਮਿੰਟ) ਨੇ ਗੋਲ ਕੀਤੇ। ਆਸਟਰੇਲੀਆ ਲਈ ਜੇਰੇਮੀ ਹੇਵਰਡ (20ਵੇਂ), ਕੇ ਵਿਲੋਟ (38ਵੇਂ) ਅਤੇ ਟਿਮ ਬ੍ਰਾਂਡ (39ਵੇਂ) ਨੇ ਗੋਲ ਕੀਤੇ।



ਹਰਮਨਪ੍ਰੀਤ ਨੇ ਖੋਲ੍ਹਿਆ ਖਾਤਾ: ਭਾਰਤ ਨੇ ਮੈਚ ਵਿੱਚ ਹਮਲਾਵਰ ਸ਼ੁਰੂਆਤ ਕੀਤੀ। ਆਸਟ੍ਰੇਲੀਆਈ ਹਾਫ ਵਿੱਚ ਜੁਗਰਾਜ ਸਿੰਘ ਨੇ ਗੇਂਦ ਜਰਮਨਪ੍ਰੀਤ ਸਿੰਘ ਨੂੰ ਸੌਂਪੀ ਪਰ ਉਹ ਇਸ ਨੂੰ ਫੜ ਨਹੀਂ ਸਕਿਆ। ਭਾਰਤ ਨੂੰ ਚੌਥੇ ਮਿੰਟ ਵਿੱਚ ਹਰਮਨਪ੍ਰੀਤ ਵੱਲੋਂ ਪੈਨਲਟੀ ਕਾਰਨਰ ਤੋਂ ਗੋਲ ਕਰਕੇ ਸਫਲਤਾ ਹਾਸਲ ਕੀਤੀ। ਹਰਮਨਪ੍ਰੀਤ ਦਾ ਸੀਰੀਜ਼ 'ਚ ਇਹ ਤੀਜਾ ਗੋਲ ਸੀ। ਆਸਟਰੇਲੀਆ ਨੇ 20ਵੇਂ ਮਿੰਟ ਵਿੱਚ ਹੇਵਰਡ ਦੇ ਗੋਲ ਨਾਲ ਬਰਾਬਰੀ ਕਰ ਲਈ। ਭਾਰਤ ਦੇ ਰਿਜ਼ਰਵ ਗੋਲਕੀਪਰ ਸੂਰਜ ਕਰਕੇਰਾ ਨੇ ਨਾਥਨ ਈ ਦੇ ਸ਼ਾਟ 'ਤੇ ਸ਼ਾਨਦਾਰ ਬਚਾਅ ਕੀਤਾ।

ਦੋ ਮਿੰਟਾਂ ਵਿੱਚ ਦੋ ਗੋਲ : ਅੱਧੇ ਸਮੇਂ ਤੋਂ ਬਾਅਦ ਆਸਟਰੇਲੀਆ ਨੂੰ ਪੈਨਲਟੀ ਕਾਰਨਰ ਮਿਲਿਆ ਪਰ ਸੂਰਜ ਨੇ ਗੋਲ ਬਚਾ ਲਿਆ। ਭਾਰਤ ਨੂੰ 37ਵੇਂ ਮਿੰਟ ਵਿੱਚ ਮਿਲੇ ਪੈਨਲਟੀ ਕਾਰਨਰ ਤੋਂ ਹਰਮਨਪ੍ਰੀਤ ਟੀਚਾ ਹਾਸਲ ਕਰਨ ਤੋਂ ਖੁੰਝ ਗਿਆ। ਇੱਕ ਮਿੰਟ ਬਾਅਦ ਵਿਲੋਟ ਨੇ ਗੋਲ ਕਰਕੇ ਮੇਜ਼ਬਾਨ ਟੀਮ ਨੂੰ ਬੜ੍ਹਤ ਦਿਵਾਈ। ਇੱਕ ਮਿੰਟ ਬਾਅਦ, ਬ੍ਰਾਂਡ ਨੇ ਐਡੀ ਓਕੇਨਡੇਨ ਦੇ ਪਾਸ 'ਤੇ ਤੀਜਾ ਗੋਲ ਵੀ ਕੀਤਾ।

ਧਾਮੀ ਦਾ ਪਹਿਲਾ ਅੰਤਰਰਾਸ਼ਟਰੀ ਗੋਲ: ਭਾਰਤ ਨੂੰ 42ਵੇਂ ਮਿੰਟ ਵਿੱਚ ਪੈਨਲਟੀ ਕਾਰਨਰ ਮਿਲਿਆ ਪਰ ਅਮਿਤ ਰੋਹੀਦਾਸ ਗੋਲ ਨਹੀਂ ਕਰ ਸਕੇ। ਮੇਜ਼ਬਾਨ ਟੀਮ ਨੂੰ ਮਿਲੇ ਦੋ ਪੈਨਲਟੀ ਕਾਰਨਰ ਭਾਰਤੀ ਡਿਫੈਂਸ ਨੇ ਬਚਾ ਲਏ। ਧਾਮੀ ਨੇ ਆਖਰੀ ਸੀਟੀ ਵੱਜਣ ਤੋਂ ਸੱਤ ਮਿੰਟ ਪਹਿਲਾਂ ਰਿਵਰਸ ਹਿੱਟ 'ਤੇ ਭਾਰਤ ਲਈ ਦੂਜਾ ਗੋਲ ਕੀਤਾ। ਇਹ ਉਸਦਾ ਪਹਿਲਾ ਅੰਤਰਰਾਸ਼ਟਰੀ ਗੋਲ ਸੀ। ਇਸ ਤੋਂ ਬਾਅਦ ਹਾਲਾਂਕਿ ਆਸਟ੍ਰੇਲੀਆਈ ਡਿਫੈਂਡਰਾਂ ਨੇ ਕੋਈ ਗਲਤੀ ਨਹੀਂ ਕੀਤੀ ਅਤੇ ਭਾਰਤ ਬਰਾਬਰੀ ਦਾ ਗੋਲ ਨਹੀਂ ਕਰ ਸਕਿਆ।

### ਹਾਕੀ ਪ੍ਰੇਮੀ ਹੋਏ ਨਿਰਾਸ਼

ਹਾਕੀ ਪ੍ਰੇਮੀ ਕਹਿ ਰਹੇ ਹਨ ਕਿ ਇੱਕ ਸਮਾਂ ਅਜਿਹਾ ਵੀ ਸੀ ਕਿ ਜਦੋਂ ਪੂਰੇ ਵਿਸ਼ਵ ਵਿੱਚ ਭਾਰਤੀ ਹਾਕੀ ਟੀਮ ਦਾ ਝੰਡਾ ਝੁਲਦਾ ਸੀ। ਉਸ ਸਮੇਂ ਮੇਲਿਆਂ ਵਿੱਚ ਢਾਡੀ ਭਾਰਤ ਖਾਸ ਕਰਕੇ ਪੰਜਾਬ ਨਾਲ ਸਬੰਧਿਤ ਹਾਕੀ ਖ਼ਿਡਾਰੀਆਂ ਦੀਆਂ ਵਾਰਾਂ ਗਾਇਆ ਕਰਦੇ ਸਨ। ਭਾਰਤ ਦੇ ਹਰ ਇਲਾਕੇ ਵਿੱਚ ਹਾਕੀ ਖੇਡੀ ਜਾਂਦੀ ਸੀ ਅਤੇ ਹਾਕੀ ਨੂੰ ਭਾਰਤ ਦੀ ਰਾਸ਼ਟਰੀ ਖੇਡ ਮੰਨਿਆ ਜਾਂਦਾ ਸੀ।

ਹਾਕੀ ਪ੍ਰੇਮੀ ਹੁਣ ਸਵਾਲ ਕਰ ਰਹੇ ਹਨ ਕਿ ਹੁਣ ਅਜਿਹਾ ਕੀ ਹੋ ਗਿਆ ਹੈ ਕਿ ਸਾਰੇ ਵਿਸ਼ਵ ਨੂੰ ਹਾਕੀ ਸਿਖਾਉਣ ਵਾਲੀ ਭਾਰਤੀ ਹਾਕੀ ਟੀਮ ਹੁਣ ਹਾਕੀ ਵਿੱਚ ਹੀ ਫਾਡੀ ਹੋ ਗਈ ਹੈ। ਭਾਰਤ ਦੀ ਪੁਰਸ਼ ਹਾਕੀ ਟੀਮ ਦੀ ਅਸਲੀ ਮੌਜੂਦਾ ਸਥਿਤੀ ਦਾ ਪਤਾ ਤਾਂ ਆਸਟ੍ਰੇਲੀਆ ਤੇ ਭਾਰਤ ਵਿਚਾਲੇ ਖੇਡੀ ਗਈ 5 ਮੈਚਾਂ ਦੀ ਲੜੀ ਵਿੱਚ ਭਾਰਤ ਦੀ ਪੰਜੇ ਮੈਚਾਂ ਵਿੱਚ ਹਾਰ ਤੋਂ ਲੱਗ ਜਾਂਦਾ ਹੈ।

# ਬਾਲੀਵੁੱਡ ਵਿੱਚ 'ਸਰਦਾਰ' ਪਾਤਰ ਪ੍ਰਤੀ ਫ਼ਿਰਕਾਪ੍ਰਸਤੀ ਕਿਉਂ ?



**ਰਾਬਿੰਦਰ ਸਿੰਘ**

ਬਾਲੀਵੁੱਡ ਤੋਂ ਇਲਾਵਾ ਹਾਲੀਵੁੱਡ ਵਿੱਚ ਵੀ ਦਸਤਾਰ ਵਾਲੇ ਪਾਤਰ ਨਜ਼ਰੀਂ ਪਏ। ਬਹੁਤ ਸਾਰਿਆਂ ਨੇ ਸਰਦਾਰ ਪਾਤਰ ਵਾਲੀਆਂ ਫ਼ਿਲਮਾਂ ਵਿੱਚ ਉਨ੍ਹਾਂ ਦੀ ਸੂਰਮਗਤੀ, ਕੰਮ ਕਰਨ ਦੀ ਭਾਵਨਾ, ਦੇਸ਼ ਪਿਆਰ ਅਤੇ ਵੈਰੀ ਦੇ ਛੱਕੇ ਛੁਡਾਉਣ ਵਾਲੇ ਕਿੱਸੇ ਦੇਖੇ ਪਰ ਬਹੁਤ ਫ਼ਿਲਮਕਾਰਾਂ ਨੇ ਸਰਦਾਰ ਪਾਤਰ ਨੂੰ ਬੜੇ ਹਲਕੇ ਢੰਗ ਨਾਲ ਵੀ ਲਿਆ।

ਜੌਹਨ ਗਲੇਨ ਦੀ ਫ਼ਿਲਮ 'ਔਕਟੋਪਸੀ' (1983) ਵਿੱਚ ਕਬੀਰ ਬੇਦੀ (ਗੋਬਿੰਦਾ) ਇੱਕ ਅਹਿਮ ਕਿਰਦਾਰ ਨਿਭਾਉਂਦਾ ਦਿਖਾਈ ਦਿੰਦਾ ਹੈ। ਆਪਣੀ ਤਲਵਾਰ ਨਾਲ ਉਹ ਦੁਸ਼ਮਣ ਦੇ ਛੱਕੇ ਛੁਡਾ ਦਿੰਦਾ ਹੈ। ਇਸੇ ਤਰ੍ਹਾਂ ਇਸਾਬੇਲ ਕੋਈਕਸੈਟ ਦੀ ਫ਼ਿਲਮ 'ਲਰਨਿੰਗ ਟੂ ਡਰਾਈਵ' (2014) ਵਿੱਚ ਬੇਨ ਕਿੰਗਸਲੇ (ਦਰਵਾਨ ਸਿੰਘ ਤੂਰ) ਹੈ, ਜੋ ਕਿ ਸਿੱਖ ਡਰਾਈਵਰ ਹੈ ਅਤੇ ਫ਼ਿਲਮ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸਾਹਮਣੇ ਲਾਵਾਂ, ਅਤੇ ਹੋਰ ਸਰਦਾਰ ਪਾਤਰ ਦਿਖਾਈ ਦਿੰਦੇ ਹਨ। ਇਸ ਤੋਂ ਇਲਾਵਾ ਪੌਲ ਵਰਹੋਵੇਨ ਦੀ ਫ਼ਿਲਮ 'ਰੋਬੋਕੌਪ' (1987) ਵਿੱਚ ਵੀ ਸਰਦਾਰ ਪਾਤਰ ਦਿਖਾਈ ਦਿੰਦਾ ਹੈ। ਇਸ ਦਾ ਭਾਵ ਹੈ ਕਿ ਸਰਦਾਰ ਪਾਤਰ ਹਾਲੀਵੁੱਡ ਵਿੱਚ ਵੀ ਆਪਣੀ ਹੋਂਦ ਰੱਖਦੇ ਹਨ।

ਆਮ ਤੌਰ ਉੱਤੇ ਸਾਡੇ ਦੱਖਣੀ ਜਾਂ ਪੂਰਬੀ ਭਾਰਤੀਆਂ ਨੂੰ ਇਹ ਲਗਦਾ ਹੈ ਕਿ ਸਾਰੇ ਸਰਦਾਰ ਇੱਕ ਜਿਹੇ ਹੀ ਹੁੰਦੇ ਹਨ। ਇਸ ਗੱਲ ਨੂੰ ਮੂਹਰੇ ਰੱਖ ਕੇ ਕੋਈ ਵੀ ਕਿਰਦਾਰ ਜੇ ਉਸ ਨੇ ਭੇਸ ਬਦਲਣਾ ਹੋਵੇ, ਤਾਂ ਉਹ ਸਰਦਾਰ ਬਣ ਜਾਂਦੇ ਸਨ ਅਤੇ ਨਾਇਕ/ਖਲਨਾਇਕ/ਸਕੇ/ਸੰਬੰਧੀ ਨੂੰ ਇਸ ਬਦਲਵੇਂ ਭੇਸ ਵਿੱਚ ਧੋਖਾ ਦੇਣ ਵਿੱਚ ਸਫ਼ਲ ਹੋ ਜਾਂਦੇ ਹਨ। ਜਿਵੇਂ ਸੱਤਿਅਨ ਬੋਸ ਦੀ ਫ਼ਿਲਮ 'ਜੀਵਨ ਮ੍ਰਿਤੂ' (1970) ਵਿੱਚ ਧਰਮਿੰਦਰ (ਬਿਕਰਮ ਸ਼ੇਰ ਸਿੰਘ) ਭੇਸ ਬਦਲ ਕੇ ਗੁੰਡਿਆਂ ਦਾ ਖ਼ਾਤਮਾ ਕਰਦਾ ਹੈ ਅਤੇ ਰਾਮਾਨੰਦ ਸਾਗਰ ਦੀ ਫ਼ਿਲਮ 'ਚਰਸ' (1976) ਵਿੱਚ ਧਰਮਿੰਦਰ (ਸੂਰਜ) ਭੇਸ ਬਦਲ ਕੇ ਸਮਗਲਰਾਂ ਨੂੰ ਧੋਖਾ ਦਿੰਦਾ ਹੈ।

'ਸੁਹਾਗ' (ਮਨਮੋਹਨ ਦੇਸਾਈ 1979) ਵਿੱਚ ਅਮਿਤਾਭ ਬਚਨ ਸਰਦਾਰ ਦਾ ਭੇਸ ਬਦਲ ਕੇ ਗੀਤ ਗਾਉਂਦਾ ਹੈ, 'ਤੇਰੀ ਰੱਬ ਨੇ ਬਨਾ ਦੀ ਜੋੜੀ', 'ਸ਼ਾਲੀਮਾਰ' (ਕ੍ਰਿਸ਼ਨਾ ਸ਼ਾਹ, 1978) ਵਿੱਚ ਧਰਮਿੰਦਰ ਰਾਜਾ ਬਹਾਦਰ ਸਿੰਘ ਦਾ ਭੇਸ ਧਾਰਦਾ ਹੈ। ਗਹਿਰੀ ਚੋਟ (ਅੰਬਰੀਸ਼ ਸੰਗਲ 1983) ਵਿੱਚ ਪ੍ਰਵੀਨ ਬਾਬੀ ਸਰਦਾਰ ਬਣ ਕੇ ਰਾਜ ਬੱਬਰ ਨੂੰ ਧੋਖਾ ਦਿੰਦੀ ਹੈ। ਅਜੈ ਕਸ਼ਿਅਪ ਦੀ ਦੋ ਕੈਦੀ (1989) ਵਿੱਚ ਫ਼ਰਹਾ ਆਪਣੀ ਭੈਣ ਨੀਲਮ ਨੂੰ ਲੱਭਣ ਲਈ ਪ੍ਰੇਮ ਸਿੰਘ ਬਣਦੀ ਹੈ। ਡੇਵਿਡ ਧਵਨ ਦੀ ਫ਼ਿਲਮ 'ਬੀਵੀ ਨੰਬਰ ਵੰਨ' (1991) ਵਿੱਚ ਅਨਿਲ ਕਪੂਰ (ਲਖਨ ਖੁਰਾਣਾ) ਸਰਦਾਰ ਬਣ ਕੇ ਆਪਣੇ ਦੋਸਤ ਪ੍ਰੇਮ ਨੂੰ ਭੁਲੇਖੇ ਵਿੱਚ ਰੱਖਦਾ ਹੈ। 'ਗੋਪੀ ਕਿਸ਼ਨ' (ਮੁਕੇਸ਼ ਦੁੱਗਲ 1994) ਵਿੱਚ ਸੁਨੀਲ ਸ਼ੈਟੀ (ਗੋਪੀ) ਭੇਸ ਬਦਲਦਾ ਹੈ ਪਰ ਫ਼ਿਰ ਸੁਨੀਲ ਸ਼ੈਟੀ (ਕਿਸ਼ਨ, ਡਬਲ ਰੋਲ ਹੈ) ਗੋਪੀ ਦੀ ਘਰਵਾਲੀ ਚੰਦਾ ਨੂੰ ਧੋਖਾ ਦਿੰਦਾ ਹੈ। 'ਹੱਦ ਕਰਦੀ ਆਪ ਨੇ' (ਮਨੋਜ ਅਗਰਵਾਲ 2000) ਵਿੱਚ ਗੋਵਿੰਦਾ (ਰਾਜ ਮਲਹੋਤਰਾ) ਸਰਦਾਰ ਬਣ ਕੇ ਜਹਾਜ਼ ਵਿੱਚ ਰਾਣੀ ਮੁਖਰਜੀ (ਅੰਜਲੀ ਖੰਨਾ) ਨੂੰ ਧੋਖੇ ਵਿੱਚ ਰੱਖਦਾ ਹੈ ਅਤੇ ਅੰਤ ਵਿੱਚ ਰਾਣੀ ਮੁਖਰਜੀ ਸਰਦਾਰ ਬਣ ਕੇ ਗੋਵਿੰਦਾ ਨੂੰ ਧੋਖਾ ਦਿੰਦੀ ਹੈ। ਅਨੀਸ ਬਜ਼ਮੀ ਦੀ ਫ਼ਿਲਮ 'ਨੋ ਪ੍ਰੌਬਲਮ' (2010) ਵਿੱਚ ਸਰਦਾਰਾਂ ਦਾ ਇੱਕ ਵਿਸ਼ੇਸ਼ ਸੀਨ ਰੱਖਿਆ ਗਿਆ ਹੈ। ਵਿਸਾਖੀ ਦਾ ਤਿਉਹਾਰ ਹੈ ਅਤੇ ਲਗਪਗ ਸਾਰੇ ਹੀ ਕਲਾਕਾਰ ਭੁਲੇਖਾ ਪਾਉਣ ਲਈ ਸਰਦਾਰ ਬਣ ਜਾਂਦੇ ਹਨ। ਸੰਜੇ ਦੱਤ, ਅਨਿਲ ਕਪੂਰ, ਸ਼ਕਤੀ ਕਪੂਰ, ਸੁਨੀਲ ਸ਼ੈਟੀ, ਪਰੇਸ਼ ਰਾਵਲ, ਰਣਜੀਤ, ਅਕਸ਼ੈ ਖੰਨਾ, ਮੁਕੇਸ਼ ਤਿਵਾੜੀ ਅਤੇ ਇੱਥੋਂ ਤੱਕ ਕਿ ਉਨ੍ਹਾਂ ਦੀ ਬੇਟੀ ਸਲੋਨੀ ਵੀ (ਟੁਕ ਟੁਕ) । ਇੱਕ ਗੀਤ ਵੀ ਸਮੂਹ ਸਰਦਾਰਾਂ ਨੇ ਗਾਇਆ ਹੈ, 'ਕੱਦ ਲੰਬਾ, ਚੌੜੀ ਚੈਸਟ ਚੈਸਟ, ਜਿਹੜਾ ਦੇਖੇ ਬੋਲੇ ਬੈਸਟ ਬੈਸਟ, ਓਏ ਵਾਹ ਵਾਹ ਜੱਟ ਦੀ ਨਵਾਬੀ, ਪੰਜਾਬੀ ਮਸਤ ਪੰਜਾਬੀ'। ਸਮੀਰ ਕਾਰਨਿਕ ਦੀ ਫ਼ਿਲਮ 'ਯਮਲਾ ਪਗਲਾ ਦੀਵਾਨਾ' (2011) ਵਿੱਚ ਵੀ ਭੇਸ ਬਦਲ ਕੇ ਬਾਬੀ ਦਿਓਲ (ਕਰਮਵੀਰ ਸਿੰਘ ਢਿੱਲੋਂ) ਅਤੇ ਧਰਮਿੰਦਰ (ਧਰਮ ਸਿੰਘ ਢਿੱਲੋਂ) ਇਹ ਕਿਰਦਾਰ ਨਿਭਾਉਂਦੇ ਹਨ। ਸੰਜੀਤ ਸ਼ਰਮਾ ਦੀ ਸਾਤ ਉਚੱਕੇ (2016) ਵਿੱਚ ਮਨੋਜ ਬਾਜਪਾਈ (ਪੱਪੀ) ਆਪਣੇ ਸਾਥੀਆਂ ਨਾਲ ਭੇਸ ਬਦਲ ਕੇ ਖ਼ਜ਼ਾਨਾ ਲੱਭਣ ਜਾਂਦਾ ਹੈ। ਸ਼ਾਂਤਨੂੰ ਬਾਗਚੀ ਦੀ ਫ਼ਿਲਮ 'ਮਿਸ਼ਨ ਮਜਨੂੰ' (2023) ਵਿੱਚ ਸਿਧਾਰਥ ਮਲਹੋਤਰਾ (ਅਮਨਦੀਪ ਸਿੰਘ ਅਤੇ ਤਾਰਿਕ) ਰਾਅ ਦਾ ਏਜੰਟ ਹੈ ਅਤੇ ਜਦੋਂ ਉਹ ਲਾਹੌਰ ਤੋਂ ਅੰਮ੍ਰਿਤਸਰ ਆਉਣ ਲਗਦਾ ਹੈ, ਤਾਂ ਉਹ ਸਰਦਾਰ ਦਾ ਭੇਸ ਧਾਰ ਕੇ ਸਭ ਨੂੰ ਧੋਖਾ ਦਿੰਦਾ ਹੈ। ਫ਼ਿਲਮ ਵਿੱਚ ਹੋਰ ਵੀ ਕਈ ਸਰਦਾਰ ਪਾਤਰ ਹਨ।ਇਨ੍ਹਾਂ ਫ਼ਿਲਮਾਂ ਨੂੰ ਦੇਖਣ ਤੋਂ ਬਾਅਦ ਪਤਾ ਲਗਦਾ ਹੈ ਕਿ ਇਨ੍ਹਾਂ ਵੱਖ-ਵੱਖ ਫ਼ਿਲਮਾਂ ਵਿੱਚ ਸਰਦਾਰ ਪਾਤਰ ਦਿਖਾਕੇ ਸਿੱਖਾਂ ਦਾ ਮਜ਼ਾਕ ਉਡਾਇਆ ਗਿਆ। ਕੁਝ ਫ਼ਿਲਮਾਂ ਵਿੱਚ ਬਹੁਤ ਹੀ ਹਾਸੋ ਹੀਣੇ ਅਤੇ ਊਲ-ਜਲੂਲ ਹਰਕਤਾਂ ਕਰਨ ਵਾਲੇ ਸਰਦਾਰ ਪਾਤਰ ਦਿਖਾਏ ਗਏ। ਅਜਿਹੇ ਪਾਤਰਾਂ ਵਿੱਚ ਧਰਮੇਸ਼ ਦਰਸ਼ਨ ਦੀ 'ਰਾਜਾ ਹਿੰਦੁਸਤਾਨੀ' (1996) ਵਿੱਚ ਜਾਨੀ ਲੀਵਰ (ਬਲਵੰਤ ਸਿੰਘ), ਡੇਵਿਡ ਧਵਨ ਦੀ 'ਬੀਵੀ ਨੰਬਰ 1' (1999) ਵਿੱਚ ਅਨਿਲ ਕਪੂਰ (ਲਖਨ ਖੁਰਾਣਾ), ਡੇਵਿਡ ਧਵਨ ਦੀ 'ਕੁੰਵਾਰਾ' (2000) ਵਿੱਚ ਜੌਨੀ ਲੀਵਰ (ਗੋਪਾਲ ਆਹੂਜਾ), ਕੁੱਕੂ ਕੋਹਲੀ ਦੀ ਅਨਾੜੀ ਨੰਬਰ 1 (1999) ਵਿੱਚ ਜੌਹਨੀ ਲੀਵਰ (ਗੁਲੇਰ ਮਹਿੰਦੀ), ਰਾਜ ਕੰਵਰ ਦੀ 'ਬਾਦਲ' (2000) ਵਿੱਚ ਜਾਨੀ ਲੀਵਰ (ਗੁਲੇਰ ਮਹਿੰਦੀ), ਪ੍ਰਿਆਦਰਸ਼ਨ ਦੀ 'ਹੇਰਾ ਫ਼ੇਰੀ' (2000) ਵਿੱਚ ਓਮ ਪੁਰੀ (ਖੜਕ ਸਿੰਘ), ਡੇਵਿਡ ਧਵਨ ਦੀ 'ਚੋਰ ਮਚਾਏ ਸ਼ੋਰ' (2002) ਵਿੱਚ ਸ਼ੇਖਰ ਸੁਮਨ (ਗੁਰੂ) ਅਤੇ ਅਬਾਸ ਮਸਤਾਨ ਦੀ 'ਅਜਨਬੀ' (2001) ਵਿੱਚ ਨਰਿੰਦਰ ਬੇਦੀ (ਲਖਨਪਾਲ)। ਇਹ ਉਦਾਹਰਨਾਂ ਹਨ, ਅਜਿਹੀਆਂ ਹੋਰ ਵੀ ਬਹੁਤ ਫ਼ਿਲਮਾਂ ਹਨ।

ਅਜਿਹੀਆਂ ਫ਼ਿਲਮਾਂ ਬਣਾਉਣ ਵਾਲੇ ਫ਼ਿਰਕਾਪ੍ਰਸਤ ਹਨ ਜੋ ਸਿੱਖਾਂ ਦਾ ਮਜ਼ਾਕ ਉਡਾਉਣ ਵਿੱਚ ਆਪਣੀ ਕਾਮਯਾਬੀ ਸਮਝਦੇ ਹਨ। ਵਿਧੂ ਵਿਨੋਦ ਚੋਪੜਾ ਦੀ ਫ਼ਿਲਮ 'ਮਿਸ਼ਨ ਕਸ਼ਮੀਰ' (2000) ਵਿੱਚ ਸਰਦਾਰ ਪਾਤਰ ਨੂੰ ਬਹੁਤ ਹੀ ਡਰਪੋਕ ਦਿਖਾਇਆ ਗਿਆ । ਇਸੇ ਤਰ੍ਹਾਂ ਅਪੂਰਵਾ ਲਖੀਆ ਦੀ ਫ਼ਿਲਮ 'ਸ਼ੂਟ ਐਟ ਲੋਖੰਡਵਾਲਾ' (2007) ਵਿੱਚ ਜੂਨ 84 ਘਲੂਘਾਰੇ ਤੋਂ ਬਾਅਦ ਕੁਝ ਸਿੱਖ ਖਾੜਕੂਆਂ ਦੇ ਮੁੰਬਈ ਵਿੱਚ ਬਣਾਏ ਬੇਸ ਕੈਂਪ ਨੂੰ ਖ਼ਤਮ ਕਰਨ ਅਤੇ ਉਨ੍ਹਾਂ ਦੇ ਮੁਕਾਬਲੇ ਨੂੰ ਦਿਖਾਇਆ ਗਿਆ ਹੈ। ਇਸ ਦੀ ਸਿੱਖ ਸੰਗਠਨਾਂ ਵਲੋਂ ਆਲੋਚਨਾ ਵੀ ਕੀਤੀ ਗਈ ਸੀ ਅਤੇ ਫ਼ਿਲਮ ਨੂੰ ਬੈਨ ਕਰਨ ਦੀ ਮੰਗ ਵੀ ਕੀਤੀ ਗਈ ਸੀ।

# ਪੰਜਾਬੀਆਂ ਦੀ ਆਲੋਚਨਾ ਕਰਨ ਵਾਲਿਆਂ ਨੂੰ ਦਿਲਜੀਤ ਨੇ ਦਿੱਤੇ ਜਵਾਬ



ਮੁੰਬਈ/ਏ.ਟੀ.ਨਿਊਜ਼ः ਪੰਜਾਬੀ ਸੁਪਰ ਸਟਾਰ ਦਿਲਜੀਤ ਦੋਸਾਂਝ ਦਾ ਕਹਿਣਾ ਹੈ ਕਿ ਉਹ ਅਤੇ ਉਨ੍ਹਾਂ ਦੇ ਪੰਜਾਬੀ ਸਾਥੀ ਗੀਤ ਗਾ ਸਕਦੇ ਹਨ, ਡਾਂਸ ਕਰ ਸਕਦੇ ਨੇ ਅਤੇ ਅਦਾਕਾਰੀ ਵੀ ਕਰ ਸਕਦੇ ਹਨ। ਇੱਥੇ ਮਹਾਲਕਸ਼ਮੀ ਰੇਸ ਕੋਰਸ ਮੈਦਾਨ ਵਿੱਚ ਖਚਾਖਚ ਭਰੇ ਪ੍ਰੋਗਰਾਮ ਦੀ ਤਸਵੀਰ ਸਾਂਝੀ ਕਰਦਿਆਂ ਪੰਜਾਬੀਆਂ ਦੀ ਆਲੋਚਨਾ ਕਰਨ ਵਾਲਿਆਂ ਨੂੰ ਦਿਲਜੀਤ ਨੇ ਇਹ ਸੁਨੇਹਾ ਦਿੱਤਾ ਹੈ। ਜ਼ਿਕਰਯੋਗ ਹੈ ਕਿ ਦਿਲਜੀਤ ਨੇ ਬੀਐੱਮਡਬਲਿਊ ਜੌਇਟਾਊਨ 2024 ਸਮਾਰੋਹ ਵਿੱਚ ਹਿੱਸਾ ਲੈਂਦਿਆਂ ਇੱਥੇ ਸ਼ਨਿਚਰਵਾਰ ਨੂੰ ਆਪਣਾ ਪ੍ਰੋਗਰਾਮ ਪੇਸ਼ ਕੀਤਾ। ਹੁਣੇ ਜਿਹੇ ਰਿਲੀਜ਼ ਹੋਈ ਫ਼ਿਲਮ 'ਅਮਰ ਸਿੰਘ ਚਮਕੀਲਾ' ਲਈ ਦਿਲਜੀਤ ਦੀ ਹਰ ਪਾਸਿਓਂ ਸ਼ਲਾਘਾ ਹੋ ਰਹੀ ਹੈ। ਗਾਇਕ ਦੋਸਾਂਝ ਨੇ ਐਤਵਾਰ ਰਾਤ ਨੂੰ ਆਪਣੇ ਇੰਸਟਾਗ੍ਰਾਮ 'ਤੇ ਸ਼ੋਅ ਦਾ ਇੱਕ ਵੀਡੀਓ ਆਪਣੇ ਚਾਹੁਣ ਵਾਲਿਆਂ ਲਈ ਸਾਂਝਾ ਕੀਤਾ ਹੈ। ਦਿਲਜੀਤ ਨੇ ਇਸ ਵੀਡੀਓ ਵਿੱਚ ਕਿਹਾ ਹੈ, "ਉਹ ਕਹਿੰਦੇ ਸਨ ਕਿ ਸਰਦਾਰ ਫ਼ੈਸ਼ਨੇਬਲ ਨਹੀਂ ਹੋ ਸਕਦੇ।" ਇਸ 'ਤੇ ਦਿਲਜੀਤ ਨੇ ਕਿਹਾ , "ਮੈਂ ਦਿਖਾਊਂਗਾ।" ਉਹ ਕਹਿੰਦੇ ਸਨ ਕਿ ਸਰਦਾਰ ਫ਼ਿਲਮਾਂ ਵਿੱਚ ਸਟਾਰ ਨਹੀਂ ਬਣ ਸਕਦੇ ਅਤੇ ਮੈਂ ਉਨ੍ਹਾਂ ਨੂੰ ਕਰਕੇ ਦਿਖਾਇਆ। ਉਹ ਕਹਿੰਦੇ ਸਨ ਕਿ ਪੰਜਾਬੀ ਮੁੰਬਈ ਨਹੀਂ ਜਾ ਸਕਦੇ ਅਤੇ ਮੈਂ ਉਨ੍ਹਾਂ ਨੂੰ ਅਜਿਹਾ ਵੀ ਕਰਕੇ ਦਿਖਾਇਆ।' ਪੰਜਾਬੀ ਗਾਇਕ ਦੋਸਾਂਝ ਨੇ ਕਿਹਾ,' ਉਹ ਕਹਿੰਦੇ ਸਨ ਕਿ ਪੰਜਾਬੀ ਭੀੜ ਇਕੱਠੀ ਨਹੀਂ ਕਰ ਸਕਦੇ ਤਾਂ ਮੈਂ ਆਪਣੇ ਗੀਤਾਂ ਨਾਲ ਸਟੇਡੀਅਮ ਖਚਾਖਚ ਭਰ ਦਿੱਤਾ।

# ਸਤਿੰਦਰ ਸਰਤਾਜ ਤੇ ਨੀਰੂ ਬਾਜਵਾ ਦੀ ਫਿਲਮ 'ਸ਼ਾਇਰ'




ਆਗਾਮੀ ਪੰਜਾਬੀ ਸਿਨੇਮੈਟਿਕ ਮਾਸਟਰਪੀਸ, 'ਸ਼ਾਇਰ' ਨੂੰ ਲੈ ਕੇ ਉਮੀਦਾਂ ਨਵੀਆਂ ਉਚਾਈਆਂ 'ਤੇ ਪਹੁੰਚ ਗਈਆਂ ਕਿਉਂਕਿ ਮੁੱਖ ਮੁੱਖ ਕਲਾਕਾਰ ਨੀਰੂ ਬਾਜਵਾ ਅਤੇ ਸਤਿੰਦਰ ਸਰਤਾਜ ਨੇ ਸਿਤਾਰਿਆਂ ਨਾਲ ਭਰੀ ਪ੍ਰੈਸ ਕਾਨਫਰੰਸ ਕੀਤੀ। 'ਨੀਰੂ ਬਾਜਵਾ ਐਂਟਰਟੇਨਮੈਂਟ' ਦੇ ਬੈਨਰ ਹੇਠ ਮੇਜ਼ਬਾਨੀ ਕੀਤੀ ਗਈ ਅਤੇ ਸੰਤੋਸ਼ ਸੁਭਾਸ਼ ਥੀਟੇ ਦੁਆਰਾ ਨਿਰਮਿਤ, ਇਹ ਫਿਲਮ ਆਪਣੇ ਆਕਰਸ਼ਕ ਬਿਰਤਾਂਤ ਅਤੇ ਸ਼ਾਨਦਾਰ ਪ੍ਰਦਰਸ਼ਨ ਨਾਲ ਦਰਸ਼ਕਾਂ ਨੂੰ ਮੋਹ ਲੈਣ ਦਾ ਵਾਅਦਾ ਕਰਦੀ ਹੈ।

ਇਸ ਮੌਕੇ ਫਿਲਮ ਦੀ ਸਟਾਰ ਕਾਸਟ ਸਤਿੰਦਰ ਸਰਤਾਜ, ਨੀਰੂ ਬਾਜਵਾ, ਦੇਬੀ ਮਖਸੂਸਪੁਰੀ, ਕੇਵਲ ਧਾਲੀਵਾਲ, ਬੰਟੀ ਬੈਂਸ, ਫਿਲਮ ਦੇ ਨਿਰਮਾਤਾ ਸੰਤੋਸ਼ ਸੁਭਾਸ਼ ਥੀਟੇ, ਲੇਖਕ ਜਗਦੀਪ ਵੜਿੰਗ ਅਤੇ ਮੁਨੀਸ਼ ਸਾਹਨੀ ਵੀ ਮੌਜੂਦ ਸਨ। ਪ੍ਰੈਸ ਕਾਨਫਰੰਸ ਦੌਰਾਨ ਨੀਰੂ ਬਾਜਵਾ ਅਤੇ ਸਤਿੰਦਰ ਸਰਤਾਜ ਦੀ ਅਗਵਾਈ ਵਾਲੀ ਸਮੁੱਚੀ ਸਟਾਰ ਕਾਸਟ ਨੇ ਫਿਲਮ ਦੇ ਪਲਾਟ ਅਤੇ ਸੰਕਲਪ ਬਾਰੇ ਵੱਡਮੁੱਲੀ ਜਾਣਕਾਰੀ ਪੇਸ਼ ਕੀਤੀ, ਜਿਸ ਨਾਲ 'ਸ਼ਾਇਰ' ਦੀ ਦੁਨੀਆ ਦੀ ਝਲਕ ਮਿਲਦੀ ਹੈ। ਉਦੈ ਪ੍ਰਤਾਪ ਸਿੰਘ ਦੁਆਰਾ ਨਿਰਦੇਸ਼ਤ ਅਤੇ ਜਗਦੀਪ ਸਿੰਘ ਵੜਿੰਗ ਦੁਆਰਾ ਲਿਖੀ ਗਈ, ਇਹ ਫਿਲਮ ਪਿਆਰ, ਜਨੂੰਨ ਅਤੇ ਮਨੁੱਖੀ ਰਿਸ਼ਤਿਆਂ ਦੀਆਂ ਜਟਿਲਤਾਵਾਂ ਦੇ ਵਿਸ਼ਿਆਂ ਨੂੰ ਦਰਸਾਉਂਦੀ ਹੈ, ਜੋ ਸਮਕਾਲੀ ਪੰਜਾਬੀ ਸਿਨੇਮਾ ਨੂੰ ਇੱਕ ਤਾਜ਼ਗੀ ਭਰੀ ਪੇਸ਼ਕਾਰੀ ਪੇਸ਼ ਕਰਦੀ ਹੈ।




ਨੀਰੂ ਬਾਜਵਾ ਨੇ ਇਸ ਪ੍ਰੋਜੈਕਟ ਬਾਰੇ ਆਪਣੇ ਉਤਸ਼ਾਹ ਨੂੰ ਜ਼ਾਹਰ ਕਰਦੇ ਹੋਏ ਕਿਹਾ, "ਸ਼ਾਇਰ' ਪਿਆਰ ਦੀ ਸੱਚੀ ਕਹਾਣੀ ਹੈ, ਅਤੇ ਮੈਂ ਇਸ ਸਿਨੇਮਿਕ ਸਫ਼ਰ ਦਾ ਹਿੱਸਾ ਬਣ ਕੇ ਬਹੁਤ ਰੋਮਾਂਚਿਤ ਹਾਂ। ਇਹ ਫਿਲਮ ਭਾਵਨਾਵਾਂ ਦੀ ਡੂੰਘਾਈ ਦੀ ਪੜਚੋਲ ਕਰਦੀ ਹੈ ਅਤੇ ਦਰਸ਼ਕਾਂ ਨਾਲ ਗੂੰਜਣ ਦਾ ਵਾਅਦਾ ਕਰਦੀ ਹੈ।' ਸਤਿੰਦਰ ਸਰਤਾਜ ਨੇ ਆਪਣੀਆਂ ਭਾਵਨਾਵਾਂ ਨੂੰ ਗੂੰਜਦੇ ਹੋਏ ਟਿੱਪਣੀ ਕੀਤੀ, 'ਸ਼ਾਇਰ' 'ਤੇ ਕੰਮ ਕਰਨਾ ਸੱਚਮੁੱਚ ਇੱਕ ਅਮੀਰ ਅਨੁਭਵ ਰਿਹਾ ਹੈ। ਫਿਲਮ ਕਹਾਣੀ ਸੁਣਾਉਣ 'ਤੇ ਇੱਕ ਨਵੇਂ ਦ੍ਰਿਸ਼ਟੀਕੋਣ ਦੀ ਪੇਸ਼ਕਸ਼ ਕਰਦੇ ਹੋਏ ਪੰਜਾਬੀਅਤ ਦੇ ਤੱਤ ਨੂੰ ਖੂਬਸੂਰਤੀ ਨਾਲ ਸਮੇਟਦੀ ਹੈ।

'ਸ਼ਾਇਰ' ਦੇ ਨਿਰਮਾਤਾ ਸੰਤੋਸ਼ ਸੁਭਾਸ਼ ਥੀਟੇ ਨੇ ਆਪਣਾ ਉਤਸ਼ਾਹ ਜ਼ਾਹਰ ਕਰਦੇ ਹੋਏ ਕਿਹਾ, 'ਅਸੀਂ ਕਾਲੀ ਜੋਟਾ ਦੇ ਮੇਕਰਸ ਨਵੇਂ ਪ੍ਰੋਜੈਕਟ 'ਸ਼ਾਇਰ' ਵਿੱਚ ਰੋਮਾਂਟਿਕ ਜੋੜੀ ਸੱਤਾ ਅਤੇ ਸੀਰੋ ਨਾਲ ਵਾਪਸ ਆ ਰਹੇ ਹਾਂ। ਅਸੀਂ ਇਸ ਪ੍ਰੋਜੈਕਟ ਵਿੱਚ ਆਪਣੇ ਦਿਲਾਂ ਨੂੰ ਡੋਲ੍ਹ ਦਿੱਤਾ ਹੈ, ਜਿਸ ਦਾ ਉਦੇਸ਼ ਇੱਕ ਸਿਨੇਮੈਟਿਕ ਅਨੁਭਵ ਪ੍ਰਦਾਨ ਕਰਨਾ ਹੈ ਜੋ ਦਰਸ਼ਕਾਂ ਨਾਲ ਡੂੰਘਾਈ ਨਾਲ ਗੂੰਜਦਾ ਹੈ। ਇੱਕ ਪ੍ਰਤਿਭਾਸ਼ਾਲੀ ਕਾਸਟ ਅਤੇ ਚਾਲਕ ਦਲ ਦੇ ਨਾਲ, ਅਸੀਂ ਸੱਚਮੁੱਚ ਕੁਝ ਖਾਸ ਬਣਾਉਣ ਦੀ ਕੋਸ਼ਿਸ਼ ਕੀਤੀ ਹੈ, ਅਤੇ ਅਸੀਂ 19 ਅਪ੍ਰੈਲ, 2024 ਨੂੰ ਦਰਸ਼ਕਾਂ ਦੇ 'ਸ਼ਾਇਰ' ਦੀ ਦੁਨੀਆ ਵਿੱਚ ਆਪਣੇ ਆਪ ਨੂੰ ਲੀਨ ਕਰਨ ਲਈ ਇੰਤਜ਼ਾਰ ਨਹੀਂ ਕਰ ਸਕਦੇ ਹਾਂ'।

'ਸ਼ਾਇਰ' ਪੰਜਾਬੀ ਸਿਨੇਮਾ ਦੇ ਲੈਂਡਸਕੇਪ ਨੂੰ ਇਸਦੇ ਦਿਲਚਸਪ ਬਿਰਤਾਂਤ, ਸ਼ਾਨਦਾਰ ਪ੍ਰਦਰਸ਼ਨ, ਅਤੇ ਦ੍ਰਿਸ਼ਟੀਗਤ ਤੌਰ 'ਤੇ ਸ਼ਾਨਦਾਰ ਸਿਨੇਮੈਟੋਗ੍ਰਾਫੀ ਨਾਲ ਮੁੜ ਪਰਿਭਾਸ਼ਿਤ ਕਰਨ ਲਈ ਤਿਆਰ ਹੈ। ਜਿਵੇਂ ਕਿ ਫਿਲਮ ਆਪਣੀ ਬਹੁਤ-ਉਡੀਕ ਰੀਲੀਜ਼ ਲਈ ਤਿਆਰ ਹੋ ਰਹੀ ਹੈ, ਉਮੀਦ ਵਧਦੀ ਜਾ ਰਹੀ ਹੈ, ਇਸ ਨੂੰ ਸਾਲ ਦੀਆਂ ਸਭ ਤੋਂ ਉਤਸੁਕਤਾ ਨਾਲ ਉਡੀਕੀਆਂ ਜਾਣ ਵਾਲੀਆਂ ਸਿਨੇਮੈਟਿਕ ਪੇਸ਼ਕਸ਼ਾਂ ਵਿੱਚੋਂ ਇੱਕ ਬਣਾਉਂਦੀ ਹੈ।

## ਪੰਜਾਬ ਤੇ ਪੰਜਾਬ ਦਾ ਏਜੰਡਾ ਕੌਮੀ ਪਾਰਟੀਆਂ

ਦੂਸਰੇ ਪਾਸੇ, ਇੱਕ ਸੀਨੀਅਰ ਅਕਾਲੀ ਨੇਤਾ ਨੇ ਕਿਹਾ ਕਿ ਜੇ ਪਾਰਟੀ ਕਿਸੇ ਗੈਰ-ਪੰਥਕ ਉਮੀਦਵਾਰ ਨੂੰ ਮੈਦਾਨ ਵਿੱਚ ਉਤਾਰਦੀ ਹੈ ਤਾਂ ਇਹ ਪਾਰਟੀ ਲਈ ਬੇਹੱਦ ਨੁਕਸਾਨਦੇਹ ਹੋਵੇਗਾ। ਇਸ ਵਾਰ ਅਕਾਲੀ ਦਲ ਬਾਦਲ ਦਾ ਭਾਜਪਾ ਨਾਲ ਸਮਝੌਤਾ ਵੀ ਨਹੀਂ ਹੈ। ਇਸ ਲਈ ਅਕਾਲੀ ਦਲ ਕੋਲ ਮੌਕਾ ਹੈ ਕਿ ਉਹ ਪੰਜਾਬੀਆਂ ਤੇ ਸਿੱਖਾਂ ਦਾ ਫ਼ਿਰ ਤੋਂ ਵਿਸ਼ਵਾਸ ਜਿੱਤੇ, ਅਨੰਦਪੁਰ ਮਤਾ ਪ੍ਰਵਾਨ ਕਰੇ ਤੇ ਇਹ ਸਪੱਸ਼ਟ ਕਰੇ ਕਿ ਉਹ ਪੰਜਾਬ ਦੀਆਂ ਕਿਹੜੀਆਂ-ਕਿਹੜੀਆਂ ਮੰਗਾਂ 'ਤੇ ਕੀ ਸਟੈਂਡ ਲਵੇਗਾ ਤੇ ਉਹ ਪੰਜਾਬ ਦਾ ਕੇਸ ਲੋਕ ਸਭਾ ਵਿੱਚ ਕਿਸ ਤਰ੍ਹਾਂ ਪੇਸ਼ ਕਰੇਗਾ? ਪੰਜਾਬ ਦੇ ਹੱਕ ਵਿੱਚ ਅਤੇ ਪੰਜਾਬੀਆਂ ਦੇ ਹਿੱਤਾਂ ਨੂੰ ਸੁਰੱਖਿਅਤ ਕਰਨ ਲਈ ਸੰਘੀ ਢਾਂਚੇ ਦੀ ਮਜ਼ਬੂਤੀ ਲਈ ਉਹ ਹੋਰ ਖੇਤਰੀ ਪਾਰਟੀਆਂ ਨਾਲ ਕਿਸ ਤਰ੍ਹਾਂ ਦਾ ਤਾਲਮੇਲ ਕਰੇਗਾ? ਜੇਕਰ ਅਕਾਲੀ ਦਲ ਅਜਿਹਾ ਨਹੀਂ ਕਰਦਾ ਤਾਂ ਪੰਜਾਬ ਦੇ ਲੋਕ ਉਨ੍ਹਾਂ 'ਤੇ ਦੁਬਾਰਾ ਵਿਸ਼ਵਾਸ ਕਰਨ ਲਈ ਸ਼ਾਇਦ ਸੋਚਣ ਵੀ ਨਾ।

ਸਰਦਾਰ ਗੁਰਤੇਜ ਸਿੰਘ ਨੇ ਇਸ ਬਾਰੇ ਦਿਲਚਸਪ ਟਿੱਪਣੀ ਕਰਦਿਆਂ ਕਿਹਾ ਹੈ ਕਿ ਪੰਜਾਬ ਦੀ ਰਾਜਨੀਤੀ ਬਾਕੀ ਸੂਬਿਆਂ ਦੀ ਰਾਜਨੀਤੀ ਤੋਂ ਵੱਖਰੀ ਹੈ ਅਤੇ ਉਸ ਵਿੱਚ ਸ਼੍ਰੋਮਣੀ ਅਕਾਲੀ ਦਲ ਦਾ ਇੱਕ ਅਹਿਮ ਰੋਲ ਹੈ। ਚੋਣਾਂ ਜਿੱਤਣਾ ਅਹਿਮ ਨਹੀਂ ਪਰ ਪੰਜਾਬ ਦੀ ਰਾਜਨੀਤੀ ਵਿੱਚ ਸ਼੍ਰੋਮਣੀ ਅਕਾਲੀ ਦਲ ਦਾ ਰਹਿਣਾ, ਸੰਘੀ ਢਾਂਚੇ, ਪੰਥਕ ਤੇ ਪੰਜਾਬ ਹਿਤਾਂ ਉਪਰ ਪਹਿਰਾ ਦੇਣਾ ਵਧੇਰੇ ਮਹੱਤਵਪੂਰਨ ਹੈ।

***

## ਕਾਸ਼ੀ ਵਿਸ਼ਵਨਾਥ ਮੰਦਿਰ 'ਚ ਸੁਰੱਖਿਆ ਕਰਮੀਆਂ ਨੂੰ

ਇਸ ਦੌਰਾਨ ਚਰਚਾ ਸ਼ੁਰੂ ਹੋ ਗਈ ਕਿ ਹੁਣ ਮੰਦਰ ਦੇ ਚੌਗਿਰਦੇ ਤੋਂ ਪੁਲਿਸ ਵਾਲਿਆਂ ਨੂੰ ਹਟਾ ਦਿੱਤਾ ਗਿਆ ਹੈ? ਬਾਅਦ ਵਿੱਚ ਜਦੋਂ ਲੋਕਾਂ ਨੂੰ ਪਤਾ ਲੱਗਾ ਕਿ ਧੋਤੀ, ਕੁੜਤਾ ਅਤੇ ਸਕਾਰਫ਼ 'ਚ ਮੌਜੂਦ ਭਗਵਾ ਪਹਿਨੇ ਲੋਕ ਪਾਂਡੇ-ਪੁਰੋਹਿਤ ਨਹੀਂ ਸਗੋਂ ਪੁਲਿਸ ਵਾਲੇ ਸਨ। ਅਚਾਨਕ ਉਨ੍ਹਾਂ ਦਾ ਡਰੈੱਸ ਕੋਡ ਬਦਲ ਦਿੱਤਾ ਗਿਆ ਹੈ।

ਸ਼੍ਰੀ ਕਾਸ਼ੀ ਵਿਸ਼ਵਨਾਥ ਮੰਦਿਰ ਵਿੱਚ ਪੁਲਿਸ ਮੁਲਾਜ਼ਮਾਂ ਨੂੰ ਭਗਵਾ ਪਹਿਨਾਉਣ ਦੀ ਮੁਹਿੰਮ ਕਈ ਸਾਲ ਪਹਿਲਾਂ ਸ਼ੁਰੂ ਕੀਤੀ ਗਈ ਸੀ। ਪੁਲਿਸ ਪ੍ਰਸ਼ਾਸਨ ਨੇ ਮਾਰਚ 2018 ਵਿੱਚ ਫ਼ੈਸਲਾ ਕੀਤਾ ਸੀ ਕਿ ਧੋਤੀ ਅਤੇ ਕੁੜਤਾ ਪਹਿਨਣ ਵਾਲੇ ਪੁਲਿਸ ਕਰਮਚਾਰੀ ਸ਼੍ਰੀ ਕਾਸ਼ੀ ਵਿਸ਼ਵਨਾਥ ਮੰਦਿਰ ਦੇ ਪਾਵਨ ਅਸਥਾਨ ਦੇ ਸੁਰੱਖਿਆ ਪ੍ਰਬੰਧਾਂ ਦੀ ਕਮਾਨ ਸੰਭਾਲਣਗੇ। ਉਸ ਸਮੇਂ ਵੀ ਮੰਦਰ ਦੇ ਪਾਵਨ ਅਸਥਾਨ ਵਿੱਚ ਤਾਇਨਾਤ ਪੁਲਿਸ ਕਰਮਚਾਰੀ ਧੋਤੀ ਅਤੇ ਕੁੜਤੇ ਵਿਚ ਡਿਊਟੀ ਕਰਦੇ ਦੇਖੇ ਗਏ ਸਨ। ਉਸ ਸਮੇਂ ਇਹ ਦਲੀਲ ਦਿੱਤੀ ਗਈ ਸੀ ਕਿ ਸ਼੍ਰੀ ਕਾਸ਼ੀ ਵਿਸ਼ਵਨਾਥ ਮੰਦਿਰ ਦੇ ਪਾਵਨ ਅਸਥਾਨ ਦੀ ਸ਼ੁੱਧਤਾ ਨੂੰ ਬਣਾਈ ਰੱਖਣ ਲਈ ਪੁਲਿਸ ਕਰਮਚਾਰੀਆਂ ਦਾ ਡਰੈੱਸ ਕੋਡ ਬਦਲਿਆ ਗਿਆ ਸੀ।

ਸਮਾਜਵਾਦੀ ਪਾਰਟੀ ਦੇ ਬੁਲਾਰੇ ਮਨੋਜ ਰਾਏ ਧੂਪਚੰਡੀ ਨੇ ਪੁਲਿਸ ਦੇ ਨਵੇਂ ਡਰੈੱਸ ਕੋਡ 'ਤੇ ਇਤਰਾਜ਼ ਜਤਾਉਂਦੇ ਹੋਏ ਚੋਣ ਕਮਿਸ਼ਨ ਨੂੰ ਸ਼ਿਕਾਇਤ ਭੇਜੀ ਹੈ। ਉਹ ਕਹਿੰਦੇ ਹਨ ਕਿ ਨਾ ਪੁਲਿਸ ਕਮਿਸ਼ਨਰ ਮੋਹਿਤ ਅਗਰਵਾਲ ਅਤੇ ਨਾ ਹੀ ਮੰਦਰ ਪ੍ਰਸ਼ਾਸਨ ਨੂੰ ਪੁਲਿਸ ਡਰੈੱਸ ਕੋਡ ਨੂੰ ਬਦਲਣ ਦਾ ਅਧਿਕਾਰ ਹੈ। ਚੋਣਾਂ ਦੌਰਾਨ ਭਗਵੇਂ ਪਹਿਰਾਵੇ ਵਿੱਚ ਪੁਲਿਸ ਮੁਲਾਜ਼ਮਾਂ ਦੀ ਤਾਇਨਾਤੀ ਆਦਰਸ਼ ਚੋਣ ਜ਼ਾਬਤੇ ਦੀ ਸ਼ਰੇਆਮ ਉਲੰਘਣਾ ਹੈ। ਵੈਸੇ ਵੀ ਪੁਲਿਸ ਮੁਲਾਜ਼ਮਾਂ ਨੂੰ ਧੋਤੀ, ਕੁੜਤਾ ਜਾਂ ਪਜਾਮਾ ਪਹਿਨਣ ਲਈ ਭਰਤੀ ਨਹੀਂ ਕੀਤਾ ਜਾਂਦਾ। ਪੁਲਿਸ ਕਮਿਸ਼ਨਰ ਨੇ ਮੰਦਰ ਦੇ ਗਾਰਡਾਂ ਦੇ ਵਿਵਹਾਰ ਨੂੰ ਬਦਲਣ ਦੀ ਬਜਾਏ ਉਨ੍ਹਾਂ ਦਾ ਪਹਿਰਾਵਾ ਬਦਲ ਦਿੱਤਾ।

ਸਪਾ ਦੇ ਬੁਲਾਰੇ ਮਨੋਜ ਨੇ ਵੀ ਕਿਹਾ ਕਿ ਬਨਾਰਸ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦਾ ਸੰਸਦੀ ਖੇਤਰ ਹੈ। ਸ਼੍ਰੀ ਕਾਸ਼ੀ ਵਿਸ਼ਵਨਾਥ ਮੰਦਰ ਦੇ ਅੰਦਰ ਅਤੇ ਬਾਹਰ ਡਿਊਟੀ 'ਤੇ ਭਗਵੇਂ ਪਹਿਰਾਵੇ ਵਿੱਚ ਸਿਪਾਹੀਆਂ ਨੂੰ ਤਾਇਨਾਤ ਕਰਨਾ ਅਣਉਚਿਤ ਅਤੇ ਗੈਰ-ਕਾਨੂੰਨੀ ਹੈ। ਇਹ ਚੋਣ ਜ਼ਾਬਤੇ ਦੀ ਉਲੰਘਣਾ ਹੈ। ਪੁਲਿਸ ਕਮਿਸ਼ਨਰ ਦਾ ਵਰਤਾਰਾ ਕਾਫ਼ੀ ਹੈਰਾਨੀਜਨਕ ਹੈ।

ਸ਼੍ਰੀ ਕਾਸ਼ੀ ਵਿਸ਼ਵਨਾਥ ਮੰਦਿਰ ਦੇ ਸਾਬਕਾ ਮਹੰਤ ਰਾਜੇਂਦਰ ਤਿਵਾੜੀ ਨੇ ਵੀ ਭਗਵੇਂ ਪਹਿਰਾਵੇ ਵਿੱਚ ਸੁਰੱਖਿਆ ਕਰਮਚਾਰੀਆਂ ਦੀ ਤਾਇਨਾਤੀ 'ਤੇ ਤਿੱਖੀ ਪ੍ਰਤੀਕਿਰਿਆ ਜ਼ਾਹਰ ਕੀਤੀ ਹੈ। ਸ਼੍ਰੀ ਕਾਸ਼ੀ ਵਿਸ਼ਵਨਾਥ ਮੰਦਿਰ ਟਰੱਸਟ ਅਤੇ ਪੁਲਿਸ ਪ੍ਰਸ਼ਾਸਨ ਦੇ ਇਰਾਦਿਆਂ 'ਤੇ ਸਵਾਲ ਉਠਾਉਂਦੇ ਹੋਏ, ਉਹ ਕਹਿੰਦਾ ਹੈ, ਇਹ ਧਰਮ ਨਾਲ ਬੇਇਨਸਾਫ਼ੀ ਹੈ ਅਤੇ ਸੁਰੱਖਿਆ ਨਾਲ ਖਿਲਵਾੜ ਹੈ। ਇਸ ਨਾਲ ਸ਼ਰਧਾਲੂਆਂ ਦੀਆਂ ਧਾਰਮਿਕ ਭਾਵਨਾਵਾਂ ਨੂੰ ਠੇਸ ਪਹੁੰਚੇਗੀ।

ਸਾਬਕਾ ਮਹੰਤ ਰਾਜੇਂਦਰ ਵੀ ਕਹਿੰਦੇ ਹਨ, ਸਾਨੂੰ ਲੱਗਦਾ ਹੈ ਕਿ ਪੁਲਿਸ ਕਮਿਸ਼ਨਰ ਮੋਹਿਤ ਅਗਰਵਾਲ ਸੱਤਾਧਾਰੀ ਪਾਰਟੀ ਦੇ ਵਰਕਰ ਵਾਂਗ ਕੰਮ ਕਰ ਰਹੇ ਹਨ। ਦੋ ਦਿਨ ਪਹਿਲਾਂ ਮੰਦਰ ਦੇ ਸਾਹਮਣੇ ਇਤਰਾਜ਼ਯੋਗ ਧਾਰਮਿਕ ਨਾਅਰੇਬਾਜ਼ੀ ਕਰਨ ਵਾਲਿਆਂ ਖ਼ਿਲਾਫ਼ ਕੋਈ ਕਾਰਵਾਈ ਕਿਉਂ ਨਹੀਂ ਕੀਤੀ? ਆਖ਼ਰ ਉਹ ਕਿਸ ਨੂੰ ਖ਼ੁਸ਼ ਕਰਨਾ ਚਾਹੁੰਦੇ ਹਨ ਅਤੇ ਕਿਸ ਦੀਆਂ ਨਜ਼ਰਾਂ ਵਿੱਚ ਆਪਣਾ ਅਕਸ ਭਗਤ ਵਰਗਾ ਬਣਾਉਣਾ ਚਾਹੁੰਦੇ ਹਨ? ਕੇਂਦਰੀ ਚੋਣ ਕਮਿਸ਼ਨ ਨੂੰ ਇਸ ਮਾਮਲੇ ਨੂੰ ਗੰਭੀਰਤਾ ਨਾਲ ਲਵੇ ਅਤੇ ਇਸ ਨਵੀਂ ਸਰਕਾਰੀ ਭਗਵਾਂ ਪ੍ਰਣਾਲੀ ਠੋਸਣ ਨੂੰ ਤੁਰੰਤ ਖ਼ਤਮ ਕਰੇ। ਨਾਲ ਹੀ ਭਾਜਪਾ ਦੇ ਇਸ਼ਾਰੇ 'ਤੇ ਉਨ੍ਹਾਂ ਦੇ ਹੱਕ ਵਿੱਚ ਹੁਕਮ ਲਾਗੂ ਕਰਨ ਵਾਲੇ ਕਮਿਸ਼ਨਰ ਕੌਸ਼ਲਰਾਜ ਸ਼ਰਮਾ ਜੋ ਕਈ ਸਾਲਾਂ ਤੋਂ ਬਨਾਰਸ ਵਿੱਚ ਤਾਇਨਾਤ ਹਨ, ਨੂੰ ਤਬਦੀਲ ਕੀਤਾ ਜਾਵੇ। ਆਖਿਰ ਕੀ ਕਾਰਨ ਹੈ ਕਿ ਚੋਣ ਕਮਿਸ਼ਨ ਨੇ ਅੱਜ ਤੱਕ ਉਨ੍ਹਾਂ ਦਾ ਤਬਾਦਲਾ ਨਹੀਂ ਕੀਤਾ? ਸਾਨੂੰ ਲੱਗਦਾ ਹੈ ਕਿ ਕਮਿਸ਼ਨ ਵਿੱਚ ਬੈਠੇ ਅਧਿਕਾਰੀ ਨਿਰਪੱਖ ਨਹੀਂ ਹਨ, ਨਹੀਂ ਤਾਂ ਬਨਾਰਸ ਵਿੱਚ ਡਰੈੱਸ ਕੋਡ ਦੀ ਖੇਡ ਬਿਲਕੁਲ ਨਾ ਹੁੰਦੀ।

ਕਾਸ਼ੀ ਜਰਨਲਿਸਟ ਐਸੋਸੀਏਸ਼ਨ ਦੇ ਸਾਬਕਾ ਪ੍ਰਧਾਨ ਪ੍ਰਦੀਪ ਸ਼੍ਰੀਵਾਸਤਵ ਨੇ ਪੁਲਿਸ ਦੇ ਨਵੇਂ ਡਰੈੱਸ ਕੋਡ 'ਤੇ ਵੱਡਾ ਸਵਾਲ ਖੜ੍ਹਾ ਕੀਤਾ ਹੈ। ਉਹ ਕਹਿੰਦਾ ਹੈ ਕਿ ਸ਼੍ਰੀ ਕਾਸ਼ੀ ਵਿਸ਼ਵਨਾਥ ਮੰਦਿਰ ਸਰਕਾਰ ਦੁਆਰਾ ਚਲਾਇਆ ਜਾਂਦਾ ਹੈ। ਇਹ ਕੋਈ ਪ੍ਰਾਈਵੇਟ ਕੰਪਨੀ ਨਹੀਂ ਹੈ ਜੋ ਬਾਊਂਸਰਾਂ ਨੂੰ ਤਾਇਨਾਤ ਕਰਦੀ ਹੈ ਅਤੇ ਉਨ੍ਹਾਂ ਨੂੰ ਕੋਈ ਵੀ ਪਹਿਰਾਵਾ ਪਹਿਨਾਉਂਦੀ ਹੈ। ਫ਼ੋਰਸ ਦਾ ਮਜ਼ਾਕ ਉਡਾਉਣਾ ਠੀਕ ਨਹੀਂ ਹੈ। ਲੋਕ ਸਭਾ ਚੋਣਾਂ ਦੇ ਸਮੇਂ ਜਦੋਂ ਸਰਕਾਰ ਦੀਆਂ ਸਾਰੀਆਂ ਸ਼ਕਤੀਆਂ ਚੋਣ ਕਮਿਸ਼ਨ ਨੂੰ ਸੌਂਪੀਆਂ ਗਈਆਂ ਹਨ, ਤਾਂ ਬਨਾਰਸ ਦੇ ਪੁਲਿਸ ਕਮਿਸ਼ਨਰ ਮੋਹਿਤ ਅਗਰਵਾਲ ਨੇ ਇਹ ਮਨਮਾਨੀ ਕਿਉਂ ਅਤੇ ਕਿਵੇਂ ਕੀਤੀ? ਚੋਣਾਂ ਦੌਰਾਨ ਪੁਲਿਸ ਵਾਲਿਆਂ ਨੂੰ ਭਗਵਾ ਪਹਿਨਣ ਦਾ ਅਧਿਕਾਰ ਕਿਸਨੇ ਦਿੱਤਾ? ਡਰੈੱਸ ਕੋਡ ਨੂੰ ਬਦਲਣਾ ਗੈਰ-ਸੰਵਿਧਾਨਕ ਹੈ। ਚੋਣ ਕਮਿਸ਼ਨ ਨੂੰ ਮਨਮਾਨੀ ਕਰਨ ਵਾਲੇ ਪੁਲਿਸ ਅਧਿਕਾਰੀਆਂ ਤੋਂ ਸਪੱਸ਼ਟੀਕਰਨ ਮੰਗਣਾ ਚਾਹੀਦਾ ਹੈ ਅਤੇ ਸਖ਼ਤ ਕਾਰਵਾਈ ਵੀ ਕਰਨੀ ਚਾਹੀਦੀ ਹੈ।

ਵਰਨਣਯੋਗ ਹੈ ਕਿ ਕੁਝ ਸਾਲ ਪਹਿਲਾਂ ਯੂ.ਪੀ. ਦੇ ਤਤਕਾਲੀ ਸੈਰ-ਸਪਾਟਾ ਅਤੇ ਚੈਰੀਟੇਬਲ ਮਾਮਲਿਆਂ ਦੇ ਰਾਜ ਮੰਤਰੀ ਡਾ: ਨੀਲਕੰਠ ਤਿਵਾੜੀ ਦੀ ਪ੍ਰਧਾਨਗੀ ਹੇਠ ਮੰਦਿਰ ਪ੍ਰਸ਼ਾਸਨ ਅਤੇ ਕਾਸ਼ੀ ਵਿਦਵਤ ਪ੍ਰੀਸ਼ਦ ਦੇ ਵਿਦਵਾਨਾਂ ਦੀ ਇੱਕ ਮੀਟਿੰਗ ਤੋਂ ਬਾਅਦ ਉਜੈਨ ਦੇ ਮਹਾਕਾਲ ਮੰਦਿਰ ਦੀ ਤਰਜ਼ 'ਤੇ ਬਨਾਰਸ ਦੇ ਕਾਸ਼ੀ ਵਿਸ਼ਵਨਾਥ ਮੰਦਿਰ ਦੇ ਪਾਵਨ ਅਸਥਾਨ 'ਤੇ ਪਹਿਰਾਵਾ ਕੋਡ ਲਾਗੂ ਕਰਨ ਦੀਆਂ ਤਿਆਰੀਆਂ ਕੀਤੀਆਂ ਗਈਆਂ ਹਨ। ਉਸ ਸਮੇਂ ਇਹ ਫ਼ੈਸਲਾ ਕੀਤਾ ਗਿਆ ਸੀ ਕਿ ਮੰਦਰ ਦੇ ਦਰਸ਼ਨਾਂ ਲਈ ਪੁਰਸ਼ਾਂ ਨੂੰ ਧੋਤੀ-ਕੁਰਤਾ ਅਤੇ ਔਰਤਾਂ ਨੂੰ ਸਾੜ੍ਹੀ ਪਹਿਨਣੀ ਪਵੇਗੀ। ਕੋਈ ਵੀ ਵਿਅਕਤੀ ਜੀਨਸ, ਪੈਂਟ, ਕਮੀਜ਼, ਸੂਟ, ਟਾਈ ਕੋਟ ਪਾ ਕੇ ਮੰਦਰ ਵਿੱਚ ਦਾਖਲ ਨਹੀਂ ਹੋ ਸਕੇਗਾ। ਸ਼ਰਧਾਲੂਆਂ ਦੇ ਸਖ਼ਤ ਵਿਰੋਧ ਕਾਰਨ ਮੰਦਰ ਪ੍ਰਸ਼ਾਸਨ ਦੀ ਇਹ ਯੋਜਨਾ ਵੀ ਫ਼ੇਲ੍ਹ ਹੋ ਗਈ।

***

## ਲੋਕ ਸਭਾ 2024 ਦੌਰਾਨ ਪੰਜਾਬ ਵਿੱਚ

ਕਿਸਾਨਾਂ ਵੱਲੋਂ 'ਆਪ' ਪਾਰਟੀ ਨੂੰ ਸਵਾਲ ਤਾਂ ਹੋਣਗੇ। ਇਹ ਵੀ ਗੱਲ ਸੱਚ ਹੈ ਕਿ ਜੇ ਕਿਸਾਨ 'ਆਪ' ਪਾਰਟੀ ਤੋਂ ਖ਼ੁਸ਼ ਨਹੀਂ ਹਨ। ਕਾਂਗਰਸ ਨੇ ਵੀ ਤਿੰਨ ਖੇਤੀ ਕਾਨੂੰਨਾਂ ਖ਼ਿਲਾਫ਼ ਕਿਸਾਨਾਂ ਨੂੰ ਸਮਰਥਨ ਦਿੱਤਾ ਸੀ ਇਸ ਲਈ ਉਨ੍ਹਾਂ ਪ੍ਰਤੀ ਕਿਸਾਨਾਂ ਦੀ ਕੋਈ ਖ਼ਾਸ ਨਰਾਜ਼ਗੀ ਨਜ਼ਰ ਨਹੀਂ ਆ ਰਹੀ ਹੈ। ਅਕਾਲੀ ਦਲ ਬਾਰੇ ਗਰਗ ਕਹਿੰਦੇ ਹਨ, ਕਿਸਾਨਾਂ ਦਾ ਅਕਾਲੀ ਦਲ ਪ੍ਰਤੀ ਰੋਸ ਘਟਿਆ ਹੈ। ਭਾਜਪਾ ਨਾਲ ਗਠਜੋੜ ਨਾ ਹੋਣਾ ਵੀ ਅਕਾਲੀ ਦਲ ਦੇ ਹੱਕ ਵਿੱਚ ਜਾ ਸਕਦਾ ਹੈ। ਮੁੱਖ ਤੌਰ ਉੱਤੇ ਕਿਸਾਨਾਂ ਦਾ ਵਿਰੋਧ ਭਾਜਪਾ ਪ੍ਰਤੀ ਹੋਵੇਗਾ।

ਭਾਰਤੀ ਕਿਸਾਨ ਯੂਨੀਅਨ ਪੰਜਾਬ ਦੇ ਪ੍ਰਧਾਨ ਹਰਿੰਦਰ ਸਿੰਘ ਲੱਖੋਵਾਲ ਨੇ ਕਿਹਾ ਕਿ ਲੋਕ ਸਭਾ ਚੋਣਾਂ ਦਾ ਐਲਾਨ ਹੁੰਦਿਆਂ ਸਾਰ ਹੀ ਸਾਰੀਆਂ ਪਾਰਟੀਆਂ ਨੇ ਇੱਕ ਵਾਰ ਫਿਰ ਤੋਂ ਲੋਕਾਂ ਨਾਲ ਝੂਠੇ ਵਾਅਦੇ ਕਰਨੇ ਸ਼ੁਰੂ ਕਰ ਦਿੱਤੇ ਹਨ ।ਪਹਿਲਾਂ ਵੀ ਕਾਂਗਰਸ ਪਾਰਟੀ ਨੇ ਕਿਸਾਨਾਂ ਨਾਲ ਸਵਾਮੀਨਾਥਨ ਦੀ ਰਿਪੋਰਟ ਲਾਗੂ ਕਰਨ ਦਾ ਵਾਅਦਾ ਕੀਤਾ ਸੀ । ਇਸੇ ਤਰ੍ਹਾਂ ਭਾਜਪਾ ਨੇ 2024 ਤੱਕ ਕਿਸਾਨਾਂ ਦੀ ਆਮਦਨ ਦੁੱਗਣੀ ਕਰਨ ਦਾ ਵਾਅਦਾ ਕੀਤਾ ਸੀ, ਜੋ ਸਿਰਫ਼ ਚੋਣ ਸਟੰਟ ਸੀ। ਉਨ੍ਹਾਂ ਕਿਹਾ ਕਿ ਚੋਣ ਕਮਿਸ਼ਨ ਕਾਨੂੰਨ ਬਣਾਵੇ ਕਿ ਪਾਰਟੀ ਨੇ ਜੋ ਚੋਣ ਮਨੋਰਥ ਪੱਤਰ ਵਿੱਚ ਕਿਹਾ ਹੈ, ਉਹ ਸੱਤਾ ਵਿੱਚ ਆਉਣ 'ਤੇ ਹਰ ਹਾਲ ਲਾਗੂ ਕਰਵਾਉਣ ਲਈ ਉਹ ਪਾਬੰਦ ਹੋਵੇ ।

***

## ਅਮਰੀਕਾ 'ਚ ਭਾਰਤੀ ਵਿਦਿਆਰਥੀਆਂ ਨੂੰ ਬਿਹਤਰ

ਮੇਰਾ ਮਤਲਬ ਹੈ ਕਿ ਜੇ ਮੈਂ ਇਕ ਪਿਤਾ ਹਾਂ ਅਤੇ ਮੇਰਾ ਬੱਚਾ ਕਿਸੇ ਵੱਖਰੇ ਦੇਸ਼ 'ਚ ਹੈ ਜਿੱਥੇ ਇਹ ਚੀਜ਼ਾਂ ਹੋ ਰਹੀਆਂ ਹਨ, ਤਾਂ ਮੈਂ ਨਿਸ਼ਚਤ ਤੌਰ 'ਤੇ ਇਸ ਬਾਰੇ ਵੀ ਚਿੰਤਤ ਹੋਵਾਂਗਾ। ਪਰ ਜੋ ਮੈਂ ਵੇਖ ਰਿਹਾ ਹਾਂ ਉਹ ਇਹ ਹੈ ਕਿ ਮੈਨੂੰ ਇਹ ਮੰਨਣ ਦਾ ਕੋਈ ਕਾਰਨ ਜਾਂ ਮੁੱਦਾ ਨਜ਼ਰ ਨਹੀਂ ਆਉਂਦਾ ਕਿ ਇਹ ਅਪਰਾਧ ਨਫ਼ਰਤ ਤੋਂ ਪ੍ਰੇਰਿਤ ਹੋ ਸਕਦੇ ਹਨ।"

ਗੁਰਦੀਪ ਸਿੰਘ ਨੇ ਕਿਹਾ, "ਮੈਂ ਵਧੇਰੇ ਚਿੰਤਤ ਹੁੰਦਾ ਜੇ ਇਹ ਇਕ ਯੂਨੀਵਰਸਿਟੀ 'ਚ ਵਾਪਰਿਆ ਹੁੰਦਾ ਅਤੇ ਲਗਾਤਾਰ ਤਿੰਨ ਜਾਂ ਚਾਰ ਘਟਨਾਵਾਂ ਵਾਪਰਦੀਆਂ, ਤਾਂ ਘਟਨਾ ਦਾ ਮਕਸਦ ਸਾਹਮਣੇ ਆ ਜਾਂਦਾ। ਪਰ, ਘੱਟੋ-ਘੱਟ ਮੇਰੀ ਜਾਣਕਾਰੀ ਅਨੁਸਾਰ, ਮੈਨੂੰ ਨਫ਼ਰਤੀ ਅਪਰਾਧਾਂ ਜਾਂ ਭਾਰਤੀ ਵਿਦਿਆਰਥੀਆਂ ਨੂੰ ਨਿਸ਼ਾਨਾ ਬਣਾਉਣ ਵਾਲੇ ਹਮਲਿਆਂ ਦਾ ਕੋਈ ਕਾਰਨ ਨਜ਼ਰ ਨਹੀਂ ਆਉਂਦਾ।"

ਗੁਰਦੀਪ ਸਿੰਘ ਨੇ ਕਿਹਾ ਕਿ ਭਾਰਤੀ ਵਿਦਿਆਰਥੀਆਂ ਨੂੰ ਅਜਿਹੀਆਂ ਘਟਨਾਵਾਂ ਪ੍ਰਤੀ ਵਧੇਰੇ ਸਾਵਧਾਨ ਅਤੇ ਚੌਕਸ ਰਹਿਣ ਦੀ ਜ਼ਰੂਰਤ ਹੈ। ਇੰਸਟੀਚਿਊਟ ਆਫ ਇੰਟਰਨੈਸ਼ਨਲ ਐਜੂਕੇਸ਼ਨ ਦੀ 'ਓਪਨ ਡੋਰਸ ਰੀਪੋਰਟ' ਮੁਤਾਬਕ ਅਮਰੀਕਾ 'ਚ ਭਾਰਤੀ ਵਿਦਿਆਰਥੀਆਂ ਦੀ ਗਿਣਤੀ 2014-15 'ਚ 1,32,888 ਤੋਂ ਤਿੰਨ ਗੁਣਾ ਵਧ ਕੇ 2024 'ਚ 3,53,803 ਹੋ ਗਈ ਹੈ।

## ਕੀ ਆਪਣੀ ਗੁਆਚੀ ਸਿਆਸੀ ਜ਼ਮੀਨ

ਲਿਸਟ ਵਿੱਚ ਸੰਗਰੂਰ ਸੀਟ ਤੋਂ ਸਾਬਕਾ ਐੱਮਐੱਲਏ ਇਕਬਾਲ ਸਿੰਘ ਝੂੰਦਾ ਦਾ ਨਾਮ ਆਇਆ ਤਾਂ ਢੀਂਡਸਾ ਦੇ ਵਰਕਰਾਂ ਵਿੱਚ ਨਮੋਸ਼ੀ ਦੀ ਲਹਿਰ ਦੌੜ ਗਈ। ਅਕਾਲੀ ਆਗੂ ਬੀਬੀ ਜਾਗੀਰ ਕੌਰ ਦਾ ਕਹਿਣਾ ਹੈ ਕਿ ਪਰਮਿੰਦਰ ਸਿੰਘ ਢੀਂਡਸਾ ਨੂੰ ਸੰਗਰੂਰ ਤੋਂ ਟਿਕਟ ਮਿਲਣੀ ਚਾਹੀਦੀ ਸੀ। ਬੀਬੀ ਜਗੀਰ ਕੌਰ ਨੇ ਕਿਹਾ ਕਿ ਜਿਸ ਤਰ੍ਹਾਂ ਸ਼੍ਰੋਮਣੀ ਅਕਾਲੀ ਦਲ ਨੂੰ ਮਜ਼ਬੂਤ ਕਰਨ ਦੇ ਇਰਾਦੇ ਨਾਲ ਸੁਖਦੇਵ ਸਿੰਘ ਢੀਂਡਸਾ ਪਾਰਟੀ ਵਿੱਚ ਪਰਤੇ ਹਨ ਤਾਂ ਇਸ ਹਾਲਤ ਵਿੱਚ ਉਨ੍ਹਾਂ ਦਾ ਭਰੋਸਾ ਨਹੀਂ ਸੀ ਤੋੜਨਾ ਚਾਹੀਦਾ।

ਅਕਾਲੀ ਆਗੂ ਸੁਖਦੇਵ ਸਿੰਘ ਢੀਂਡਸਾ ਨੇ ਇੱਕ ਇੰਟਰਵਿਊ 'ਚ ਕਿਹਾ ਹੈ ਕਿ ਹਰਸਿਮਰਤ ਕੌਰ ਬਾਦਲ ਨੂੰ ਜਿਤਾਉਣ ਖ਼ਾਤਰ ਸੌਦਾ ਕੀਤਾ ਗਿਆ ਹੈ ਜਿਸ ਕਰਕੇ ਪਰਮਿੰਦਰ ਸਿੰਘ ਢੀਂਡਸਾ ਦੀ ਟਿਕਟ ਕੱਟੀ ਗਈ ਹੈ। ਸੂਤਰ ਦੱਸਦੇ ਹਨ ਕਿ ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਟਿਕਟਾਂ ਦੇ ਐਲਾਨ ਤੋਂ ਪਹਿਲਾਂ ਅਤੇ ਮਗਰੋਂ ਵੀ ਢੀਂਡਸਾ ਪਰਿਵਾਰ ਨਾਲ ਕੋਈ ਸੰਪਰਕ ਨਹੀਂ ਕੀਤਾ। ਚੇਤੇ ਰਹੇ ਕਿ ਸੁਖਦੇਵ ਸਿੰਘ ਢੀਂਡਸਾ ਇਸ ਵੇਲੇ ਸ਼੍ਰੋਮਣੀ ਅਕਾਲੀ ਦਲ ਦੇ ਸਰਪ੍ਰਸਤ ਵੀ ਹਨ। ਇੱਥੇ ਇਹ ਵੀ ਜ਼ਿਕਰਯੋਗ ਹੈ ਕਿ ਪਿਛਲੇ 20 ਸਾਲ ਤੋਂ ਲੋਕ ਸਭਾ ਹਲਕਾ ਸੰਗਰੂਰ ਤੋਂ ਢੀਂਡਸਾ ਪਰਿਵਾਰ ਹੀ ਚੋਣ ਲੜਦਾ ਆ ਰਿਹਾ ਹੈ। ਸੁਖਬੀਰ ਸਿੰਘ ਬਾਦਲ ਇਸ ਮਾਮਲੇ ਵਿੱਚ ਸਿਆਸੀ ਘੁੰਮਣਘੇਰੀ ਵਿੱਚ ਫਸ ਗਏ ਕਿਉਂਕਿ ਇਕਬਾਲ ਸਿੰਘ ਝੂੰਦਾ ਢੀਂਡਸਾ ਪਰਿਵਾਰ ਦੇ ਅਕਾਲੀ ਦਲ ਤੋਂ ਵੱਖ ਹੋਣ ਤੋਂ ਬਾਅਦ ਅਕਾਲੀ ਦਲ ਨੂੰ ਮਜ਼ਬੂਤ ਕਰਨ ਵਿਚ ਲੱਗੇ ਹੋਏ ਸਨ ਅਤੇ ਝੂੰਦਾ ਨੇ ਪਹਿਲਾਂ ਹੀ ਟਿਕਟ ਲਈ ਆਪਣੀ ਦਾਅਵੇਦਾਰੀ ਪੱਕੀ ਕਰ ਲਈ ਸੀ। ਸੁਖਬੀਰ ਸਿੰਘ ਬਾਦਲ ਦੇ ਇਸ ਫ਼ੈਸਲੇ ਨਾਲ ਢੀਂਡਸਾ ਪਰਿਵਾਰ ਸਿਆਸੀ ਹਾਸ਼ੀਏ 'ਤੇ ਚਲਾ ਗਿਆ ਹੈ । ਸੁਖਦੇਵ ਸਿੰਘ ਢੀਂਡਸਾ ਨੇ ਆਖਿਆ ਹੈ ਕਿ ਉਹ ਕਿਸੇ ਹੋਰ ਪਾਰਟੀ ਤੋਂ ਟਿਕਟ ਨਹੀਂ ਲੈ ਰਹੇ। ਉਹ ਅਕਾਲੀ ਸਨ ਤੇ ਅਕਾਲੀ ਰਹਿਣਗੇ।

ਇਸ ਤੋਂ ਪਹਿਲਾਂ ਅਕਾਲੀ ਆਗੂ ਸਿਕੰਦਰ ਸਿੰਘ ਮਲੂਕਾ ਦੀ ਨੂੰਹ ਪਰਮਪਾਲ ਕੌਰ ਦੇ ਭਾਰਤੀ ਪ੍ਰਸ਼ਾਸਨਿਕ ਸੇਵਾ ਤੋਂ ਅਸਤੀਫ਼ਾ ਦੇ ਦਿਤਾ ਸੀ। ਉਹ ਭਾਜਪਾ ਵੱਲੋਂ ਬਠਿੰਡਾ ਤੋਂ ਚੋਣ ਲੜਨਗੇ। ਬੀਤੇ ਦਿਨੀਂ ਸਾਬਕਾ ਅਕਾਲੀ ਮੰਤਰੀ ਸਿਕੰਦਰ ਸਿੰਘ ਮਲੂਕਾ ਦੇ ਬੇਟੇ ਗੁਰਪ੍ਰੀਤ ਸਿੰਘ ਮਲੂਕਾ ਅਕਾਲੀ ਦਲ ਛੱਡ ਕੇ ਆਪਣੀ ਪਤਨੀ ਪਰਮਪਾਲ ਕੌਰ ਮਲੂਕਾ ਨਾਲ ਭਾਜਪਾ ਵਿੱਚ ਸ਼ਾਮਲ ਹੋ ਗਏ ਸਨ।

ਸਾਬਕਾ ਮੰਤਰੀ ਸਿਕੰਦਰ ਸਿੰਘ ਮਲੂਕਾ ਦੇ ਨੂੰਹ-ਪੁੱਤਰ ਦੇ ਭਾਜਪਾ ਵਿੱਚ ਸ਼ਾਮਲ ਹੋਣ ਤੋਂ ਨਾਰਾਜ਼ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਉਨ੍ਹਾਂ ਨੂੰ ਮੌੜ ਹਲਕੇ ਦੇ ਇੰਚਾਰਜ ਅਹੁਦੇ ਤੋਂ ਹਟਾ ਕੇ ਜਨਮੇਜਾ ਸਿੰਘ ਸੇਖੋਂ ਨੂੰ ਇੰਚਾਰਜ ਲਾ ਦਿੱਤਾ ਹੈ।

ਦੱਸ ਦੇਈਏ ਕਿ ਗੁਰਪ੍ਰੀਤ ਸਿੰਘ ਮਲੂਕਾ ਅਕਾਲੀ ਦਲ ਤੋਂ ਕਾਫੀ ਨਾਰਾਜ਼ ਸਨ। ਕਿਉਂਕਿ ਅਕਾਲੀ ਦਲ ਨੇ ਉਨ੍ਹਾਂ ਨੂੰ 2022 ਦੀ ਵਿਧਾਨ ਸਭਾ ਵਿੱਚ ਰਾਮਪੁਰਾ ਫੂਲ ਤੋਂ ਟਿਕਟ ਨਹੀਂ ਦਿੱਤੀ ਸੀ। ਸਾਬਕਾ ਮੰਤਰੀ ਸਿਕੰਦਰ ਸਿੰਘ ਮਲੂਕਾ ਵੀ ਅਕਾਲੀ ਦਲ ਤੋਂ ਕਾਫੀ ਨਾਰਾਜ਼ ਸਨ। ਕਿਉਂਕਿ ਪਹਿਲਾਂ ਉਨ੍ਹਾਂ ਨੂੰ ਅਕਾਲੀ ਦਲ ਵੱਲੋਂ ਹਲਕਾ ਮੌੜ ਦਾ ਇੰਚਾਰਜ ਲਾਇਆ ਗਿਆ ਸੀ। ਇਸ ਕਾਰਨ ਉਸ ਨੇ ਮੌੜ ਵਿੱਚ ਆਪਣੀਆਂ ਸਰਗਰਮੀਆਂ ਵਧਾ ਦਿੱਤੀਆਂ। ਪਰ ਚੋਣਾਂ ਸਮੇਂ ਉਨ੍ਹਾਂ ਨੂੰ ਰਾਮਪੁਰਾ ਤੋਂ ਹੀ ਟਿਕਟ ਦਿੱਤੀ ਗਈ ਸੀ ਜਦੋਂ ਕਿ ਉਹ ਆਪਣੇ ਲਈ ਮੌੜ ਤੋਂ ਅਤੇ ਆਪਣੇ ਪੁੱਤਰ ਗੁਰਪ੍ਰੀਤ ਮਲੂਕਾ ਲਈ ਰਾਮਪੁਰਾ ਫੂਲ ਤੋਂ ਟਿਕਟ ਮੰਗ ਰਹੇ ਸਨ। ਪਰ ਅਕਾਲੀ ਦਲ ਨੇ ਉਨ੍ਹਾਂ ਦੇ ਪੁੱਤਰ ਨੂੰ ਟਿਕਟ ਨਹੀਂ ਦਿੱਤੀ। ਵਿਧਾਨ ਸਭਾ ਚੋਣਾਂ ਵਿੱਚ ਉਹ ਅਕਾਲੀ ਦਲ ਨਾਲ ਰਹੇ ਪਰ ਹੁਣ ਲੋਕ ਸਭਾ ਚੋਣਾਂ ਵਿੱਚ ਉਹ ਅਕਾਲੀ ਦਲ ਨਾਲ ਸਹਿਮਤ ਨਹੀਂ ਹੋਏ। ਹਾਲਾਂਕਿ ਸੁਖਬੀਰ ਸਿੰਘ ਬਾਦਲ ਵੱਲੋਂ ਉਨ੍ਹਾਂ ਨੂੰ ਮਨਾਉਣ ਲਈ ਕਈ ਯਤਨ ਕੀਤੇ ਗਏ ਸਨ, ਪਰ ਉਸਨੂੰ ਮਨਾ ਨਹੀਂ ਸਕਿਆ।

ਮੌੜ ਹਲਕਾ ਇੰਚਾਰਜ ਦੇ ਅਹੁਦੇ ਤੋਂ ਹਟਾਉਣ ਬਾਰੇ ਪੁੱਛੇ ਸਵਾਲ ਦੇ ਜਵਾਬ ਵਿੱਚ ਮਲੂਕਾ ਨੇ ਕਿਹਾ ਕਿ ਸੁਖਬੀਰ ਸਿੰਘ ਬਾਦਲ ਪਾਰਟੀ ਦੇ ਪ੍ਰਧਾਨ ਹਨ ਉਹ ਕਿਸੇ ਨੂੰ ਵੀ ਬਦਲ ਸਕਦੇ ਹਨ ਉਨ੍ਹਾਂ ਦੇ ਅਧਿਕਾਰਾਂ 'ਤੇ ਕੋਈ ਕਿੰਤੂ ਪ੍ਰੰਤੂ ਨਹੀ । ਭਾਜਪਾ ਵਿੱਚ ਸ਼ਾਮਿਲ ਹੋਣ ਦੀਆਂ ਕਿਆਸ ਅਰਾਈਆਂ ਬਾਰੇ ਉਨ੍ਹਾਂ ਕਿਹਾ ਕਿ ਅਜੇ ਤਾਂ ਮੈਂ ਅਕਾਲੀ ਹਾਂ ਜਿੱਦਣ ਗਿਆ ਉੱਦਣ ਸਵਾਲ ਕਰਿਓ ।

***

## ਦਲ ਬਦਲੂਆਂ ਨੇ ਰਾਜਨੀਤਕ ਪਾਰਟੀਆਂ ਦਾ

ਪਾਰਟੀ ਨੇ ਹਰਸਿਮਰਤ ਲਈ ਕੋਈ ਹੋਰ ਬਦਲ ਵੀ ਸੋਚਿਆ ਹੋਵੇਗਾ ਪਰ ਅਕਾਲੀ ਦਲ ਦੀ ਸੰਸਦ ਮੈਂਬਰ ਹਰਸਿਮਰਤ ਕੌਰ ਬਾਦਲ ਨੇ ਹਲਕਾ ਛੱਡਣ ਦੀਆਂ ਚਰਚਾਵਾਂ ਨੂੰ ਠੱਲ੍ਹਦਿਆਂ ਕਿਹਾ ਕਿ ਉਹ ਬਠਿੰਡਾ ਤੋਂ ਹੀ ਚੋਣ ਲੜਨਗੇ। ਉਨ੍ਹਾਂ ਕਾਂਗਰਸ ਅਤੇ ਭਾਜਪਾ ਨੂੰ ਨਿਸ਼ਾਨੇ 'ਤੇ ਲੈਂਦਿਆਂ ਕਿਹਾ ਇਹ ਦੋਨਾਂ ਪਾਰਟੀਆਂ ਨੂੰ ਬਠਿੰਡਾ ਸੀਟ ਤੋਂ ਕੋਈ ਉਮੀਦਵਾਰ ਨਹੀਂ ਮਿਲਿਆ ਜਿਸ ਕਾਰਨ ਉਹ ਅਕਾਲੀ ਦਲ ਵਿਚੋਂ ਕੱਢੇ ਹੋਏ ਉਮੀਦਵਾਰਾਂ ਨੂੰ ਟਿਕਟਾਂ ਦੇ ਰਹੇ ਹਨ। ਉਨ੍ਹਾਂ ਕਾਂਗਰਸ ਪ੍ਰਧਾਨ ਰਾਜਾ ਵੜਿੰਗ 'ਤੇ ਤਨਜ਼ ਕੱਸਦਿਆਂ ਕਿਹਾ ਕਿ ਬਠਿੰਡਾ ਵਿੱਚ ਪੋਸਟਰ ਤਾਂ ਕਾਂਗਰਸ ਪ੍ਰਧਾਨ ਦੇ ਲੱਗੇ ਹੋਏ ਹਨ ਅਤੇ ਉਨ੍ਹਾਂ ਦੀ ਪਤਨੀ ਦੋ ਮਹੀਨਿਆਂ ਤੋਂ ਹਲਕੇ ਵਿੱਚ ਵਿਚਰ ਰਹੇ ਹਨ ਪਰ ਹੈਰਾਨੀ ਹੋਈ ਕਿ ਕਾਂਗਰਸ ਵੱਲੋਂ ਟਿਕਟ ਅਕਾਲੀ ਦਲ ਵਿਚੋਂ ਕੱਢੇ ਹੋਏ ਵਿਅਕਤੀ ਨੂੰ ਦਿੱਤੀ ਗਈ ਹੈ। ਸਿਕੰਦਰ ਸਿੰਘ ਮਲੂਕਾ ਬਾਰੇ ਉਨ੍ਹਾਂ ਕਿਹਾ ਕਿ ਉਹ ਬਾਦਲ ਸਾਹਿਬ ਵੇਲੇ ਤੋਂ ਹੀ ਪਾਰਟੀ ਨਾਲ ਜੁੜੇ ਹੋਏ ਹਨ। ਉਨ੍ਹਾਂ ਦੇ ਪੁੱਤਰ ਤੇ ਨੂੰਹ ਬਾਰੇ ਟਿੱਪਣੀ ਕਰਦਿਆਂ ਕਿਹਾ ਕਿ ਉਨ੍ਹਾਂ ਨੇ ਮਲੂਕਾ ਦੀ ਬਦੌਲਤ ਹੀ ਅਹੁਦਿਆਂ ਦਾ ਆਨੰਦ ਲਿਆ ਹੈ। ਹੁਣ ਉਹ ਪਾਰਟੀ ਨਾਲ ਦਗਾ ਕਮਾ ਗਏ । ਸਿਆਸੀ ਮਾਹਿਰਾਂ ਦਾ ਹੈ ਕਿ ਪਾਰਟੀ ਵੱਲੋਂ ਹਰਸਿਮਰਤ ਸਮੇਤ 6 ਉਮੀਦਵਾਰਾਂ ਦੀ ਦੂਜੀ ਸੂਚੀ ਜਾਰੀ ਹੋਣ ਉਪਰੰਤ ਹੀ ਪੂਰੇ ਮਾਮਲੇ ਬਾਰੇ ਸੱਚ ਸਾਹਮਣੇ ਆਵੇਗਾ ।

ਬਠਿੰਡਾ ਤੋਂ ਭਾਜਪਾ ਦੀ ਟਿਕਟ ਮਿਲਣ ਤੋਂ ਬਾਅਦ ਸਿਕੰਦਰ ਸਿੰਘ ਮਲੂਕਾ ਦੀ ਨੂੰਹ ਪਰਮਪਾਲ ਕੌਰ ਮਲੂਕਾ ਨੇ ਸਰਗਰਮੀਆਂ ਸ਼ੁਰੂ ਕਰ ਦਿੱਤੀਆਂ ਹਨ। ਅਕਾਲੀ ਦਲ ਦਾ ਜਲੰਧਰ ਤੋਂ ਟਿਕਟ ਦਾ ਸੰਭਾਵੀ ਉਮੀਦਵਾਰ ਪਵਨ ਕੁਮਾਰ ਟੀਨੂੰ ਆਮ ਆਦਮੀ ਪਾਰਟੀ ਵਿੱਚ ਸ਼ਾਮਲ ਹੋਕੇ ਜਲੰਧਰ ਤੋਂ ਚੋਣ ਲੜ ਰਿਹਾ ਹੈ। ਚੋਣਾਂ ਦੇ ਸਮੇਂ ਦਲ ਬਦਲੀਆਂ ਤਾਂ ਅਕਸਰ ਦੇਖਣ ਨੂੰ ਮਿਲਦੀਆਂ ਸਨ ਲੇਕਿਨ ਇਸ ਵਾਰ ਤਾਂ ਲੋਕ ਲੀਡਰਾਂ ਦੇ ਕਿਰਦਾਰ ਨੂੰ ਦੇਖ ਕੇ ਮੱਥੇ 'ਤੇ ਹੱਥ ਮਾਰ ਰਹੇ ਹਨ ਕਿ ਸਿਆਸੀ ਲੀਡਰਾਂ ਦਾ ਕੋਈ ਕਿਰਦਾਰ ਨਹੀਂ ਰਿਹਾ। ਜ਼ਿਕਰ ਕਰਨਾ ਬਣਦਾ ਹੈ ਕਿ ਅਕਾਲੀ ਦਲ ਦੇ ਬਠਿੰਡਾ ਹਲਕੇ ਦੇ ਸਾਬਕਾ ਵਿਧਾਇਕ ਸਰੂਪ ਸਿੰਗਲਾ, ਸਾਬਕਾ ਸੰਸਦੀ ਸਕੱਤਰ ਜਗਦੀਪ ਸਿੰਘ ਨਕੱਈ, ਪ੍ਰੇਮ ਮਿੱਤਲ ਆਦਿ ਅਕਾਲੀ ਆਗੂ ਆਖਿਰ ਕਿਉਂ ਪੰਥਕ ਪਾਰਟੀ ਤੋਂ ਦੂਰੀ ਬਣਾ ਕੇ ਭਾਜਪਾ ਵਿੱਚ ਚਲੇ ਗਏ ਜਿਸ ਦਾ ਜਵਾਬ ਲੋਕ ਤਲਾਸ਼ ਰਹੇ ਹਨ। ਪੰਜਾਬ ਦੇ ਲੀਡਰ ਤਾਂ ਭਾਵੇਂ ਆਪਣੇ ਸਵਾਰਥਾਂ ਦੀ ਪੂਰਤੀ ਲਈ ਇੱਧਰੋਂ ਉੱਧਰ ਭੱਜ ਰਹੇ ਹਨ ਲੇਕਿਨ ਪੰਜਾਬ ਅੰਦਰ ਖੇਤੀ, ਨਸ਼ੇ, ਬੇਰੁਜ਼ਗਾਰੀ, ਪਾਣੀ ਅਤੇ ਬੰਦੀ ਸਿੱਖਾਂ ਦੀ ਰਿਹਾਈ ਦੇ ਮਸਲੇ ਮੂੰਹ ਅੱਡੀ ਖੜ੍ਹੇ ਹਨ।

ਸਿਆਸੀ ਹਲਕਿਆਂ ਵਿੱਚ ਮੰਨਿਆ ਜਾ ਰਿਹਾ ਹੈ ਕਿ ਅਗਲਾ ਇੱਕ ਹਫ਼ਤਾ ਕਾਫ਼ੀ ਅਹਿਮ ਸਿੱਧ ਹੋ ਸਕਦਾ ਹੈ। ਦੂਜੇ ਪਾਸੇ ਭਾਜਪਾ ਦੇ ਕੁਝ ਆਗੂ ਕਿਸਾਨਾਂ ਦੀ ਬੈਠਕ ਕੇਂਦਰੀ ਲੀਡਰਸ਼ਿਪ ਨਾਲ ਕਰਵਾਉਣ ਦਾ ਯਤਨ ਕਰ ਰਹੇ ਹਨ ਕਿਉਂਕਿ ਸੂਬੇ ਵਿੱਚ ਭਾਜਪਾ ਦੇ ਕੁਝ ਉਮੀਦਵਾਰਾਂ ਨੂੰ ਕਿਸਾਨਾਂ ਵੱਲੋਂ ਵਿਰੋਧ ਦਾ ਸਾਹਮਣਾ ਕਰਨਾ ਪਿਆ ਹੈ।



## ਨੰਬਰ ਬਿਆਸੀ

ਇਸ ਵਾਰੀ ਵੀ ਸੰਤੋਖ ਸਿੰਘ ਨੂੰ ਕੁਝ ਸਮਝ ਨਹੀਂ ਆਈ। ਇਸ ਵਾਰੀ ਵੀ ਉਸ ਨੇ ਪੁੱਤ ਨੂੰ ਕੁਝ ਨਹੀਂ ਪੁੱਛਿਆ। ਉਹ ਨੰਬਰ ਬਿਆਸੀ ਨੇੜੇ ਪਹੁੰਚੇ ਤਾਂ ਫਿਰ ਪਹਿਲਾਂ ਵਾਂਗ ਉੱਥੇ ਕਾਰਾਂ ਦੀ ਲੰਮੀ ਕਤਾਰ ਦਿਸੀ, 'ਇਹ ਸਾਰੇ ਅੱਜ ਇੱਥੇ ਕਿਉਂ? ਡੇਵਿਡ ਦਾ ਪੁੱਤ ਤਾਂ?' ਉਹੀ ਸੋਚ ਉਸ ਦੇ ਮਨ ਵਿੱਚ ਆਈ। ਘਰ ਅੰਦਰ ਪਹੁੰਚ ਸੰਤੋਖ ਸਿੰਘ ਨੂੰ ਫਿਰ ਪਹਿਲਾਂ ਵਾਂਗ ਸਾਰੇ ਜਣੇ ਕੁਰਸੀਆਂ 'ਤੇ ਬੈਠੇ ਦਿਸੇ। ਸਾਰੇ ਪਹਿਲਾਂ ਵਾਂਗ ਚੁੱਪ ਸਨ। ਉੱਥੇ ਦਾ ਮਾਹੌਲ ਫਿਰ ਪਹਿਲਾਂ ਵਾਂਗ ਉਦਾਸ ਲੱਗ ਰਿਹਾ ਸੀ।

ਸੰਤੋਖ ਸਿੰਘ ਪਹਿਲਾਂ ਵਾਂਗ ਪੁੱਤ ਨਾਲ ਜਾ ਕੇ ਕੁਰਸੀ 'ਤੇ ਬਹਿ ਗਿਆ। ਇਸ ਵਾਰੀ ਅਜੀਤ ਨੇ ਆਪਣੇ ਬਾਪੂ ਜੀ ਨੂੰ ਦੱਸਿਆ, "ਦੋ ਦਿਨ ਪਹਿਲਾਂ ਡੇਵਿਡ ਦਾ ਇੱਕ ਕੁੱਤਾ ਮਰ ਗਿਆ। ਉਹ ਕਈ ਦਿਨਾਂ ਤੋਂ ਬਿਮਾਰ ਸੀ। ਡੇਵਿਡ ਨੇ ਉਸ ਦਾ ਬਹੁਤ ਇਲਾਜ ਕਰਵਾਇਆ, ਪਰ ਉਹ ਤਾਂ ਵੀ ਬਚ ਨਹੀਂ ਸਕਿਆ। ਇਹ ਸਾਰੇ ਅੱਜ ਉਸ ਦੇ ਕੁੱਤੇ ਦੀ ਮੌਤ ਦਾ ਅਫ਼ਸੋਸ ਕਰਨ ਆਏ ਹਨ ਕਿਉਂਕਿ ਇਸ ਤੋਂ ਬਾਅਦ ਡੇਵਿਡ ਦਾ ਟੌਮੀ ਉਸੇ ਵਾਂਗ ਇਕੱਲਾ ਜੋ ਰਹਿ ਗਿਆ।"

ਇੱਕ ਵਾਰੀ ਸਾਰੇ ਜਣੇ ਅਫ਼ਸੋਸ ਕਰਨ ਲਈ ਖੜ੍ਹੇ ਹੋ ਗਏ। ਸਭ ਨੇ ਅੱਖਾਂ ਬੰਦ ਕਰ ਲਈਆਂ। ਕੁਝ ਚਿਰ ਬਾਅਦ ਸਾਰੇ ਇੱਕ-ਇੱਕ ਕਰਕੇ ਡੇਵਿਡ ਨੂੰ ਕੁਝ ਬੋਲ ਘਰੋਂ ਬਾਹਰ ਜਾਣ ਲੱਗੇ। ਮਾਸਟਰ ਸੰਤੋਖ ਸਿੰਘ ਦੀ ਵਾਰੀ ਆਈ। ਉਹ ਵੀ ਸੈਮੀ ਦਾ ਅਫ਼ਸੋਸ ਕਰਨ ਲਈ ਡੇਵਿਡ ਸਾਹਮਣੇ ਜਾ ਖੜ੍ਹਾ ਹੋਇਆ।

ਸੰਤੋਖ ਸਿੰਘ ਨੇ ਡੇਵਿਡ ਨੂੰ ਅਜੇ ਪਹਿਲਾਂ ਵਾਂਗ 'ਵੈਰੀ ਸੈਡ' ਕਿਹਾ ਸੀ ਕਿ ਅਚਾਨਕ ਉਸ ਦੀ ਨਜ਼ਰ ਡੇਵਿਡ ਦੇ ਚਿਹਰੇ ਵੱਲ ਗਈ। ਉਸ ਦੀਆਂ ਅੱਖਾਂ ਵਿੱਚ ਪਾਣੀ ਭਰਿਆ ਹੋਇਆ ਸੀ। ਅਜੇ ਇੱਕ ਹੰਝੂ ਬਾਹਰ ਨਿਕਲਣ ਨੂੰ ਹੋਇਆ ਸੀ ਕਿ ਮਾਸਟਰ ਸੰਤੋਖ ਸਿੰਘ ਇਹ ਸਭ ਹੋਣ ਤੋਂ ਪਹਿਲਾਂ ਹੀ ਨੰਬਰ ਬਿਆਸੀ 'ਚੋਂ ਬਾਹਰ ਨਿਕਲ ਤੇਜ਼ੀ ਨਾਲ ਪੁੱਤ ਦੇ ਅੱਗੇ-ਅੱਗੇ ਘਰ ਵੱਲ ਤੁਰ ਪਿਆ। ਘਰ ਵੱਲ ਜਾਂਦੇ ਸੰਤੋਖ ਸਿੰਘ ਸਮਝ ਨਹੀਂ ਸੀ ਆ ਰਹੀ ਕਿ ਡੇਵਿਡ ਦੀਆਂ ਅੱਖਾਂ ਵਿੱਚ ਅੱਜ ਇਹ ਹੰਝੂ ਕੁਝ ਮਹੀਨੇ ਪਹਿਲਾਂ ਮਰ ਗਏ ਉਸ ਦੇ ਜੁਆਨ ਪੁੱਤ ਲਈ ਆਏ ਸਨ ਜਾਂ ਉਸ ਦੇ ਪਿਆਰੇ ਕੁੱਤੇ ਸੈਮੀ ਲਈ?

***

## ਸਮਾਜ ਨੂੰ ਖੋਖਲਾ ਕਰ

ਅਜਿਹੇ ਮਾਹੌਲ ਵਿੱਚ ਸਮਾਜ ਦੀ ਤਰੱਕੀ ਨੂੰ ਭਾਲਣਾ ਅੰਨ੍ਹੇ ਨੂੰ ਸੂਰਜ ਦਿਖਾਉਣ ਬਰਾਬਰ ਹੈ। ਅਜੋਕੇ ਮੰਡੀ ਸ਼ਕਤੀ ਦੇ ਯੁੱਗ ਵਿੱਚ ਜਿੱਥੇ ਰੋਸ਼ਨ ਦਿਮਾਗ਼ ਤਜਾਰਤੀ ਲੋਕ ਆਰਥਿਕ ਵਸੀਲਿਆਂ 'ਤੇ ਕਾਬਜ਼ ਹੋ ਰਹੇ ਹਨ ਉੱਥੇ ਗਰੀਬਾਂ ਤੇ ਆਮ ਲੋਕ ਖੈਰਾਤਬਾਜ਼ੀ ਕਰਕੇ ਵਿਹਲ ਪ੍ਰਸਤ ਹੋ ਰਹੇ ਹਨ ਜਦਕਿ ਕਈ ਤਬਕੇ ਤਾਂ ਪਹਿਲਾਂ ਹੀ ਕੰਮ ਤੋਂ ਭਾਂਜੀ ਹਨ। ਖੇਤੀਬਾੜੀ ਵਿੱਚ ਲੇਬਰ ਦੀ ਬਹੁਤ ਵੱਡੀ ਸਮੱਸਿਆ ਉਪਜ ਰਹੀ ਹੈ ਕਿਉਂਕਿ ਲੋਕਲ ਲੇਬਰ ਮੁਫ਼ਤ ਰਾਸ਼ਨ ਪਾਣੀ ਕਰ ਕੇ ਕੰਮ ਤੋਂ ਕੰਨੀਂ ਕਤਰਾਉਣ ਲੱਗ ਪਈ ਹੈ। ਮੁਫ਼ਤਖੋਰੀ ਥੋੜ੍ਹਚਿਰੀ ਸੋਚ ਨੂੰ ਜਨਮ ਦਿੰਦੀ ਹੈ ਜਿਸ ਸਦਕਾ ਲੋਕ ਆਪਣਾ ਭੁੱਤਾ ਸਾਰੂ ਜੀਵਨ ਰਾਹ ਆਪਣਾ ਕੇ ਸਮਾਜ ਤੇ ਦੇਸ਼ ਦੀ ਤਰੱਕੀ ਵਿੱਚ ਕੋਈ ਭੂਮਿਕਾ ਨਹੀਂ ਨਿਭਾਉਂਦੇ। ਪ੍ਰਵਾਨਤ ਤੱਥ ਹੈ ਕਿ ਜੇ ਕਿਸੇ ਨੂੰ ਨਕਾਰਾ ਕਰਨਾ ਹੋਵੇ ਤਾਂ ਉਸ ਨੂੰ ਕੰਮ ਨਾ ਦਿਓ। ਤਜਰਬਾ ਦੱਸਦਾ ਹੈ ਕਿ ਮੁਫ਼ਤਖੋਰੀ ਨੇ ਵਧੇਰੇ ਕਰਕੇ ਕਿਸੇ ਵੀ ਰਾਜਨੀਤਕ ਪਾਰਟੀ ਨੂੰ ਸੱਤਾ ਨਹੀਂ ਦਿਵਾਈ। ਇਸ ਤੋਂ ਉਲਟ ਅਸਰ ਹੈ ਕਿ ਮੁਫ਼ਤ ਪਾਣੀ, ਬਿਜਲੀ ਕਰਕੇ ਪੰਜਾਬ ਦੀ ਧਰਤੀ ਬੰਜਰਪੁਣੇ ਵੱਲ ਵਧ ਰਹੀ ਹੈ। ਬਹੁਤ ਸਾਰੀਆਂ ਜਨਤਕ ਸੰਸਥਾਵਾਂ ਵਿੱਤ ਪੱਖੋਂ ਘੋਰ ਸੰਕਟ ਵਿੱਚ ਹਨ ਕਿਉਂਕਿ ਕਿਸੇ ਵਿਅਕਤੀ ਨੂੰ ਮੁਫ਼ਤਖੋਰੀ 'ਤੇ ਲਾਉਣਾ ਸੌਖਾ ਪਰ ਹਟਾਉਣਾ ਬਹੁਤ ਔਖਾ ਹੁੰਦਾ ਹੈ।

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਰਾਜ ਦੇ ਆਰਥਿਕ, ਸਮਾਜਿਕ ਤੇ ਰਾਜਨੀਤਕ ਪੱਖਾਂ ਦੇ ਜ਼ਰੇ ਜ਼ਰੇ ਤੋਂ ਵਾਕਿਫ਼ ਹਨ। ਉਨ੍ਹਾਂ ਨੇ ਆਪਣੀ ਕਾਮੇਡੀ ਨਾਲ ਸਮਾਜੀ ਅਲਾਮਤਾਂ 'ਤੇ ਬਹੁਤ ਵਿਅੰਗ ਕੀਤੇ ਹਨ। ਇਸ ਤੋਂ ਇਲਾਵਾ ਆਮ ਆਦਮੀ ਪਾਰਟੀ ਨੂੰ ਵੀ ਲੋਕਾਂ ਨੇ ਇਸ ਕਰਕੇ ਚੁਣਿਆ ਕਿ ਉਹ ਰਵਾਇਤੀ ਪਾਰਟੀਆਂ ਤੋਂ ਤੰਗ ਹੋ ਗਏ ਸਨ। ਇਸ ਲਈ ਮੌਜੂਦਾ ਸਰਕਾਰ ਤੋਂ ਤਵੱਕੋ ਕੀਤੀ ਜਾਂਦੀ ਹੈ ਕਿ ਉਹ ਪੰਜਾਬ ਦੀਆਂ ਬੁਨਿਆਦੀ ਸਮੱਸਿਆਵਾਂ ਨੂੰ ਧਿਆਨ ਵਿੱਚ ਰੱਖਦੇ ਹੋਏ ਠੋਸ ਨੀਤੀਆਂ ਨੂੰ ਅਪਣਾਏ ਜਿਸ ਨਾਲ ਬੇਰੁਜ਼ਗਾਰੀ ਤੇ ਪਰਵਾਸ ਕਰਕੇ ਖਾਲੀ ਹੋ ਰਹੇ ਪੰਜਾਬ ਨੂੰ ਬਚਾਇਆ ਜਾ ਸਕੇ।

***

## ਭਾਰਤੀ ਰਾਜਨੀਤੀ 'ਚ ਮੋਦੀ ਦਾ ਬੋਲਬਾਲਾ

ਲੋਕੀਂ ਵੀ ਵੋਟ ਪਾਉਣ ਸਮੇਂ ਇਨ੍ਹਾਂ ਦੋਹ ਆਧਾਰਾਂ ਨੂੰ ਹੀ ਮੁੱਖ ਰੱਖਦੇ ਸਨ ਪਰ ਇਸ ਵਾਰ ਅਜਿਹਾ ਨਹੀਂ ਹੋ ਰਿਹਾ। ਸਾਰਾ ਪ੍ਰਚਾਰ ਦੋ ਸ਼ਖ਼ਸੀਅਤਾਂ ਉੱਤੇ ਆਧਾਰਿਤ ਹੋ ਗਿਆ ਹੈ। ਇਸਦਾ ਭਾਵ ਹੈ ਕਿ ਦੇਸ਼ ਦੇ ਪ੍ਰਧਾਨ ਮੰਤਰੀ ਦਾ ਫ਼ੈਸਲਾ ਪਹਿਲਾਂ ਕਰ ਦਿੱਤਾ ਗਿਆ ਹੈ। ਮੌਜੂਦਾ ਸੱਤਾਧਾਰੀ ਪਾਰਟੀ ਵੱਲੋਂ ਆਪਣੀ ਪਾਰਟੀ ਦੀ ਚਰਚਾ ਨਹੀਂ ਕੀਤੀ ਜਾ ਰਹੀ ਸਗੋਂ ਇਹ ਆਖਿਆ ਜਾ ਰਿਹਾ ਹੈ ਕਿ ਹੋਰ ਇੱਕ ਵਾਰ ਮੋਦੀ ਸਰਕਾਰ। ਮੀਡੀਆ ਵੀ ਇਸੇ ਰਾਹ ਤੁਰਿਆ ਹੋਇਆ ਹੈ। ਉਸ ਨੇ ਚੋਣਾਂ ਨੂੰ ਦੰਗਲ ਦਾ ਨਾਂਅ ਦਿੱਤਾ ਤੇ ਮੋਦੀ ਅਤੇ ਰਾਹੁਲ ਗਾਂਧੀ ਵਿਚਕਾਰ ਕੁਸ਼ਤੀ ਦਾ ਪ੍ਰਚਾਰ ਕੀਤਾ ਜਾ ਰਿਹਾ ਹੈ। ਇਸਦੇ ਨਾਲ ਹੀ ਮੀਡੀਆ ਨੇ ਚੋਣਾਂ ਨੂੰ ਲੜਾਈ ਦਾ ਨਾਂਅ ਵੀ ਦਿੱਤਾ ਹੈ। ਕੀ ਲੋਕ ਸਭਾ ਲਈ ਚੋਣਾਂ ਦੋ ਵਿਅਕਤੀਆਂ ਵਿੱਚ ਦੰਗਲ, ਲੜਾਈ ਜਾਂ ਜੰਗ ਹੁੰਦੀਆਂ ਹਨ? ਦੇਸ਼ ਦੀ ਵਾਗਡੋਰ ਸੰਭਾਲਣ ਲਈ ਨਵੀਂ ਸਰਕਾਰ ਦੀ ਚੋਣ ਦੇਸ਼ ਦੇ ਨਾਗਰਿਕ ਕਰਦੇ ਹਨ। ਉਹ ਲੜਾਈ ਨਹੀਂ ਕਰਦੇ ਜਾਂ ਹੋ ਰਹੇ ਦੰਗਲ ਦੇ ਦਰਸ਼ਕ ਨਹੀਂ ਹਨ। ਜਦੋਂ ਅਸੀਂ ਚੋਣਾਂ ਨੂੰ ਲੜਾਈ ਦਾ ਨਾਂਅ ਦਿੰਦੇ ਹਾਂ ਤਾਂ ਅਸੀਂ ਨਫ਼ਰਤ ਦੇ ਬੀਜ ਬੀਜਦੇ ਹਾਂ। ਜੰਗ ਸਮਝ ਕੇ ਹੀ ਚੋਣਾਂ ਜਿੱਤਣ ਲਈ ਸਾਰੀਆਂ ਧਿਰਾਂ ਵੱਲੋਂ ਬਹੁਤ ਹੀ ਗਲਤ ਢੰਗ ਨਾਲ ਪ੍ਰਚਾਰ ਕੀਤਾ ਜਾ ਰਿਹਾ ਹੈ। ਇੱਕ ਦੂਜੇ ਦੇ ਬਚਪਨ ਤੋਂ ਲੈ ਕੇ ਹੁਣ ਤਕ ਦੇ ਨਿੱਜੀ ਜੀਵਨ ਦੀ ਚੀਰ ਫਾੜ ਹੋ ਰਹੀ ਹੈ। ਜੇਕਰ ਕੁਝ ਨਹੀਂ ਵੀ ਮਿਲਦਾ ਤਾਂ ਮਨਘੜਤ ਕਹਾਣੀਆਂ ਘੜੀਆਂ ਜਾ ਰਹੀਆਂ ਹਨ। ਪਾਰਟੀਆਂ ਅਤੇ ਨੀਤੀਆਂ ਵਿਸਾਰੀਆਂ ਗਈਆਂ ਹਨ। ਇੰਝ ਸਾਡਾ ਲੋਕਰਾਜ ਪਾਰਟੀ ਆਧਾਰਿਤ ਰਹਿਣ ਦੀ ਥਾਂ ਵਿਅਕਤੀ ਆਧਾਰਿਤ ਬਣ ਗਿਆ ਹੈ। ਇਸੇ ਸੋਚ ਅਧਾਰਿਤ ਭਾਰਤੀ ਜਨਤਾ ਪਾਰਟੀ ਵੱਲੋਂ ਦੇਸ਼ ਨੂੰ ਕਾਂਗਰਸ ਮੁਕਤ ਕਰਨ ਦੀ ਮੁਹਿੰਮ ਚਲਾਈ ਜਾ ਰਹੀ ਹੈ। ਜੇਕਰ ਅਜਿਹਾ ਹੋ ਜਾਂਦਾ ਹੈ ਤਾਂ ਦੇਸ਼ ਵਿੱਚ ਇੱਕੋ ਪਾਰਟੀ ਰਹਿ ਜਾਵੇਗੀ ਤੇ ਪ੍ਰਧਾਨ ਮੰਤਰੀ ਇੱਕ ਤਾਨਾਸ਼ਾਹ ਵਾਂਗ ਕੰਮ ਕਰਨਗੇ।

ਇਹ ਸੋਚ ਦੇਸ਼ ਲਈ ਘਾਤਕ ਹੈ। ਇੰਝ ਲੋਕ ਰਾਜ ਨੂੰ ਖੋਰਾ ਲੱਗੇਗਾ 'ਤੇ ਇੱਕ ਵਿਅਕਤੀ ਵਿਸ਼ੇਸ਼ ਤਾਨਾਸ਼ਾਹ ਵਾਂਗ ਸਰਕਾਰ ਚਲਾਵੇਗਾ। ਸਾਡੇ ਦੇਸ਼ ਵਿੱਚ ਪ੍ਰਧਾਨ ਮੰਤਰੀ ਦੀ ਚੋਣ ਲੋਕ ਸਭਾ ਦੇ ਮੈਂਬਰ ਕਰਦੇ ਹਨ। ਜਿਸ ਵੀ ਰਾਜਨੀਤਕ ਪਾਰਟੀ ਦਾ ਲੋਕ ਸਭਾ ਵਿੱਚ ਬਹੁਮਤ ਹੁੰਦਾ ਹੈ, ਉਸ ਦੇ ਲੋਕ ਸਭਾ ਮੈਂਬਰ ਆਪਣੇ ਨੇਤਾ ਦੀ ਚੋਣ ਕਰਦੇ ਹਨ। ਇਹ ਨੇਤਾ ਪ੍ਰਧਾਨ ਮੰਤਰੀ ਦੀ ਸਹੁੰ ਚੁੱਕ ਕੇ ਦੇਸ਼ ਦੀ ਵਾਗਡੋਰ ਸੰਭਾਲਦਾ ਹੈ। ਹੁਣ ਵੇਖਣਾ ਇਹ ਹੈ ਕਿ ਜਦੋਂ ਚੋਣ ਪ੍ਰਚਾਰ ਦਾ ਆਧਾਰ ਪਾਰਟੀ ਦੀਆਂ ਨੀਤੀਆਂ ਅਤੇ ਉਮੀਦਵਾਰਾਂ ਦੇ ਗੁਣਾਂ ਦੀ ਥਾਂ ਇੱਕ ਵਿਅਕਤੀ ਵਿਸ਼ੇਸ਼ ਨੂੰ ਪ੍ਰਧਾਨ ਮੰਤਰੀ ਬਣਾਉਣ ਲਈ ਕੀਤਾ ਜਾਵੇ, ਉਦੋਂ ਚੋਣ ਲੜ ਰਹੇ ਉਮੀਦਵਾਰਾਂ ਦੀ ਅਹਿਮੀਅਤ ਘਟ ਜਾਂਦੀ ਹੈ। ਇਹੋ ਸਾਡੇ ਦੇਸ਼ ਵਿੱਚ ਹੋਇਆ ਹੈ। ਚੋਣ ਜਿੱਤ ਕੇ ਲੋਕਸਭਾ ਦੇ ਮੈਂਬਰਾਂ ਦੀ ਆਪਣੇ ਪ੍ਰਧਾਨ ਮੰਤਰੀ ਦੀ ਚੋਣ ਵਿੱਚ ਕੋਈ ਅਹਿਮੀਅਤ ਨਹੀਂ ਹੈ। ਸਗੋਂ ਪ੍ਰਧਾਨ ਮੰਤਰੀ ਉਲਟਾ ਦਬਦਬਾ ਪਾ ਸਕਦਾ ਹੈ ਕਿ ਮੇਰੇ ਨਾਂਅ ਕਰਕੇ ਹੀ ਤੁਸੀਂ ਚੋਣ ਜਿੱਤ ਸਕੇ ਹੋ। ਜਦੋਂ ਪ੍ਰਧਾਨ ਮੰਤਰੀ ਕੋਈ ਫ਼ੈਸਲਾ ਲਵੇਗਾ ਤਾਂ ਕਿਸੇ ਮੈਂਬਰ ਵਿੱਚ ਵੀ ਇੰਨੀ ਹਿੰਮਤ ਨਹੀਂ ਹੋਵੇਗੀ ਕਿ ਉਹ ਫ਼ੈਸਲੇ ਦਾ ਵਿਰੋਧ ਕਰ ਸਕੇ ਜਾਂ ਆਪਣਾ ਮੂੰਹ ਖੋਲ੍ਹ ਸਕੇ।

ਜੇਕਰ ਪ੍ਰਧਾਨ ਮੰਤਰੀ ਦੀ ਚੋਣ ਮੈਂਬਰਾਂ ਨੇ ਕੀਤੀ ਹੋਵੇ ਉਹ ਖੁੱਲ੍ਹ ਕੇ ਬੋਲ ਸਕਦੇ ਹਨ ਕਿਉਂਕਿ ਉਨ੍ਹਾਂ ਨੂੰ ਹੌਸਲਾ ਹੁੰਦਾ ਹੈ ਸਾਡੀ ਸਹਿਮਤੀ ਨਾਲ ਹੀ ਪ੍ਰਧਾਨ ਮੰਤਰੀ ਦੀ ਚੋਣ ਹੋਈ ਹੈ। ਇਸ ਸੋਚ ਦੀ ਪੁਸ਼ਟੀ ਸਰਕਾਰ ਦੀ ਕੰਮਕਾਜੀ ਪਾਰੀ ਤੋਂ ਹੋ ਜਾਂਦੀ ਹੈ। ਵਿਕਾਸ ਦੇ ਬਹੁਤੇ ਪ੍ਰੋਗਰਾਮ ਪ੍ਰਧਾਨ ਮੰਤਰੀ ਦੀ ਆਪਣੀ ਸੋਚ ਜਾਂ ਉਨ੍ਹਾਂ ਦੇ ਨਿੱਜੀ ਸਲਾਹਕਾਰਾਂ 'ਤੇ ਆਧਾਰਿਤ ਹਨ। ਇਸ ਕਰਕੇ ਉਨ੍ਹਾਂ ਸਾਰਿਆਂ ਦੇ ਅੱਗੇ ਪ੍ਰਧਾਨ ਮੰਤਰੀ ਲੱਗਿਆ ਹੈ। ਇਨ੍ਹਾਂ ਪ੍ਰੋਗਰਾਮਾਂ ਦੇ ਚੰਗੇ ਮੰਦੇ ਪੱਖਾਂ ਬਾਰੇ ਕਦੇ ਵੀ ਪਾਰਟੀ ਮੈਂਬਰਾਂ ਨਾਲ ਵਿਚਾਰ ਵਟਾਂਦਰਾ ਨਹੀਂ ਹੋਇਆ ਕਿਉਂਕਿ ਪਿਛਲੀ ਵਾਰ ਵੀ ਚੋਣਾਂ ਪਾਰਟੀ ਪ੍ਰੋਗਰਾਮ ਦੀ ਥਾਂ ਮੋਦੀ ਦੇ ਨਾਮ ਹੇਠ ਹੀ ਲੜੀਆਂ ਗਈਆਂ ਸਨ। ਇਹ ਸਾਰੇ ਪ੍ਰੋਗਰਾਮ ਵਧੀਆ ਹਨ ਪਰ ਇਹ ਕਹਿਣ ਵਿੱਚ ਸੰਕੋਚ ਨਹੀਂ ਕੀਤਾ ਜਾ ਜਾ ਸਕਦਾ ਹੈ ਕਿ ਅਮਲੀ ਰੂਪ ਵਿੱਚ ਮਿਥੇ ਟੀਚੇ ਪ੍ਰਾਪਤ ਨਹੀਂ ਕਰ ਸਕੇ। ਕਿਸਾਨਾਂ ਦੀ ਆਮਦਨ ਵਿੱਚ ਵਾਧਾ ਨਹੀਂ ਹੋਇਆ, ਗਰੀਬਾਂ ਦੀ ਗਰੀਬੀ ਘੱਟ ਨਹੀਂ ਹੋ ਸਕੀ। ਸਿਖਲਾਈ ਪ੍ਰਾਪਤ ਬਹੁਤ ਘਟ ਨੌਜਵਾਨ ਆਪਣੇ ਧੰਦੇ ਸ਼ੁਰੂ ਕਰ ਸਕੇ ਹਨ। ਬੇਟੀਆਂ ਦੀ ਪੜ੍ਹਾਈ ਵਿੱਚ ਵੀ ਸੁਧਾਰ ਨਹੀਂ ਹੋਇਆ ਤੇ ਨਾ ਹੀ ਸਨਅਤੀ ਵਿਕਾਸ ਰਾਹੀਂ ਰੋਜ਼ਗਾਰ ਵਿੱਚ ਵਾਧਾ ਹੋਇਆ ਹੈ। ਜੇਕਰ ਇਹ ਸਾਰੇ ਫ਼ੈਸਲੇ ਪਾਰਟੀ ਮੈਂਬਰਾਂ ਨਾਲ ਸਲਾਹ ਮਸ਼ਵਰੇ ਪਿੱਛੋਂ ਲਏ ਜਾਂਦੇ ਅਤੇ ਆਪਣੇ ਹਲਕੇ ਵਿੱਚ ਇਨ੍ਹਾਂ ਦੀ ਸਫ਼ਲਤਾ ਲਈ ਮੈਂਬਰਾਂ ਨੂੰ ਜ਼ਿੰਮੇਵਾਰ ਠਹਿਰਾਇਆ ਜਾਂਦਾ ਤਾਂ ਨਤੀਜੇ ਵਧੀਆ ਹੋਣੇ ਸਨ।

ਭਾਜਪਾ ਵੱਲੋਂ ਇਸ ਵਾਰ ਮੁੜ ਚੋਣਾਂ ਨਰਿੰਦਰ ਮੋਦੀ ਦੇ ਨਾਂਅ ਉੱਤੇ ਹੀ ਲੜੀਆਂ ਜਾ ਰਹੀਆਂ ਹਨ। ਇਸ ਸਥਿਤੀ ਵਿੱਚ ਮੋਦੀ ਮੁੜ ਪ੍ਰਧਾਨ ਮੰਤਰੀ ਬਣਨਗੇ। ਉਨ੍ਹਾਂ ਦਾ ਆਪਣੇ ਆਪ ਉੱਤੇ ਭਰੋਸਾ ਹੋਰ ਵੀ ਵਧ ਜਾਵੇਗਾ। ਮੈਂਬਰ ਤਾਂ ਦੂਰ, ਉਨ੍ਹਾਂ ਨੂੰ ਆਪਣੇ ਮੰਤਰੀਆਂ ਦੀ ਵੀ ਪ੍ਰਵਾਹ ਨਹੀਂ ਰਹੇਗੀ। ਇੰਝ ਇਹ ਲੋਕਰਾਜ ਇੱਕ ਪਾਰਟੀ ਰਾਜ ਹੀ ਨਹੀਂ ਸਗੋਂ ਇੱਕ ਮੈਂਬਰੀ ਭਾਵ ਪ੍ਰਧਾਨ ਮੰਤਰੀ ਰਾਜ ਹੀ ਬਣ ਜਾਵੇਗਾ। ਇਹ ਰੁਝਾਨ ਲੋਕਰਾਜ ਦੇ ਹਿਤ ਵਿੱਚ ਨਹੀਂ।

***

## ਕੀ ਹਨ ਪੰਜਾਬ

ਪਰ ਜਦੋਂ ਹੀ ਚੋਣਾਂ ਆਉਂਦੀਆਂਹਨ ਤਾਂ ਉਹ ਮੁੱਦੇ ਖੁੰਬਾਂ ਵਾਂਗ ਫਿਰ ਖੜ੍ਹੇ ਹੋ ਜਾਂਦੇ ਹਨ। ਦੇਸ਼ ਵਿੱਚ ਰਾਸ਼ਟਰੀ ਪੱਧਰ 'ਤੇ ਅਜਿਹੇ ਬਹੁਤ ਸਾਰੇ ਮੁੱਦੇ ਹਨ ਜਿਨ੍ਹਾਂ ਦਾ ਜ਼ਿਕਰ ਵੱਖ ਵੱਖ ਚੋਣਾਂ ਵਿੱਚ ਕੀਤਾ ਜਾਂਦਾ ਹੈ ਪਰ ਜਦੋਂ ਰਾਜਨੀਤਕ ਮੁੱਦਿਆਂ ਦੇ ਆਧਾਰ 'ਤੇ ਪੰਜਾਬ ਸੂਬੇ ਦੀ ਗੱਲ ਕੀਤੀ ਜਾਂਦੀ ਹੈ ਤਾਂ ਬਹੁਤ ਸਾਰੇ ਅਜਿਹੇ ਮੁੱਦੇ ਇੱਥੇ ਵੀ ਹਨ ਜਿਨ੍ਹਾਂ ਨੂੰ ਰਾਜਨੀਤੀ ਮੁੱਦੇ ਬਣਾ ਕੇ ਚੋਣਾਂ ਤੋਂ ਪਹਿਲਾਂ ਪੇਸ਼ ਕੀਤਾ ਜਾਂਦਾ ਹੈ। ਦੇਸ਼ ਦੀ ਆਜ਼ਾਦੀ ਤੋਂ ਬਾਅਦ ਪੰਜਾਬ ਦੀ ਭੂਗੋਲਿਕ ਬਣਤਰ ਨੂੰ ਜਿਸ ਤਰ੍ਹਾਂ ਵੰਡਿਆ ਗਿਆ ਉਸ ਨਾਲ ਜਿੱਥੇ ਇਸ ਜ਼ਰਖੇਜ਼ ਧਰਤੀ ਦੇ ਯੋਧਿਆਂ ਨੂੰ ਵੰਡਿਆ ਗਿਆ, ਉੱਥੇ ਹੀ ਨਾਲ ਨਾਲ ਇੱਕ ਅਜਿਹੇ ਭਾਈਚਾਰੇ ਨੂੰ ਵੀ ਵੱਖ ਵੱਖ ਕਰ ਦਿੱਤਾ ਗਿਆ ਜੋ ਕਿ ਸਦੀਆਂ ਤੋਂ ਇਕੱਠਾ ਚੱਲਦਾ ਆ ਰਿਹਾ ਸੀ। ਪੰਜਾਬ ਅਤੇ ਹਰਿਆਣੇ ਦੇ ਵਿੱਚ ਬਹੁਤ ਕੁਝ ਵੰਡਿਆ ਗਿਆ ਤੇ ਆਖ਼ਰ ਲੋਕਾਂ ਨੂੰ ਪਾਣੀਆਂ ਦੀ ਵੰਡ 'ਤੇ ਵੰਡਣ ਲਈ ਬਹੁਤ ਸਾਰੇ ਸੰਵੇਦਨਸ਼ੀਲ ਮੁੱਦੇ ਖੜ੍ਹੇ ਕੀਤੇ ਗਏ, ਜਿਨ੍ਹਾਂ ਵਿੱਚ ਐੱਸ ਵਾਈ ਐੱਲ ਦਾ ਮੁੱਦਾ ਹੈ ਜੋ ਚੋਣਾਂ ਤੋਂ ਪਹਿਲਾਂ ਬਹੁਤ ਹੀ ਪ੍ਰਬਲ ਰੂਪ ਵਿੱਚ ਸਾਹਮਣੇ ਆਉਂਦਾ ਹੈ। ਇਸ ਸਮੇਂ ਨਸ਼ਿਆਂ ਅਤੇ ਬੇਅਦਬੀ ਦੀਆਂ ਘਟਨਾਵਾਂ ਦੇ ਮੁੱਦੇ ਵੀ ਚਰਚਾ ਵਿੱਚ ਹਨ। ਪੰਜਾਬੀ ਮਾਨਸਿਕਤਾ ਲਈ ਇਹ ਮੁੱਦੇ ਬਹੁਤ ਹੀ ਸੰਵੇਦਨਸ਼ੀਲ ਹਨ ਤੇ ਹਰੇਕ ਪੰਜਾਬੀ ਇਨ੍ਹਾਂ ਮੁੱਦਿਆਂ 'ਤੇ ਬਹੁਤ ਜਲਦੀ ਨਿਆਂ ਚਾਹੁੰਦਾ ਹੈ ਪੰਜਾਬੀ ਜਨਜੀਵਨ ਅੰਦਰ ਹਰੇਕ ਧਰਮ ਲਈ ਸਤਿਕਾਰ ਹੈ। ਪੰਜਾਬ ਦੇ ਵੋਟਰਾਂ ਦਾ ਧਰੁਵੀਕਰਨ ਇਨ੍ਹਾਂ ਮੁੱਦਿਆਂ 'ਤੇ ਕੇਂਦਰਿਤ ਕਰਕੇ, ਲੋਕਾਂ ਨੂੰ ਜਿੱਥੇ ਅਸਲ ਮੁੱਦਿਆਂ ਤੋਂ ਭਟਕਾਇਆ ਜਾ ਰਿਹਾ ਹੈ, ਉੱਥੇ ਹੀ ਇਨ੍ਹਾਂ ਮੁੱਦਿਆਂ ਨੂੰ ਵਾਰ ਵਾਰ ਉਠਾ ਕੇ ਲੋਕਾਂ ਦੇ ਹਿਰਦਿਆਂ ਨਾਲ ਕੋਝਾ ਮਜ਼ਾਕ ਵੀ ਕੀਤਾ ਜਾ ਰਿਹਾ ਹੈ। ਸਰਕਾਰਾਂ ਦਾ ਆਪਣਾ ਇੱਕ ਪ੍ਰਬੰਧ ਹੁੰਦਾ ਹੈ। ਉਨ੍ਹਾਂ ਕੋਲ ਬਹੁਤ ਸਾਰਾ ਕੰਟਰੋਲ ਹੁੰਦਾ ਹੈ। ਸਰਕਾਰਾਂ ਚਾਹੁਣ ਤਾਂ ਇਨ੍ਹਾਂ ਸੰਵੇਦਨਸ਼ੀਲ ਮੁੱਦਿਆਂ ਦਾ ਹੱਲ ਬਹੁਤ ਥੋੜ੍ਹੇ ਸਮੇਂ ਵਿੱਚ ਕਰਕੇ ਲੋਕਾਂ ਦੇ ਜ਼ਖ਼ਮਾਂ ਉੱਤੇ ਮੱਲ੍ਹਮ ਲਾ ਸਕਦੀਆਂ ਹਨ ਪਰ ਉਹ ਇਸ ਤਰ੍ਹਾਂ ਨਹੀਂ ਕਰਦੀਆਂ 'ਤੇ ਹਮੇਸ਼ਾ ਇਨ੍ਹਾਂ ਮੁੱਦਿਆਂ ਨੂੰ ਜਿਉਂਦਾ ਰੱਖ ਕੇ ਰਾਜਨੀਤਿਕ ਫ਼ਾਇਦਿਆਂ ਬਾਰੇ ਸੋਚਦੀਆਂ ਹਨ। ਅੱਜ ਜੇ ਸੂਬੇ ਅੰਦਰ, ਅਸਲ ਮੁੱਦਿਆਂ ਦੀ ਗੱਲ ਕਰੀਏ ਸਿੱਖਿਆ, ਸਿਹਤ ਅਤੇ ਸਮਾਜਿਕ ਸੁਰੱਖਿਆ ਦਾ ਜੋ ਹਾਲ ਹੈ ਉਸ ਬਾਰੇ ਫ਼ਿਕਰ ਕਰਨ ਦੀ ਜ਼ਰੂਰਤ ਹੈ।

ਸੂਬੇ ਦੀ ਸਰਕਾਰ ਨੂੰ ਚਾਹੀਦਾ ਹੈ ਕਿ ਉਹ ਸੂਬੇ ਦੇ ਪੈਸੇ ਨੂੰ ਉਨ੍ਹਾਂ ਯੋਜਨਾਵਾਂ ਉੱਤੇ ਖਰਚ ਕਰੇ ਜੋ ਕਿ ਬੇਹੱਦ ਜ਼ਰੂਰੀ ਹਨ। ਸਰਕਾਰ ਨੂੰ ਸਭ ਤੋਂ ਪਹਿਲਾਂ ਚਾਹੀਦਾ ਹੈ ਕਿ ਉਹ ਸੂਬੇ ਨੂੰ ਚਲਾਉਣ ਵਾਲੇ ਮੁਲਾਜ਼ਮਾਂ ਦੇ ਹਿਤਾਂ ਅਤੇ ਕਿਸਾਨਾਂ, ਮਜ਼ਦੂਰਾਂ ਦੀਆਂ ਭਲਾਈ ਸਕੀਮਾਂ ਬਾਰੇ ਸੋਚੇ ਤਾਂ ਜੋ ਸੂਬੇ ਅੰਦਰ ਵਿਕਾਸ ਨਾ ਰੁਕੇ ਅਤੇ ਸੂਬਾ ਹਰੇਕ ਪਹਿਲੂ ਤੋਂ ਕੰਮ ਕਰਦਾ ਹੋਇਆ ਆਪਣੇ ਮਿਥੇ ਹੋਏ ਟੀਚੇ 'ਤੇ ਪਹੁੰਚ ਕੇ ਇਸਦੇ ਨੌਜਵਾਨਾਂ ਨੂੰ ਇਹ ਅਹਿਸਾਸ ਕਰਾਵੇ ਕਿ ਸੂਬੇ ਅੰਦਰ ਉਨ੍ਹਾਂ ਦੀ ਜ਼ਰੂਰਤ ਹੈ। ਸੂਬੇ ਦੀ ਆਰਥਿਕਤਾ, ਤਹਿਸ ਨਹਿਸ ਹੋ ਚੁੱਕੀ ਹੈ ਤੇ ਸਰਕਾਰ ਫਿਰ ਵੀ ਚੋਣਾਂ ਨੂੰ ਮੁੱਖ ਰੱਖਦੇ ਹੋਏ, ਉਨ੍ਹਾਂ ਮੁੱਦਿਆਂ 'ਤੇ ਕੇਂਦਰਤ ਹੋ ਰਹੀ ਹੈ, ਜਿਨ੍ਹਾਂ ਤੋਂ ਉਸ ਨੂੰ ਰਾਜਨੀਤਕ ਫ਼ਾਇਦਾ ਹੋ ਸਕੇ। ਜੇਕਰ ਸਰਕਾਰ ਲੋਕਾਂ ਦੀਆਂ ਸਮੱਸਿਆਵਾਂ ਹੱਲ ਕਰਨ ਵੱਲ ਤਵੱਜੋ ਨਹੀਂ ਦੇਵੇਗੀ ਤਾਂ ਲੋਕ ਨਿਰਾਸ਼ ਹੋ ਜਾਣਗੇ। ਅਜਿਹੀ ਸਥਿਤੀ ਵਿੱਚ ਲੋਕਾਂ ਦੀ ਨਿਰਾਸ਼ਤਾ ਵਧਦੀ ਜਾਵੇਗੀ ਤਾਂ ਪੰਜਾਬ ਦਾ ਕੀ ਬਣੇਗਾ? ਇਸਦਾ ਅੰਦਾਜ਼ਾ ਲਗਾਉਣਾ ਸੰਭਵ ਨਹੀਂ। ਸੋ ਸਰਕਾਰ ਨੂੰ ਚਾਹੀਦਾ ਹੈ ਕਿ ਉਹ ਲੋਕਾਂ ਦੀ ਬਾਂਹ ਫੜੇ ਅਤੇ ਲੋਕ-ਮੁੱਦਿਆਂ 'ਤੇ ਕੇਂਦਰਤ ਹੋ ਕੇ ਲੋਕਾਂ ਬਾਰੇ ਸੋਚੇ।

***

## ਭਾਰਤੀ ਸਿਆਸਤ ਦਾ ਨਿਘਾਰ ਤੇ ਦਲ ਬਦਲ

ਹੁਣੇ ਜਿਹੇ ਦੋ ਕਾਂਗਰਸੀ ਨੇਤਾਵਾਂ ਨੂੰ 2024 ਦੀਆਂ ਲੋਕ ਸਭਾ ਚੋਣਾਂ ਲਈ (ਜਿੱਤਣ) ਯੋਗ ਉਮੀਦਵਾਰ ਮੰਨ ਕੇ ਮੁੱਖ ਮੰਤਰੀ ਦੀ ਹਾਜ਼ਰੀ ਵਿੱਚ ਸ਼ਾਮਿਲ ਕੀਤਾ ਗਿਆ ਹੈ। ਲੋਕ ਸਭਾ ਚੋਣ ਲਈ ਹੁਸ਼ਿਆਰਪੁਰ ਤੋਂ ਆਮ ਆਦਮੀ ਪਾਰਟੀ ਦੇ ਉਮੀਦਵਾਰ ਮੰਨੇ ਜਾਣ ਬਾਅਦ ਕਾਂਗਰਸ ਤੋਂ ਅਸਤੀਫ਼ਾ ਦੇ ਕੇ ਆਮ ਆਦਮੀ ਪਾਰਟੀ ਵਿੱਚ ਸ਼ਾਮਲ ਹੋਏ ਕਾਂਗਰਸੀ ਵਿਧਾਇਕ ਰਾਜ ਕੁਮਾਰ ਚੱਬੇਵਾਲ ਕੁਝ ਦੇਰ ਪਹਿਲਾਂ ਹੋਏ ਵਿਧਾਨ ਸਭਾ ਸੈਸ਼ਨ ਦੌਰਾਨ ਪੰਜਾਬ ਦੇ ਵਧ ਰਹੇ ਕਰਜ਼ੇ ਦੇ ਪ੍ਰਤੀਕ ਵਜੋਂ ਆਪਣੇ ਸਿਰ ਉੱਤੇ ਗਠੜੀ ਚੁੱਕੀ ਵਿਧਾਨ ਸਭਾ ਵਿੱਚ ਨਾਟਕੀ ਅੰਦਾਜ਼ ਨਾਲ ਦਾਖ਼ਲ ਹੋਏ ਅਤੇ ਸੂਬੇ ਵਿੱਚ ਅਮਨ-ਕਾਨੂੰਨ ਦੀ ਨਾਕਾਮ ਹਾਲਤ ਦੇ ਚਿੰਨ੍ਹ ਵਜੋਂ ਪੰਜਾਬ ਵਿਧਾਨ ਸਭਾ ਦੇ ਸਪੀਕਰ ਨੂੰ ਲੋਹੇ ਦੀ ਜ਼ੰਜੀਰੀ ਪੇਸ਼ ਕੀਤੀ ਸੀ। 'ਆਪ' ਸਰਕਾਰ ਦੀਆਂ ਨੀਤੀਆਂ ਦੇ ਸਖ਼ਤ ਆਲੋਚਕ ਰਹੇ ਰਾਜ ਕੁਮਾਰ ਚੱਬੇਵਾਲ ਨੂੰ ਦਲ ਬਦਲੀ ਦੇ ਨਾਲ ਹੀ 'ਆਪ' ਸਰਕਾਰ ਦੀਆਂ ਲੋਕ ਪੱਖੀ, ਖਾਸ ਕਰ ਕੇ ਗਰੀਬ ਵਰਗਾਂ ਲਈ ਨੀਤੀਆਂ ਦਾ ਇਲਹਾਮ ਹੋਇਆ ਹੈ। ਅਖ਼ਬਾਰੀ ਸੁਰਖੀਆਂ ਮੁਤਾਬਿਕ ਉਨ੍ਹਾਂ ਵੱਲੋਂ 'ਆਪ' ਸਰਕਾਰ ਦੀ ਆਲੋਚਨਾ ਉਨ੍ਹਾਂ ਦੇ ਵਿਰੋਧੀ ਧਿਰ ਵਿੱਚ ਹੋਣ ਕਰ ਕੇ ਸੀ। ਉਨ੍ਹਾਂ ਨੂੰ ਇਹ ਵੀ ਹੁਣੇ ਪਤਾ ਲੱਗਾ ਹੈ ਕਿ 'ਆਪ' ਸਰਕਾਰ ਡਾ. ਬੀਆਰ ਅੰਬੇਦਕਰ ਅਤੇ ਸ਼ਹੀਦ ਭਗਤ ਸਿੰਘ ਦੇ ਆਦਰਸ਼ਾਂ 'ਤੇ ਚੱਲ ਰਹੀ ਹੈ।

ਬੱਸੀ ਪਠਾਣਾ ਤੋਂ ਕਾਂਗਰਸ ਦੇ ਸਾਬਕਾ ਵਿਧਾਇਕ ਗੁਰਪ੍ਰੀਤ ਸਿੰਘ ਜੀਪੀ 'ਆਪ' ਵਿੱਚ ਸ਼ਾਮਲ ਹੋ ਕੇ ਫ਼ਤਹਿਗੜ੍ਹ ਸਾਹਿਬ ਤੋਂ ਪਾਰਟੀ ਦੇ ਲੋਕ ਸਭਾ ਉਮੀਦਵਾਰ ਬਣ ਗਏ ਹਨ। ਸੂਤਰਾਂ ਮੁਤਾਬਿਕ ਕਾਂਗਰਸ ਨਾਲ ਉਨ੍ਹਾਂ ਦੀ ਨਿਰਾਸ਼ਾ ਉਨ੍ਹਾਂ ਦੇ ਮੁਕਾਬਲੇ ਸਾਬਕਾ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਦੇ ਭਰਾ ਮਨਮੋਹਨ ਸਿੰਘ ਵੱਲੋਂ ਚੋਣ ਲੜਨਾ ਹੈ। ਇਸ ਦਲ ਬਦਲੀ ਅਤੇ ਚੋਣ ਜੋੜ ਤੋੜ ਖੇਡ ਵਿੱਚ ਸਭ ਕੁਝ ਉਲਟਾ-ਪੁਲਟਾ ਹੈ। ਲੋਕਾਂ ਨੂੰ ਪਤਾ ਹੀ ਨਹੀਂ ਲੱਗਦਾ ਕਿ ਕਿਸੇ ਆਗੂ ਦੀ ਸੋਚ ਦਾ ਰੰਗ ਹੁਣ ਕਿਹੜਾ ਹੈ। ਬੱਸ ਆਪਣਾ ਕਲਿਆਣ ਹੋਵੇ! ਜਨਤਾ ਲਈ ਇੰਨਾ ਹੀ ਕਾਫ਼ੀ ਹੈ ਕਿ ਉਨ੍ਹਾਂ ਨੂੰ ਵੋਟ ਪਾਉਣ ਦਾ ਮੌਕਾ ਮਿਲਦਾ ਹੈ। ਹੁਣ ਸਵਾਲ ਇਹ ਹੈ: ਜਿਹੜਾ ਆਗੂ ਅਜੇ ਕੁਝ ਮਹੀਨੇ ਪਹਿਲਾਂ ਹੀ ਜਮਹੂਰੀਅਤ ਦੀ ਰਾਖੀ ਲਈ 'ਭਾਜਪਾ ਹਰਾਓ' ਦੇ ਨਾਅਰੇ ਲਾ ਰਿਹਾ ਸੀ, ਕੀ ਹੁਣ ਉਸ ਨੂੰ ਲੋਕਾਂ ਨੂੰ 'ਭਾਜਪਾ ਜਿਤਾਓ' ਕਹਿਣ ਵਿੱਚ ਜ਼ਰਾ ਵੀ ਝਿਜਕ ਨਹੀਂ ਹੋਵੇਗੀ? ਅਜੇ ਪਿਛਲੇ ਸਾਲ ਉਨ੍ਹਾਂ 'ਆਪ ਜਿਤਾਓ' ਅਤੇ ਉਸ ਤੋਂ ਪਿਛਲੇ ਸਾਲ 'ਕਾਂਗਰਸ ਜਿਤਾਓ' ਦਾ ਨਾਅਰਾ ਮਾਰਿਆ ਸੀ। ਕੀ ਉਹ ਇੰਨੇ ਮਹਾਨ ਹਨ ਕਿ ਉਹ ਕੁਝ ਵੀ ਕਹਿਣ, ਤੇ ਲੋਕ ਮੰਨ ਲੈਣ? ਕੀ ਲੋਕ ਸਾਬਕਾ ਕਾਂਗਰਸ ਪ੍ਰਧਾਨ ਸੁਨੀਲ ਜਾਖੜ ਦੇ ਹੁਣ ਭਾਜਪਾ ਪ੍ਰਧਾਨ ਵਜੋਂ ਨੀਤੀਗਤ ਬਿਆਨਾਂ ਉੱਤੇ ਭਰੋਸਾ ਕਰ ਸਕਣਗੇ? ਕਾਂਗਰਸ ਦੀ ਟਿਕਟ 'ਤੇ ਤਿੰਨ ਵਾਰ ਸੰਸਦ ਮੈਂਬਰ ਰਹੇ ਰਵਨੀਤ ਸਿੰਘ ਬਿੱਟੂ ਵੱਲੋਂ ਦਲ ਬਦਲੀ ਮੌਕੇ 'ਪ੍ਰਧਾਨ ਮੰਤਰੀ ਅਤੇ ਗ੍ਰਹਿ ਮੰਤਰੀ ਨੂੰ ਪੰਜਾਬ ਨਾਲ ਬਹੁਤ ਪਿਆਰ ਹੈ' ਵਾਲਾ ਬਿਆਨ ਨਿਸ਼ਚਤ ਤੌਰ 'ਤੇ ਪ੍ਰਮਾਣਿਕ ਨਹੀਂ ਹੋ ਸਕਦਾ। ਸਿਆਸੀ ਨੇਤਾ ਅਤੇ ਪਾਰਟੀਆਂ ਅਜਿਹੀਆਂ ਖੇਡਾਂ ਅਤੇ ਅਰਥ ਵਿਹੂਣੇ ਕਥਨਾਂ ਨਾਲ ਚੋਣ ਤਾਂ ਜਿੱਤ ਸਕਦੇ ਹਨ ਕਿਉਂਕਿ ਕਿਸੇ ਨੇ ਤਾਂ ਜਿੱਤਣਾ ਹੀ ਹੈ ਪਰ ਲੋਕਾਂ ਦਾ ਭਰੋਸਾ ਨਹੀਂ ਜਿੱਤ ਸਕਦੇ।

***

## ਕੈਨੇਡਾ ਦੇ ਕਾਨੂੰਨ ਨੇ ਬੱਚਿਆਂ ਨੂੰ ਬਾਗ਼ੀ

ਭਾਵੇਂ ਇਸ ਦੇਸ਼ ਦੀ ਸਰਕਾਰ ਨੇ ਬੱਚਿਆਂ ਲਈ ਅਰਲੀ ਆਨ ਜਿਹੇ ਪ੍ਰੋਗਰਾਮ ਚਲਾਏ ਹੋਏ ਹਨ ਪਰ ਇਸਦੇ ਬਾਵਜੂਦ ਮਾਪਿਆਂ ਲਈ ਬੱਚਿਆਂ ਦਾ ਪਾਲਣ ਪੋਸ਼ਣ ਕਰਨਾ ਅਸਾਨ ਕੰਮ ਨਹੀਂ। ਭਾਵੇਂ ਸਾਡੇ ਦੇਸ਼ ਵਿੱਚ ਵੀ ਨੌਕਰੀ ਪੇਸ਼ਾ ਪਤੀ ਪਤਨੀ ਨੂੰ ਬੱਚਿਆਂ ਨੂੰ ਲੈ ਕੇ ਬਹੁਤ ਸਾਰੀਆਂ ਸਮੱਸਿਆਵਾਂ ਦਾ ਸਾਹਮਣਾ ਕਰਨਾ ਪੈਂਦਾ ਹੈ ਪਰ ਉੱਥੇ ਘਰ ਵਿੱਚ ਕੰਮ ਕਰਨ ਲਈ ਅਤੇ ਬੱਚਾ ਸੰਭਾਲਣ ਲਈ ਘੱਟ ਪੈਸਿਆਂ ਵਿੱਚ ਔਰਤਾਂ ਮਿਲ ਜਾਂਦੀਆਂ ਹਨ। ਬੱਚੇ ਦੇ ਪਾਲਣ ਪੋਸ਼ਣ ਲਈ ਪਰਿਵਾਰ ਦੇ ਬਜ਼ੁਰਗ ਜਾਂ ਫ਼ੇਰ ਕੋਈ ਹੋਰ ਅਸਾਨੀ ਨਾਲ ਆ ਜਾ ਸਕਦੇ ਹਨ। ਉਨ੍ਹਾਂ ਦੀਆਂ ਸਮੱਸਿਆਵਾਂ ਵੀ ਬਹੁਤ ਘੱਟ ਹੁੰਦੀਆਂ ਹਨ। ਵੱਡੇ ਸ਼ਹਿਰਾਂ ਵਿੱਚ ਆਉਣ ਜਾਣ ਅਤੇ ਡਾਕਟਰੀ ਸਹੂਲਤਾਂ ਦੀ ਸਮੱਸਿਆ ਵੀ ਬਹੁਤ ਘੱਟ ਹੁੰਦੀ ਹੈ। ਘੱਟ ਖਰਚੇ ਵਿੱਚ ਵੀ ਪਰਿਵਾਰ ਦਾ ਗੁਜ਼ਾਰਾ ਚੱਲ ਜਾਂਦਾ ਹੈ। ਅਜਿਹੀ ਕੋਈ ਥਾਂ ਨਹੀਂ ਜਿੱਥੇ ਸਮੱਸਿਆਵਾਂ ਨਾ ਹੋਣ ਪਰ ਸਮੱਸਿਆਵਾਂ ਦਾ ਹੱਲ ਕਰਨਾ ਸਾਡੇ ਆਪਣੇ ਹੱਥ ਵਿੱਚ ਹੁੰਦਾ ਹੈ। ਬੱਚੇ ਦੇ ਪਾਲਣ ਪੋਸ਼ਣ ਨੂੰ ਆਸਾਨ ਕਰਨ ਲਈ ਸਭ ਤੋਂ ਪਹਿਲਾਂ ਸਮਝਣ ਵਾਲੀ ਗੱਲ ਇਹ ਹੈ ਕਿ ਅਸੀਂ ਕਮਾਉਂਦੇ ਬੱਚਿਆਂ ਲਈ ਹੀ ਹਾਂ। ਜੇਕਰ ਸਾਡੇ ਬੱਚਿਆਂ ਦਾ ਪਾਲਣ ਪੋਸ਼ਣ ਹੀ ਠੀਕ ਨਾਲ ਨਾ ਹੋਇਆ ਤਾਂ ਕਮਾਈ ਦਾ ਵੀ ਕੀ ਲਾਭ? ਸਭ ਤੋਂ ਪਹਿਲਾਂ ਬੱਚੇ ਦੇ ਪਾਲਣ ਪੋਸ਼ਣ ਨੂੰ ਤਰਜੀਹ ਦਿੱਤੀ ਜਾਵੇ। ਜੇਕਰ ਬੱਚੇ ਦੇ ਪਾਲਣ ਪੋਸ਼ਣ ਲਈ ਬਜ਼ੁਰਗਾਂ ਨੂੰ ਲਿਆਂਦਾ ਜਾਵੇ ਤਾਂ ਉਨ੍ਹਾਂ ਦਾ ਹਰ ਪੱਖੋਂ ਧਿਆਨ ਰੱਖਿਆ ਜਾਵੇ। ਉਨ੍ਹਾਂ ਨੂੰ ਇਹ ਨਾ ਲੱਗੇ ਕਿ ਉਹ ਆ ਕੇ ਫ਼ਸ ਗਏ ਹਨ। ਪਤੀ ਪਤਨੀ ਇੱਕ ਦੂਜੇ ਨੂੰ ਪੂਰਾ ਸਹਿਯੋਗ ਦੇਣ। ਬੱਚੇ ਦੇ ਚੰਗੇ ਪਾਲਣ ਪੋਸ਼ਣ ਲਈ ਜੇਕਰ ਹੋ ਸਕੇ ਤਾਂ ਪਤਨੀ ਨੂੰ ਥੋੜ੍ਹੇ ਸਮੇਂ ਲਈ ਨੌਕਰੀ ਛੱਡ ਦੇਣੀ ਚਾਹੀਦੀ ਹੈ ਜਾਂ ਫ਼ੇਰ ਕੋਈ ਅਜਿਹਾ ਕੰਮ ਵੇਖ ਲੈਣਾ ਚਾਹੀਦਾ ਹੈ ਜੋ ਘਰ ਤੋਂ ਹੋ ਸਕੇ। ਡੇ ਕੇਅਰ ਅਤੇ ਨੈਨੀ ਦੀ ਚੋਣ ਬਹੁਤ ਸੋਚ ਸਮਝ ਕੇ ਕਰਨੀ ਚਾਹੀਦੀ ਹੈ। ਇਸ ਦੁਨੀਆਂ ਵਿੱਚ ਮਾਂ ਦਾ ਕੋਈ ਬਦਲ ਨਹੀਂ ਹੈ। ਬੱਚਿਆਂ ਨੂੰ ਅੰਗਰੇਜ਼ੀ ਦੇ ਨਾਲ ਨਾਲ ਆਪਣੀ ਮਾਤ ਭਾਸ਼ਾ ਨਾਲ ਵੀ ਜੋੜਕੇ ਰੱਖਿਆ ਜਾਵੇ।

***

## ਕੀ ਧੰਨਾ ਭਗਤ ਪੱਥਰ ਜਾਂ

ਹੁਣ ਗੁਣਾਂ ਦਾ ਸਮੁੰਦਰ ਬਣ ਗਿਆ ॥2॥

ਰਵਿਦਾਸ ਪਹਿਲਾਂ ਨਿਤ ਮਰੇ ਹੋਏ ਪਸ਼ੂ ਢੋਣ ਵਿੱਚ ਸ਼ਾਮਿਲ ਸੀ ਪਰ ਹੁਣ ਉਸ ਨੇ ਮਾਇਆ ਦਾ ਮੋਹ ਛੱਡ ਦਿੱਤਾ, ਸਾਧ ਸੰਗਤਿ ਕਰਕੇ ਉਘਾ ਹੋ ਗਿਆ, ਉਸ ਨੂੰ (ਭੀ) ਰੱਬ ਦੇ ਦਰਸ਼ਨ ਹੋ ਗਏ ॥2॥ ਪਹਿਲਾਂ ਸੈਣ ਜਾਤ ਦਾ ਨਾਈ ਲੋਕਾਂ ਦੀਆਂ ਬੁੱਤੀਆਂ (ਭਾਵ ਛੋਟੇ ਛੋਟੇ ਕੰਮ ਕਰਨ) ਵਿੱਚ ਮਸਤ ਸੀ, ਉਹ ਰੱਬ ਦੀ ਭਗਤੀ ਕਰਨ ਲੱਗ ਪਿਆ ਉਸ ਦੀ ਘਰ ਘਰ ਸ਼ੋਭਾ ਹੋ ਤੁਰੀ, ਉਸ ਦੇ ਹਿਰਦੇ ਵਿਚ ਰੱਬ ਵਸ ਗਿਆ। ਇਸ ਤਰ੍ਹਾਂ ਉਹ ਹੁਣ ਭਗਤਾਂ ਵਿੱਚ ਗਿਣੇ ਜਾਣ ਲੱਗੇ ॥3 ॥ਇਸ ਤਰ੍ਹਾਂ ਦੀਆਂ ਕਹਾਣੀਆਂ ਸੁਣ ਕੇ ਜਦੋਂ ਗਰੀਬ ਧੰਨਾ ਭੀ ਸੱਚੇ ਦਿਲੋਂ ਰੱਬ ਦੀ ਭਗਤੀ ਕਰਨ ਲੱਗ ਪਿਆ ਤਾਂ ਉਸ ਨੂੰ ਪਰਮਾਤਮਾ ਦੇ ਸ਼ਾਖਿਆਤ ਦੀਦਾਰ ਹੋਏ ਅਤੇ ਉਹ ਵੱਡੇ ਭਾਗਾਂ ਵਾਲੇ ਬਣ ਗਏ ॥4 ॥2 ॥

ਜੇ ਅਸੀਂ ਗੁਰੂ ਗ੍ਰੰਥ ਸਾਹਿਬ ਨੂੰ ਆਪਣਾ ਗੁਰੂ ਮੰਨਦੇ ਹਾਂ, ਜੇ ਸਾਨੂੰ ਆਪਣੇ ਗੁਰੂ 'ਤੇ ਭਰੋਸਾ ਹੈ ਤਾਂ ਗੁਰੂ ਗ੍ਰੰਥ ਦੀ ਬਾਣੀ 'ਤੇ ਹੀ ਭਰੋਸਾ ਕਰਨਾ ਪਵੇਗਾ। ਜਿੱਥੋਂ ਸਾਨੂੰ ਅਸਲੀਅਤਾਂ ਦਾ ਪਤਾ ਲੱਗ ਜਾਵੇਗਾ। ਲੋਕਾਂ ਦੀਆਂ ਬਣਾਈਆਂ ਸਾਖੀਆਂ ਦਾ ਆਸਰਾ ਛੱਡਣਾ ਪਏਗਾ। ਸਾਨੂੰ ਯਕੀਨ ਹੈ ਕਿ ਭਗਤ ਧੰਨਾ ਜੀ ਨੇ ਕੇਵਲ ਬ੍ਰਹਮ ਦੀ ਭਗਤੀ ਕਰਕੇ ਪ੍ਰਭੂ ਨਾਲ ਇੱਕ ਮਿਕ ਹੋਏ। ਗੁਰੂ ਕ੍ਰਿਪਾ ਕਰਨ ਸਾਨੂੰ ਧੰਨੇ ਭਗਤ ਦੇ ਕਹੇ ਸ਼ਬਦਾਂ 'ਤੇ ਹੀ ਭਰੋਸਾ ਰਹੇ।

**

## ਸੰਯੁਕਤ ਰਾਸ਼ਟਰ ਨਾਕਾਮ

ਮੱਧ ਪੂਰਬ ਵਿੱਚ ਗ਼ਾਜ਼ਾ ਅਤੇ ਇਜ਼ਰਾਈਲ ਵਿਚਾਲੇ ਪਿਛਲੇ 6 ਮਹੀਨਿਆਂ ਤੋਂ ਵੱਧ ਸਮੇਂ ਤੋਂ ਜੰਗ ਚੱਲ ਰਹੀ ਹੈ।

ਏਸ਼ੀਆ ਵਿੱਚ ਵੀ ਸਥਿਤੀ ਚੰਗੀ ਨਹੀਂ ਹੈ। ਇੱਥੇ ਭਾਰਤ ਦਾ ਚੀਨ ਅਤੇ ਪਾਕਿਸਤਾਨ ਨਾਲ ਸਰਹੱਦੀ ਵਿਵਾਦ ਹੈ। ਵੱਡੀ ਗੱਲ ਇਹ ਹੈ ਕਿ ਜਿਹੜੇ ਦੇਸ਼ ਅਮਰੀਕਾ, ਫਰਾਂਸ, ਬਰਤਾਨੀਆ, ਜਰਮਨੀ, ਇਟਲੀ ਅਤੇ ਰੂਸ ਮੁੱਖ ਤੌਰ 'ਤੇ ਦੂਜੇ ਵਿਸ਼ਵ ਯੁੱਧ ਵਿੱਚ ਸ਼ਾਮਲ ਸਨ, ਉਹ ਇਸ ਵਾਰ ਵੀ ਭੜਕੀ ਜੰਗ ਵਿੱਚ ਸਿੱਧੇ ਜਾਂ ਅਸਿੱਧੇ ਤੌਰ 'ਤੇ ਸ਼ਾਮਲ ਹਨ। ਮੱਧ ਪੂਰਬ ਦੀ ਜੰਗ ਵਿੱਚ ਅਮਰੀਕਾ ਇਜ਼ਰਾਈਲ ਦੇ ਨਾਲ ਹੈ, ਜਦੋਂ ਕਿ ਰੂਸ-ਯੂਕਰੇਨ ਯੁੱਧ ਵਿੱਚ ਰੂਸ ਯੂਕਰੇਨ ਦੇ ਨਾਲ ਹੈ।


ਰੋਜ਼ਾਨਾ ਦੇਸ਼-ਵਿਦੇਸ਼ ਦੇ ਰਾਜਨੀਤਕ, ਧਾਰਮਿਕ ਜਾਂ ਸੱਭਿਆਚਾਰਕ ਮੁੱਦਿਆਂ ਬਾਰੇ
ਜਾਣੋ ਪਲ ਪਲ ਦੀ ਖਬਰ
AJJ DA
MUDDA
ON
jus PUNJABI HD
sling
CREDIBILITY
RELIABILITY
Minute to Minute Coverage of Punjab Elections
Punjabi Super Pack
20 channels for only $25/month on
sling
SCAN ME TO SUBSCRIBE
Get 30% off ANY Pack for the first month! w/code: SLINGER854
To Subscribe Call: +1-718-752-9290
Visit: sling.com/juspunjabi
for advertisement & more information call: +1-718-752-9293
www.jusbroadcasting.com